PANJAB TIMES
ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
19th - 26th February 2026 • Issue No. 3118
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Immigration Advice Bureau
Tel: 020 8571 6680
www.iabl.co.uk

# ਸਿੱਖ ਬਾਦਸ਼ਾਹਤ ਦਾ ਪਹਿਲਾ ਯਾਦਗਾਰੀ ਸ਼ਤਰੰਜ ਸੈੱਟ







# FIRST SIKH EMPIRE CHESS SET

## SIKH EMPIRE CHESS SET

**First ever Sikh Empire Chess Set.**

The Sikh Empire Chess Set was created with a single purpose - to honour the courage, discipline, and heritage of Sikh warriors through the timeless art of chess.

Every piece has been sculpted with meticulous attention to detail, inspired by the armour, weaponry, and symbolism of the Sikh Empire's golden era.

**available to purchase**

website: https://sikhempirechessset.com

Instagram DM: empire.chess

Introducing the first-ever Sikh Empire Chess Set proudly created by Jasmine Kaur (11) and Haleena Kaur (10), daughters of Balraj Singh and Sukhjit Kaur.

The creativity, confidence, and love for Sikhi shown by these young girls is truly inspiring. At such a young age, they didn't just imagine something unique — they brought it to life.

When asked what inspired them, Jasmine said, "We just wanted to do something good for the Panth."

Haleena added, "We don't understand why there wasn't one before... We thought it would be cool if there was one — and now there is."

Their innovation is a powerful reminder that age is no barrier when passion and purpose come together.This achievement is not just creative - it is a beautiful example of young minds honoring history while shaping the future.

ਸਿੱਖ ਸ਼ਤਰੰਜ ਚੈਸ ਸੈੱਟ ਨੂੰ ਇੱਕ ਹੀ ਮਕਸਦ ਨਾਲ ਤਿਆਰ ਕੀਤਾ ਗਿਆ - ਸਿੱਖ ਯੋਧਿਆਂ ਦੀ ਹਿੰਮਤ, ਅਨੁਸ਼ਾਸਨ ਅਤੇ ਵਿਰਾਸਤ ਦਾ ਸਨਮਾਨ ਕਰਨ ਲਈ, ਜੋ ਚੈੱਸ ਦੀ ਸਦੀਵੀ ਕਲਾ ਰਾਹੀਂ ਪ੍ਰਗਟ ਹੁੰਦੀ ਹੈ। ਹਰ ਇਕ ਮੋਹਰਾ ਬਹੁਤ ਹੀ ਧਿਆਨ ਨਾਲ ਤਿਆਰ ਕੀਤਾ ਗਿਆ ਹੈ, ਜੋ ਸਿੱਖ ਬਾਦਸ਼ਾਹਤ ਦੇ ਸੁਨਹਿਰੇ ਯੁੱਗ ਦੇ ਕਵਚ, ਹਥਿਆਰਾਂ ਅਤੇ ਪ੍ਰਤੀਕਾਂ ਤੋਂ ਪ੍ਰੇਰਿਤ ਹੈ।

### ਪਹਿਲਾ ਸਿੱਖ ਸ਼ਤਰੰਜ ਸੈੱਟ ਪੇਸ਼ ਕਰਦੇ ਹੋਏ

ਇਸ ਵਿਲੱਖਣ ਸਿੱਖ ਐਮਪਾਇਰ ਚੈਸ ਸੈੱਟ ਨੂੰ ਜੈਸਮੀਨ ਕੌਰ (11) ਅਤੇ ਹਲੀਨਾ ਕੌਰ (10), ਜੋ ਬਲਰਾਜ ਸਿੰਘ ਅਤੇ ਸੁਖਜੀਤ ਕੌਰ ਦੀਆਂ ਧੀਆਂ ਹਨ, ਵੱਲੋਂ ਮਾਣ ਨਾਲ ਤਿਆਰ ਕੀਤਾ ਗਿਆ ਹੈ।

ਇਨ੍ਹਾਂ ਨੌਜਵਾਨ ਕੁੜੀਆਂ ਦੀ ਰਚਨਾਤਮਕਤਾ, ਆਤਮਵਿਸ਼ਵਾਸ ਅਤੇ ਸਿੱਖੀ ਪ੍ਰਤੀ ਪਿਆਰ ਵਾਕਈ ਪ੍ਰੇਰਣਾਦਾਇਕ ਹੈ। ਇੰਨੀ ਛੋਟੀ ਉਮਰ ਵਿੱਚ, ਇਹਨਾਂ ਨੇ ਸਿਰਫ਼ ਕੋਈ ਵਿਲੱਖਣ ਵਿਚਾਰ ਹੀ ਪੇਸ਼ ਨਹੀਂ ਕੀਤਾ - ਸਗੋਂ ਉਸ ਨੂੰ ਹਕੀਕਤ ਵਿੱਚ ਬਦਲ ਦਿੱਤਾ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਕਿਵੇਂ ਪ੍ਰੇਰਨਾ ਮਿਲੀ, ਤਾਂ ਜੈਸਮੀਨ ਨੇ ਕਿਹਾ, "ਅਸੀਂ ਸਿਰਫ਼ ਪੰਥ ਲਈ ਕੁਝ ਚੰਗਾ ਕਰਨਾ ਚਾਹੁੰਦੇ ਸੀ।"

ਹਲੀਨਾ ਨੇ ਸ਼ਾਮਲ ਕੀਤਾ, "ਸਾਨੂੰ ਸਮਝ ਨਹੀਂ ਆਉਂਦੀ ਸੀ ਕਿ ਪਹਿਲਾਂ ਕਿਸੇ ਨੇ ਇਹ ਕਿਉਂ ਨਹੀਂ ਬਣਾਇਆ। ਸਾਨੂੰ ਲੱਗਿਆ ਇਹ ਬਹੁਤ ਵਧੀਆ ਹੋਵੇਗਾ ਜੇ ਇੱਕ ਹੋਵੇ — ਅਤੇ ਹੁਣ ਇਹ ਹੈ।"

ਉਨ੍ਹਾਂ ਦੀ ਇਹ ਨਵੀਂ ਸੋਚ ਇੱਕ ਮਜ਼ਬੂਤ ਯਾਦ ਦਿਵਾਉਂਦੀ ਹੈ ਕਿ ਜਦੋਂ ਜਜ਼ਬਾ ਤੇ ਮਕਸਦ ਇਕੱਠੇ ਹੋ ਜਾਣ, ਤਾਂ ਉਮਰ ਕੋਈ ਰੁਕਾਵਟ ਨਹੀਂ ਬਣਦੀ। ਇਹ ਉਪਲਬਧੀ ਸਿਰਫ਼ ਰਚਨਾਤਮਕਤਾ ਹੀ ਨਹੀਂ, ਇਹ ਨੌਜਵਾਨ ਦਿਮਾਗਾਂ ਵੱਲੋਂ ਇਤਿਹਾਸ ਦਾ ਸਨਮਾਨ ਕਰਦੇ ਹੋਏ ਭਵਿੱਖ ਨੂੰ ਆਕਾਰ ਦੇਣ ਦੀ ਸੁੰਦਰ ਉਦਾਹਰਣ ਹੈ।

**ਖਰੀਦਣ ਲਈ ਨਾਲ ਦਿੱਤੇ ਵੈਬਸਾਈਟ ਤੋਂ ਉਪਲਬਧ ਹੈ:**









sikhempirechessset.com    empire.chess

# ਉੱਘੇ ਸਮਾਜ ਸੇਵਕ ਤੇ ਪਹੁ-ਪੱਖੀ ਸ਼ਖਸੀਅਤ, 'ਸੇਵਕ ਪਬਲਿਕ ਹਾਈ ਸਕੂਲ ਨਕੋਦਰ' ਦੇ ਸੰਸਥਾਪਕ ਡਾ: ਦਲੀਪ ਸਿੰਘ ਜੀ ਅਕਾਲ ਚਲਾਣਾ ਕਰ ਗਏ





**ਡਾ: ਦਲੀਪ ਸਿੰਘ ਜੀ ਵੱਖ-ਵੱਖ ਸਮਿਆਂ ਤੇ ਸੰਬੋਧਨ ਕਰਦੇ ਹੋਏ ਅਤੇ ਸੱਜੇ ਉਹਨਾਂ ਦੇ ਨਾਲ ਭਾਈ ਮਲਕੀਤ ਸਿੰਘ ਅਤੇ ਰਾਜਿੰਦਰ ਸਿੰਘ ਪੁਰੇਵਾਲ ਇੱਕ ਮੁਲਾਕਾਤ ਸਮੇਂ ਵਿਚਾਰ ਸਾਂਝੇ ਕਰਦੇ ਹੋਏ**

ਨਕੋਦਰ - (ਪੰਜਾਬ ਟਾਈਮਜ਼)-ਨਕੋਦਰ ਇਲਾਕੇ ਦੇ ਲੋਕਾਂ ਲਈ ਸਿੱਖ ਸਕੂਲ ਚਲਾਉਣ ਵਾਲੇ ਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਦੁਨਿਆਵੀ ਪੜ੍ਹਾਈ ਦੇ ਨਾਲ ਨਾਲ ਗੁਰਮਤਿ ਸਿੱਖ ਧਰਮ ਦੀ ਵਿੱਦਿਆ ਨਾਲ ਸਰਸ਼ਾਰ ਕਰਨ ਵਾਲੇ ਡਾ: ਦਲੀਪ ਸਿੰਘ ਜੀ ਬੀਤੇ ਦਿਨੀਂ 12 ਫਰਵਰੀ 2026 ਨੂੰ ਅਕਾਲ ਚਲਾਣਾ ਕਰ ਗਏ । ਉਹਨਾਂ ਵੱਲੋਂ 1989 ਤੋਂ ਚਲਾਏ ਜਾ ਰਹੇ 'ਸੇਵਕ ਪਬਲਿਕ ਹਾਈ ਸਕੂਲ ਨਕੋਦਰ' ਵਿਖੇ ਪੜ੍ਹਨ ਵਾਲੇ ਬੱਚੇ ਗੁਰਬਾਣੀ ਅਤੇ ਦੁਨਿਆਵੀ ਪੜ੍ਹਾਈ ਵਿੱਚ ਹਮੇਸ਼ਾਂ ਪਹਿਲੇ ਦਰਜੇ ਵਿੱਚ ਆਉਂਦੇ । ਡਾ: ਦਲੀਪ ਸਿੰਘ ਦੇ ਅਕਾਲ ਚਲਾਣੇ ਤੇ ਸ: ਰਾਜਿੰਦਰ ਸਿੰਘ ਪੁਰੇਵਾਲ, ਭਾਈ ਮਲਕੀਤ ਸਿੰਘ ਅਤੇ ਉਹਨਾਂ ਦੇ ਹੋਰ ਸਹਿਯੋਗੀਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਗਿਆ ਕਿ ਉਹਨਾਂ ਵਰਗੀਆਂ ਸ਼ਖਸੀਅਤਾਂ ਦੀ ਪੰਜਾਬ ਨੂੰ ਅੱਜ ਦੇ ਦੌਰ ਵਿੱਚ ਬਹੁਤ ਲੋੜ ਹੈ । ਸ: ਪੁਰੇਵਾਲ ਅਤੇ ਭਾਈ ਮਲਕੀਤ ਸਿੰਘ ਜਦੋਂ ਵੀ ਪੰਜਾਬ ਜਾਂਦੇ ਤਾਂ ਬਹੁਤੀ ਵਾਰ ਉਹਨਾਂ ਨਾਲ ਮੁਲਾਕਾਤ ਜ਼ਰੂਰ ਕਰਦੇ ਅਤੇ ਉਹਨਾਂ ਦੇ ਸਕੂਲ ਦੇ ਕਈ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੁੰਦੇ ਸਨ ।

ਜਦੋਂ ਕਦੇ ਡਾ: ਸਾਹਿਬ ਆਪਣੀ ਟੀਮ ਸਮੇਤ ਸਕੂਲ ਦੇ ਕਾਰਜਾਂ ਲਈ ਵਿਦੇਸ਼ ਦੌਰੇ ਤੇ ਜਾਂ ਖਾਸ ਕਰਕੇ ਯੂ ਕੇ ਆਉਂਦੇ ਤਾਂ ਇਥੇ ਉਹਨਾਂ ਦੇ ਨਾਲ ਭਾਈ ਮਲਕੀਤ ਸਿੰਘ, ਉਹਨਾਂ ਦੇ ਸਹੁਰਾ ਸਾਹਿਬ ਸ: ਗੁਰਮੁਖ ਸਿੰਘ ਅਤੇ ਪਿਤਾ ਜੀ ਸ: ਤੇਜਾ ਸਿੰਘ ਸੰਗਤਾਂ ਤੱਕ ਪਹੁੰਚ ਕਰਕੇ ਮਾਇਕ ਸੇਵਾ ਕਰਵਾਇਆ ਕਰਦੇ ਸਨ । ਬੱਚਿਆਂ ਦੀ ਪੜ੍ਹਾਈ ਦੇ ਨਾਲ ਨਾਲ ਉਹ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇਣ ਦੀ ਸੇਵਾ ਵੀ ਕਰਦੇ ਸਨ । ਬਹੁਤੀ ਵਾਰ ਤਾਂ ਉਹ ਮਰੀਜ਼ ਦਾ ਮਨੋਬਲ ਏਨਾ ਉਚਾ ਕਰ ਦਿੰਦੇ ਕਿ ਵਿਅਕਤੀ ਉਥੋਂ ਹੀ ਤੰਦਰੁਸਤ ਮਹਿਸੂਸ ਕਰਨ ਲੱਗ ਪੈਂਦਾ । ਉਹਨਾਂ ਨਾਲ ਕਿਸੇ ਵੀ ਵਿਸ਼ੇ ਤੇ ਗੱਲਬਾਤ ਕਰਦੇ ਤਾਂ ਇਉਂ ਮਹਿਸੂਸ ਹੁੰਦਾ ਕਿ ਉਹਨਾਂ ਨੂੰ ਸਬੰਧਿਤ ਵਿਸ਼ੇ ਤੇ ਪੂਰੀ ਮੁਹਾਰਤ ਹੈ । ਸਿੱਖ ਸੇਵਕ ਸਕੂਲ ਨਕੋਦਰ ਵਿੱਚ ਕਿਸੇ ਮੌਕੇ 1400 ਦੇ ਕਰੀਬ ਬੱਚੇ ਪੜ੍ਹਦੇ ਸਨ। ਉਹਨਾਂ ਨੇ ਆਪਣਾ ਅਨੰਦ ਕਾਰਜ ਨਹੀਂ ਕਰਵਾਇਆ, ਸਗੋਂ ਸਮਾਜ ਸੇਵਾ ਨੂੰ ਚੁਣਿਆ ਤੇ ਸਮਾਜ ਦੇ ਬੱਚਿਆਂ ਨੂੰ ਆਪਣੇ ਸਮਝ ਕੇ ਸੇਵਾ ਕੀਤੀ । ਉਹ ਹਮੇਸ਼ਾਂ ਸਹਿਜ ਪਾਠ ਕਰਦੇ ਰਹਿੰਦੇ ਸਨ ਤੇ ਅਖੰਡ ਪਾਠ ਵੀ ਚਲਦੇ ਰਹਿੰਦੇ ।

ਉਹ ਪਾਠ ਕਰਨ ਵਿੱਚ ਕਦੇ ਜਲਦਬਾਜ਼ੀ ਜਾਂ ਸਮਾਂ ਨਿਰਧਾਰਤ ਨਹੀਂ ਕਰਦੇ ਸਨ । ਉਹਨਾਂ ਦਾ ਕਹਿਣਾ ਤੇ ਮੰਨਣਾ ਸੀ ਕਿ ਪਾਠ ਨੂੰ ਸਤਿਕਾਰ ਅਤੇ ਸਮਝ ਕੇ ਕਰਨਾ ਚਾਹੀਦਾ ਹੈ । ਉਹ ਬੜੇ ਰਸ-ਰਸ ਕੇ ਪਾਠ ਕਰਿਆ ਕਰਦੇ ਸਨ, ਜਿਸ ਨਾਲ ਆਪ ਨੂੰ ਅਤੇ ਸੁਣਨ ਵਾਲੀਆਂ ਸੰਗਤਾ ਨੂੰ ਵੀ ਅਨੰਦ ਆਉਂਦਾ । ਉਹ ਹਰ ਵੇਲੇ ਸਮਾਜ ਸੇਵਾ ਲਈ ਨਵੇਂ ਨਵੇਂ ਵਿਚਾਰ ਪੇਸ਼ ਕਰਦੇ ਸਨ ਜਿਸ ਨਾਲ ਸਮਾਜ ਦੁਨਿਆਵੀ ਪੜ੍ਹਾਈ ਕਰਕੇ ਆਰਥਿਕ ਤੌਰ ਤੇ ਅੱਗੇ ਵਧੇ ਤਰੱਕੀ =ਕਰੇ ਅਤੇ ਨਾਲ ਹੀ ਉਸ ਦਾ ਮਾਨਸਿਕ ਅਤੇ ਅਧਿਆਤਮਕ ਵਿਕਾਸ ਵੀ ਹੋਵੇ । ਡਾ: ਦਲੀਪ ਸਿੰਘ ਦੀ ਯਾਦ ਵਿੱਚ 22 ਫਰਵਰੀ ਨੂੰ ਸੇਵਕ ਪਬਲਿਕ ਹਾਈ ਸਕੂਲ ਨਕੋਦਰ ਵਿੱਚ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਅਤੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ ਜਾਣਗੇ ।







# ਪੰਜਾਬ ਵਿਚ ਵੋਟਾਂ ਦੀ ਸੁਧਾਈ ਨੀਤੀ 'ਤੇ ਸਿਆਸੀ ਘਮਸਾਨ

## ✪ ਲੱਖਾਂ ਵੋਟਾਂ ਕੱਟੇ ਜਾਣ ਦੇ ਖਦਸ਼ੇ ਨੇ ਉਡਾਈ ਰਾਜਸੀ ਦਲਾਂ ਦੀ ਨੀਂਦ ✪ ਆਰ. ਐਸ. ਐਸ. ਦੀ ਦਿਲਚਸਪੀ ਅਤੇ ਭਾਜਪਾ ਦੀ ਤਿਆਰੀ 'ਤੇ ਵਿਰੋਧੀ ਧਿਰਾਂ ਨੇ ਚੁੱਕੇ ਸਵਾਲ

ਖਾਸ ਖਬਰ

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਹਲਚਲ ਤੇਜ਼ ਹੈ, ਪਰ ਇਹ ਹਲਚਲ ਕਿਸੇ ਰੈਲੀ ਜਾਂ ਭਾਸ਼ਣ ਕਰਕੇ ਨਹੀਂ, ਸਗੋਂ ਚੋਣ ਕਮਿਸ਼ਨ ਵੱਲੋਂ ਸ਼ੁਰੂ ਕੀਤੀ ਗਈ ਵੋਟਾਂ ਦੀ ਨਵੀਂ ਸੁਧਾਈ ਨੀਤੀ ਕਰਕੇ ਹੈ। ਸੂਬੇ ਦੇ ਪ੍ਰਮੁੱਖ ਸਿਆਸੀ ਦਲ-ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਦਲ-ਇਸ ਗੱਲ ਨੂੰ ਲੈ ਕੇ ਡੂੰਘੀ ਚਿੰਤਾ ਵਿੱਚ ਹਨ ਕਿ ਇਸ ਪ੍ਰਕਿਰਿਆ ਦੌਰਾਨ ਵੱਡੀ ਪੱਧਰ 'ਤੇ ਵੋਟਾਂ ਕੱਟੀਆਂ ਜਾ ਸਕਦੀਆਂ ਹਨ। ਸਿਆਸੀ ਮਾਹਿਰਾਂ ਅਤੇ ਵਿਰੋਧੀ ਧਿਰਾਂ ਦਾ ਇਲਜ਼ਾਮ ਹੈ ਕਿ ਇਸ ਪਿੱਛੇ ਭਾਜਪਾ ਅਤੇ ਆਰ.ਐਸ.ਐਸ. ਦੀ ਇੱਕ ਸੋਚੀ-ਸਮਝੀ ਰਣਨੀਤੀ ਕੰਮ ਕਰ ਰਹੀ ਹੈ।



### ਨਵੀਂ ਸੋਧ ਨੀਤੀ ਅਤੇ ਸਿਆਸੀ ਖਦਸ਼ੇ

ਚੋਣ ਕਮਿਸ਼ਨ ਵੱਲੋਂ ਅਪਨਾਈ ਗਈ ਨਵੀਂ ਨੀਤੀ ਵਿੱਚ 2003 ਦੀਆਂ ਵੋਟਰ ਸੂਚੀਆਂ ਨੂੰ ਆਧਾਰ ਬਣਾਉਣ ਦੀ ਚਰਚਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਦੋ ਦਹਾਕੇ ਪੁਰਾਣੇ ਡਾਟੇ ਨੂੰ ਆਧਾਰ ਮੰਨਣਾ ਕਈ ਮੁਸ਼ਕਿਲਾਂ ਖੜ੍ਹੀਆਂ ਕਰ ਸਕਦਾ ਹੈ। ਪੰਜਾਬ ਵਿੱਚ ਵਿਆਹ ਤੋਂ ਬਾਅਦ ਲੜਕੀਆਂ ਦੇ ਨਾਂਅ ਜਾਂ ਸਰਨੇਮ ਬਦਲਣ ਦਾ ਰਿਵਾਜ ਹੈ। ਪੁਰਾਣੇ ਰਿਕਾਰਡ ਨਾਲ ਮਿਲਾਨ ਕਰਨ ਵੇਲੇ ਅਜਿਹੀਆਂ ਲੱਖਾਂ ਵੋਟਾਂ ਤਕਨੀਕੀ ਅਧਾਰ 'ਤੇ ਕੱਟੀਆਂ ਜਾਣ ਦਾ ਡਰ ਹੈ।

ਦੂਜੇ ਸੂਬਿਆਂ ਤੋਂ ਮਿਲੀਆਂ ਰਿਪੋਰਟਾਂ ਅਨੁਸਾਰ, ਵੋਟਰਾਂ ਨੂੰ ਬਿਨਾਂ ਕਿਸੇ ਪੂਰਵ ਸੂਚਨਾ ਜਾਂ ਨੋਟਿਸ ਦੇ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ, ਜਿਸ ਵਿਰੁੱਧ ਮਾਮਲਾ ਸੁਪਰੀਮ ਕੋਰਟ ਤੱਕ ਵੀ ਪਹੁੰਚ ਚੁੱਕਾ ਹੈ।

### 'ਆਪ' ਅਤੇ ਕਾਂਗਰਸ ਦਾ ਭਾਜਪਾ-ਆਰ. ਐਸ. ਐਸ 'ਤੇ ਨਿਸ਼ਾਨਾ

ਪੰਜਾਬ ਵਿੱਚ ਵੋਟਰ ਸੂਚੀ ਦੀ ਸੁਧਾਈ ਦਾ ਕੰਮ ਫਰਵਰੀ-ਮਾਰਚ 2026 ਵਿੱਚ ਸ਼ੁਰੂ ਹੋਣ ਵਾਲਾ ਹੈ, ਜੋ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੱਲ ਰਿਹਾ ਹੈ। ਇਸ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਚੋਣ ਕਮਿਸ਼ਨ ਨੂੰ ਚਿੰਤਾਵਾਂ ਨੂੰ ਸੰਬੋਧਨ ਕਰਨ ਦੀ ਮੰਗ ਕੀਤੀ ਹੈ। ਰਾਜ ਵਿੱਚ ਲਗਭਗ 2.14 ਕਰੋੜ ਵੋਟਰ ਹਨ ਅਤੇ ਮੈਪਿੰਗ ਵਿੱਚ 55% ਤੋਂ ਵੱਧ ਵੋਟਰਾਂ ਦੇ ਨਾਂ 2003 ਦੀਆਂ ਪੁਰਾਣੀਆਂ ਸੂਚੀਆਂ ਨਾਲ ਮੈਚ ਹੋ ਚੁੱਕੇ ਹਨ, ਜਿਸ ਨਾਲ ਉਨ੍ਹਾਂ ਨੂੰ ਦਸਤਾਵੇਜ਼ ਜਮ੍ਹਾਂ ਨਹੀਂ ਕਰਨੇ ਪੈਣਗੇ। ਪਰ ਬਾਕੀ ਵੋਟਰਾਂ ਲਈ ਘਰ-ਘਰ ਜਾਂਚ ਅਤੇ ਦਸਤਾਵੇਜ਼ੀ ਪ੍ਰਕਿਰਿਆ ਚੱਲ ਰਹੀ ਹੈ।

ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਸ਼ੱਕ ਹੈ ਕਿ ਭਾਜਪਾ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਉਨ੍ਹਾਂ ਦੇ ਸਮਰਥਕਾਂ ਦੀਆਂ ਵੋਟਾਂ ਕਟਵਾ ਸਕਦੀ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੂੰ ਸਪੱਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਉਹ ਵੋਟਾਂ ਬਣਾਉਣ ਅਤੇ ਸੁਧਾਈ ਦੇ ਕੰਮ ਨੂੰ ਪਹਿਲ ਦੇਣ।

ਦੂਜੇ ਪਾਸੇ, ਕਾਂਗਰਸ ਨੇ ਸਿੱਧਾ ਦੋਸ਼ ਲਾਇਆ ਹੈ ਕਿ ਆਰ.ਐਸ.ਐਸ. ਇਸ ਸੁਧਾਈ ਪ੍ਰਕਿਰਿਆ ਵਿੱਚ ਵਿਸ਼ੇਸ਼ ਦਿਲਚਸਪੀ ਲੈ ਰਹੀ ਹੈ। ਕਾਂਗਰਸੀ ਲੀਡਰਾਂ ਦਾ ਕਹਿਣਾ ਹੈ ਕਿ ਧਰਮ ਨਿਰਪੱਖ ਵੋਟਰਾਂ ਅਤੇ ਘੱਟ ਗਿਣਤੀਆਂ ਦੀਆਂ ਵੋਟਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਤਾਂ ਜੋ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ।

### ਅਕਾਲੀ ਦਲ ਦੀ ਰਣਨੀਤੀ: ਬੀ.ਐਲ.ਏ. ਦੀ ਤਾਇਨਾਤੀ

ਸ਼੍ਰੋਮਣੀ ਅਕਾਲੀ ਦਲ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਹੈ। ਪਾਰਟੀ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਅਨੁਸਾਰ, ਅਕਾਲੀ ਦਲ ਨੇ ਹਰ ਪੋਲਿੰਗ ਬੂਥ ਪੱਧਰ 'ਤੇ ਬੀ.ਐਲ.ਏ. ਨਾਮਜ਼ਦ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਜਾਇਜ਼ ਵੋਟ ਸਿਆਸੀ ਦਬਾਅ ਹੇਠ ਨਾ ਕੱਟੀ ਜਾਵੇ।

### ਸਰਹੱਦੀ ਖੇਤਰ ਅਤੇ ਪ੍ਰਵਾਸੀ ਮਜ਼ਦੂਰਾਂ ਦਾ ਮੁੱਦਾ

ਫ਼ਿਰੋਜ਼ਪੁਰ ਵਰਗੇ ਸਰਹੱਦੀ ਜ਼ਿਲ੍ਹਿਆਂ ਵਿੱਚ ਗੁੱਜਰ ਭਾਈਚਾਰੇ ਅਤੇ ਦੂਜੇ ਸੂਬਿਆਂ ਤੋਂ ਆਏ ਲੋਕਾਂ ਦੀ ਵੱਡੀ ਆਬਾਦੀ ਹੈ। ਬਹੁਤ ਸਾਰੇ ਪ੍ਰਵਾਸੀ ਮਜ਼ਦੂਰ, ਜੋ ਸਾਲਾਂ ਤੋਂ ਪੰਜਾਬ ਦੀ ਖੇਤੀ ਅਤੇ ਸਨਅਤ ਦਾ ਹਿੱਸਾ ਹਨ, ਉਨ੍ਹਾਂ ਦੀਆਂ ਵੋਟਾਂ ਪੰਜਾਬ ਅਤੇ ਉਨ੍ਹਾਂ ਦੇ ਪਿੱਤਰ ਰਾਜਾਂ (ਬਿਹਾਰ, ਯੂ.ਪੀ. ਆਦਿ) ਦੋਵਾਂ ਥਾਂਵਾਂ 'ਤੇ ਹੋ ਸਕਦੀਆਂ ਹਨ। ਨਵੀਂ ਨੀਤੀ ਤਹਿਤ ਅਜਿਹੀਆਂ ਵੋਟਾਂ ਨੂੰ ਕੱਟਣਾ ਤਰਜੀਹ ਦਿੱਤੀ ਜਾ ਰਹੀ ਹੈ।

**ਪੰਜਾਬ ਵਿੱਚ ਵੋਟਾਂ ਦੀ ਸੁਧਾਈ ਹੁਣ ਮਹਿਜ਼ ਇੱਕ ਪ੍ਰਸ਼ਾਸਨਿਕ ਕੰਮ ਨਹੀਂ ਰਿਹਾ, ਸਗੋਂ ਇੱਕ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ। ਕੀ ਇਹ ਵੋਟਰ ਸੂਚੀ ਨੂੰ ਸ਼ੁੱਧ ਕਰਨ ਦੀ ਕੋਸ਼ਿਸ਼ ਹੈ ਜਾਂ ਵਿਰੋਧੀ ਵੋਟ ਬੈਂਕ ਨੂੰ ਖ਼ਤਮ ਕਰਨ ਦੀ ਸਾਜ਼ਿਸ਼? ਇਸ ਦਾ ਜਵਾਬ ਤਾਂ ਆਉਣ ਵਾਲੀਆਂ ਸੂਚੀਆਂ ਦੇ ਪ੍ਰਕਾਸ਼ਨ ਤੋਂ ਬਾਅਦ ਹੀ ਮਿਲੇਗਾ।**

ਹਾਲਾਂਕਿ ਪੰਜਾਬ ਵਿੱਚ ਬੰਗਲਾਦੇਸ਼ੀਆਂ ਦੀ ਮੌਜੂਦਗੀ ਨਾਮਾਤਰ ਹੈ, ਪਰ ਸਿਆਸੀ ਹਲਕਿਆਂ ਵਿੱਚ ਇਸ ਨੂੰ ਇੱਕ ਮੁੱਦੇ ਵਜੋਂ ਉਭਾਰ ਕੇ ਵੋਟਰ ਸੂਚੀਆਂ ਦੀ "ਛਾਂਟੀ" ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਚੋਣ ਡਿਊਟੀ ਵਿੱਚ ਲੱਗੇ ਇੱਕ ਅਧਿਕਾਰੀ ਨੇ ਖੁਲਾਸਾ ਕੀਤਾ ਕਿ ਜਿਸ ਤਰੀਕੇ ਨਾਲ ਡਾਟਾ ਫਿਲਟਰੇਸ਼ਨ ਹੋ ਰਹੀ ਹੈ, ਉਸ ਨਾਲ ਪੰਜਾਬ ਵਿੱਚੋਂ ਲੱਖਾਂ ਵੋਟਾਂ ਕੱਟੀਆਂ ਜਾ ਸਕਦੀਆਂ ਹਨ। ਮ੍ਰਿਤਕ ਵੋਟਰਾਂ ਅਤੇ ਲੰਬੇ ਸਮੇਂ ਤੋਂ ਗੈਰ-ਹਾਜ਼ਰ ਲੋਕਾਂ ਦੇ ਨਾਂ ਹਟਾਉਣਾ ਇੱਕ ਆਮ ਪ੍ਰਕਿਰਿਆ ਹੈ, ਪਰ ਮੌਜੂਦਾ ਹਾਲਾਤਾਂ ਵਿੱਚ ਇਸ ਨੂੰ ਸਿਆਸੀ ਲਾਹੇ ਲਈ ਵਰਤੇ ਜਾਣ ਦਾ ਡਰ ਸਿਖਰਾਂ 'ਤੇ ਹੈ।

ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਭਾਜਪਾ ਪੰਜਾਬ ਵਿੱਚ ਆਪਣੇ ਪੈਰ ਪਸਾਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਵੋਟਰ ਸੂਚੀਆਂ ਵਿੱਚ ਫੇਰਬਦਲ ਕਰਨਾ "ਚੋਣ ਪ੍ਰਬੰਧਨ" ਦਾ ਇੱਕ ਅਹਿਮ ਹਿੱਸਾ ਹੁੰਦਾ ਹੈ। ਜੇਕਰ ਵਿਰੋਧੀ ਧਿਰਾਂ ਸੁਚੇਤ ਨਾ ਹੋਈਆਂ, ਤਾਂ ਵੋਟਾਂ ਦੀ ਇਹ ਸੁਧਾਈ ਆਉਣ ਵਾਲੀਆਂ ਚੋਣਾਂ ਵਿੱਚ "ਗੇਮ ਚੇਂਜਰ" ਸਾਬਿਤ ਹੋ ਸਕਦੀ ਹੈ।

# ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਜੁੱਤੀਆਂ ਸਮੇਤ ਨੌਜਵਾਨ ਦੀ ਵੀਡੀਓ ਵਾਇਰਲ, ਮਾਮਲਾ ਦਰਜ

ਅੰਮ੍ਰਿਤਸਰ-ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲੀਆਂ ਤਿੰਨ ਆਰਟੀਫੀਸ਼ੀਅਲ ਇੰਟੈਲੀਜੈਂਸ ਜਨਰੇਟਿਡ ਵਿਵਾਦਿਤ ਵੀਡੀਓਜ਼ ਸਾਹਮਣੇ ਆਉਣ ਤੋਂ ਬਾਅਦ ਅੰਮ੍ਰਿਤਸਰ ਪੁਲਸ ਨੇ ਸਖ਼ਤ ਕਾਰਵਾਈ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਿਕਾਇਤ 'ਤੇ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਵਿੱਚ ਭਾਰਤੀ ਨਿਆ ਸੰਹਿਤਾ ਦੀਆਂ ਧਾਰਾਵਾਂ 299, 353(2) ਅਤੇ 353(3) ਤਹਿਤ ਕੇਸ ਦਰਜ ਕੀਤਾ ਗਿਆ ਹੈ।



ਕੀ ਦਿਖਾਇਆ ਗਿਆ ਹੈ ਵੀਡੀਓਜ਼ ਵਿੱਚ ?-ਪਹਿਲੀ ਵੀਡੀਓ: ਇਸ ਵੀਡੀਓ ਵਿੱਚ ਇੱਕ ਨੌਜਵਾਨ ਨੂੰ ਪਵਿੱਤਰ ਪਰਿਕਰਮਾ ਵਿੱਚ ਜੁੱਤੀਆਂ ਪਾ ਕੇ ਖੜ੍ਹਾ ਦਿਖਾਇਆ ਗਿਆ ਹੈ। ਇੰਨਾ ਹੀ ਨਹੀਂ, ਵੀਡੀਓ ਵਿੱਚ ਇੱਕ ਕਾਰ ਨੂੰ ਪਰਿਕਰਮਾ ਦੇ ਅੰਦਰ ਦਾਖਲ ਹੁੰਦੇ ਦਿਖਾਇਆ ਗਿਆ, ਜਿਸ ਵਿੱਚ ਬੈਠ ਕੇ ਉਹ ਨੌਜਵਾਨ ਬਾਹਰ ਜਾਂਦਾ ਨਜ਼ਰ ਆਉਂਦਾ ਹੈ।

ਦੂਜੀ ਵੀਡੀਓ: ਇਸ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਸਰੂਪ ਅਤੇ ਦ੍ਰਿਸ਼ਾਂ ਨੂੰ ਅੀ ਰਾਹੀਂ ਬਦਲ ਕੇ ਪੇਸ਼ ਕੀਤਾ ਗਿਆ ਹੈ, ਜੋ ਸਿੱਖ ਰਹਿਤ ਮਰਿਆਦਾ ਦੇ ਸਖ਼ਤ ਖਿਲਾਫ਼ ਹੈ।

ਤੀਜੀ ਵੀਡੀਓ: ਤੀਜੀ ਵੀਡੀਓ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇੱਕ ਜੋੜੇ ਨੂੰ ਬਹੁਤ ਹੀ ਇਤਰਾਜ਼ਯੋਗ ਹਰਕਤਾਂ ਕਰਦੇ ਦਿਖਾਇਆ ਗਿਆ ਹੈ, ਜਿਸ ਕਾਰਨ ਸੰਗਤ ਵਿੱਚ ਭਾਰੀ ਰੋਸ ਹੈ।

ਸ਼੍ਰੋਮਣੀ ਕਮੇਟੀ ਦਾ ਸਖ਼ਤ ਰੁਖ-ਸ਼੍ਰੋਮਣੀ ਨੇ ਇਨ੍ਹਾਂ ਵੀਡੀਓਜ਼ ਦੇ ਵਾਇਰਲ ਹੋਣ ਤੋਂ ਤੁਰੰਤ ਬਾਅਦ ਪੁਲਸ ਕਮਿਸ਼ਨਰ ਨੂੰ ਦੋ ਵੱਖ-ਵੱਖ ਸ਼ਿਕਾਇਤਾਂ ਦਿੱਤੀਆਂ ਸਨ। ਕਮੇਟੀ ਨੇ ਉਹ ਇੰਸਟਾਗ੍ਰਾਮ ਲਿੰਕ ਵੀ ਪੁਲਸ ਨੂੰ ਸੌਂਪੇ ਹਨ ਜਿੱਥੋਂ ਇਹ ਸਮੱਗਰੀ ਅਪਲੋਡ ਕੀਤੀ ਗਈ ਸੀ।

ਏਆਈ ਦੇ ਦੁਰਵਰਤੋਂ ਵਿਰੁੱਧ ਬਣਾਈ ਗਈ ਵਿਸ਼ੇਸ਼ ਕਮੇਟੀ-ਏਆਈ ਤਕਨੀਕ ਰਾਹੀਂ ਸਿੱਖ ਇਤਿਹਾਸ ਅਤੇ ਮਰਿਆਦਾ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਦੇ ਵੱਧਦੇ ਮਾਮਲਿਆਂ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇੱਕ ਵਿਸ਼ੇਸ਼ ਉਪ-ਕਮੇਟੀ ਦਾ ਗਠਨ ਕੀਤਾ ਹੋਇਆ ਹੈ। 13 ਅਕਤੂਬਰ 2025 ਨੂੰ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ, ਇਹ ਕਮੇਟੀ ਮਾਹਿਰਾਂ ਦੀ ਸਲਾਹ ਲੈ ਕੇ ਅਜਿਹੇ ਡਿਜੀਟਲ ਕੰਟੈਂਟ 'ਤੇ ਰੋਕ ਲਗਾਉਣ ਲਈ ਠੋਸ ਨੀਤੀ ਤਿਆਰ ਕਰ ਰਹੀ ਹੈ ਤਾਂ ਜੋ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਾ ਹੋ ਸਕੇ।

## ਪੰਜਾਬ ਦੀ ਸਿਆਸਤ ਵਿਚ ਉਲਟਫੇਰ : 2027 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਝਟਕਾ

# ਅਰਵਿੰਦ ਖੰਨਾ ਅਕਾਲੀ ਦਲ ਵਿਚ ਸ਼ਾਮਲ

ਸੰਗਰੂਰ-ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲੀ ਜਦੋਂ ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਆਪਣੇ ਸੈਂਕੜੇ ਹਮਾਇਤੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਸ ਨੂੰ ਭਾਜਪਾ ਲਈ ਇੱਕ ਵੱਡੇ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ।

ਸੰਗਰੂਰ ਦੇ ਇੱਕ ਨਿੱਜੀ ਪੈਲੇਸ ਵਿੱਚ ਆਯੋਜਿਤ ਕੀਤੇ ਗਏ ਭਾਰੀ ਇਕੱਠ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਰਵਿੰਦ ਖੰਨਾ ਨੂੰ ਸਿਰੋਪਾਓ ਭੇਟ ਕਰਕੇ ਪਾਰਟੀ ਵਿੱਚ ਰਸਮੀ ਤੌਰ 'ਤੇ ਸ਼ਾਮਲ ਕਰਵਾਇਆ। ਇਸ ਮੌਕੇ ਖੰਨਾ ਦੇ ਨਾਲ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ, ਤਿੰਨ ਮੌਜੂਦਾ ਕੌਂਸਲਰ, ਸੈਂਕੜੇ ਸਰਗਰਮ ਵਰਕਰਾਂ ਨੇ ਵੀ ਅਕਾਲੀ ਦਲ ਦਾ ਪੱਲਾ ਫੜਿਆ।



ਪੰਜਾਬੀਅਤ ਦੀ ਆਵਾਜ਼ ਹੈ ਅਕਾਲੀ ਦਲ: ਸੁਖਬੀਰ ਬਾਦਲ-ਇਸ ਮੌਕੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ "ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ ਅਤੇ 'ਪੰਜਾਬੀਅਤ' ਦੀ ਆਵਾਜ਼ ਰਿਹਾ ਹੈ। ਉਨ੍ਹਾਂ ਮੌਜੂਦਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੂਬੇ ਦੀ ਜਨਤਾ ਮੌਜੂਦਾ ਪ੍ਰਬੰਧਾਂ ਤੋਂ ਨਿਰਾਸ਼ ਹੈ ਅਤੇ ਹੁਣ ਲੋਕਾਂ ਦਾ ਭਰੋਸਾ ਮੁੜ ਅਕਾਲੀ ਦਲ ਦੀਆਂ ਨੀਤੀਆਂ 'ਤੇ ਵਧ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਆਗੂ ਅਤੇ ਵਰਕਰ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਲੋਕ ਦੂਜੀਆਂ ਪਾਰਟੀਆਂ ਤੋਂ ਅੱਕ ਚੁੱਕੇ ਹਨ, ਇਸੇ ਲਈ ਉਹ ਅਕਾਲੀ ਦਲ ਦੀ ਮਜ਼ਬੂਤ ਲੀਡਰਸ਼ਿਪ ਵੱਲ ਦੇਖ ਰਹੇ ਹਨ।"

ਕਿਉਂ ਛੱਡੀ ਭਾਜਪਾ? ਅਰਵਿੰਦ ਖੰਨਾ ਦਾ ਪੱਖ-ਅਰਵਿੰਦ ਖੰਨਾ ਨੇ ਆਪਣੇ ਫੈਸਲੇ ਨੂੰ ਪੰਜਾਬ ਦੇ ਹਿੱਤਾਂ ਨਾਲ ਜੋੜਦਿਆਂ ਕਿਹਾ ਕਿ ਅਕਾਲੀ ਦਲ ਹੀ ਇੱਕੋ-ਇੱਕ ਅਜਿਹੀ ਖੇਤਰੀ ਪਾਰਟੀ ਹੈ ਜੋ ਕਿਸਾਨਾਂ, ਵਪਾਰੀਆਂ ਅਤੇ ਆਮ ਮਨੁੱਖ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਉਠਾਉਂਦੀ ਹੈ। ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰਨਗੇ। ਸਿਆਸੀ ਮਾਹਿਰਾਂ ਅਨੁਸਾਰ, ਸੰਗਰੂਰ ਵਰਗੇ ਅਹਿਮ ਜ਼ਿਲ੍ਹੇ ਵਿੱਚ ਭਾਜਪਾ ਦੇ ਇੰਨੇ ਵੱਡੇ ਚਿਹਰੇ ਦਾ ਅਕਾਲੀ ਦਲ ਵਿੱਚ ਜਾਣਾ ਆਉਣ ਵਾਲੀਆਂ ਚੋਣਾਂ ਦੇ ਸਮੀਕਰਨ ਬਦਲ ਸਕਦਾ ਹੈ। ਇਸ ਨਾਲ ਜਿੱਥੇ ਸੰਗਰੂਰ ਵਿੱਚ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਮਜ਼ਬੂਤ ਹੋਇਆ ਹੈ, ਉੱਥੇ ਹੀ ਭਾਜਪਾ ਨੂੰ ਨਵੇਂ ਸਿਰੇ ਤੋਂ ਆਪਣੀ ਰਣਨੀਤੀ 'ਤੇ ਵਿਚਾਰ ਕਰਨਾ ਪਵੇਗਾ।

# ਪਟਿਆਲਾ ਅਦਾਲਤ ਨੇ ਗੁਰਦੁਆਰਾ ਖਿਚੜੀ ਸਾਹਿਬ ਮਾਮਲੇ ਵਿਚ 7 ਨਿਹੰਗ ਸਿੰਘ ਕੀਤੇ ਬਰੀ

ਪਟਿਆਲਾ-ਸਥਾਨਕ ਅਦਾਲਤ ਵੱਲੋਂ ਸਾਲ 2020 ਦੇ ਬਹੁ-ਚਰਚਿਤ ਗੁਰਦੁਆਰਾ ਖਿਚੜੀ ਸਾਹਿਬ (ਬਲਬੇੜਾ) ਮਾਮਲੇ ਵਿੱਚ ਨਾਮਜ਼ਦ 7 ਨਿਹੰਗ ਸਿੰਘਾਂ ਨੂੰ ਬਰੀ ਕਰ ਦਿੱਤਾ ਗਿਆ ਹੈ। ਇਹ ਫੈਸਲਾ ਉਸ ਸਮੇਂ ਆਇਆ ਹੈ ਜਦੋਂ ਉਕਤ ਨਿਹੰਗ ਸਿੰਘ ਨਾਜਾਇਜ਼ ਅਸਲ੍ਹਾ ਰੱਖਣ ਦੇ ਮਾਮਲੇ ਵਿੱਚ ਪਹਿਲਾਂ ਹੀ 5 ਸਾਲ ਦੀ ਸਜ਼ਾ ਕੱਟ ਚੁੱਕੇ ਹਨ। ਇਹ ਘਟਨਾ ਅਪ੍ਰੈਲ 2020 ਦੀ ਹੈ, ਜਦੋਂ ਕੋਰੋਨਾ ਕਾਲ ਦੌਰਾਨ ਲਾਕਡਾਊਨ ਲੱਗਾ ਹੋਇਆ ਸੀ।



ਸਨੌਰ ਦੀ ਸਬਜ਼ੀ ਮੰਡੀ ਵਿੱਚ ਵਿਸਾਖੀ ਦੇ ਪ੍ਰੋਗਰਾਮ ਲਈ ਸਬਜ਼ੀ ਖ਼ਰੀਦਣ ਗਏ ਨਿਹੰਗ ਸਿੰਘਾਂ ਦਾ ਪੁਲਿਸ ਟੀਮ ਨਾਲ ਤਕਰਾਰ ਹੋ ਗਿਆ ਸੀ। ਇਸ ਹਿੰਸਕ ਝੜਪ ਦੌਰਾਨ ਇੱਕ ਨਿਹੰਗ ਸਿੰਘ ਵੱਲੋਂ ਇਸ ਘਟਨਾ ਤੋਂ ਬਾਅਦ ਜਦੋਂ ਪੁਲਿਸ ਟੀਮਾਂ ਨਿਹੰਗ ਸਿੰਘਾਂ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਬਲਬੇੜਾ ਸਥਿਤ ਉਨ੍ਹਾਂ ਦੇ ਡੇਰੇ (ਗੁਰਦੁਆਰਾ ਖਿਚੜੀ ਸਾਹਿਬ) ਪਹੁੰਚੀਆਂ, ਤਾਂ ਉੱਥੇ ਵੀ ਟਕਰਾਅ ਦੀ ਸਥਿਤੀ ਬਣੀ। ਪੁਲਿਸ ਨੇ ਨਿਹੰਗ ਸਿੰਘਾਂ ਵਿਰੁੱਧ ਸੰਗੀਨ ਧਾਰਾਵਾਂ ਹੇਠ ਕੇਸ ਦਰਜ ਕੀਤਾ ਸੀ। ਨਿਹੰਗ ਸਿੰਘਾਂ ਦੇ ਵਕੀਲ ਬਿਕਰਮਜੀਤ ਸਿੰਘ ਭੁੱਲਰ ਅਤੇ ਐਸ.ਐਸ. ਸੱਗੂ ਨੇ ਦੱਸਿਆ ਕਿ ਅਦਾਲਤ ਨੇ ਸਬੂਤਾਂ ਅਤੇ ਹਾਲਾਤਾਂ ਨੂੰ ਵੇਖਦੇ ਹੋਏ? ਬਾਬਾ ਬਲਵਿੰਦਰ ਸਿੰਘ, ਜਗਮੀਤ ਸਿੰਘ, ਨਿਰਭੈ ਸਿੰਘ, ਬੰਤ ਸਿੰਘ, ਗੁਰਦੀਪ ਸਿੰਘ, ਜਗੀਰ ਸਿੰਘ, ਮਨਿੰਦਰ ਸਿੰਘ ਨਿਹੰਗ ਸਿੰਘਾਂ ਨੂੰ ਕੇਸ ਵਿੱਚੋਂ ਬਰੀ ਕਰ ਦਿੱਤਾ ਹੈ। ਹਾਲਾਂਕਿ ਗੁਰਦੁਆਰਾ ਸਾਹਿਬ ਵਾਲੇ ਮਾਮਲੇ ਵਿੱਚ ਇਨ੍ਹਾਂ ਨੂੰ ਰਾਹਤ ਮਿਲੀ ਹੈ, ਪਰ ਥਾਣੇਦਾਰ ਹਰਜੀਤ ਸਿੰਘ ਦਾ ਗੁੱਟ ਕੱਟਣ ਨਾਲ ਸਬੰਧਤ ਮੁੱਖ ਕੇਸ ਅਜੇ ਵੀ ਸਥਾਨਕ ਅਦਾਲਤ ਵਿੱਚ ਵਿਚਾਰ ਅਧੀਨ ਹੈ।

### ਪੁਲਿਸ ਦੀ ਕਾਰਵਾਈ 'ਤੇ ਸਵਾਲ?

ਪੁਲਿਸ ਨੇ ਇਸ ਮਾਮਲੇ ਵਿੱਚ ਕੁੱਲ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਵਿੱਚ ਇੱਕ ਔਰਤ ਵੀ ਸ਼ਾਮਲ ਸੀ। ਹਾਲਾਂਕਿ, ਜਾਂਚ ਦੌਰਾਨ ਪੁਲਿਸ ਨੇ ਬਾਅਦ ਵਿੱਚ ਔਰਤ ਸਮੇਤ 4 ਵਿਅਕਤੀਆਂ ਨੂੰ ਪਹਿਲਾਂ ਹੀ ਰਿਹਾਅ ਕਰ ਦਿੱਤਾ ਸੀ। ਹੁਣ ਬਾਕੀ 7 ਸਿੰਘਾਂ ਦੇ ਬਰੀ ਹੋਣ ਨਾਲ ਇਸ ਮਾਮਲੇ ਵਿੱਚ ਨਵਾਂ ਮੋੜ ਆ ਗਿਆ ਹੈ।

# ਪੰਜਾਬ ਬਚਾਓ' ਮੁਹਿੰਮ: ਸੁਖਬੀਰ ਬਾਦਲ ਵੱਲੋਂ ਕਾਦੀਆਂ ਰੈਲੀ 'ਚ ਸਹੂਲਤਾਂ ਦੇ ਗੱਫਿਆਂ ਦਾ ਐਲਾਨ

ਕਾਦੀਆਂ (ਗੁਰਦਾਸਪੁਰ)-ਸ਼੍ਰੋਮਣੀ ਅਕਾਲੀ ਦਲ ਨੇ ਆਗਾਮੀ ਚੋਣਾਂ ਦੇ ਮੱਦੇਨਜ਼ਰ ਆਪਣੀ 'ਪੰਜਾਬ ਬਚਾਓ' ਮੁਹਿੰਮ ਦਾ ਬਿਗਲ ਵਜਾ ਦਿੱਤਾ ਹੈ। ਗੁਰਦਾਸਪੁਰ ਦੇ ਹਲਕਾ ਕਾਦੀਆਂ ਦੀ ਦਾਣਾ ਮੰਡੀ ਵਿਖੇ ਹੋਈ ਪਹਿਲੀ ਵੱਡੀ ਰੈਲੀ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬੇ ਦੇ ਹਰ ਵਰਗ ਲਈ ਵੱਡੇ ਚੋਣ ਵਾਅਦਿਆਂ ਦੀ ਝੜੀ ਲਗਾ ਦਿੱਤੀ। ਉਨ੍ਹਾਂ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਦਿਆਂ ਹੀ ਪੰਜਾਬ ਦੇ ਲੋਕਾਂ ਨੂੰ ਸਹੂਲਤਾਂ ਦੇ ਵੱਡੇ "ਗੱਫੇ" ਦਿੱਤੇ ਜਾਣਗੇ। ਸਰਕਾਰ ਬਣਨ ਦੇ ਪਹਿਲੇ ਹਫ਼ਤੇ ਹੀ ਕਿਸਾਨਾਂ ਨੂੰ ਮੰਗ ਅਨੁਸਾਰ ਬਿਜਲੀ ਕੁਨੈਕਸ਼ਨ ਮੁਹੱਈਆ ਕਰਵਾਏ ਜਾਣਗੇ ਅਤੇ ਫਸਲਾਂ ਦੀ ਖਰੀਦ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।



ਬੇਰੁਜ਼ਗਾਰਾਂ ਨੂੰ ਨਵੇਂ ਕਾਰੋਬਾਰ ਸ਼ੁਰੂ ਕਰਨ ਲਈ 10 ਲੱਖ ਰੁਪਏ ਤੱਕ ਦਾ ਬਿਨਾਂ ਵਿਆਜ ਕਰਜ਼ਾ ਲੰਬੇ ਸਮੇਂ ਲਈ ਦਿੱਤਾ ਜਾਵੇਗਾ। ਬਜ਼ੁਰਗਾਂ ਦੀ ਪੈਨਸ਼ਨ ਵਧਾ ਕੇ 3100 ਰੁਪਏ ਅਤੇ ਧੀਆਂ ਲਈ ਸ਼ਗਨ ਸਕੀਮ ਦੀ ਰਾਸ਼ੀ 1 ਲੱਖ ਰੁਪਏ ਕਰਨ ਦਾ ਵਾਅਦਾ ਕੀਤਾ ਗਿਆ। ਹਰ ਜ਼ਿਲ੍ਹੇ ਵਿੱਚ ਇੱਕ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ ਅਤੇ ਉੱਚ ਸਿੱਖਿਆ (ਡਾਕਟਰੀ, ਇੰਜੀਨੀਅਰਿੰਗ) ਲਈ ਸਰਕਾਰ ਵਿਦਿਆਰਥੀਆਂ ਦੀ ਵਿੱਤੀ ਮਦਦ ਕਰੇਗੀ।

ਮੌਜੂਦਾ ਸਰਕਾਰ 'ਤੇ ਤਿੱਖੇ ਹਮਲੇ

ਸੁਖਬੀਰ ਬਾਦਲ ਨੇ 'ਆਮ ਆਦਮੀ ਪਾਰਟੀ' ਦੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੌਜੂਦਾ ਸਰਕਾਰ ਦਿੱਲੀ ਦੇ ਇਸ਼ਾਰਿਆਂ 'ਤੇ ਚੱਲ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਿਰਫ਼ "ਇਸ਼ਤਿਹਾਰਬਾਜ਼ੀ ਦੀ ਸਰਕਾਰ" ਹੈ, ਜਿਸ ਵਿੱਚ 20 ਫ਼ੀਸਦੀ ਹਿੱਸਾ ਕਮਿਸ਼ਨ ਵਜੋਂ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸ਼ਾਸਨ ਨੂੰ ਪੰਜਾਬ ਅਤੇ ਪੰਜਾਬੀਅਤ ਨਾਲ ਕੋਈ ਲਗਾਅ ਨਹੀਂ ਹੈ।

# ਨਿਖਿਲ ਗੁਪਤਾ ਨੇ ਅਮਰੀਕੀ ਅਦਾਲਤ ਵਿੱਚ ਕੀ ਗੁਨਾਹ ਕਬੂਲ ਕੀਤਾ ?

## ✪ ਗੁਪਤਾ ਨੂੰ ਕਿੰਨੀ ਸਜ਼ਾ ਮਿਲਣ ਦੀ ਸੰਭਾਵਨਾ ✪ ਭਾਈ ਨਿੱਝਰ ਵੀ ਨਿਸ਼ਾਨੇ 'ਤੇ ਸੀ; ਗੁਪਤਾ ਨੇ ਅੰਡਰਕਵਰ ਏਜੰਟ ਕੋਲ ਕੀਤਾ ਸੀ ਦਾਅਵਾ ✪ ਭਾਰਤ ਸਰਕਾਰ ਲਈ ਇਹ ਕੇਸ ਕਿੰਨਾ ਕੁ ਚੁਣੌਤੀਪੂਰਨ ? ✪ ਸਿੱਖ ਭਾਈਚਾਰਾ ਕੀ ਸੋਚਦਾ ਹੈ ਅਤੇ ਕੈਨੇਡਾ ਵਿੱਚ ਨਿੱਝਰ ਕੇਸ ਕਿਉਂ ਅਟਕਿਆ ਲੱਗ ਰਿਹਾ ਹੈ ?

ਬੀਤੇ ਦਿਨੀ ਨਿਊਯਾਰਕ ਦੀ ਮੈਨਹਟਨ ਫੈਡਰਲ ਅਦਾਲਤ ਵਿੱਚ 54 ਸਾਲਾ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਆਪਣੇ ਤਿੰਨ ਵੱਡੇ ਦੋਸ਼ ਪੂਰੀ ਤਰ੍ਹਾਂ ਮੰਨ ਲਏ ਸਨ। ਉਸ ਨੇ ਅਦਾਲਤ ਵਿੱਚ ਜੱਜ ਸਾਰਾ ਨੈੱਟਬਰਨ ਅੱਗੇ ਕਿਹਾ ਸੀ ਕਿ ਉਸ ਨੇ 2023 ਵਿੱਚ ਇੱਕ ਵਿਅਕਤੀ ਨੂੰ 15,000 ਅਮਰੀਕੀ ਡਾਲਰ ਦਿੱਤੇ ਸਨ ਜਿਸ ਨੂੰ ਉਹ ਕਤਲ ਕਰਨ ਵਾਲਾ (ਹਿੱਟਮੈਨ) ਸਮਝਦਾ ਸੀ। ਇਹ ਪੈਸੇ ਨਿਊਯਾਰਕ ਵਿੱਚ ਰਹਿਣ ਵਾਲੇ ਸਿੱਖਸ ਫਾਰ ਜਸਟਿਸ ਦੇ ਲੀਡਰ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਲਈ ਦਿੱਤੇ ਸਨ। ਪਰ ਇਹ "ਹਿੱਟਮੈਨ" ਅਸਲ ਵਿੱਚ ਅਮਰੀਕੀ ਡਰੱਗ ਐਨਫੋਰਸਮੈਂਟ ਏਜੰਸੀ ਦਾ ਅੰਡਰਕਵਰ ਅਫਸਰ ਸੀ।

ਅਮਰੀਕੀ ਪ੍ਰੌਸੀਕਿਊਟਰਾਂ ਅਨੁਸਾਰ ਗੁਪਤਾ ਨੂੰ ਭਾਰਤ ਸਰਕਾਰ ਦੇ ਇੱਕ ਅਫਸਰ ਵਿਕਾਸ ਯਾਦਵ (ਕੈਬਨਿਟ ਸੈਕਰਟੇਰੀਅਟ ਅਤੇ ਰਾਅ ਨਾਲ ਜੁੜਿਆ) ਨੇ ਭਰਤੀ ਕੀਤਾ ਸੀ। ਗੁਪਤਾ ਨੇ ਪੰਨੂ ਦਾ ਘਰ ਦਾ ਪਤਾ, ਫੋਨ ਨੰਬਰ ਅਤੇ ਹੋਰ ਜਾਣਕਾਰੀ ਹਿੱਟਮੈਨ ਨੂੰ ਦਿੱਤੀ ਸੀ। ਉਸ ਨੇ ਭਾਈ ਹਰਦੀਪ ਸਿੰਘ ਨਿੱਝਰ (ਕੈਨੇਡਾ ਵਿੱਚ ਜੂਨ 2023 ਵਿੱਚ ਕਤਲ ਕੀਤੇ ਗਏ ਸਿੱਖ ਲੀਡਰ) ਦੀ ਹੱਤਿਆ ਨੂੰ ਵੀ ਇਸੇ ਗਰੁੱਪ ਨਾਲ ਜੋੜਦਿਆਂ ਕਿਹਾ ਸੀ ਕਿ "ਸਾਡੇ ਬਹੁਤ ਸਾਰੇ ਟਾਰਗੇਟ ਹਨ"' ਅਤੇ "ਤੁਸੀਂ ਪੰਨੂ ਨੂੰ ਜਲਦੀ ਮਾਰੋ"। ਗੁਪਤਾ 2023 ਵਿੱਚ ਚੈੱਕ ਗਣਰਾਜ ਤੋਂ ਗ੍ਰਿਫ਼ਤਾਰ ਹੋਇਆ ਸੀ ਅਤੇ ਜੂਨ 2024 ਵਿੱਚ ਅਮਰੀਕਾ ਹਵਾਲੇ ਕੀਤਾ ਗਿਆ ਸੀ। ਅਦਾਲਤ ਵਿੱਚ ਸਿੱਖ ਭਾਈਚਾਰੇ ਦੇ ਲੋਕ ਮੌਜੂਦ ਸਨ ਜਿਨ੍ਹਾਂ ਨੇ ਬਾਹਰ ਖਾਲਿਸਤਾਨ ਝੰਡੇ ਲਹਿਰਾਏ ਸਨ।

ਗੁਪਤਾ ਨੇ ਮਰਡਰ-ਫਾਰ-ਹਾਇਰ, ਕਤਲ ਦੀ ਸਾਜ਼ਿਸ਼ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਵਿੱਚ ਗੁਨਾਹ ਕਬੂਲ ਕੀਤਾ ਹੈ। ਇਨ੍ਹਾਂ ਤਿੰਨਾਂ ਤਹਿਤ ਵੱਧ ਤੋਂ ਵੱਧ 40 ਸਾਲ ਦੀ ਕੈਦ ਹੋ ਸਕਦੀ ਹੈ (ਹਰ ਇੱਕ ਲਈ 10-20 ਸਾਲ)। ਪਲੀਅ ਐਗਰੀਮੈਂਟ ਅਨੁਸਾਰ ਘੱਟੋ-ਘੱਟ 20 ਸਾਲ ਜੇਲ੍ਹ ਵਿੱਚ ਬਿਤਾਉਣੇ ਪੈ ਸਕਦੇ ਹਨ। 29 ਮਈ 2026 ਨੂੰ ਸਜ਼ਾ ਸੁਣਾਈ ਜਾ ਸਕਦੀ ਹੈ। ਗੁਪਤਾ 2023 ਤੋਂ ਜੇਲ੍ਹ ਵਿੱਚ ਹੈ। ਅਮਰੀਕੀ ਅਟਾਰਨੀ ਜੇ ਕਲੇਟਨ ਨੇ ਕਿਹਾ ਕਿ ਇਹ ਵਿਦੇਸ਼ੀ ਤਾਕਤਾਂ ਲਈ ਸਖ਼ਤ ਸੰਦੇਸ਼ ਹੈ ਕਿ ਅਮਰੀਕੀ ਧਰਤੀ ਤੇ ਅਜ਼ਾਦੀ ਨਾਲ ਬੋਲਣ ਵਾਲੇ ਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਭਾਰਤ ਸਰਕਾਰ ਨੇ ਹਮੇਸ਼ਾ ਇਸ ਸਾਜ਼ਿਸ਼ ਤੋਂ ਇਨਕਾਰ ਕੀਤਾ ਸੀ ਕਿ ਅਜਿਹੀਆਂ ਕਾਰਵਾਈਆਂ ਸਰਕਾਰੀ ਨੀਤੀ ਵਿਰੁੱਧ ਹਨ। ਪਰ ਅਦਾਲਤ ਵਿੱਚ ਗੁਪਤਾ ਦੇ ਕਬੂਲਨਾਮੇ ਨਾਲ ਭਾਰਤ ਲਈ ਸਥਿਤੀ ਬਹੁਤ ਅਸਹਿਜ ਹੋ




ਗਈ ਹੈ। ਅਮਰੀਕਾ ਨੇ ਇਸ ਨੂੰ "ਵਿਦੇਸ਼ੀ ਸਰਕਾਰ ਵੱਲੋਂ ਅਮਰੀਕੀ ਨਾਗਰਿਕ ਨੂੰ ਮਾਰਨ ਦੀ ਕੋਸ਼ਿਸ਼" ਵਜੋਂ ਵੇਖਿਆ ਹੈ, ਜੋ ਭਾਰਤ ਦੀ ਅੰਤਰਰਾਸ਼ਟਰੀ ਇਮੇਜ ਨੂੰ ਨੁਕਸਾਨ ਪਹੁੰਚਾਉਂਦਾ ਹੈ। ਕੈਨੇਡਾ ਵਿੱਚ ਵੀ ਇਹ ਨਿੱਝਰ ਕੇਸ ਨੂੰ ਹੋਰ ਮਜ਼ਬੂਤ ਕਰਦਾ ਹੈ।

ਸੂਤਰਾਂ ਅਨੁਸਾਰ ਨਿਖਿਲ ਗੁਪਤਾ ਨੇ ਅਮਰੀਕੀ ਡਰੱਗ ਐੱਨਫੋਰਸਮੈਂਟ ਪ੍ਰਸ਼ਾਸਨ (ਡੀ ਈ ਏ) ਦੇ ਅੰਡਰਕਵਰ ਏਜੰਟ ਕੋਲ ਮੰਨਿਆ ਸੀ ਕਿ ਹਰਦੀਪ ਸਿੰਘ ਨਿੱਝਰ ਵੀ 'ਨਿਸ਼ਾਨੇ' ਉੱਤੇ ਸੀ। ਗੁਪਤਾ ਨੇ ਇਹ ਦਾਅਵਾ ਨਿੱਝਰ ਦੀ ਕੈਨੇਡਾ ਵਿੱਚ ਅਣਪਛਾਤੇ ਹਥਿਆਰਬੰਦਾਂ ਵੱਲੋਂ ਹੱਤਿਆ ਤੋਂ ਇਕ ਦਿਨ ਬਾਅਦ ਕੀਤਾ ਸੀ।

ਐਫਬੀਆਈ ਦੇ ਨਿਊਯਾਰਕ ਦਫ਼ਤਰ ਦੇ ਮੁਖੀ ਜੇਮਸ ਸੀ. ਬਾਰਨਕਲ ਜੂਨੀਅਰ ਨੇ ਕਿਹਾ ਕਿ ਗੁਪਤਾ ਨੇ ਭਾਰਤ ਸਰਕਾਰ ਦੇ ਇੱਕ ਕਰਮਚਾਰੀ ਨਾਲ ਮਿਲ ਕੇ ਕੰਮ ਕੀਤਾ, ਜਿਸ ਨੇ ਉਸ ਨੂੰ ਕਤਲ ਦਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਸਨ।

ਪ੍ਰੌਸੀਕਿਊਟਰਾਂ ਦਾ ਦੋਸ਼ ਹੈ ਕਿ ਭਾਰਤੀ ਖ਼ੁਫ਼ੀਆ ਅਧਿਕਾਰੀ ਵਿਕਾਸ ਯਾਦਵ, ਜੋ ਕਿ ਅਜੇ ਵੀ ਫਰਾਰ ਹੈ, ਜਿਸ ਨੇ ਇਸ ਸਾਜ਼ਿਸ਼ ਦਾ ਨਿਰਦੇਸ਼ਨ ਕੀਤਾ ਸੀ ।

ਅਮਰੀਕੀ ਵਕੀਲਾਂ ਅਨੁਸਾਰ ਗੁਪਤਾ ਨੇ ਅੰਡਰਕਵਰ ਏਜੰਟ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਜੂਨ 2023 ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਵਾਸ਼ਿੰਗਟਨ ਫੇਰੀ ਮੌਕੇ ਪੰਨੂ ਦੀ ਹੱਤਿਆ ਨੂੰ ਅੰਜਾਮ ਨਾ ਦੇਵੇ। ਨਿਆਂ ਵਿਭਾਗ ਨੇ ਦੋਸ਼ ਲਗਾਇਆ ਹੈ ਕਿ ਗੁਪਤਾ ਨੇ ਭਾਰਤ ਅਤੇ ਕੇਸ ਦੇ ਸਹਿ ਮੁਲਜ਼ਮ ਵਿਕਾਸ ਯਾਦਵ ਸਣੇ ਹੋਰਨਾਂ ਨਾਲ ਮਿਲ ਕੇ ਕੰਮ ਕੀਤਾ। ਯਾਦਵ ਨੂੰ ਚਾਰਜਸ਼ੀਟ ਵਿੱਚ ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਦਾ ਕਰਮਚਾਰੀ ਦੱਸਿਆ ਗਿਆ ਹੈ, ਜੋ ਦੇਸ਼ ਦੀ ਬਾਹਰੀ ਖੁਫੀਆ ਏਜੰਸੀ, ਖੋਜ ਅਤੇ ਵਿਸ਼ਲੇਸ਼ਣ ਵਿੰਗ ਨਾਲ ਸਬੰਧਿਤ ਹੈ।

ਸਰਕਾਰੀ ਵਕੀਲਾਂ ਦਾ ਦਾਅਵਾ ਹੈ ਕਿ ਯਾਦਵ ਦੇ ਨਿਰਦੇਸ਼ਾਂ 'ਤੇ ਗੁਪਤਾ ਨੇ ਨਿਊਯਾਰਕ ਸਿਟੀ ਵਿੱਚ ਭਾੜੇ 'ਤੇ ਕਤਲ ਦਾ ਪ੍ਰਬੰਧ ਕਰਨ ਲਈ ਇੱਕ ਵਿਅਕਤੀ ਨਾਲ ਸੰਪਰਕ ਕੀਤਾ ਜਿਸ ਨੂੰ ਉਹ ਅਪਰਾਧਿਕ ਸਹਿਯੋਗੀ ਮੰਨਦਾ ਸੀ। ਉਹ ਵਿਅਕਤੀ ਅਸਲ ਵਿੱਚ ਡੀ ਈ ਏ ਨਾਲ ਕੰਮ ਕਰਨ ਵਾਲਾ ਗੁਪਤ ਸਰੋਤ ਸੀ। ਉਸ ਨੇ ਗੁਪਤਾ ਨੂੰ ਕਥਿਤ ਹਿੱਟਮੈਨ, ਜੋ ਅੰਡਰਕਵਰ ਡੀ ਈ ਏ ਅਧਿਕਾਰੀ ਸੀ, ਨਾਲ ਮਿਲਾਇਆ ਸੀ। ਅਮਰੀਕੀ ਅਧਿਕਾਰੀਆਂ ਨੇ ਦੋਸ਼ ਲਗਾਇਆ ਹੈ ਕਿ ਯਾਦਵ ਨੇ ਗੁਪਤਾ ਰਾਹੀਂ ਕਤਲ ਲਈ 1,00,000 ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਸੀ ਅਤੇ ਜੂਨ 2023 ਵਿੱਚ ਐਡਵਾਂਸ ਵਜੋਂ 15,000 ਡਾਲਰ ਨਕਦ ਦੀ ਅਦਾਇਗੀ ਕੀਤੀ ਗਈ। ਤਫ਼ਤੀਸ਼ਕਾਰਾਂ ਦਾ ਕਹਿਣਾ ਹੈ ਕਿ ਅੰਡਰਕਵਰ ਏਜੰਟ ਨੂੰ ਸੰਭਾਵੀ ਨਿਸ਼ਾਨੇ ਦੇ ਨਿੱਜੀ ਵੇਰਵੇ; ਜਿਸ ਵਿੱਚ ਘਰ ਦਾ ਪਤਾ, ਫੋਨ ਨੰਬਰ ਤੇ ਰੋਜ਼ਾਨਾ ਦੀਆਂ ਸਰਗਰਮੀਆਂ ਸ਼ਾਮਲ ਹਨ, ਦੇ ਨਾਲ ਸਮੇਂ-ਸਮੇਂ 'ਤੇ ਅਪਡੇਟਸ ਅਤੇ ਨਿਗਰਾਨੀ ਫੋਟੋਆਂ ਵੀ ਮੁਹੱਈਆ ਕੀਤੀਆਂ ਗਈਆਂ। ਨਿਖਿਲ ਗੁਪਤਾ ਨੂੰ 30 ਜੂਨ, 2023 ਨੂੰ ਚੈੱਕ ਗਣਰਾਜ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮਗਰੋਂ ਅਮਰੀਕਾ ਦੇ ਸਪੁਰਦ ਕਰ ਦਿੱਤਾ ਗਿਆ। ਗੁਪਤਾ ਨੇ ਲੰਘੇ ਦਿਨੀਂ ਅਮਰੀਕੀ ਕੋਰਟ ਵਿੱਚ ਇਸ ਮਾਮਲੇ 'ਚ ਦੋਸ਼ ਕਬੂਲ ਕੀਤੇ ਸਨ।

ਸਿੱਖ ਭਾਈਚਾਰਾ ਯਾਦਵ ਦੇ ਕਬੂਲਨਾਮੇ ਨੂੰ ਵੱਡੀ ਜਿੱਤ ਮੰਨ ਰਿਹਾ ਹੈ। ਸਿੱਖ ਐਕਟਿਵਿਸਟ ਮੰਨਦੇ ਹਨ ਕਿ ਗੁਪਤਾ ਸਿਰਫ਼ "ਫੁੱਟ ਸੋਲਜਰ" ਹੈ ਅਤੇ ਅਸਲ ਕਮਾਂਡ ਉੱਪਰਲੇ ਪੱਧਰ ਤੋਂ ਆਈ ਹੈ। ਉਹ ਅਮਰੀਕਾ ਤੋਂ ਮੰਗ ਕਰ ਰਹੇ ਹਨ ਕਿ ਵਿਕਾਸ ਯਾਦਵ ਵਰਗੇ ਅਫਸਰਾਂ ਨੂੰ ਵੀ ਸਜ਼ਾ ਮਿਲੇ ਅਤੇ ਇਹ ਕੇਸ ਹੋਰ ਟਾਰਗੇਟਾਂ ਤੱਕ ਪਹੁੰਚੇ।

ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ (ਜੂਨ 2023) ਬਾਰੇ ਭਾਰਤ ਤੇ ਇਲਜ਼ਾਮ ਲੱਗੇ ਸਨ ਪਰ 2026 ਤੱਕ ਵੀ ਕੇਸ ਅੱਗੇ ਨਹੀਂ ਵਧ ਰਿਹਾ - ਟਰਾਇਲ ਸ਼ਾਇਦ 2026 ਦੇ ਅਖੀਰ ਤੱਕ ਸ਼ੁਰੂ ਨਹੀਂ ਹੋਵੇਗਾ ਕਿਉਂਕਿ ਪ੍ਰੀ-ਟਰਾਇਲ ਪ੍ਰਕਿਰਿਆ ਚੱਲ ਰਹੀ ਹੈ। ਚਾਰ ਭਾਰਤੀ ਨਾਗਰਿਕਾਂ ਤੇ ਚਾਰਜ ਹਨ ਪਰ ਭਾਰਤ ਵੱਲੋਂ ਪੂਰਾ ਸਹਿਯੋਗ ਨਹੀਂ ਮਿਲ ਰਿਹਾ। ਸੂਤਰਾਂ ਦਾ ਮੰਨਣਾ ਹੈ ਕੀ ਰਾਜਨੀਤਿਕ ਦਬਾਅ (ਵਪਾਰ ਅਤੇ ਸੰਬੰਧ ਸੁਧਾਰਨ ਲਈ) ਕਾਰਨ ਕੇਸ ਵਿੱਚ ਦੇਰ ਹੋ ਰਹੀ ਹੈ। ਸਿੱਖ ਭਾਈਚਾਰਾ ਮੰਨਦਾ ਹੈ ਕਿ ਅਮਰੀਕਾ ਵਾਂਗ ਕੈਨੇਡਾ ਵੀ ਸਖ਼ਤ ਹੋਣਾ ਚਾਹੀਦਾ ਸੀ ਪਰ ਨਵੇਂ ਪ੍ਰਧਾਨ ਮੰਤਰੀ ਇਸ ਕੇਸ ਬਾਰੇ ਚੁੱਪ ਹੈ।

ਦਾ ਨਿਊਯਾਰਕ ਟਾਈਮਜ਼ ਇਸ ਨੂੰ ਅਮਰੀਕੀ ਸੰਪ੍ਰਭੂਤਾ ਦੀ ਉਲੰਘਣਾ ਦੱਸਦੇ ਹੋਏ ਲਿਖਿਆ ਕਿ ਇਹ ਬਾਇਡਨ/ਟ੍ਰੰਪ ਪ੍ਰਸ਼ਾਸਨ ਲਈ ਭਾਰਤ ਨਾਲ ਰਣਨੀਤਕ ਸਾਂਝ ਨੂੰ ਸੰਭਾਲਣ ਦੀ ਇੱਕ ਵੱਡੀ ਚੁਣੌਤੀ ਹੈ। ਇਹ ਵੀ ਜ਼ੋਰ ਦਿੱਤਾ ਕਿ ਅਮਰੀਕੀ ਧਰਤੀ 'ਤੇ ਫ੍ਰੀ ਸਪੀਚ ਦੀ ਰੱਖਿਆ ਰਾਜ ਦੀ ਪਹਿਲ ਹੈ। ਰਿਪੋਰਟਾਂ ਵਿੱਚ ਦੱਸਿਆ ਕਿ ਇਹ ਕੇਸ ਭਾਰਤ-ਅਮਰੀਕਾ ਰਿਸ਼ਤਿਆਂ ਲਈ ਸੰਵੇਦਨਸ਼ੀਲ ਪਲ ਹੈ।

ਦਾ ਗਾਰਡੀਅਨ ਯੂਕੇ ਅਖ਼ਬਾਰ ਨੇ ਇਸ ਨੂੰ ਵਿਦੇਸ਼ੀ ਧਰਤੀ 'ਤੇ "ਟਰਾਂਸਨੈਸ਼ਨਲ ਰਿਪ੍ਰੈਸ਼ਨ" (ਅੰਤਰਰਾਸ਼ਟਰੀ ਦਮਨ) ਦਾ ਇੱਕ ਖ਼ਤਰਨਾਕ ਉਦਾਹਰਣ ਦੱਸਿਆ।

ਦਾ ਗਲੋਬ ਐਂਡ ਮੇਲ (ਕੈਨੇਡਾ) ਨੇ ਲਿਖਿਆ ਹੈ ਕਿ ਨਿਊਯਾਰਕ ਦੇ ਕੇਸ ਵਿੱਚ ਗੁਪਤਾ ਦਾ ਕਬੂਲਨਾਮਾ ਕੈਨੇਡਾ ਵਿੱਚ ਨਿੱਝਰ ਕੇਸ ਲਈ ਮਜ਼ਬੂਤ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ, ਜੋ ਭਾਰਤ ਦੀਆਂ ਮੁਸ਼ਕਲਾਂ ਵਧਾਏਗਾ।

ਦਿ ਵਾਸ਼ਿੰਗਟਨ ਪੋਸਟ ਨੇ ਲਿਖਿਆ ਕਿ ਅਮਰੀਕਾ ਰਣਨੀਤਕ ਭਾਗੀਦਾਰੀ ਦੇ ਬਾਵਜੂਦ ਕਾਨੂੰਨੀ ਸਖ਼ਤੀ ਦਿਖਾ ਰਿਹਾ ਹੈ।

ਸੋ ਇਹ ਮਾਮਲਾ ਅਜ਼ਾਦੀ ਬੋਲਣ, ਅੰਤਰਰਾਸ਼ਟਰੀ ਕਾਨੂੰਨ ਅਤੇ ਸੰਪ੍ਰਭੂਤਾ ਦੇ ਮੁੱਦੇ ਖੜ੍ਹੇ ਕਰਦਾ ਹੈ। ਇੰਟਰਨੈਸ਼ਨਲ ਮੀਡੀਆ ਨੇ ਮਾਮਲਾ ਉਠਾਇਆ ਹੈ ਕਿ ਸੱਚਾਈ ਅਤੇ ਨਿਆਂ ਹੋਣਾ ਚਾਹੀਦਾ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਰੁਕ ਸਕਣ ਅਤੇ ਸੰਬੰਧ ਸੁਧਰ ਸਕਣ।

## 328 ਪਾਵਨ ਸਰੂਪ ਮਾਮਲਾ ਹਾਈ ਕੋਰਟ ਵਲੋਂ ਬਾਜ ਸਿੰਘ, ਗੁਰਬਚਨ ਸਿੰਘ ਤੇ ਗੁਰਮੁਖ ਸਿੰਘ ਦੀ ਅਗਾਊਂ ਜ਼ਮਾਨਤ ਹੋਈ

ਚੰਡੀਗੜ੍ਹ-328 ਪਾਵਨ ਸਰੂਪ ਮਾਮਲੇ ਵਿਚ ਨਾਮਜ਼ਦ ਤਿੰਨ ਵਿਅਕਤੀਆਂ ਬਾਜ ਸਿੰਘ, ਗੁਰਬਚਨ ਸਿੰਘ ਅਤੇ ਗੁਰਮੁਖ ਸਿੰਘ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਅਗਾਊਂ ਜ਼ਮਾਨਤ ਦੇ ਦਿੱਤੀ ਗਈ ਹੈ। ਇਸ ਸੰਬੰਧੀ ਅਦਾਲਤੀ ਹੁਕਮ ਉਨ੍ਹਾਂ ਨੂੰ ਬੀਤੇ ਦਿਨੀਂ ਉਨ੍ਹਾਂ ਦੇ ਵਕੀਲਾਂ ਰਾਹੀਂ ਪ੍ਰਾਪਤ ਹੋਏ ਹਨ।

# ਅਪ੍ਰੈਲ ਤੋਂ ਲਾਗੂ ਹੋ ਸਕਦਾ ਹੈ ਭਾਰਤ-ਯੂ ਕੇ ਮੁਕਤ ਵਪਾਰ ਸਮਝੌਤਾ

## ਵਿਸਕੀ ਤੋਂ ਲੈ ਕੇ ਕਾਰ ਤੱਕ ਕਈ ਚੀਜ਼ਾਂ ਹੋਣਗੀਆਂ ਸਸਤੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਅਤੇ ਯੂ ਕੇ ਨੇ 24 ਜੁਲਾਈ, 2025 ਨੂੰ ਆਰਥਿਕ ਅਤੇ ਵਪਾਰ ਸਮਝੌਤੇ 'ਤੇ ਦਸਤਖਤ ਕੀਤੇ ਸਨ। ਇਸ ਸਮਝੌਤੇ ਦੇ ਤਹਿਤ, 99% ਭਾਰਤੀ ਉਤਪਾਦ ਜ਼ੀਰੋ ਡਿਊਟੀ 'ਤੇ ਯੂ ਕੇ ਨੂੰ ਨਿਰਯਾਤ ਕੀਤੇ ਜਾ ਸਕਣਗੇ। ਬਰਤਾਨਵੀ ਉਤਪਾਦ, ਜਿਵੇਂ ਕਿ ਕਾਰਾਂ ਅਤੇ ਵਿਸਕੀ, ਘੱਟ ਟੈਰਿਫ ਤੇ ਭਾਰਤ ਨਿਰਯਾਤ ਹੋਣ ਨਾਲ ਸਸਤੇ ਹੋਣਗੇ। ਭਾਰਤ ਅਤੇ ਯੂ ਕੇ ਵਿਚਕਾਰ ਮੁਕਤ ਵਪਾਰ ਸਮਝੌਤਾ ਅਪ੍ਰੈਲ 2026 ਵਿੱਚ ਲਾਗੂ ਹੋਣ ਦੀ ਉਮੀਦ ਹੈ। ਇਸ ਸਮਝੌਤੇ ਨੂੰ ਆਰਥਿਕ ਅਤੇ ਵਪਾਰ ਸਮਝੌਤਾ ਕਿਹਾ ਜਾਂਦਾ ਹੈ। ਇਸ ਦੇ ਲਾਗੂ ਹੋਣ ਨਾਲ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਬਹੁਤ ਸੌਖਾ ਅਤੇ ਸਸਤਾ ਹੋ ਜਾਵੇਗਾ।

ਦੋਵਾਂ ਦੇਸ਼ਾਂ ਨੇ ਡਬਲ ਕੰਟਰੀਬਿਊਸ਼ਨ ਕਨਵੈਨਸ਼ਨ 'ਤੇ ਵੀ ਦਸਤਖਤ ਕੀਤੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸਥਾਈ ਕਰਮਚਾਰੀਆਂ ਨੂੰ ਦੋਵਾਂ ਦੇਸ਼ਾਂ ਵਿੱਚ ਇੱਕੋ ਜਿਹੇ ਸਮਾਜਿਕ ਟੈਕਸਾਂ ਦਾ ਭੁਗਤਾਨ ਨਾ ਕਰਨਾ ਪਵੇ। ਅਧਿਕਾਰੀ ਦੇ ਅਨੁਸਾਰ, ਦੋਵੇਂ ਸਮਝੌਤੇ ਇੱਕੋ ਸਮੇਂ ਲਾਗੂ ਕੀਤੇ ਜਾ ਸਕਦੇ ਹਨ।

ਸਮਝੌਤੇ ਨੂੰ ਲਾਗੂ ਹੋਣ ਤੋਂ ਪਹਿਲਾਂ ਬ੍ਰਿਟਿਸ਼ ਸੰਸਦ ਦੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ। ਭਾਰਤ ਵਿੱਚ, ਅਜਿਹੇ ਸਮਝੌਤਿਆਂ ਨੂੰ ਕੇਂਦਰੀ ਕੈਬਨਿਟ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ। ਬ੍ਰਿਟਿਸ਼ ਸੰਸਦ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ, ਇਸਨੂੰ ਆਪਸੀ ਸਹਿਮਤੀ ਵਾਲੀ ਮਿਤੀ 'ਤੇ ਲਾਗੂ ਕੀਤਾ ਜਾਵੇਗਾ। ਬਰਤਾਨੀਆ ਦੇ ਹਾਊਸ ਆਫ਼ ਕਾਮਨਜ਼ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਭਾਰਤ-ਯੂ ਕੇ ਸੀਈਟੀਏ 'ਤੇ ਬਹਿਸ ਕੀਤੀ। ਵਪਾਰ ਅਤੇ ਉਦਯੋਗ ਵਿਭਾਗ ਦੇ ਰਾਜ ਮੰਤਰੀ ਕ੍ਰਿਸ ਬ੍ਰਾਇਨਟ ਨੇ ਲੇਬਰ ਸਰਕਾਰ ਵੱਲੋਂ ਸੀ ਈ ਟੀ ਏ ਨੂੰ ਇੱਕ ਇਤਿਹਾਸਕ ਪ੍ਰਾਪਤੀ ਦੱਸਿਆ।

ਸੀ ਈ ਟੀ ਏ ਦਾ ਉਦੇਸ਼ 2030 ਤੱਕ ਦੁਨੀਆ ਦੀਆਂ ਪੰਜਵੀਂ ਅਤੇ ਛੇਵੀਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿਚਕਾਰ ਵਪਾਰ ਨੂੰ ਦੁੱਗਣਾ ਕਰਕੇ 56 ਅਰਬ ਡਾਲਰ ਕਰਨਾ ਹੈ। ਸਮਝੌਤੇ ਦੇ ਤਹਿਤ, ਭਾਰਤ ਨੇ ਆਪਣਾ ਬਾਜ਼ਾਰ ਵੱਖ-ਵੱਖ ਬਰਤਾਨਵੀ ਖਪਤਕਾਰ ਵਸਤੂਆਂ, ਜਿਵੇਂ ਕਿ ਚਾਕਲੇਟ, ਬਿਸਕੁਟ ਅਤੇ ਸ਼ਿੰਗਾਰ ਸਮੱਗਰੀ ਲਈ ਖੋਲ੍ਹ ਦਿੱਤਾ ਹੈ। ਭਾਰਤ ਨੂੰ ਆਪਣੇ ਉਤਪਾਦਾਂ, ਜਿਵੇਂ ਕਿ ਕੱਪੜਾ, ਜੁੱਤੀਆਂ, ਰਤਨ ਅਤੇ ਗਹਿਣੇ, ਖੇਡਾਂ ਦੇ ਸਮਾਨ ਅਤੇ ਖਿਡੌਣਿਆਂ ਲਈ ਯੂ ਕੇ ਦੇ ਬਾਜ਼ਾਰ ਤੱਕ ਵੀ ਵਧੇਰੇ ਪਹੁੰਚ ਪ੍ਰਾਪਤ ਹੋਵੇਗੀ।

ਇਸ ਸਮਝੌਤੇ ਦੇ ਤਹਿਤ ਸਕਾਚ ਵਿਸਕੀ 'ਤੇ ਡਿਊਟੀਆਂ ਤੁਰੰਤ 150 ਪ੍ਰਤੀਸ਼ਤ ਤੋਂ ਘਟਾ ਕੇ 75 ਪ੍ਰਤੀਸ਼ਤ ਹੋ ਜਾਣਗੀਆਂ ਅਤੇ 2035 ਤੱਕ ਇਹ ਹੋਰ ਘਟ ਕੇ 40 ਪ੍ਰਤੀਸ਼ਤ ਰਹਿ ਜਾਣਗੀਆਂ। ਆਟੋਮੋਬਾਈਲਜ਼ 'ਤੇ, ਭਾਰਤ ਹੌਲੀ-ਹੌਲੀ ਉਦਾਰ ਕੋਟਾ ਪ੍ਰਣਾਲੀ ਦੇ ਤਹਿਤ, ਪੰਜ ਸਾਲਾਂ ਵਿੱਚ ਆਯਾਤ ਡਿਊਟੀਆਂ ਨੂੰ ਮੌਜੂਦਾ 110 ਪ੍ਰਤੀਸ਼ਤ ਦੀ ਦਰ ਤੋਂ ਘਟਾ ਕੇ 10 ਪ੍ਰਤੀਸ਼ਤ ਕਰ ਦੇਵੇਗਾ। ਬਦਲੇ ਵਿੱਚ ਭਾਰਤੀ ਨਿਰਮਾਤਾਵਾਂ ਨੂੰ ਕੋਟਾ ਢਾਂਚੇ ਦੇ ਅੰਦਰ ਇਲੈਕਟ੍ਰਿਕ ਅਤੇ ਹਾਈਬ੍ਰਿਡ ਵਾਹਨਾਂ ਲਈ ਯੂ ਕੇ ਬਾਜ਼ਾਰ ਤੱਕ ਪਹੁੰਚ ਪ੍ਰਾਪਤ ਹੋਵੇਗੀ।

# ਯੂ ਕੇ ਵਿੱਚ ਘਰਾਂ ਦੀਆਂ ਕਿਸ਼ਤਾਂ ਨਾ ਮੋੜ ਸਕਣ ਵਾਲਿਆਂ ਦੇ ਘਰ ਬੈਂਕਾਂ ਕੋਲ ਜਾਣ ਦੇ ਮਾਮਲਿਆਂ 'ਚ 40 ਫੀਸਦੀ ਹੋਇਆ ਵਾਧਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੱਛਮੀ ਦੇਸ਼ਾਂ ਵਿੱਚ ਆਰਥਿਕ ਸੰਕਟ ਨਾਲ ਜੂਝ ਰਹੇ ਲੋਕਾਂ ਨੂੰ ਨਿੱਤ ਨਵੀਆਂ ਮੁਸ਼ਕਿਲਾਂ 'ਚੋਂ ਲੰਘਣਾ ਪੈ ਰਿਹਾ ਹੈ, ਜਦੋਂ ਵੀ ਵਿਆਜ਼ ਦਰ ਉੱਪਰ ਥੱਲੇ ਹੁੰਦੀ ਹੈ। ਲੋਕਾਂ ਦੇ ਆਰਥਿਕ ਹਾਲਾਤ ਵੀ ਉੱਪਰ ਥੱਲੇ ਹੋ ਜਾਂਦੇ ਹਨ। ਬੈਂਕਿੰਗ ਅਤੇ ਵਿੱਤ ਉਦਯੋਗ ਸੰਸਥਾ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਲਗਭਗ 5,160 ਘਰ ਮਾਲਕਾਂ ਦੀਆਂ ਮੌਰਗੇਜ ਵਾਲੀਆਂ ਜਾਇਦਾਦਾਂ ਨੂੰ ਕਬਜ਼ੇ ਵਿੱਚ ਲਿਆ ਗਿਆ ਸੀ, ਜੋ ਕਿ 2024 ਦੇ ਮੁਕਾਬਲੇ 39% ਵੱਧ ਹੈ। 2024 ਵਿੱਚ 3,710 ਘਰ ਮਾਲਕਾਂ ਦੀਆਂ ਮੌਰਗੇਜ ਵਾਲੀਆਂ ਜਾਇਦਾਦਾਂ ਨੂੰ ਕਬਜ਼ੇ ਵਿੱਚ ਲਿਆ ਗਿਆ। ਸਾਲਾਨਾ ਇਸ ਵਾਧੇ ਦੇ ਬਾਵਜੂਦ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁੱਲ ਕਬਜ਼ੇ ਦੀ ਗਿਣਤੀ ਲੰਬੇ ਸਮੇਂ ਦੀ ਔਸਤ ਨਾਲੋਂ ਕਾਫ਼ੀ ਘੱਟ ਹੈ।

2025 ਦੇ 5160 ਘਰਾਂ ਦਾ ਬੈਂਕਾਂ ਕੋਲ ਚਲੇ ਜਾਣ ਵਾਲੇ ਇਹ ਅੰਕੜੇ 2009 ਵਿੱਚ 44,100 ਘਰਾਂ ਦਾ ਬੈਂਕਾਂ ਕੋਲ ਚਲੇ ਜਾਣ ਨਾਲੋਂ ਕਾਫੀ ਘੱਟ ਹਨ। 2025 ਦੀ ਚੌਥੀ ਤਿਮਾਹੀ ਵਿੱਚ 1,210 ਮਕਾਨ ਮਾਲਕਾਂ ਦੀਆਂ ਜਾਇਦਾਦਾਂ ਤੇ ਕਬਜ਼ੇ ਕੀਤੇ ਗਏ, ਜੋ ਕਿ 2024 ਦੀ ਇਸੇ ਮਿਆਦ ਦੇ ਮੁਕਾਬਲੇ 17% ਵੱਧ ਹੈ ਪਰ ਪਿਛਲੀ ਤਿਮਾਹੀ ਵਿੱਚ ਮਕਾਨ ਮਾਲਕਾਂ ਦੀਆਂ ਕਬਜ਼ੇ 'ਚ ਲਈਆਂ ਜਾਇਦਾਦਾਂ ਦੀ ਗਿਣਤੀ ਨਾਲੋਂ 13% ਘੱਟ ਹੈ।

ਮੌਰਗੇਜ ਬਕਾਏ 'ਤੇ ਨਜ਼ਰ ਮਾਰੀਏ ਤਾਂ 2025 ਦੀ ਚੌਥੀ ਤਿਮਾਹੀ ਵਿੱਚ 80,490 ਘਰ ਮਾਲਕਾਂ ਦੀ ਬਕਾਇਆ ਰਾਸ਼ੀ 2.5 ਫੀਸਦੀ ਜਾਂ ਇਸ ਤੋਂ ਵੱਧ ਰਹਿੰਦੀ ਸੀ ਜਿਸ ਦਾ ਭੁਗਤਾਨ ਨਹੀਂ ਕਰ ਸਕੇ ਸਨ। ਪਰ ਪਿਛਲੀ ਤਿਮਾਹੀ ਨਾਲੋਂ ਇਹ ਦਰ 4% ਘੱਟ ਅਤੇ ਪਿਛਲੇ ਸਾਲ ਦੀ ਇਸੇ ਮਿਆਦ ਨਾਲੋਂ 13% ਘੱਟ ਸਨ। ਇਸ ਸਮੇਂ ਦੌਰਾਨ 27,780 ਘਰ ਮਾਲਕਾਂ ਦੀ ਬਕਾਇਆ ਰਕਮ 2.5% ਤੋਂ 5% ਰਹਿੰਦੀ ਸੀ ਜਿਸ ਦਾ ਭੁਗਤਾਨ ਨਹੀਂ ਹੋਇਆ। ਜਦ ਕਿ 30,280 ਘਰ ਮਾਲਕਾਂ ਦੀ ਬਕਾਇਆ ਰਕਮ 10% ਤੋਂ ਵੱਧ ਸੀ ਜਿਸ ਦਾ ਭੁਗਤਾਨ ਨਹੀਂ ਹੋਇਆ। 2025 ਦੀ ਚੌਥੀ ਤਿਮਾਹੀ ਵਿੱਚ ਲੱਗਭੱਗ 9520 ਮੌਰਗੇਜ ਵਾਲੇ ਘਰਾਂ ਨੂੰ ਕਬਜ਼ੇ ਵਿੱਚ ਲਿਆ ਗਿਆ, ਜੋ ਕਿ ਪਿਛਲੀ ਤਿਮਾਹੀ ਨਾਲੋਂ 14% ਘੱਟ ਸੀ ਪਰ ਇੱਕ ਸਾਲ ਪਹਿਲਾਂ ਨਾਲੋਂ 10% ਵੱਧ ਸੀ। ਯੂ ਕੇ ਫਾਈਨੈਂਸ ਨੇ ਕਿਹਾ ਕਿ ਲੰਬੇ ਸਮੇਂ ਵਿੱਚ ਪਿੱਛੇ ਮੁੜ ਕੇ ਦੇਖਦੇ ਹਾਂ ਤਾਂ 2009 ਦੀ ਦੂਜੀ ਤਿਮਾਹੀ ਵਿੱਚ ਕਿਸ਼ਤਾਂ ਨਾ ਦੇ ਸਕਣ ਵਾਲਿਆਂ ਦੀ ਗਿਣਤੀ, ਵਿਸ਼ਵਵਿਆਪੀ ਵਿੱਤੀ ਸੰਕਟ ਦੌਰਾਨ ਵਾਲੀ ਗਿਣਤੀ ਨਾਲੋਂ ਘੱਟ ਹੈ ਉਸ ਸਮੇਂ ਇਹ ਗਿਣਤੀ 216,400 ਸੀ।

# ਲੰਡਨ ਵਿੱਚ ਦੋ ਸਕੂਲੀ ਵਿਦਿਆਰਥੀਆਂ ਤੇ ਹਮਲਾ ਕਰਨ ਵਾਲੇ 13 ਸਾਲਾ ਲੜਕੇ ਤੋਂ ਅੱਤਵਾਦੀ ਵਿਰੋਧੀ ਪੁਲਿਸ ਕਰ ਰਹੀ ਹੈ ਪੁੱਛਤਾਛ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇੱਕ ਸਕੂਲ ਵਿੱਚ ਦੋ ਵਿਦਿਆਰਥੀਆਂ ਤੇ ਚਾਕੂ ਨਾਲ ਹਮਲਾ ਕਰਨ ਵਾਲੇ 13 ਸਾਲਾ ਲੜਕੇ ਤੋਂ ਅੱਤਵਾਦ ਵਿਰੋਧੀ ਪੁਲਿਸ ਪੁੱਛ ਪੜਤਾਲ ਕਰ ਰਹੀ ਹੈ। ਲੰਡਨ ਦੇ ਬਰੈਂਟ ਹਲਕੇ ਦੇ ਕਿੰਗਜ਼ਬਰੀ ਹਾਈ ਸਕੂਲ ਵਿੱਚ ਮੰਗਲਵਾਰ ਨੂੰ ਇੱਕ 13 ਸਾਲਾ ਲੜਕੇ ਨੇ 12 ਅਤੇ 13 ਸਾਲ ਦੇ ਦੋ ਲੜਕਿਆਂ ਤੇ ਚਾਕੂ ਨਾਲ ਹਮਲਾ ਕਰਕੇ ਜਖ਼ਮੀ ਕਰ ਦਿੱਤਾ ਸੀ। ਜਿਸ ਤੋਂ ਬਾਅਦ ਹਮਲਾਵਰ ਨੇ ਅੱਲਾ ਹੂ ਅਕਬਰ ਦੇ ਨਾਹਰੇ ਲਗਾਏ। ਪੁਲਿਸ ਨੇ ਭਾਵੇਂ ਇਸ ਘਟਨਾਂ ਨੂੰ ਅੱਤਵਾਦੀ ਹਮਲਾ ਨਹੀਂ ਐਲਾਨਿਆ, ਪਰ ਫਿਰ ਵੀ ਇਸ ਬਾਰੇ ਅੱਤਵਾਦ ਰੋਕੂ ਪੁਲਿਸ ਯੂਨਿਟ ਵੱਲੋਂ ਘਟਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਲੰਡਨ ਮੈਟਰੋਪੁਲੀਟਨ ਪੁਲਿਸ ਦੇ ਜਾਂਚ ਅਧਿਕਾਰੀ ਸੁਪਰਡੈਂਟ ਲਿਊਕ ਵਿਲੀਅਮਸ ਨੇ ਕਿਹਾ ਕਿ ਆਸ ਪਾਸ ਦੇ ਹਾਲਾਤਾਂ ਕਾਰਨ ਲੰਡਨ ਦੇ ਕਾਊਂਟਰ ਟੈਰੋਰਿਜ਼ਮ ਪੁਲਿਸਿੰਗ ਦੇ ਅਧਿਕਾਰੀਆਂ ਦੁਆਰਾ ਘਟਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਖ਼ਮੀ ਬੱਚੇ ਅਜੇ ਹਸਪਤਾਲ ਵਿੱਚ ਜ਼ੇਰੇ ਇਲਾਜ਼ ਹਨ। ਅੱਜ ਪ੍ਰਧਾਨ ਮੰਤਰੀ ਪ੍ਰਸ਼ਨ ਕਾਲ ਦੌਰਾਨ ਵੀ ਇਹ ਮਾਮਲਾ ਸੰਸਦ ਵਿੱਚ ਉਠਾਇਆ ਗਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹਨਾਂ ਦੀਆਂ ਭਾਵਨਾਵਾਂ ਪੀੜਤਾਂ ਨਾਲ ਹਨ। ਉਹਨਾਂ ਕਿਹਾ ਕਿ ਪੁਲਿਸ ਨੂੰ ਜਾਂਚ ਲਈ ਸਮਾਂ ਦੇਣਾ ਬਹੁਤ ਮਹੱਤਵਪੂਰਨ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਮਲਾਵਰ ਲੜਕਾ ਪਹਿਲਾਂ ਘਟਨਾ ਸਥਾਨ ਤੋਂ ਚਲਾ ਗਿਆ ਸੀ, ਜਿਸ ਨੂੰ ਬਾਅਦ ਵਿੱਚ ਹਥਿਆਰ ਸਮੇਤ ਗ੍ਰਿਫਤਾਰ ਕਰ ਲਿਆ।

# ਬਰਤਾਨੀਆਂ ਦੀ ਸੰਸਦ ਵਿੱਚ ਭਾਰਤ ਅਤੇ ਯੂ ਕੇ ਦੇ ਮੁਕਤ ਵਪਾਰ ਸਮਝੌਤੇ 'ਤੇ ਬਹਿਸ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸੰਸਦ ਵਿੱਚ ਭਾਰਤ ਯੂ ਕੇ ਵਪਾਰ ਸਮਝੌਤੇ ਨੂੰ ਲੈ ਕੇ ਚਰਚਾ ਕੀਤੀ ਗਈ। ਇਸ ਮੌਕੇ ਵਪਾਰ ਵਿਭਾਗ ਦੇ ਰਾਜ ਮੰਤਰੀ ਕ੍ਰਿਸ ਬ੍ਰਾਇਨਟ ਨੇ ਦੱਸਿਆ ਗਿਆ ਕਿ ਭਾਰਤ ਅਤੇ ਯੂ ਕੇ ਨੇ ਪਿਛਲੇ ਸਾਲ 47.2 ਅਰਬ ਪੌਂਡ ਦਾ ਵਪਾਰ ਕੀਤਾ ਹੈ, ਜੋ ਸਾਲ ਦਰ ਸਾਲ 15 ਫੀਸਦੀ ਵੱਧ ਸੀ। ਉਹਨਾਂ ਕਿਹਾ ਕਿ ਯੂ ਕੇ ਸਰਕਾਰ ਨੇ ਇੱਕ ਮੁਕਤ ਵਪਾਰ ਸਮਝੌਤੇ 'ਤੇ ਦਸਤਖਤ ਕਰਕੇ ਆਪਣੇ ਪਹਿਲੇ ਲਾਭਦਾਇਕ ਕਦਮ ਅੱਗੇ ਵਧਾਇਆ ਹੈ। ਭਾਰਤੀ ਅਰਥਵਿਵਸਥਾ ਯੂਰਪੀਅਨ ਯੂਨੀਅਨ ਤੋਂ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਜਿਸ ਲਈ ਉਹਨਾਂ ਬਰਤਾਨੀਆ ਦੇ ਸੌਦੇ ਨੂੰ ਅਧਾਰ ਵਜੋਂ ਵਰਤਿਆ ਸੀ।**

ਇਸ ਹਫਤੇ ਦੇ ਸ਼ੁਰੂ ਵਿੱਚ ਭਾਰਤ-ਯੂ ਕੇ ਆਰਥਿਕ ਅਤੇ ਵਪਾਰ ਸਮਝੌਤੇ 'ਤੇ ਹਾਊਸ ਆਫ ਕਾਮਨਜ਼ ਦੀ ਬਹਿਸ ਦੌਰਾਨ, ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਸਾਂਸਦਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਗ੍ਰਹਿ 'ਤੇ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ, ਜੋ ਕਿ ਯੂਰਪ ਨਾਲੋਂ ਲਗਭਗ ਪੰਜ ਗੁਣਾ ਤੇਜ਼ੀ ਨਾਲ ਵਧ ਰਹੀ ਹੈ", ਉਸ ਨਾਲ ਸੌਦਾ ਹੋਰ ਬਿਹਤਰ ਹੋ ਸਕਦਾ ਸੀ। ਬਰਤਾਨਵੀ ਕਾਰੋਬਾਰਾਂ ਨੂੰ ਇਸ ਦੇਸ਼ ਵਿੱਚ ਵੱਧਣ ਲਈ ਇੱਕ ਚੰਗੀ ਸ਼ੁਰੂਆਤ ਦੀ ਜ਼ਰੂਰਤ ਸੀ। ਸ਼ੈਡੋ ਵਪਾਰ ਮੰਤਰੀ ਐਂਡਰਿਊ ਗ੍ਰਿਫਿਥ ਨੇ ਪ੍ਰਧਾਨ ਮੰਤਰੀ ਤੇ ਸਮਝੌਤੇ ਨੂੰ ਲੈ ਕੇ ਆਲੋਚਨਾ ਕੀਤੀ।

ਵਪਾਰ ਰਾਜ ਮੰਤਰੀ ਕ੍ਰਿਸ ਬ੍ਰਾਇਨਟ ਨੇ ਕਿਹਾ ਕਿ ਇਹ ਮਹੱਤਵਪੂਰਨ ਪ੍ਰਾਪਤੀ ਹੈ ਜਿਸ ਨਾਲ ਯੂ ਕੇ ਦੇ ਕਾਰੋਬਾਰਾਂ ਲਈ ਨਵੇਂ ਦਰਵਾਜ਼ੇ ਖੁਲ੍ਹਣਗੇ। ਇਸ ਸੌਦੇ ਨਾਲ ਲਾਭ ਹੋਵੇਗਾ, ਫੈਡਰੇਸ਼ਨ ਆਫ ਸਮਾਲ ਬਿਜ਼ਨਸ, ਐਚ ਐਸ ਬੀ ਸੀ, ਸਟੈਂਡਰਡ ਚਾਰਟਰਡ, ਈ ਵਾਈ, ਦਾ ਸਿਟੀ ਯੂ ਕੇ ਅਤੇ ਰੀਵੋਲਟ ਦਾ ਸਮਰਥਨ ਪ੍ਰਾਪਤ ਹੈ ਅਤੇ ਮੈਨੂੰ ਨਹੀਂ ਲੱਗਦਾ ਕਿ ਇਹ ਘਾਟੇ ਦਾ ਸੌਦਾ ਹੈ। ਮੈਨੂੰ ਲੱਗਦਾ ਹੈ ਕਿ ਉਹ ਇਸਨੂੰ ਇੱਕ ਵਧੀਆ ਤੰਦਰੁਸਤੀ ਸਮਝਦੇ ਹਨ।

ਜੀ 20 ਵਿੱਚ ਭਾਰਤ ਦੀ ਵਿਕਾਸ ਦਰ ਸਭ ਤੋਂ ਵੱਧ ਹੈ। ਜਿਸ ਦੀ 2029 ਤੱਕ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਸੰਭਾਵਨਾ ਹੈ। 2050 ਤੱਕ ਭਾਰਤ ਇੱਕ ਅਰਬ ਤੋਂ ਵੱਧ ਉੱਚ-ਆਮਦਨ ਵਾਲੇ ਖਪਤਕਾਰਾਂ ਦਾ ਘਰ ਹੋਵੇਗਾ। ਦਰਾਮਦਾਂ ਦੀ ਮੰਗ ਵੀ ਵਧਣ ਵਾਲੀ ਹੈ ਜਿਸ ਨਾਲ ਇਹ 2050 ਤੱਕ 2.8 ਟ੍ਰਿਲੀਅਨ ਪੌਂਡ ਤੱਕ ਪਹੁੰਚ ਜਾਵੇਗੀ। ਰਾਜ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਵਿਸ਼ਵਵਿਆਪੀ ਸਿੱਧਾ ਵਿਦੇਸ਼ੀ ਨਿਵੇਸ਼ ਹੋ ਰਿਹਾ ਹੈ ਜੋ 2033 ਤੱਕ 1 ਟ੍ਰਿਲੀਅਨ ਪੌਂਡ ਤੱਕ ਵਧ ਸਕਦਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਿਛਲੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੂ ਕੇ ਫੇਰੀ ਦੌਰਾਨ ਹੋਏ ਵਪਾਰ ਸਮਝੌਤੇ ਨਾਲ 2040 ਤੱਕ ਬਰਤਾਨੀਆਂ ਦੇ ਜੀ ਡੀ ਪੀ ਵਿੱਚ 4.8 ਅਰਬ ਪੌਂਡ, ਤਨਖਾਹਾਂ ਵਿੱਚ 2.2 ਅਰਬ ਪੌਂਡ ਅਤੇ ਦੁਵੱਲੇ ਵਪਾਰ ਵਿੱਚ ਹਰ ਸਾਲ 25.5 ਅਰਬ ਪੌਂਡ ਦਾ ਵਾਧਾ ਹੋਵੇਗਾ।

ਬਰਤਾਨਵੀ ਸੰਸਦ ਪਿਛਲੇ ਜੁਲਾਈ ਵਿੱਚ ਮੋਦੀ ਅਤੇ ਸਟਾਰਮਰ ਦੁਆਰਾ ਦਸਤਖਤ ਕੀਤੇ ਗਏ ਸਮਝੌਤੇ ਨੂੰ ਪ੍ਰਵਾਨਗੀ ਦੇਣ ਲਈ ਦੋਵਾਂ ਸਦਨਾਂ ਵਿੱਚ ਬਹਿਸਾਂ ਅਤੇ ਐਫ ਟੀ ਏ ਦੇ ਸਾਰੇ ਪਹਿਲੂਆਂ 'ਤੇ ਸਬੰਧਤ ਕਮੇਟੀਆਂ ਦੁਆਰਾ ਸਮੀਖਿਆਵਾਂ ਕਰ ਰਹੀ ਹੈ, ਤ ਾਂਕਿ ਇਸ ਨੂੰ ਆਉਣ ਵਾਲੇ ਮਹੀਨਿਆਂ ਵਿੱਚ ਲਾਗੂ ਕੀਤਾ ਜਾ ਸਕੇ।

# ਗਾਜ਼ਾ ਵਿੱਚ ਵੈਕਿਊਮ ਬੰਬ ਦੇ ਧਮਾਕਿਆਂ ਕਾਰਣ 2800 ਤੋਂ ਵੱਧ ਲੋਕ ਭਾਫ ਬਣਕੇ ਉਡੇ

## ✪ ਅੰਤਰਰਾਸ਼ਟਰੀ ਕਨੂੰਨਾਂ ਦੀ ਇਜ਼ਰਾਈਲ ਨਹੀਂ ਕਰ ਰਿਹਾ ਪਰਵਾਹ

ਖਾਸ ਖਬਰ

ਗਾਜ਼ਾ ਦੀ ਜੰਗ ਹੁਣ ਸਿਰਫ਼ ਇਮਾਰਤਾਂ ਦੇ ਡਿੱਗਣ ਜਾਂ ਗੋਲੀਆਂ ਚੱਲਣ ਤੱਕ ਸੀਮਤ ਨਹੀਂ ਰਹੀ, ਸਗੋਂ ਇਹ 'ਵੈਪੋਰਾਈਜ਼ੇਸ਼ਨ' ਅਰਥਾਤ ਭਾਫ਼ ਬਣਨ ਦੇ ਇੱਕ ਅਜਿਹੇ ਪੜਾਅ 'ਤੇ ਪਹੁੰਚ ਗਈ ਹੈ ਜਿੱਥੇ ਮੌਤ ਤੋਂ ਬਾਅਦ ਦਫ਼ਨਾਉਣ ਲਈ ਸਰੀਰ ਵੀ ਨਸੀਬ ਨਹੀਂ ਹੋ ਰਹੇ। ਅਲ ਜਜ਼ੀਰਾ ਦੀ ਜਾਂਚ ਮੁਤਾਬਕ, ਇਸਰਾਈਲ ਵੱਲੋਂ ਵਰਤੇ ਗਏ ਆਧੁਨਿਕ ਅਮਰੀਕੀ ਹਥਿਆਰਾਂ ਨੇ ਅਜਿਹਾ ਕਹਿਰ ਢਾਹਿਆ ਹੈ ਕਿ ਹਜ਼ਾਰਾਂ ਲੋਕ ਪਲਾਂ ਵਿੱਚ ਹਵਾ ਵਿੱਚ ਵਿਲੀਨ ਹੋ ਗਏ ਸਨ।

### ਵੈਕਿਊਮ ਬੰਬ ਕੀ ਹੈ ਅਤੇ ਇਹ ਕਿਵੇਂ ਕੰਮ ਕਰਦਾ ਹੈ ?

ਵੈਕਿਊਮ ਬੰਬ ਨੂੰ ਦੁਨੀਆ ਦੇ ਸਭ ਤੋਂ ਘਾਤਕ ਗੈਰ-ਪਰਮਾਣੂ ਹਥਿਆਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਨੂੰ 'ਥਰਮੋਬੈਰਿਕ' ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਗਰਮੀ ਅਤੇ ਦਬਾਅ ਦੇ ਸਿਧਾਂਤ 'ਤੇ ਕੰਮ ਕਰਦਾ ਹੈ। ਇਹ ਬੰਬ ਦੋ ਪੜਾਵਾਂ ਵਿੱਚ ਫਟਦਾ ਹੈ। ਪਹਿਲੇ ਧਮਾਕੇ ਵਿੱਚ, ਇਹ ਇੱਕ ਬਹੁਤ ਹੀ ਬਾਰੀਕ ਈਂਧਣ ਦਾ ਬੱਦਲ ਹਵਾ ਵਿੱਚ ਫੈਲਾ ਦਿੰਦਾ ਹੈ। ਇਹ ਬੱਦਲ ਇਮਾਰਤਾਂ ਦੀਆਂ ਦਰਾਰਾਂ, ਬੰਕਰਾਂ ਅਤੇ ਸੁਰੰਗਾਂ ਦੇ ਅੰਦਰ ਤੱਕ ਵੜ ਜਾਂਦਾ ਹੈ। ਦੂਜੇ ਧਮਾਕੇ ਵਿੱਚ, ਇਸ ਬੱਦਲ ਨੂੰ ਅੱਗ ਲਗਾਈ ਜਾਂਦੀ ਹੈ। ਜਦੋਂ ਇਹ ਈਂਧਣ ਜਲਦਾ ਹੈ, ਤਾਂ ਇਹ ਆਲੇ-ਦੁਆਲੇ ਦੀ ਸਾਰੀ ਆਕਸੀਜਨ ਨੂੰ ਇਕਦਮ ਸੋਖ ਲੈਂਦਾ ਹੈ। ਇਸ ਨਾਲ ਇੱਕ ਅਸਥਾਈ 'ਵੈਕਿਊਮ' (ਖਲਾਅ) ਪੈਦਾ ਹੁੰਦਾ ਹੈ। ਇਹ ਖਲਾਅ ਇੰਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਇਹ ਇਨਸਾਨੀ ਫੇਫੜਿਆਂ ਵਿੱਚੋਂ ਹਵਾ ਖਿੱਚ ਲੈਂਦਾ ਹੈ ਅਤੇ ਅੰਦਰੂਨੀ ਅੰਗਾਂ ਨੂੰ ਪਾੜ ਦਿੰਦਾ ਹੈ। ਇਨ੍ਹਾਂ ਹਮਲਿਆਂ ਦੌਰਾਨ ਤਾਪਮਾਨ 2500°C ਤੋਂ 3500°C ਤੱਕ ਪਹੁੰਚ ਜਾਂਦਾ ਹੈ। ਵਿਗਿਆਨਕ ਤੌਰ 'ਤੇ, ਮਨੁੱਖੀ ਸਰੀਰ ਜਿਸ ਵਿੱਚ 70% ਪਾਣੀ ਹੁੰਦਾ ਹੈ, ਇੰਨੀ ਜ਼ਿਆਦਾ ਗਰਮੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਸੈਕਿੰਡਾਂ ਵਿੱਚ ਭਾਫ਼ ਬਣ ਕੇ ਉੱਡ ਜਾਂਦਾ ਹੈ।



### ਗਾਜ਼ਾ ਸਿਵਲ ਡਿਫੈਂਸ ਦੇ ਅੰਕੜੇ ਅਤੇ 'ਵੈਪੋਰਾਈਜ਼ਡ' ਸ਼੍ਰੇਣੀ

ਗਾਜ਼ਾ ਵਿੱਚ ਸਿਵਲ ਡਿਫੈਂਸ ਦੇ ਅਧਿਕਾਰੀਆਂ ਨੇ ਇੱਕ ਨਵੀਂ ਅਤੇ ਦਰਦਨਾਕ ਸ਼੍ਰੇਣੀ ਬਣਾਈ ਹੈ - 'ਵੈਪੋਰਾਈਜ਼ਡ'। ਅਕਤੂਬਰ 2023 ਤੋਂ ਹੁਣ ਤੱਕ 2,842 ਲੋਕਾਂ ਨੂੰ ਇਸ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਹ ਉਹ ਲੋਕ ਹਨ ਜੋ ਹਮਲੇ ਦੇ ਸਮੇਂ ਮੌਕੇ 'ਤੇ ਮੌਜੂਦ ਸਨ, ਪਰ ਹਮਲੇ ਤੋਂ ਬਾਅਦ ਉਨ੍ਹਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਮਿਲਿਆ। ਮਲਬੇ ਵਿੱਚੋਂ ਨਾ ਤਾਂ ਕੋਈ ਹੱਡੀ ਮਿਲੀ ਅਤੇ ਨਾ ਹੀ ਕੋਈ ਅੰਗ। ਸਿਰਫ਼ ਕੱਪੜਿਆਂ ਦੇ ਜਲੇ ਹੋਏ ਟੁਕੜੇ ਜਾਂ ਕੰਧਾਂ 'ਤੇ ਖੂਨ ਦੇ ਧੱਬੇ ਹੀ ਬਾਕੀ ਬਚੇ। ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਐਲੂਮੀਨੀਅਮ ਤੇ ਮੈਗਨੀਸ਼ੀਅਮ ਵਰਗੀਆਂ ਧਾਤਾਂ ਨੂੰ ਬੰਬਾਂ ਵਿੱਚ ਮਿਲਾਇਆ ਜਾਂਦਾ ਹੈ, ਤਾਂ ਉਹ ਅੱਗ ਦੀ ਤੀਬਰਤਾ ਨੂੰ ਇੰਨਾ ਵਧਾ ਦਿੰਦੀਆਂ ਹਨ ਕਿ ਸਰੀਰਕ ਢਾਂਚਾ ਪੂਰੀ ਤਰ੍ਹਾਂ ਨਸ਼ਟ ਹੋ ਜਾਂਦਾ ਹੈ।

### ਅਮਰੀਕੀ ਹਥਿਆਰਾਂ ਦੀ ਭੂਮਿਕਾ

ਰਿਪੋਰਟ ਵਿੱਚ ਸਾਫ਼ ਤੌਰ 'ਤੇ ਅਮਰੀਕਾ ਦੁਆਰਾ ਸਪਲਾਈ ਕੀਤੇ ਗਏ ਹਥਿਆਰਾਂ ਦੇ ਨਾਂ ਲਏ ਗਏ ਹਨ, ਜੋ ਇਸ ਤਬਾਹੀ ਦਾ ਮੁੱਖ ਕਾਰਨ ਬਣੇ:

ਐਮਕੇ-84 (ਦਾ ਹੈਮਰ): ਇਹ 2000 ਪੌਂਡ ਦਾ ਬੰਬ ਹੈ ਜੋ ਟ੍ਰਾਈਟੋਨਲ ਨਾਲ ਭਰਿਆ ਹੁੰਦਾ ਹੈ। ਇਹ ਇੰਨਾ ਸ਼ਕਤੀਸ਼ਾਲੀ ਹੈ ਕਿ ਇਹ ਸੈਂਕੜੇ ਮੀਟਰ ਦੇ ਘੇਰੇ ਵਿੱਚ ਸਭ ਕੁਝ ਸੁਆਹ ਕਰ ਸਕਦਾ ਹੈ।

ਬੀਐਲਯੂ-109 (ਬੰਕਰ ਬਸਟਰ): ਇਹ ਬੰਕਰਾਂ ਨੂੰ ਤੋੜਨ ਲਈ ਵਰਤਿਆ ਜਾਂਦਾ ਹੈ। ਇਹ ਜ਼ਮੀਨ ਦੇ ਅੰਦਰ ਜਾਂ ਇਮਾਰਤ ਦੇ ਅੰਦਰ ਵੜ ਕੇ ਫਟਦਾ ਹੈ, ਜਿਸ ਨਾਲ ਅੰਦਰ ਮੌਜੂਦ ਲੋਕਾਂ ਨੂੰ ਬਚਣ ਦਾ ਕੋਈ ਮੌਕਾ ਨਹੀਂ ਮਿਲਦਾ।

ਜੀਬੀਯੂ39 (ਸਮਾਲ ਡਾਇਮੀਟਰ ਬੰਬ): ਇਹ ਇੱਕ ਸਟੀਕ ਨਿਸ਼ਾਨੇ ਵਾਲਾ ਬੰਬ ਹੈ। ਅਲ-ਤਾਬੀਨ ਸਕੂਲ ਵਰਗੀਆਂ ਥਾਵਾਂ 'ਤੇ ਇਸ ਦੇ ਅਵਸ਼ੇਸ਼ ਮਿਲੇ ਹਨ। ਇਹ ਘੱਟ ਜਗ੍ਹਾ ਵਿੱਚ ਬਹੁਤ ਜ਼ਿਆਦਾ ਤਾਪਮਾਨ ਪੈਦਾ ਕਰਨ ਲਈ ਬਣਾਇਆ ਗਿਆ ਹੈ।

### ਮਨੁੱਖੀ ਤ੍ਰਾਸਦੀ: ਅਲ-ਤਾਬੀਨ ਸਕੂਲ ਦੀ ਮਿਸਾਲ

ਅਗਸਤ 2024 ਵਿੱਚ ਗਾਜ਼ਾ ਸ਼ਹਿਰ ਦੇ ਅਲ-ਤਾਬੀਨ ਸਕੂਲ 'ਤੇ ਹੋਇਆ ਹਮਲਾ ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ। ਉੱਥੇ ਸੈਂਕੜੇ ਲੋਕ ਪਨਾਹ ਲਏ ਹੋਏ ਸਨ। ਹਮਲੇ ਤੋਂ ਬਾਅਦ ਜੋ ਮੰਜ਼ਰ ਸੀ, ਉਹ ਰੂਹ ਕੰਬਾਊ ਸੀ। ਯਾਸਮੀਨ ਮਹਾਨੀ ਵਰਗੀਆਂ ਮਾਵਾਂ ਆਪਣੇ ਬੱਚਿਆਂ ਦੀ ਭਾਲ ਵਿੱਚ ਖਾਲੀ ਹੱਥ ਰਹਿ ਗਈਆਂ। ਉੱਥੇ ਕੋਈ 'ਲਾਸ਼' ਨਹੀਂ ਸੀ, ਸਿਰਫ਼



ਸੜਿਆ ਹੋਇਆ ਮਲਬਾ ਸੀ। ਗਾਜ਼ਾ ਦੇ ਬੁਲਾਰੇ ਮਹਿਮੂਦ ਬਸਾਲ ਅਨੁਸਾਰ, ਜਦੋਂ ਕੋਈ ਸਰੀਰ ਨਹੀਂ ਮਿਲਦਾ, ਤਾਂ ਅਸੀਂ ਪਰਿਵਾਰ ਦੇ ਦਾਅਵੇ ਅਤੇ ਮੌਕੇ ਦੇ ਹਾਲਾਤਾਂ ਦੇ ਅਧਾਰ 'ਤੇ 'ਨਿਸ਼ਕਾਸਨ ਵਿਧੀ' ਰਾਹੀਂ ਉਨ੍ਹਾਂ ਨੂੰ ਮ੍ਰਿਤਕ ਐਲਾਨਦੇ ਹਾਂ।

### ਕਾਨੂੰਨੀ ਅਤੇ ਨੈਤਿਕ ਸਵਾਲ

ਇਹ ਰਿਪੋਰਟ ਅੰਤਰਰਾਸ਼ਟਰੀ ਭਾਈਚਾਰੇ ਲਈ ਇੱਕ ਵੱਡੀ ਚੁਣੌਤੀ ਹੈ। ਰਿਹਾਇਸ਼ੀ ਇਲਾਕਿਆਂ ਅਤੇ ਸਕੂਲਾਂ ਵਿੱਚ ਅਜਿਹੇ ਹਥਿਆਰਾਂ ਦੀ ਵਰਤੋਂ ਕਰਨਾ, ਜੋ ਇਨਸਾਨੀ ਸਰੀਰ ਨੂੰ ਮਿਟਾ ਦੇਣ, ਸਿੱਧੇ ਤੌਰ 'ਤੇ ਜੰਗੀ ਅਪਰਾਧਾਂ ਦੇ ਦਾਇਰੇ ਵਿੱਚ ਆਉਂਦਾ ਹੈ। ਅੰਤਰਰਾਸ਼ਟਰੀ ਨਿਆਂ ਅਦਾਲਤ ਵਿੱਚ ਇਸਰਾਈਲ ਵਿਰੁੱਧ ਨਸਲਕੁਸ਼ੀ ਦਾ ਮਾਮਲਾ ਪਹਿਲਾਂ ਹੀ ਚੱਲ ਰਿਹਾ ਹੈ। ਇਹ ਨਵੀਂ ਰਿਪੋਰਟ ਉਨ੍ਹਾਂ ਸਬੂਤਾਂ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਹਮਲਿਆਂ ਦਾ ਮਕਸਦ ਸਿਰਫ਼ ਹਮਾਸ ਨੂੰ ਖਤਮ ਕਰਨਾ ਨਹੀਂ, ਸਗੋਂ ਵੱਡੇ ਪੈਮਾਨੇ 'ਤੇ ਮਨੁੱਖੀ ਜੀਵਨ ਨੂੰ ਮਿਟਾਉਣਾ ਹੈ।

ਵੈਕਿਊਮ ਬੰਬਾਂ ਦੀ ਵਰਤੋਂ ਨੇ ਯੁੱਧ ਦੀ ਨੈਤਿਕਤਾ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਜੇਕਰ 2800 ਲੋਕ ਬਿਨਾਂ ਕਿਸੇ ਨਿਸ਼ਾਨ ਦੇ ਗਾਇਬ ਹੋ ਗਏ ਹਨ, ਤਾਂ ਇਹ ਆਧੁਨਿਕ ਇਤਿਹਾਸ ਦੇ ਸਭ ਤੋਂ ਭਿਆਨਕ ਕਾਂਡਾਂ ਵਿੱਚੋਂ ਇੱਕ ਹੈ। ਇਹ ਸਿਰਫ਼ ਇਸਰਾਈਲ ਅਤੇ ਫਲਸਤੀਨ ਦਾ ਮਾਮਲਾ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਇੱਕ ਚੇਤਾਵਨੀ ਹੈ ਕਿ ਕਿਵੇਂ ਤਕਨਾਲੋਜੀ ਦੀ ਵਰਤੋਂ 'ਸਮੂਹਿਕ ਵਿਨਾਸ਼' ਲਈ ਕੀਤੀ ਜਾ ਰਹੀ ਹੈ।

## ਅੰਤਰਰਾਸ਼ਟਰੀ ਕਾਨੂੰਨ ਅਤੇ ਵੈਕਿਊਮ ਬੰਬਾਂ ਦੀ ਵਰਤੋਂ ਜਨੇਵਾ ਕਨਵੈਨਸ਼ਨ ਦੀ ਉਲੰਘਣਾ: ਇੱਕ ਵਿਸ਼ਲੇਸ਼ਣ


ਅੰਤਰਰਾਸ਼ਟਰੀ ਮਨੁੱਖੀ ਕਾਨੂੰਨ ਦਾ ਮੁੱਖ ਮਕਸਦ ਜੰਗ ਦੇ ਦੌਰਾਨ ਆਮ ਨਾਗਰਿਕਾਂ ਦੀ ਰੱਖਿਆ ਕਰਨਾ ਅਤੇ ਅਜਿਹੇ ਹਥਿਆਰਾਂ 'ਤੇ ਰੋਕ ਲਗਾਉਣਾ ਹੈ ਜੋ "ਬੇਲੋੜੀ ਪੀੜ" ਦਿੰਦੇ ਹਨ। 1949 ਦੀਆਂ ਜਨੇਵਾ ਕਨਵੈਨਸ਼ਨਾਂ ਅਤੇ ਉਨ੍ਹਾਂ ਦੇ ਵਾਧੂ ਪ੍ਰੋਟੋਕੋਲ ਸਪੱਸ਼ਟ ਕਰਦੇ ਹਨ ਕਿ ਜੰਗ ਵਿੱਚ ਕਿਹੜੇ ਹਥਿਆਰ ਅਤੇ ਤਰੀਕੇ ਵਰਤੇ ਜਾ ਸਕਦੇ ਹਨ। ਕਨਵੈਨਸ਼ਨ ਮੁਤਾਬਕ, ਮਰਨ ਵਾਲੇ ਹਰ ਵਿਅਕਤੀ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਸਨਮਾਨਜਨਕ ਤਰੀਕੇ ਨਾਲ ਸੰਭਾਲਣਾ ਚਾਹੀਦਾ ਹੈ। ਜਦੋਂ ਵੈਕਿਊਮ ਬੰਬ ਸਰੀਰ ਨੂੰ 'ਭਾਫ਼' ਬਣਾ ਦਿੰਦੇ ਹਨ, ਤਾਂ ਇਹ ਮ੍ਰਿਤਕ ਦੇ ਪਛਾਣ ਦੇ ਅਧਿਕਾਰ ਅਤੇ ਪਰਿਵਾਰ ਦੇ "ਜਾਣਨ ਦੇ ਅਧਿਕਾਰ" ਦੀ ਸਿੱਧੀ ਉਲੰਘਣਾ ਹੈ।

ਕਾਨੂੰਨ ਕਹਿੰਦਾ ਹੈ ਕਿ ਹਮਲਾ ਸਿਰਫ਼ ਫੌਜੀ ਠਿਕਾਣਿਆਂ 'ਤੇ ਹੋਣਾ ਚਾਹੀਦਾ ਹੈ। ਥਰਮੋਬੈਰਿਕ ਹਥਿਆਰ ਇੰਨੇ ਵਿਆਪਕ ਹੁੰਦੇ ਹਨ ਕਿ ਉਹ ਇੱਕ ਵਾਰ ਫਟਣ ਤੋਂ ਬਾਅਦ ਇਹ ਫਰਕ ਨਹੀਂ ਕਰ ਸਕਦੇ ਕਿ ਕੌਣ ਹਮਾਸ ਦਾ ਲੜਾਕੂ ਹੈ ਅਤੇ ਕੌਣ ਬੱਚਾ ਜਾਂ ਔਰਤ। ਹੇਗ ਕਨਵੈਨਸ਼ਨ ਅਤੇ ਜਨੇਵਾ ਪ੍ਰੋਟੋਕੋਲ ਅਜਿਹੇ ਹਥਿਆਰਾਂ ਦੀ ਵਰਤੋਂ ਦੀ ਮਨਾਹੀ ਕਰਦੇ ਹਨ ਜੋ ਮਨੁੱਖੀ ਸਰੀਰ ਨੂੰ ਅਜਿਹੇ ਤਰੀਕੇ ਨਾਲ ਨੁਕਸਾਨ ਪਹੁੰਚਾਉਂਦੇ ਹਨ ਜਿਸ ਨਾਲ ਮੌਤ ਬੇਹੱਦ ਦਰਦਨਾਕ ਹੋਵੇ। ਵੈਕਿਊਮ ਬੰਬ ਇਨਸਾਨ ਦੇ ਫੇਫੜਿਆਂ ਨੂੰ ਪਾੜ ਦਿੰਦੇ ਹਨ ਅਤੇ ਸਰੀਰ ਦੇ ਅੰਦਰੂਨੀ ਅੰਗਾਂ ਨੂੰ ਉੱਚ ਦਬਾਅ ਨਾਲ ਕੁਚਲ ਦਿੰਦੇ ਹਨ। ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਵਿੱਚ "ਅਣਮਨੁੱਖੀ" ਮੰਨਿਆ ਜਾਂਦਾ ਹੈ।

1980 ਦੀ ਸਰਟਨ ਕਨਵੈਨਸ਼ਨਲ ਵੈਪਨਜ਼ ਦੇ ਤਹਿਤ 'ਇਨਸੈਂਡਰੀ' ਹਥਿਆਰਾਂ (ਜੋ ਅੱਗ ਲਗਾਉਂਦੇ ਹਨ) ਦੀ ਵਰਤੋਂ 'ਤੇ ਸਖ਼ਤ ਪਾਬੰਦੀਆਂ ਹਨ। ਜੇਕਰ ਇਨ੍ਹਾਂ ਹਥਿਆਰਾਂ ਦੀ ਵਰਤੋਂ ਅਜਿਹੇ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ ਜਿੱਥੇ ਆਮ ਨਾਗਰਿਕ ਰਹਿ ਰਹੇ ਹਨ (ਜਿਵੇਂ ਕਿ ਗਾਜ਼ਾ ਦੇ ਸਕੂਲ ਜਾਂ ਸ਼ਰਨਾਰਥੀ ਕੈਂਪ), ਤਾਂ ਇਹ ਪਰੋਟੋਕਾਲ III ਦੀ ਸਿੱਧੀ ਉਲੰਘਣਾ ਹੈ।

ਗਾਜ਼ਾ ਵਿੱਚ 2800 ਲੋਕਾਂ ਦਾ ਗਾਇਬ ਹੋਣਾ ਨਸਲਕੁਸ਼ੀ ਦੇ ਮਾਮਲੇ ਨੂੰ ਹੋਰ ਗੰਭੀਰ ਬਣਾਉਂਦਾ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਹਥਿਆਰਾਂ ਦੀ ਵਰਤੋਂ ਨਾਲ ਸਰੀਰਾਂ ਦਾ ਖਤਮ ਹੋ ਜਾਣਾ ਸਬੂਤਾਂ ਨੂੰ ਮਿਟਾਉਣ ਦੇ ਬਰਾਬਰ ਹੈ, ਤਾਂ ਜੋ ਬਾਅਦ ਵਿੱਚ ਜੰਗੀ ਅਪਰਾਧਾਂ ਦੀ ਜਾਂਚ ਨਾ ਹੋ ਸਕੇ। ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਪਹਿਲਾਂ ਹੀ ਇਸਰਾਈਲੀ ਲੀਡਰਸ਼ਿਪ ਵਿਰੁੱਧ ਜਾਂਚ ਕਰ ਰਹੀ ਹੈ। ਇਹ ਰਿਪੋਰਟ "ਮਨੁੱਖਤਾ ਵਿਰੁੱਧ ਅਪਰਾਧ" ਦੇ ਤਹਿਤ ਨਵੇਂ ਵਾਰੰਟ ਜਾਰੀ ਕਰਨ ਦਾ ਅਧਾਰ ਬਣ ਸਕਦੀ ਹੈ।

ਤਕਨੀਕੀ ਤੌਰ 'ਤੇ, ਵੈਕਿਊਮ ਬੰਬਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਨਹੀਂ ਹੈ ਜੇਕਰ ਉਹ ਖੁੱਲ੍ਹੇ ਜੰਗੀ ਮੈਦਾਨ ਵਿੱਚ ਫੌਜੀ ਟੀਚਿਆਂ ਵਿਰੁੱਧ ਵਰਤੇ ਜਾਣ। ਪਰ, ਜਦੋਂ ਇਨ੍ਹਾਂ ਦੀ ਵਰਤੋਂ ਸੰਘਣੀ ਆਬਾਦੀ ਵਾਲੇ ਇਲਾਕਿਆਂ (ਜਿਵੇਂ ਗਾਜ਼ਾ) ਵਿੱਚ ਹੁੰਦੀ ਹੈ, ਤਾਂ ਇਹ ਗੈਰ-ਕਾਨੂੰਨੀ ਹੋ ਜਾਂਦੇ ਹਨ ਕਿਉਂਕਿ ਇਨ੍ਹਾਂ ਦਾ ਪ੍ਰਭਾਵ "ਅੰਨ੍ਹੇਵਾਹ" ਹੁੰਦਾ ਹੈ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਜਦ ਤੱਕ ਕੋਈ ਬੰਦਾ ਮੂਹੋਂ ਨਹੀਂ ਬੋਲਦਾ ਉਸਦੇ ਔਗੁਣ ਲੁਕੇ ਰਹਿੰਦੇ ਹਨ ।

# ਸਿੱਖ ਅਤੇ ਮੁਸਲਮਾਨ 'ਵੰਦੇ ਮਾਤਰਮ' ਦਾ ਵਿਰੋਧ ਕਿਉਂ ਕਰ ਰਹੇ ਹਨ ?

ਭਾਰਤ ਸਰਕਾਰ (ਕੇਂਦਰੀ ਗ੍ਰਹਿ ਮੰਤਰਾਲੇ) ਨੇ ਜਨਵਰੀ 2026 ਵਿੱਚ ਇੱਕ ਨਵਾਂ ਆਦੇਸ਼ ਜਾਰੀ ਕੀਤਾ ਹੈ, ਜਿਸ ਵਿੱਚ 'ਵੰਦੇ ਮਾਤਰਮ' ਦੇ ਪੂਰੇ ਛੇ ਛੰਦਾਂ (ਲਗਭਗ 3 ਮਿੰਟ 10 ਸੈਕਿੰਡ) ਨੂੰ ਅਧਿਕਾਰਕ ਸਮਾਗਮਾਂ ਵਿੱਚ ਰਾਸ਼ਟਰਗਾਨ 'ਜਨ ਗਣ ਮਨ' ਤੋਂ ਪਹਿਲਾਂ ਗਾਉਣਾ ਜਾਂ ਵਜਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਆਦੇਸ਼ ਅਨੁਸਾਰ, ਜਦੋਂ ਦੋਵੇਂ ਗੀਤ ਇਕੱਠੇ ਵਜਾਏ ਜਾਂ ਗਾਏ ਜਾਣ ਤਾਂ 'ਵੰਦੇ ਮਾਤਰਮ' ਪਹਿਲਾਂ ਆਵੇਗਾ ਅਤੇ ਸਾਰੇ ਮੌਜੂਦ ਲੋਕ ਖੜੇ ਹੋ ਕੇ ਧਿਆਨ ਮੁਦਰਾ ਵਿੱਚ ਰਹਿਣਗੇ। ਇਹ ਨਿਯਮ ਸਰਕਾਰੀ ਸਮਾਗਮਾਂ, ਰਾਸ਼ਟਰਪਤੀ/ਰਾਜਪਾਲਾਂ ਦੇ ਆਗਮਨ, ਨਾਗਰਿਕ ਸਨਮਾਨ ਸਮਾਰੋਹਾਂ, ਸਕੂਲਾਂ ਅਤੇ ਹੋਰ ਅਧਿਕਾਰਕ ਮੌਕਿਆਂ 'ਤੇ ਲਾਗੂ ਹੋਣਗੇ। ਇਹ ਫੈਸਲਾ ਬੰਕਿਮ ਚੰਦਰ ਚਟਰਜੀ ਦੇ ਮੂਲ ਰਚਨਾ ਨੂੰ ਪੂਰੀ ਤਰ੍ਹਾਂ ਬਹਾਲ ਕਰਨ ਵਾਲਾ ਮੰਨਿਆ ਜਾ ਰਿਹਾ ਹੈ, ਜਿਸ ਵਿੱਚ ਪਹਿਲਾਂ ਸਿਰਫ਼ ਪਹਿਲੇ ਦੋ ਛੰਦ ਹੀ ਅਧਿਕਾਰਕ ਤੌਰ 'ਤੇ ਵਰਤੇ ਜਾਂਦੇ ਸਨ (1937 ਤੋਂ ਬਾਅਦ)। ਪਰ ਇਸ ਫੈਸਲੇ ਨੇ ਮੁਸਲਮਾਨ ਅਤੇ ਸਿੱਖ ਭਾਈਚਾਰੇ ਵਿੱਚ ਵਿਰੋਧ ਪੈਦਾ ਕਰ ਦਿੱਤਾ ਹੈ। ਵਿਰੋਧ ਦੇ ਮੁੱਖ ਕਾਰਨ ਇਹ ਹਨ:

ਧਾਰਮਿਕ ਵਿਰੋਧ ਅਤੇ ਮੂਰਤੀ ਪੂਜਾ ਦਾ ਮਸਲਾ - ਗੀਤ ਦੇ ਬਾਅਦ ਵਾਲੇ ਛੰਦਾਂ ਵਿੱਚ ਭਾਰਤ ਮਾਤਾ ਨੂੰ ਦੇਵੀਆਂ (ਜਿਵੇਂ ਦੁਰਗਾ, ਲਕਸ਼ਮੀ, ਸਰਸਵਤੀ) ਵਜੋਂ ਵਰਣਨ ਕੀਤਾ ਗਿਆ ਹੈ, ਜੋ ਇੱਕ ਤਰ੍ਹਾਂ ਮੂਰਤੀ ਪੂਜਾ ਜਾਂ ਬਹੁਦੇਵਵਾਦ ਨੂੰ ਦਰਸਾਉਂਦਾ ਹੈ। ਇਸਲਾਮ ਵਿੱਚ ਸਿਰਫ਼ ਇੱਕ ਅੱਲ੍ਹਾ ਦੀ ਇਬਾਦਤ ਹੈ ਅਤੇ ਕਿਸੇ ਮਨੁੱਖ ਜਾਂ ਮਾਤਾ ਨੂੰ ਰੱਬ ਵਜੋਂ ਸਲਾਮ ਕਰਨਾ ਧਰਮ ਵਿਰੋਧੀ ਮੰਨਿਆ ਜਾਂਦਾ ਹੈ। ਜਮੀਅਤ ਉਲਮਾ-ਏ-ਹਿੰਦ ਦੇ ਪ੍ਰਧਾਨ ਮੌਲਾਨਾ ਅਰਸ਼ਦ ਮਦਨੀ ਨੇ ਇਸ ਨੂੰ ਧਰਮੀ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਫੈਸਲਾ ਇੱਕ ਤਰਫ਼ਾ ਅਤੇ ਧਾਰਮਿਕ ਆਜ਼ਾਦੀ ਵਿਰੋਧੀ ਹੈ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਵੀ ਇਸ ਨੂੰ ਅਸੰਵਿਧਾਨਕ ਕਹਿ ਕੇ ਵਾਪਸ ਲੈਣ ਦੀ ਮੰਗ ਕੀਤੀ ਹੈ।

ਇਤਿਹਾਸਕ ਪਿਛੋਕੜ ਅਤੇ 'ਅਨੰਦਮੱਠ' ਨਾਵਲ - ਗੀਤ ਬੰਕਿਮ ਚੰਦਰ ਚਟਰਜੀ ਦੇ ਨਾਵਲ 'ਅਨੰਦਮੱਠ' ਵਿੱਚ ਸ਼ਾਮਲ ਹੈ, ਜੋ 18ਵੀਂ ਸਦੀ ਵਿੱਚ ਮੁਗਲ ਸ਼ਾਸਨ (ਮੁਸਲਮਾਨ ਹੁਕਮਰਾਨਾਂ) ਵਿਰੁੱਧ ਹਿੰਦੂ ਸੰਨਿਆਸੀਆਂ ਦੀ ਕਾਲਪਨਿਕ ਜਿੱਤ ਦੀ ਕਹਾਣੀ ਹੈ। ਨਾਵਲ ਵਿੱਚ ਮੁਸਲਮਾਨਾਂ ਨੂੰ ਵਿਰੋਧੀ ਅਤੇ ਨਕਾਰਾਤਮਕ ਰੂਪ ਵਿੱਚ ਦਰਸਾਇਆ ਗਿਆ ਹੈ, ਜਿਸ ਕਰਕੇ ਇਹ ਭਾਈਚਾਰੇ ਵਿੱਚ ਨਫ਼ਰਤ ਪੈਦਾ ਕਰਨ ਵਾਲਾ ਮੰਨਿਆ ਜਾਂਦਾ ਹੈ। ਇਸ ਲਈ ਮੁਸਲਮਾਨ ਭਾਈਚਾਰਾ ਇਸ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰ ਸਕਦਾ।

ਅਕਾਲੀ ਦਲ ਅੰਮ੍ਰਿਤਸਰ ,ਦਲ ਖਾਲਸਾ ਵਰਗੀਆਂ ਸਿੱਖ ਸੰਗਠਨਾਂ ਨੇ ਵੀ ਇਸ ਨੂੰ ਵਿਰੋਧ ਕੀਤਾ ਹੈ, ਕਿਉਂਕਿ ਇਹ ਸਿੱਖ ਧਰਮ ਦੇ ਏਕ ਰੱਬ ਵਾਦ (ਬ੍ਰਹਮ) ਨਾਲ ਟਕਰਾਉਂਦਾ ਹੈ ਅਤੇ ਧਾਰਮਿਕ ਆਜ਼ਾਦੀ ਵਿਰੁੱਧ ਹੈ। ਪਹਿਲਾਂ ਵੀ (1980ਵਿਆਂ ਵਿੱਚ) ਸਿੱਖਾਂ ਨੇ ਰਾਸ਼ਟਰ ਗੀਤ ਅਤੇ ਰਾਸ਼ਟਰੀ ਗੀਤ ਨਾਲ ਜੁੜੇ ਮਾਮਲਿਆਂ ਵਿੱਚ ਵਿਰੋਧ ਕੀਤਾ ਸੀ, ਜਿਵੇਂ ਕਿ ਬੀਜੋ ਐਮੈਨੁਅਲ ਕੇਸ ਵਿੱਚ ਸੁਪਰੀਮ ਕੋਰਟ ਨੇ ਧਰਮੀ ਕਾਰਨਾਂ ਕਰਕੇ ਨਾ ਗਾਉਣ ਦਾ ਅਧਿਕਾਰ ਮੰਨਿਆ ਸੀ।

ਇਹ ਵਿਰੋਧ ਨਵਾਂ ਨਹੀਂ ਹੈ - 1930ਵਿਆਂ ਵਿੱਚ ਵੀ ਮੁਸਲਿਮ ਲੀਗ ਅਤੇ ਹੋਰਾਂ ਨੇ ਇਸੇ ਕਾਰਨ ਪਹਿਲੇ ਦੋ ਛੰਦਾਂ ਨੂੰ ਹੀ ਸਵੀਕਾਰ ਕੀਤਾ ਸੀ। ਹੁਣ ਪੂਰੇ ਛੰਦ ਲਾਜ਼ਮੀ ਕਰਨ ਨੂੰ ਬਹੁਤੇ ਲੋਕ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਰਾਜਨੀਤਿਕ ਏਜੰਡੇ ਵਜੋਂ ਵੇਖ ਰਹੇ ਹਨ। ਇਹ ਮਾਮਲਾ ਧਰਮੀ ਆਜ਼ਾਦੀ, ਸੰਵਿਧਾਨਕ ਅਧਿਕਾਰਾਂ ਅਤੇ ਰਾਸ਼ਟਰੀ ਪ੍ਰਤੀਕਾਂ ਦੇ ਵਿਚਕਾਰ ਸੰਤੁਲਨ ਦਾ ਹੈ। ਵਿਰੋਧੀ ਇਸ ਨੂੰ ਜਬਰੀ ਲਾਗੂ ਕਰਨ ਵਾਲਾ ਮੰਨਦੇ ਹਨ, ਜੋ ਬਹੁ-ਧਰਮੀ ਭਾਰਤ ਦੀ ਭਾਵਨਾ ਨਾਲ ਨਹੀਂ ਜੁੜਦਾ। ਸਿੱਖ ਰਹਿਤ ਮਰਯਾਦਾ ਅਨੁਸਾਰ, ਇੱਕ ਸਿੱਖ ਸਿਰਫ਼ ਅਕਾਲ ਪੁਰਖ ਅੱਗੇ ਸੀਸ ਨਿਵਾ ਸਕਦਾ ਹੈ। ਗੀਤ ਵਿੱਚ ਦੇਸ਼ ਨੂੰ ਇੱਕ 'ਦੁਰਗਾ' ਜਾਂ 'ਲਕਸ਼ਮੀ' ਦੇਵੀ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਕਿ ਸਿੱਖਾਂ ਲਈ ਮੂਰਤੀ ਪੂਜਾ ਦੇ ਬਰਾਬਰ ਹੈ, ਜਿਸ ਦੀ ਗੁਰਮਤਿ ਵਿੱਚ ਮਨਾਹੀ ਹੈ।

ਸਿੱਖਾਂ ਦਾ ਵਿਰੋਧ ਰਾਸ਼ਟਰਗਾਨ ਦਾ ਵਿਰੋਧ ਨਹੀਂ, ਸਗੋਂ ਆਪਣੇ 'ਤੌਹੀਦ' (ਇੱਕ ਰੱਬ ਦੀ ਪੂਜਾ) ਦੇ ਸਿਧਾਂਤ ਨੂੰ ਬਚਾਉਣ ਅਤੇ ਕਿਸੇ ਵੀ ਗੈਰ-ਸੰਵਿਧਾਨਕ ਧਾਰਮਿਕ ਥੋਪੇ ਜਾਣ ਵਿਰੁੱਧ ਇੱਕ ਸਟੈਂਡ ਹੈ। ਜਦੋਂ ਸਰਕਾਰ 'ਵੰਦੇ ਮਾਤਰਮ' ਨੂੰ ਜ਼ਬਰਦਸਤੀ ਥੋਪਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਇਸ ਨੂੰ ਸਿੱਖਾਂ ਦੀ ਨਿਰਾਲੀ ਪਛਾਣ 'ਤੇ ਹਮਲੇ ਵਜੋਂ ਦੇਖਿਆ ਜਾਂਦਾ ਹੈ। ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਇਹ ਗੀਤ ਸਾਂਝੇ ਭਾਰਤ ਦੀ ਬਜਾਏ ਇੱਕ 'ਹਿੰਦੂ ਰਾਸ਼ਟਰ' ਦੀ ਕਲਪਨਾ ਕਰਦਾ ਹੈ। ਸਿੱਖ ਧਰਮ ਹਮੇਸ਼ਾ ਸਰਬੱਤ ਦੇ ਭਲੇ ਅਤੇ ਸਾਂਝੀਵਾਲਤਾ ਦਾ ਮੁਦਈ ਰਿਹਾ ਹੈ, ਇਸ ਲਈ ਉਹ ਅਜਿਹੀ ਕਿਸੇ ਵੀ ਵਿਚਾਰਧਾਰਾ ਦਾ ਵਿਰੋਧ ਕਰਦੇ ਹਨ ਜੋ ਕਿਸੇ ਵਿਸ਼ੇਸ਼ ਫਿਰਕੇ ਨੂੰ ਨੀਵਾਂ ਦਿਖਾਉਂਦੀ ਹੋਵੇ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# CHALLENGES TO SIKH IDENTITY IN THE WEST



Gurmukh Singh OBE

*Those who keep heads covered as a sign of respect for (or obedience to) a power higher than the state should not be threatened with penalties. Nor should they be threatened with marginalization, physical injury, or even death because of a superficial resemblance with our real shared enemy.* (US Circuit Judge Frank Easterbrook, 2003).

There have been numerous successful cases defending visible Sikh Identity, the Five-Kakaars and the turban. In every country with Sikh populations, when there is such a court case, Sikhs have to give a little mini-history of the Sikhs. Otherwise, as Amardeep Singh of Sikh Coalition argues, you cannot apply the law against a group you do not understand.

*The war on terror has not only increased racial violence, harassment, and adverse employment actions against Sikhs with turbans; it has also led to a more abstract questioning of the proper degree to which visible immigrant minority groups should be part of mainstream Western society.* (From a study by Gohil & Sidhu of US)

One positive outcome of court actions over the years is that Sikhs and Sikhi is better known around the world than ever before. Challenges to Sikh identity are balanced by Sikh identity success stories.

In addition to court cases, Indian state action against certain types of Sikh activism abroad has also publicised recent Sikh history going back to 1947 partition of the Indian sub-continent. The root causes for Sikh unrest in Panjab are continually researched and reported. The Sikh case had already become *a running sore in the republic of India* even before the 1984 events. The Third Ghalughara in Sikh history started in 1984 and lasted for over 10 years in Panjab. Mass migration of Sikhs from Panjab followed and continues.

I have written in an earlier article that there was a time when the British insisted that Sikhs joining the colonial British Army must be Amritdhari (fully initiated), practising Sikhs wearing all their articles of faith. During the two World Wars, some 1.5 million Amritdhari, Kakaar and turban wearing Sikhs fought for the freedom of United Kingdom, Europe and humankind, and helped to liberate European, African, and Asian countries. 83,000 Sikhs gave their lives, whilst 110,000 were wounded. Many gallant Sikhs were awarded Victoria Crosses for their bravery.

Sikhs have been living in some Western countries like the United Kingdom, Canada and America as a significant visible community for well over half a century. Before that, during the British colonial period, they were encouraged to migrate to countries in East Africa and South East Asia as soldiers, policemen and as skilled workers. Sikhs have migrated to Australia in late 19th century and even to South American countries.

Yet, direct and indirect challenges to visible Sikh identity have increased, especially since 9/11. That has a negative effect on the Sikh sense of belonging to the countries where, otherwise, they have been acclaimed as hardworking law abiding loyal citizens.

The question today is if, like the Jewish people, Sikhs are actually being directly targeted as a distinct community for persecution? Discrimination against visible Sikh identity is on the increase. In some cases, maybe, it is no longer a case of mistaken identity.

There has been stepped public awareness abroad of who the Sikhs are. Otherwise, despite the impression given by mainstream Indian media, Sikhs are regarded as a successful integration story and net contributors to the countries they live in. Some points to ponder.

Furher reading: ChallengesToSikhIdentityInTheWest.pdf

Gurmukh Singh OBE, Ret'd Principal Civil Servant (UK) sewauk2005@yahoo.co.uk

# ਕਾਂਗਰਸ ਵਿਚ ਚੰਨੀ ਦੀ ਨਰਾਜ਼ਗੀ ਅਤੇ ਜਾਤੀ ਵਿਵਾਦ ਦਾ ਸੰਕਟ ਕਿਉਂ ਵਧਿਆ ?

**✪ ਚੰਨੀ ਰਾਜਾ ਵੜਿੰਗ ਅਤੇ ਲੀਡਰਸ਼ਿਪ ਖਿਲਾਫ਼ ਗੁੱਸੇ ਵਿਚ ਕਿਉਂ ? ✪ ਕਾਂਗਰਸ ਦੀ ਆਪਸੀ ਖਿਚੋਤਾਣ ਦਾ ਫਾਇਦਾ ਭਾਜਪਾ ਨੂੰ ਹੋਣ ਦੀ ਸੰਭਾਵਨਾ ✪ ਡਿਨਰ ਡਿਪਲੋਮੇਸੀ ਅਤੇ ਹਾਈਕਮਾਂਡ ਦੀ ਚੁੱਪ: ਏਕਤਾ ਦੀ ਕੋਸ਼ਿਸ਼ ਜਾਂ ਸਮੱਸਿਆ ਦਾ ਢੱਕਣ ਦਾ ਯਤਨ ?**

ਚੰਡੀਗੜ੍ਹ-ਪੰਜਾਬ ਕਾਂਗਰਸ ਵਿੱਚ ਅੰਦਰੂਨੀ ਫੁੱਟ ਅਤੇ ਲੀਡਰਸ਼ਿਪ ਦੇ ਮਤਭੇਦਾਂ ਨੇ ਪਾਰਟੀ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਡੀ ਚੁਣੌਤੀ ਵਿੱਚ ਘੇਰ ਲਿਆ ਹੈ। ਇੱਕ ਪਾਸੇ ਪਾਰਟੀ ਹਾਈਕਮਾਂਡ ਇਕਜੁੱਟਤਾ ਦਾ ਦਾਅਵਾ ਕਰ ਰਹੀ ਹੈ, ਤਾਂ ਦੂਜੇ ਪਾਸੇ ਸੀਨੀਅਰ ਆਗੂਆਂ ਵਿੱਚ ਆਪਸੀ ਖਿਚੋਤਾਣ ਨੇ ਪਾਰਟੀ ਨੂੰ ਅੰਦਰੂਨੀ ਜੰਗ ਦੇ ਕਗਾਰ ਤੇ ਖੜ੍ਹਾ ਕਰ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਨਰਾਜ਼ਗੀ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਨਖਿਧ ਮੰਨੇ ਜਾਣ ਵਾਲੇ ਬਿਆਨਾਂ ਅਤੇ ਹਾਈਕਮਾਂਡ ਦੀ ਚੁੱਪੀ ਨੇ ਪਾਰਟੀ ਨੂੰ ਵੱਡੇ ਸੰਕਟ ਵਿੱਚ ਘੇਰ ਲਿਆ ਹੈ। ਇਸ ਅੰਦਰੂਨੀ ਫੁੱਟ ਕਾਰਨ ਨਾ ਸਿਰਫ਼ ਕਾਂਗਰਸ ਦੀ ਚੋਣ ਜਿੱਤਣ ਦੀ ਸੰਭਾਵਨਾ ਘਟ ਰਹੀ ਹੈ, ਬਲਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਪੰਜਾਬ ਵਿੱਚ ਵੱਡੀ ਰਾਜਨੀਤਿਕ ਜਗ੍ਹਾ ਮਿਲਣ ਦੀ ਸੰਭਾਵਨਾ ਵਧ ਰਹੀ ਹੈ। ਪਾਰਟੀ ਨੇ ਇਸ ਸੰਕਟ ਨੂੰ ਨਿਪਟਾਉਣ ਲਈ 'ਡਿਨਰ ਡਿਪਲੋਮੇਸੀ' ਵਰਗੇ ਨਵੇਂ ਤਰੀਕੇ ਅਪਣਾਏ ਹਨ, ਪਰ ਕੀ ਇਹ ਕਾਫ਼ੀ ਹੋਵੇਗੀ ?

## ਪੰਜਾਬ ਕਾਂਗਰਸ ਵਿੱਚ ਫੁੱਟ ਕਿਉਂ ਪੈ ਰਹੀ ਹੈ ?

ਇਹ ਸਵਾਲ ਅੱਜ ਕੱਲ੍ਹ ਪੰਜਾਬ ਦੀ ਰਾਜਨੀਤੀ ਵਿੱਚ ਗੂੰਜ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਕਾਂਗਰਸ ਨੇ ਪੰਜਾਬ ਵਿੱਚ ਵੱਡੀ ਜਿੱਤ ਹਾਸਲ ਕੀਤੀ ਸੀ, ਪਰ ਹੁਣ ਅੰਦਰੂਨੀ ਮਤਭੇਦਾਂ ਨੇ ਪਾਰਟੀ ਨੂੰ ਕਮਜ਼ੋਰ ਕਰ ਦਿੱਤਾ ਹੈ। ਮੁੱਖ ਕਾਰਨ ਹੈ ਲੀਡਰਸ਼ਿਪ ਵਿੱਚ ਅਹੰਕਾਰ ਅਤੇ ਨਿੱਜੀ ਹਿੱਤਾਂ ਦਾ ਟਕਰਾਅ। ਸਾਬਕਾ ਮੁੱਖ ਮੰਤਰੀ ਚੰਨੀ ਨੂੰ ਲੈ ਕੇ ਵਿਵਾਦ ਸਭ ਤੋਂ ਵੱਡਾ ਹੈ। ਚੰਨੀ ਨੇ ਹਾਲ ਹੀ ਵਿੱਚ ਇੱਕ ਮੀਟਿੰਗ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਬਦਨਾਮ ਕਰਨ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ, ਜੇਕਰ ਕਹੋ ਤਾਂ ਮੈਂ ਘਰ ਬੈਠ ਜਾਂਦਾ ਹਾਂ।

ਚੰਨੀ ਦੀ ਨਰਾਜ਼ਗੀ ਦਾ ਮੁੱਖ ਕਾਰਨ ਹੈ ਪਾਰਟੀ ਵਿੱਚ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਣਾ ਹੈ। ਪਿਛਲੇ ਦਿਨੀਂ ਚੰਨੀ ਨੇ ਅਨੁਸੂਚਿਤ ਜਾਤੀ ਵਿੰਗ ਦੀ ਮੀਟਿੰਗ ਵਿੱਚ ਕਿਹਾ ਸੀ ਕਿ ਦਲਿਤਾਂ ਨੂੰ ਅਹੁਦੇ ਦੇਣ ਦੀ ਬਜਾਏ ਜੱਟਾਂ ਨੂੰ ਉੱਚ ਪਦਵੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਵੀਡੀਓ ਵਾਇਰਲ ਹੋ ਗਈ ਅਤੇ ਉਨ੍ਹਾਂ ਨੂੰ ਵਿਵਾਦ ਵਿੱਚ ਘੇਰ ਲਿਆ। ਚੰਨੀ ਨੂੰ ਲੱਗਦਾ ਹੈ ਕਿ ਇਹ ਸਭ ਪਾਰਟੀ ਵਿੱਚ ਉਨ੍ਹਾਂ ਦੇ ਵਿਰੋਧੀਆਂ ਦੀ ਕਰਤੂਤ ਹੈ, ਜਿਨ੍ਹਾਂ ਵਿੱਚ ਰਾਜਾ ਵੜਿੰਗ ਅਤੇ ਹੋਰ ਸੀਨੀਅਰ ਆਗੂ ਸ਼ਾਮਲ ਹਨ। ਚੰਨੀ ਦੀ ਨਰਾਜ਼ਗੀ ਨਾ ਸਿਰਫ਼ ਵੜਿੰਗ ਤੋਂ ਹੈ, ਬਲਕਿ ਪੂਰੀ ਲੀਡਰਸ਼ਿਪ ਤੋਂ ਹੈ ਜੋ ਉਨ੍ਹਾਂ ਨੂੰ ਸਾਬਕਾ ਮੁੱਖ ਮੰਤਰੀ ਵਜੋਂ ਪੂਰਾ ਸਨਮਾਨ



ਨਹੀਂ ਦੇ ਰਹੀ।

ਰਾਜਸੀ ਮਾਹਿਰਾਂ ਅਨੁਸਾਰ ਪੰਜਾਬ ਵਿੱਚ ਕਾਂਗਰਸ ਦੀ ਮਜ਼ਬੂਤੀ ਉਸ ਦੀ ਏਕਤਾ ਤੇ ਨਿਰਭਰ ਕਰਦੀ ਹੈ। ਪਿਛਲੀਆਂ ਚੋਣਾਂ ਵਿੱਚ ਵੀ ਅੰਦਰੂਨੀ ਮਤਭੇਦਾਂ ਕਾਰਨ ਪਾਰਟੀ ਨੂੰ ਨੁਕਸਾਨ ਹੋਇਆ ਸੀ। ਅੱਜ ਜਦੋਂ ਆਮ ਆਦਮੀ ਪਾਰਟੀ (ਆਪ) ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਮਜ਼ਬੂਤ ਹਨ, ਤਾਂ ਕਾਂਗਰਸ ਦੀ ਫੁੱਟ ਸਿੱਧੇ ਤੌਰ ਤੇ ਭਾਜਪਾ ਨੂੰ ਫਾਇਦਾ ਪਹੁੰਚਾਏਗੀ। ਭਾਜਪਾ ਪਹਿਲਾਂ ਹੀ ਪੰਜਾਬ ਵਿੱਚ ਆਪਣੀ ਜੜ੍ਹਾਂ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਹੈ। ਕਿਸਾਨ ਅੰਦੋਲਨ ਤੋਂ ਬਾਅਦ ਭਾਜਪਾ ਨੂੰ ਨੁਕਸਾਨ ਹੋਇਆ ਸੀ, ਪਰ ਹੁਣ ਕਾਂਗਰਸ ਦੀ ਅੰਦਰੂਨੀ ਜੰਗ ਨੇ ਉਨ੍ਹਾਂ ਨੂੰ ਨਵਾਂ ਮੌਕਾ ਦਿੱਤਾ ਹੈ। ਜੇਕਰ ਕਾਂਗਰਸ ਲੀਡਰਸ਼ਿਪ ਇਕਠੀ ਨਾ ਰਹੀ ਤਾਂ ਭਾਜਪਾ ਪੰਜਾਬ ਵਿੱਚ ਕਾਫੀ ਸੀਟਾਂ ਹਾਸਲ ਕਰ ਸਕਦੀ ਹੈ ਅਤੇ ਸਰਕਾਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਦੀ ਫੁੱਟ ਕਾਰਨ ਵੋਟਰਾਂ ਵਿੱਚ ਨਿਰਾਸ਼ਾ ਫੈਲ ਰਹੀ ਹੈ ਅਤੇ ਉਹ ਹੋਰ ਵਿਕਲਪਾਂ ਵੱਲ ਵੇਖ ਰਹੇ ਹਨ, ਜਿਸ ਵਿੱਚ ਭਾਜਪਾ ਸ਼ਾਮਲ ਹੈ।

## ਕਾਂਗਰਸ ਵਲੋਂ ਸੰਕਟ ਨੂੰ ਨਿਪਟਾਉਣ ਲਈ 'ਡਿਨਰ ਡਿਪਲੋਮੇਸੀ' ਦਾ ਸਹਾਰਾ

ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵਿਵਾਦ ਮਿਟਾਉਣ ਲਈ ਡਿਨਰ ਡਿਪਲੋਮੇਸੀ' ਦੀ ਸ਼ੁਰੂਆਤ ਕੀਤੀ ਹੈ ਅਤੇ ਲੰਘੀ ਰਾਤ ਸੀਨੀਅਰ ਆਗੂਆਂ ਨੂੰ ਰਾਤਰੀ ਭੋਜ ਦਿੱਤਾ ਸੀ। ਇਸ ਵਿੱਚ ਪੰਜਾਬ ਕਾਂਗਰਸ ਇੰਚਾਰਜ ਭੂਪੇਸ਼ ਬਘੇਲ, ਰਾਜਾ ਵੜਿੰਗ, ਚੰਨੀ ਅਤੇ ਹੋਰ ਆਗੂ ਸ਼ਾਮਲ ਹੋਏ ਸਨ। ਹਾਈਕਮਾਂਡ ਨੇ ਇਸ ਨੂੰ ਅਪਣਾਇਆ ਕਿਉਂਕਿ ਰਸਮੀ ਮੀਟਿੰਗਾਂ ਵਿੱਚ ਆਗੂ ਆਪਣੇ ਮਤਭੇਦ ਖੁੱਲ੍ਹ ਕੇ ਨਹੀਂ ਕਹਿੰਦੇ, ਪਰ ਅਜਿਹੇ ਗੈਰ-ਰਸਮੀ ਮੌਕਿਆਂ ਉਪਰ ਖੁਲ੍ਹੇ ਵਿਵਾਦ ਮਿਟਾਉਣ ਦਾ ਮੌਕਾ ਮਿਲਦਾ ਹੈ। ਬਾਜਵਾ ਦੀ ਕੋਠੀ ਵਿੱਚ ਹੋਈ ਇਸ ਮੀਟਿੰਗ ਵਿੱਚ ਆਗੂਆਂ ਨੇ ਇੱਕ-ਦੂਜੇ ਦੀ ਤਾਰੀਫ਼ ਵੀ ਕੀਤੀ ਅਤੇ ਤਣਾਅ ਦੇ ਮਾਹੌਲ ਨੂੰ ਸ਼ਾਂਤ ਕੀਤਾ। ਪਰ ਕੁਝ ਆਗੂ ਜਿਵੇਂ ਪਰਗਟ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਗੈਰਹਾਜ਼ਰ ਰਹੇ, ਜੋ ਇਸ ਨੂੰ ਅੰਸ਼ਕ ਸਫਲਤਾ ਹੀ ਮੰਨਦੇ ਹਨ। ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਡਿਨਰ ਹੋਣਗੇ, ਜਿਸ ਨਾਲ ਪਾਰਟੀ ਇਕਜੁੱਟਤਾ ਦਾ ਸੰਦੇਸ਼ ਦੇਣਾ ਚਾਹੁੰਦੀ ਹੈ। ਇਹ ਡਿਪਲੋਮੇਸੀ ਅਗਾਮੀ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਏਕਤਾ ਵਿਖਾਉਣ ਲਈ ਅਪਨਾਈ ਗਈ ਹੈ, ਕਿਉਂਕਿ ਵਿਰੋਧੀ ਪਾਰਟੀਆਂ ਕਾਂਗਰਸ ਦੀ ਫੁੱਟ ਨੂੰ ਆਧਾਰ ਬਣਾਕੇ ਹਮਲੇ ਕਰ ਰਹੀਆਂ ਹਨ।

## ਕਾਂਗਰਸ ਹਾਈਕਮਾਂਡ ਕਿਉਂ ਚੁੱਪ ਹੈ ?

ਇਹ ਸਭ ਤੋਂ ਵੱਡਾ ਸਵਾਲ ਹੈ। ਪੰਜਾਬ ਕਾਂਗਰਸ ਵਿੱਚ ਅੰਦਰੂਨੀ ਜੰਗ ਚੱਲ ਰਹੀ ਹੈ, ਪਰ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਰਗੇ ਕੇਂਦਰੀ ਆਗੂ ਚੁੱਪ ਹਨ। ਭੁਪੇਸ਼ ਬਘੇਲ ਨੂੰ ਇੰਚਾਰਜ ਬਣਾ ਕੇ ਹਾਈਕਮਾਂਡ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਵੱਡੇ ਆਗੂਆਂ ਦੀ ਚੁੱਪੀ ਨੇ ਪਾਰਟੀ ਵਰਕਰਾਂ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ। ਸੂਤਰਾਂ ਅਨੁਸਾਰ, ਹਾਈਕਮਾਂਡ ਨੂੰ ਲੱਗਦਾ ਹੈ ਕਿ ਅੰਦਰੂਨੀ ਮਾਮਲੇ ਖੁਦ ਨਿਪਟ ਜਾਣਗੇ, ਪਰ ਇਹ ਗਲਤੀ ਹੋ ਸਕਦੀ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੀ ਚੁੱਪੀ ਕਾਰਨ ਪਾਰਟੀ ਨੂੰ ਨੁਕਸਾਨ ਹੋਇਆ ਹੈ। ਹੁਣ 20 ਫਰਵਰੀ ਨੂੰ ਸੰਸਦ ਮੈਂਬਰਾਂ ਦੀ ਮੀਟਿੰਗ ਵਿੱਚ ਰਾਹੁਲ ਗਾਂਧੀ ਦੀ ਪੰਜਾਬ ਰੈਲੀ ਬਾਰੇ ਫੈਸਲਾ ਹੋਵੇਗਾ, ਜੋ ਇੱਕ ਸੰਕੇਤ ਹੈ ਕਿ ਹਾਈਕਮਾਂਡ ਜਾਗ ਰਿਹਾ ਹੈ। ਪਰ ਅੰਦਰੂਨੀ ਫੁੱਟ ਤੇ ਸਖ਼ਤ ਕਾਰਵਾਈ ਨਾ ਕਰਨਾ ਚਿੰਤਾ ਦਾ ਵਿਸ਼ਾ ਹੈ।

## ਰਾਜਾ ਵੜਿੰਗ ਨੂੰ ਨਖਿਧ ਪ੍ਰਧਾਨ ਕਿਉਂ ਮੰਨਿਆ ਜਾ ਰਿਹਾ ਹੈ ?

ਵੜਿੰਗ ਨੂੰ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅੰਦਰੂਨੀ ਵਿਰੋਧ ਕਾਰਨ ਉਨ੍ਹਾਂ ਨੂੰ ਨਖਿਧ ਮੰਨਿਆ ਜਾ ਰਿਹਾ ਹੈ। ਚੰਨੀ ਅਤੇ ਹੋਰ ਆਗੂਆਂ ਨੇ ਉਨ੍ਹਾਂ ਤੇ ਨਿਸ਼ਾਨਾ ਸਾਧਿਆ ਹੈ। ਵੜਿੰਗ ਨੇ ਮੀਟਿੰਗ ਵਿੱਚ ਕਿਹਾ ਕਿ ਮੈਂਬਰ ਪਾਰਲੀਮੈਂਟ ਨੂੰ ਅਗਲੀਆਂ ਚੋਣਾਂ ਵਿੱਚ ਟਿਕਟ ਨਾ ਦਿੱਤੀ ਜਾਵੇ, ਜਿਸ ਨੇ ਵਿਵਾਦ ਵਧਾ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਵੜਿੰਗ ਨੂੰ ਆਗੂਆਂ ਨੂੰ ਇੱਕਜੁੱਟ ਕਰਨ ਵਿੱਚ ਅਸਫਲਤਾ ਮਿਲੀ ਹੈ ਅਤੇ ਉਹ ਨਿੱਜੀ ਅਹੰਕਾਰ ਵਿੱਚ ਫਸੇ ਹਨ। ਪਰ ਵੜਿੰਗ ਦੇ ਸਮਰਥਕ ਕਹਿੰਦੇ ਹਨ ਕਿ ਉਹ ਨੌਜਵਾਨ ਲੀਡਰ ਹੈ ਅਤੇ ਪਾਰਟੀ ਨੂੰ ਨਵੀਂ ਦਿਸ਼ਾ ਦੇ ਰਹੇ ਹਨ।

ਬੀਤੇ ਦਿਨੀਂ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਨੇ ਇੱਕ ਵੱਡੀ ਮੀਟਿੰਗ ਕੀਤੀ, ਜਿਸ ਵਿੱਚ ਸੀਨੀਅਰ ਆਗੂਆਂ, ਵਿਧਾਇਕਾਂ, ਮੈਂਬਰ ਪਾਰਲੀਮੈਂਟ ਅਤੇ ਜ਼ਿਲ੍ਹਾ ਪ੍ਰਧਾਨਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਕਈ ਆਗੂਆਂ ਨੇ ਆਪਣੇ ਮਤਭੇਦ ਖੁੱਲ੍ਹ ਕੇ ਰੱਖੇ। ਬਹੁਤ ਸਾਰੇ ਆਗੂਆਂ ਨੇ ਸੁਝਾਅ ਦਿੱਤਾ ਕਿ ਇਕੱਲੇ-ਇਕੱਲੇ ਆਗੂਆਂ ਨਾਲ ਪੰਜ-ਪੰਜ ਮਿੰਟ ਮੀਟਿੰਗ ਕੀਤੀ ਜਾਵੇ ਤਾਂ ਜ਼ਮੀਨੀ ਹਕੀਕਤ ਪੇਸ਼ ਕੀਤੀ ਜਾ ਸਕੇ। ਸਾਬਕਾ ਕਾਂਗਰਸ ਪ੍ਰਧਾਨ ਸਮਸ਼ੇਰ ਸਿੰਘ ਦੂਲੋ ਨੇ ਕਿਹਾ ਕਿ ਘੱਟੋ-ਘੱਟ ਦੋ ਦਿਨ ਦੀ ਮੀਟਿੰਗ ਰੱਖੀ ਜਾਵੇ ਅਤੇ ਸਾਰੇ ਆਗੂਆਂ ਦੀ ਗੱਲ ਸੁਣੀ ਜਾਵੇ। ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੇ ਚਰਚਾ ਹੋਈ ਅਤੇ ਕਿਹਾ ਗਿਆ ਕਿ ਉਹ ਦੁਖੀ ਹੋ ਕੇ ਗਏ ਸਨ। ਸਾਬਕਾ ਵਿਧਾਇਕ ਪਰਵਿੰਦਰ ਸਿੰਘ ਪਿੰਕੀ ਨੇ ਕਿਹਾ ਕਿ ਕੋਈ ਵੀ ਲੀਡਰ ਕਾਂਗਰਸ ਟਿਕਟ ਬਿਨਾਂ ਜਿੱਤ ਨਹੀਂ ਸਕਦਾ, ਇਸ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਹੁਣ ਦੇਖਣ ਵਾਲੀ ਗੱਲ ਹੈ ਕਿ ਕਾਂਗਰਸ ਹਾਈਕਮਾਂਡ ਪੰਜਾਬ ਦੇ ਆਗੂਆਂ ਨੂੰ ਇੱਕਜੁੱਟ ਕਰਨ ਵਿੱਚ ਕਾਮਯਾਬ ਹੋਵੇਗੀ ਜਾਂ ਨਹੀਂ।

ਡਿਨਰ ਡਿਪਲੋਮੇਸੀ ਨੇ ਪੰਜਾਬ ਕਾਂਗਰਸ ਵਿੱਚ ਨਵੀਂ ਆਸ ਬੰਨ੍ਹੀ ਹੈ। ਬਾਜਵਾ ਨੇ ਆਪਣੀ ਕੋਠੀ ਵਿੱਚ ਸੀਨੀਅਰ ਆਗੂਆਂ ਨੂੰ ਇੱਕ ਮੇਜ਼ ਤੇ ਬਿਠਾਇਆ ਅਤੇ ਗੱਲਬਾਤ ਕੀਤੀ। ਇਸ ਵਿੱਚ ਭੁਪੇਸ਼ ਬਘੇਲ, ਵੜਿੰਗ, ਚੰਨੀ, ਰਾਣਾ ਕੇ ਪੀ ਸਿੰਘ, ਭਾਰਤ ਭੂਸ਼ਣ ਆਸ਼ੂ, ਸੁਖਜਿੰਦਰ ਰੰਧਾਵਾ, ਡਾ. ਅਮਰ ਸਿੰਘ, ਡਾ. ਧਰਮਵੀਰ ਗਾਂਧੀ, ਤ੍ਰਿਪਤ ਰਜਿੰਦਰ ਬਾਜਵਾ, ਕੁਸ਼ਲਦੀਪ ਕਿੱਕੀ ਢਿੱਲੋਂ, ਅਰੁਣਾ ਚੌਧਰੀ ਅਤੇ ਵਿਜੈਇੰਦਰ ਸਿੰਗਲਾ ਸ਼ਾਮਲ ਹੋਏ। ਆਗੂਆਂ ਨੇ ਇੱਕ-ਦੂਜੇ ਦੀ ਤਾਰੀਫ਼ ਕੀਤੀ ਅਤੇ ਮਾਹੌਲ ਨੂੰ ਨਿੱਘਾ ਬਣਾਇਆ। ਚੰਨੀ ਕੈਂਪ ਦੀ ਭਰਵੀਂ ਹਾਜ਼ਰੀ ਨੇ ਇਸ ਨੂੰ ਸਫਲ ਬਣਾਇਆ। ਪਰ ਗੈਰਹਾਜ਼ਰ ਆਗੂਆਂ ਨੇ ਚਿੰਤਾ ਵਧਾਈ ਹੈ। ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਡਿਨਰ ਹੋਣਗੇ, ਜੋ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਨਗੇ।

ਸੰਸਦ ਮੈਂਬਰਾਂ ਦੀ ਮੀਟਿੰਗ 20 ਫਰਵਰੀ ਨੂੰ ਦਿੱਲੀ ਵਿੱਚ ਹੋਵੇਗੀ, ਜਿਸ ਵਿੱਚ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਸ਼ਾਮਲ ਹੋਣਗੇ। ਇਸ ਵਿੱਚ ਪੰਜਾਬ ਵਿੱਚ ਰੈਲੀ ਬਾਰੇ ਫੈਸਲਾ ਹੋਵੇਗਾ। ਪਾਰਟੀ ਮੋਗਾ ਜਾਂ ਬਰਨਾਲਾ ਵਿੱਚ ਰੈਲੀ ਕਰਨਾ ਚਾਹੁੰਦੀ ਹੈ। ਭਾਰਤ-ਅਮਰੀਕਾ ਵਪਾਰ ਸਮਝੌਤੇ ਖਿਲਾਫ਼ ਰੈਲੀਆਂ ਨਾਲ ਪਾਰਟੀ ਨੂੰ ਮੁੱਦੇ ਤੇ ਫੋਕਸ ਕੀਤਾ ਜਾਵੇਗਾ।

ਪੰਜਾਬ ਕਾਂਗਰਸ ਦੀ ਇਹ ਅੰਦਰੂਨੀ ਜੰਗ ਨਾ ਸਿਰਫ਼ ਪਾਰਟੀ ਨੂੰ ਕਮਜ਼ੋਰ ਕਰ ਰਹੀ ਹੈ, ਬਲਕਿ ਪੰਜਾਬ ਦੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਜੇਕਰ ਹਾਈਕਮਾਂਡ ਨੇ ਸਮੇਂ ਸਿਰ ਕਦਮ ਨਾ ਚੁੱਕੇ ਤਾਂ ਚੋਣਾਂ ਵਿੱਚ ਵੱਡਾ ਨੁਕਸਾਨ ਹੋ ਸਕਦਾ ਹੈ।

# ਬੰਗਲਾਦੇਸ਼ ਦੀ ਨਵੀਂ ਸਰਕਾਰ ਯੂ ਕੇ ਦੀ ਲੇਬਰ ਸੰਸਦ ਮੈਂਬਰ ਟਿਊਲਿਪ ਸਿੱਦੀਕ ਦੀ ਹਵਾਲਗੀ ਮੰਗੇਗੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੰਗਲਾਦੇਸ਼ ਦੀ ਨਵੀਂ ਬਣੀ ਸਰਕਾਰ ਵੱਲੋਂ ਬਰਤਾਨੀਆਂ ਦੀ ਲੇਬਰ ਪਾਰਟੀ ਦੀ ਸੰਸਦ ਮੈਂਬਰ ਟਿਊਲਿਪ ਸਿੱਦੀਕ ਦੀ ਹਵਾਲਗੀ ਦੀ ਮੰਗ ਕਰੇਗੀ। ਬਰਤਾਨਵੀ ਮੀਡੀਆ ਨੇ ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਦੇ ਇੱਕ ਸੀਨੀਅਰ ਸਹਾਇਕ ਦੇ ਹਵਾਲੇ ਨਾਲ ਖ਼ਬਰ ਨੂੰ ਨਸ਼ਰ ਕੀਤਾ ਹੈ ਕਿ ਬੰਗਲਾਦੇਸ਼ ਦੀ ਨਵੀਂ ਚੁਣੀ ਗਈ ਸਰਕਾਰ, ਯੂ ਕੇ ਨੂੰ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਲੇਬਰ ਸੰਸਦ ਮੈਂਬਰ ਟਿਊਲਿਪ ਸਿੱਦੀਕ ਦੀ ਹਵਾਲਗੀ ਦੀ ਮੰਗ ਕਰੇਗੀ।**

ਬਰਤਾਨੀਆਂ ਦੀ ਸਾਬਕਾ ਮੰਤਰੀ ਅਤੇ ਲੰਡਨ ਦੇ ਹੈਂਪਸਟੇਡ ਅਤੇ ਹਾਈਗੇਟ ਤੋਂ ਸੰਸਦ ਮੈਂਬਰ 'ਤੇ ਬੰਗਲਾਦੇਸ਼ ਦੀ ਇੱਕ ਅਦਾਲਤ ਨੇ ਗੈਰਹਾਜ਼ਰੀ ਵਿੱਚ ਮੁਕੱਦਮਾ ਚਲਾਇਆ ਅਤੇ ਚਾਰ ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਸੀ, ਹਾਲਾਂਕਿ ਯੂ ਕੇ ਸਰਕਾਰ ਨੇ ਕਿਹਾ ਹੈ ਕਿ ਉਹ ਫੈਸਲੇ ਨੂੰ ਮਾਨਤਾ ਨਹੀਂ ਦਿੰਦੀ। ਐਮ ਪੀ ਸਿੱਦੀਕ ਨੂੰ ਉਸਦੀ ਰਿਸ਼ਤੇਦਾਰ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਜ਼ਮੀਨ ਦੇ ਇੱਕ ਪਲਾਟ ਨੂੰ ਪ੍ਰਾਪਤ ਕਰਨ ਦੇ ਸੌਦੇ 'ਤੇ ਦੋਸ਼ੀ ਠਹਿਰਾਇਆ ਗਿਆ ਸੀ। ਪਰ ਸਿੱਦਿਕੀ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਉਸਨੂੰ ਕਦੇ ਵੀ ਉਸਦੇ ਵਿਰੁੱਧ ਦੋਸ਼ਾਂ ਦੇ ਵੇਰਵੇ ਨਹੀਂ ਦੱਸੇ ਗਏ।

ਪਰ ਹੁਮਾਯੂੰ ਕਬੀਰ ਜਿਸਨੂੰ ਰਹਿਮਾਨ ਦੁਆਰਾ ਬੰਗਲਾਦੇਸ਼ ਦੇ ਅਗਲੇ ਵਿਦੇਸ਼ ਮੰਤਰੀ ਵਜੋਂ ਚੁਣੇ ਜਾਣ ਦੀ ਸੰਭਾਵਨਾ ਹੈ, ਨੇ ਕਿਹਾ ਕਿ ਇਸ ਹਫ਼ਤੇ ਚੁਣੀ ਗਈ ਨਵੀਂ ਬੀ ਐਨ ਪੀ ਸਰਕਾਰ ਸਿੱਦੀਕ ਜਾਂ ਸਾਬਕਾ ਪ੍ਰਧਾਨ ਮੰਤਰੀ ਹਸੀਨਾ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਕਾਨੂੰਨੀ ਕਾਰਵਾਈ ਜਾਰੀ ਰੱਖੇਗੀ। ਸਾਬਕਾ ਪ੍ਰਧਾਨ ਮੰਤਰੀ ਹਸੀਨਾ 2024 ਵਿੱਚ ਆਪਣੀ ਸਰਕਾਰ ਦੇ ਡਿੱਗਣ ਤੋਂ ਬਾਅਦ ਭੱਜ ਕੇ ਭਾਰਤ ਵਿੱਚ ਜਲਾਵਤਨ ਹੋ ਗਈ ਸੀ, ਬੰਗਲਾਦੇਸ਼ ਅਦਾਲਤ ਵੱਲੋਂ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ।



ਲੰਡਨ ਦੇ ਹੈਂਪਸਟੇਡ ਅਤੇ ਹਾਈਗੇਟ ਤੋਂ ਸੰਸਦ ਮੈਂਬਰ ਟਿਊਲਿਪ ਸਿੱਦੀਕ

ਕਬੀਰ ਨੇ ਯੂ ਕੇ ਮੀਡੀਆ ਨੂੰ ਕਿਹਾ ਹੈ ਕਿ ਉਹ ਦੋਵੇਂ ਹੁਣ ਦੋਸ਼ੀ ਠਹਿਰਾਏ ਗਏ ਅਪਰਾਧੀ ਹਨ। "ਇਸ ਲਈ ਨਿਆਂਇਕ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਉਨ੍ਹਾਂ ਦੀ ਪੈਰਵੀ ਕਰ ਰਹੀ ਹੈ।" ਯੂ ਕੇ ਦੀ ਬੰਗਲਾਦੇਸ਼ ਨਾਲ ਕੋਈ ਹਵਾਲਗੀ ਸੰਧੀ ਨਹੀਂ ਹੈ, ਜਿਸ ਕਾਰਨ ਇਹ ਬਹੁਤ ਘੱਟ ਸੰਭਾਵਨਾ ਹੈ ਕਿ ਐਮ ਪੀ ਸਿੱਦੀਕ ਨੂੰ ਕੋਈ ਸਜ਼ਾ ਭੁਗਤਣ ਲਈ ਬੰਗਲਾਦੇਸ਼ ਭੇਜਿਆ ਜਾਵੇਗਾ। ਦੂਜੇ ਪਾਸੇ ਲੇਬਰ ਪਾਰਟੀ ਨੇ ਉਸ ਪ੍ਰਕਿਰਿਆ ਦੀ ਸਖ਼ਤ ਆਲੋਚਨਾ ਕੀਤੀ ਹੈ ਜਿਸ ਦੇ ਤਹਿਤ ਐਮ ਪੀ ਸਿੱਦੀਕ ਨੂੰ ਦੋਸ਼ੀ ਪਾਇਆ ਗਿਆ ਸੀ, ਲੇਬਰ ਸਰਕਾਰ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਨੂੰ ਮਾਨਤਾ ਨਹੀਂ ਦੇ ਸਕਦੀ।

# ਭਾਰਤੀ ਹਾਈ ਕਮਿਸ਼ਨ ਲੰਡਨ ਵਿਖੇ ਏ ਆਈ ਸਬੰਧੀ ਵਪਾਰਕ ਚਰਚਾ



ਏ ਆਈ ਸਬੰਧੀ ਸੰਮੇਲਨ ਦੌਰਾਨ ਸੰਬੋਧਨ ਕਰਦੇ ਹੋਏ ਹਾਈ ਕਮਿਸ਼ਨਰ ਵਿਕਰਮ ਦੋਰਾਏਸਵਾਮੀ, ਡਾ: ਪੁਸ਼ਮੀਤ ਸਿੰਘ ਕੋਹਲੀ ਅਤੇ ਮਾਹਿਰਾਂ ਦਾ ਪੈਨਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਭਾਰਤੀ ਹਾਈ ਕਮਿਸ਼ਨ, ਲੰਡਨ ਵਿਖੇ ਏ ਆਈ 'ਤੇ ਭਾਰਤ-ਫਰਾਂਸ ਵਪਾਰਕ ਸੰਵਾਦ ਦੌਰਾਨ ਇੱਕ ਸਾਂਝੀ ਵਿਸ਼ਵ ਯਾਤਰਾ ਦੀ ਆਰੰਭਤਾ ਕੀਤੀ। ਯੂ ਕੇ ਵਿੱਚ ਪਹਿਲੇ ਏ ਆਈ ਸੰਮੇਲਨ ਤੋਂ ਲੈ ਕੇ ਫਰਾਂਸ ਤੱਕ ਅਤੇ ਅੱਗੇ ਇੰਡੀਆ ਏ ਆਈ ਇਮਪੈਕਟ ਸੰਮੇਲਨ 2026 ਤੱਕ ਬਾਰੇ ਚਰਚਾ ਕੀਤੀ ਗਈ। ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੇ ਜਨਤਕ ਭਲਾਈ ਲਈ ਏ ਆਈ ਦੇ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ, ਜਿਸ ਵਿੱਚ ਉਹਨਾਂ ਸਮਾਵੇਸ਼ੀ, ਲੋਕਤੰਤਰੀ ਅਤੇ ਪਹੁੰਚਯੋਗ ਬਾਰੇ ਗੱਲ ਕੀਤੀ। ਉਹਨਾਂ ਕਿਹਾ ਕਿ ਫਸਲ ਯੋਜਨਾਬੰਦੀ ਅਤੇ ਬੀਮਾ ਲਈ ਆਪਣੀ ਮਾਤ ਭਾਸ਼ਾ ਵਿੱਚ ਏ ਆਈ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਤੋਂ ਲੈ ਕੇ ਨਿਆਂਪਾਲਿਕਾ ਵਿੱਚ ਬਹੁ-ਭਾਸ਼ਾਈ ਸਾਧਨਾਂ ਤੱਕ, ਏ ਆਈ ਨੂੰ ਉਨ੍ਹਾਂ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ। ਯੂ ਕੇ ਵਿੱਚ ਫਰਾਂਸੀਸੀ ਰਾਜਦੂਤ ਹੇਲੇਨ ਟ੍ਰੇਹਿਊ-ਡੂਚੇਨ ਨੇ ਸਹਿਯੋਗ ਦੀ ਪੁਸ਼ਟੀ ਕਰਦਿਆਂ ਫਰਾਂਸ ਵੱਲੋਂ ਸਮਰਥਨ ਕੀਤਾ।

ਡਾ. ਪੁਸ਼ਮੀਤ ਸਿੰਘ ਕੋਹਲੀ (ਵੀ ਪੀ ਸਾਇੰਸ, ਗੂਗਲ ਡੀਪ ਮਾਈਂਡ) ਨੇ ਕਿਹਾ ਕਿ ਏ ਆਈ ਦਾ ਵਿਕਾਸ ਮਨੁੱਖਤਾ ਦੀ ਬੁੱਧੀ ਅਤੇ ਤਣਾਅ ਦਾ ਹੱਲ ਹੈ। ਉਹਨਾਂ ਕਿਹਾ ਕਿ ਏ ਆਈ ਇੱਕ ਲੋਕਤੰਤਰੀਕਰਨ, ਅੰਤਰ-ਖੇਤਰੀ ਸ਼ਕਤੀ ਵਜੋਂ ਹੈ, ਖਾਸ ਤੌਰ 'ਤੇ ਭਾਰਤ ਵਰਗੇ ਵਿਭਿੰਨ ਸਮਾਜਾਂ ਲਈ ਪਰਿਵਰਤਨਸ਼ੀਲ ਹੈ। ਡਾ. ਹੇਮਾ ਪ੍ਰੇਮ ਰੈਨਾ (ਇਨਫੋਸਿਸ), ਅਤੁਲ ਸੋਢੀ (ਕ੍ਰੈਡਿਟ ਐਗਰੀਕੋਲ) ਅਤੇ ਪ੍ਰੋ. ਗੋਪਾਲ ਰਾਮਚਰਨ (ਯੂਨੀਵਰਸਿਟੀ ਆਫ਼ ਸਾਊਥੈਂਪਟਨ) ਦੇ ਨਾਲ ਇੱਕ ਦਿਲਚਸਪ ਪੈਨਲ ਨੇ ਏ ਆਈ ਦੇ ਤੇਜ਼ੀ ਨਾਲ ਅਪਣਾਏ ਜਾਣ ਬਾਰੇ ਸਵਾਲਾਂ ਦੇ ਜਵਾਬ ਦਿੱਤੇ। ਉਹਨਾਂ ਕਿਹਾ ਕਿ ਏ ਆਈ ਹੁਣ ਲਗਭਗ 70% ਗਲੋਬਲ ਉਦਯੋਗਾਂ ਵਿੱਚ ਸ਼ਾਮਲ ਹੈ।

# ਫੌਜੀ ਅਧਿਕਾਰੀ ਤੇ ਕਾਤਲਾਨਾ ਹਮਲਾ ਕਰਨ ਵਾਲੇ ਨੂੰ ਉਮਰ ਕੈਦ



ਹਮਲਾਵਰ ਐਂਥਨੀ ਐਸਨ ਅਤੇ ਪੀੜਤ ਕਰਨਲ ਮਾਰਕ ਟੀਟਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਕੈਂਟ ਇਲਾਕੇ ਦੇ ਚੈਟਮ ਵਿੱਚ ਬਰਤਾਨਵੀ ਫੌਜੀ ਅਧਿਕਾਰੀ ਲੈਫਟੀਨੈਂਟ ਕਰਨਲ ਮਾਰਕ ਟੀਟਨ ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਵਾਲੇ ਐਂਥਨੀ ਐਸਨ ਨੂੰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਜਮਾਨਤ ਤੋਂ ਪਹਿਲਾਂ ਘੱਟੋ-ਘੱਟ ਸੱਤ ਸਾਲ ਅਤੇ 162 ਦਿਨ ਕੈਦ ਵਿੱਚ ਰੱਖਣ ਦੇ ਹੁਕਮ ਦਿੱਤੇ।

ਮੈਡਸਟੋਨ ਕਰਾਊਨ ਕੋਰਟ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਲੈਫਟੀਨੈਂਟ ਕਰਨਲ ਮਾਰਕ ਟੀਟਨ ਨੂੰ ਜੁਲਾਈ 2024 ਵਿੱਚ ਕੈਂਟ ਦੇ ਚੈਟਮ ਇਲਾਕੇ ਵਿੱਚ ਬ੍ਰੌਮਪਟਨ ਬੈਰਕਾਂ ਨੇੜੇ ਗਲੀ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ। ਹਮਲੇ ਕਾਰਨ ਉਸਦੀ ਗਰਦਨ ਦੇ ਸੱਜੇ ਪਾਸੇ ਇੱਕ ਵੱਡਾ ਜ਼ਖਮ ਹੋਇਆ, ਉਸਦੀ ਛਾਤੀ ਅਤੇ ਪੇਟ ਦੇ ਅੱਗੇ ਅਤੇ ਪਿੱਛੇ, ਉਸਦੇ ਹੇਠਲੇ ਪੇਟ, ਸੱਜੀ ਕਮਰ, ਸੱਜੀ ਉਪਰਲੀ ਬਾਂਹ ਅਤੇ ਖੱਬੇ ਪੱਟ ਵਿੱਚ ਚਾਕੂ ਦੇ ਜ਼ਖ਼ਮ ਹੋਏ।

ਸਜ਼ਾ ਸੁਣਾਉਂਦੇ ਹੋਏ ਜੱਜ ਜਸਟਿਸ ਪਿਕਨ ਨੇ ਕਿਹਾ ਕਿ ਟੀਟਨ 'ਤੇ ਹਮਲਾ ਨਿਸ਼ਾਨਾ ਬਣਾ ਕੇ ਅਤੇ ਜਾਣਬੁੱਝ ਕੇ ਕੀਤਾ ਗਿਆ ਸੀ। ਹਮਲੇ ਸਮੇਂ ਐਸਨ ਨੂੰ ਸ਼ਾਈਜ਼ੋਫਰੀਨੀਆ ਨਾਮ ਦੀ ਬਿਮਰੀ ਸੀ। 25 ਸਾਲਾ ਐਂਥਨੀ ਐਸਨ ਨੂੰ ਕਤਲ ਦੀ ਕੋਸ਼ਿਸ਼ ਅਤੇ ਦੋ ਬਲੇਡ ਵਾਲਾ ਹਥਿਆਰ ਰੱਖਣ ਦਾ ਦੋਸ਼ੀ ਪਾਇਆ। ਫੌਜੀ ਅਧਿਕਾਰੀ ਟੀਟਨ 26 ਸਾਲ ਦੀਆਂ ਫੌਜੀ ਸੇਵਾਵਾਂ ਦੌਰਾਨ ਇਰਾਕ ਅਤੇ ਅਫਗਾਨਿਸਤਾਨ ਵਿੱਚ ਆਪਣੀਆਂ ਸੇਵਾਵਾਂ ਦਿੱਤੀਆਂ।

# ਯੂ ਕੇ ਵਿੱਚ ਦਾਖਿਲ ਹੋਣ ਲਈ ਦੋਹਰੀ ਨਾਗਰਿਕਤਾ ਵਾਲੇ ਲੋਕਾਂ ਕੋਲ 25 ਫਰਵਰੀ ਤੋਂ ਬਰਤਾਨਵੀ ਪਾਸਪੋਰਟ ਹੋਣਾ ਲਾਜ਼ਮੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਗ੍ਰਹਿ ਵਿਭਾਗ ਵੱਲੋਂ ਵਿਦੇਸ਼ਾਂ ਦੀ ਯਾਤਰਾ ਕਰਨ ਵਾਲੇ ਉਹਨਾਂ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਜਿਹਨਾਂ ਕੋਲ ਦੋਹਰੀ ਨਾਗਰਿਕਤਾ ਹੈ। ਨਵੇਂ ਨਿਯਮਾਂ ਮੁਤਾਬਿਕ 25 ਫਰਵਰੀ ਤੋਂ ਦੋਹਰੀ ਨਾਗਰਿਕਤਾ ਵਾਲੇ ਜਾਣੀ ਬਰਤਾਨਵੀ ਨਾਗਰਿਕਤਾ ਅਤੇ ਹੋਰ ਕਿਸੇ ਦੇਸ਼ ਦੀ ਨਾਗਰਿਕਤਾ ਵਾਲੇ ਲੋਕਾਂ ਕੋਲ ਯੂ ਕੇ ਵਿੱਚ ਦਾਖਿਲ ਹੋਣ ਸਮੇਂ ਵੈਧ ਬਰਤਾਨਵੀ ਪਾਸਪੋਰਟ ਹੋਣਾ ਲਾਜ਼ਮੀ ਹੈ। ਕੇ ਕਿਸੇ ਵਿਅਕਤੀ ਕੋਲ ਬਰਤਾਨਵੀ ਪਾਸਪੋਰਟ ਨਹੀਂ ਹੋਵੇਗਾ ਤਾਂ ਉਸ ਨੂੰ ਹਵਾਈ ਰਸਤੇ, ਸਮੁੰਦਰੀ ਰਸਤੇ ਜਾਂ ਰੇਲਗੱਡੀ ਰਾਹੀਂ ਯੂ ਕੇ ਦਾਖਿਲ ਹੋਣ ਤੋਂ ਰੋਕਿਆ ਜਾਵੇਗਾ।

ਗ੍ਰਹਿ ਦਫ਼ਤਰ ਦੇ ਨਵੇਂ ਨਿਯਮਾਂ ਨੇ ਵਿਦੇਸ਼ਾਂ ਵਿੱਚ ਰਹਿਣ ਵਾਲੇ ਜਾਂ ਯਾਤਰਾ ਕਰਨ ਵਾਲੇ ਬਰਤਾਨਵੀ ਲੋਕਾਂ ਨੂੰ ਨਵੇਂ ਫਿਕਰਾਂ ਵਿੱਚ ਪਾ ਦਿੱਤਾ ਹੈ। ਇਹ ਸਰਹੱਦੀ ਨਿਯਮਾਂ ਵਿੱਚ ਬਦਲਾਅ ਤੋਂ ਬਾਅਦ ਕਿਹਾ ਗਿਆ ਹੈ ਕਿ ਯੂ ਕੇ ਦੀ ਯਾਤਰਾ ਕਰਨ ਵਾਲੇ ਹਰ ਵਿਅਕਤੀ ਨੂੰ ਇਜਾਜ਼ਤ ਦੀ ਲੋੜ ਹੋਵੇਗੀ। ਬਸ਼ਰਤੇ ਕਿ ਉਹ ਬ੍ਰਿਟਿਸ਼ ਜਾਂ ਆਇਰਿਸ਼ ਨਾਗਰਿਕ ਨਾ ਹੋਣ। ਥੋੜੇ ਸਮੇਂ ਲਈ ਠਹਿਰਨ ਵਾਲੇ ਸੈਲਾਨੀਆਂ ਨੂੰ ਇਲੈਕਟ੍ਰਾਨਿਕ ਯਾਤਰਾ ਅਧਿਕਾਰ ਲਈ ਅਰਜ਼ੀ ਦੇਣ ਦੀ ਜ਼ਰੂਰਤ ਹੋਏਗੀ, ਜਿਸਦੀ ਫੀਸ 6 ਪੌਂਡ ਹੈ।

ਪਹਿਲੀ ਵਾਰ ਦੋਹਰੀ ਨਾਗਰਿਕਤਾ ਵਾਲੇ ਪ੍ਰਭਾਵਿਤ ਹੋਣਗੇ ਅਤੇ ਉਨ੍ਹਾਂ ਨੂੰ ਆਪਣਾ ਬਰਤਾਨਵੀ ਪਾਸਪੋਰਟ ਦਿਖਾਉਣਾ ਪਵੇਗਾ ਜਾਂ ਫਿਰ ਆਪਣੇ ਦੂਜੇ ਰਾਸ਼ਟਰੀਅਤਾ ਪਾਸਪੋਰਟ ਦੀ ਵਰਤੋਂ ਕਰਨ ਲਈ "ਹੱਕਦਾਰੀ ਸਰਟੀਫਿਕੇਟ" ਲਈ 589 ਪੌਂਡ ਦਾ ਭੁਗਤਾਨ ਕਰਨਾ ਪਵੇਗਾ।

ਗ੍ਰਹਿ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ "25 ਫਰਵਰੀ 2026 ਤੋਂ, ਸਾਰੇ ਦੋਹਰੀ ਨਾਗਰਿਕਤਾ ਵਾਲੇ ਬਰਤਾਨਵੀ ਨਾਗਰਿਕਾਂ ਨੂੰ ਸਰਹੱਦ 'ਤੇ ਦੇਰੀ ਤੋਂ ਬਚਣ ਲਈ ਜਾਂ ਤਾਂ ਇੱਕ ਵੈਧ ਬਰਤਾਨਵੀ ਪਾਸਪੋਰਟ ਜਾਂ ਹੱਕਦਾਰੀ ਦਾ ਸਰਟੀਫਿਕੇਟ ਪੇਸ਼ ਕਰਨ ਦੀ ਲੋੜ ਹੋਵੇਗੀ।

# ਸਿੱਖ ਬਾਦਸ਼ਾਹਤ ਦੀ ਵਿਰਾਸਤੀ ਯਾਦ ਵਿੱਚ ਨਵਾਂ ਸ਼ਤਰੰਜ ਸੈਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮੈਟ ਕਾਲਾ, ਚਾਂਦੀ ਰੰਗਾ ਅਤੇ ਕਾਂਸੀ ਰੰਗਾ, ਕਾਲੇ ਕੱਚ ਦੇ ਬੋਰਡ ਨਾਲ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਸ਼ਤਰੰਜ ਸੈਟ ਹੁਣੇ ਖਰੀਦਣ ਲਈ ਉਪਲਬਧ ਹੈ। ਆਪਣੀ ਕਿਸਮ ਦਾ ਪਹਿਲਾ ਸ਼ਾਨਦਾਰ ਅਤੇ ਬਹੁਤ ਸੁਚੱਜੇ ਤਰੀਕੇ ਨਾਲ ਤਿਆਰ ਕੀਤਾ ਗਿਆ ਸ਼ਤਰੰਜ ਦਾ ਸੈੱਟ, ਜੋ ਸ਼ੁਰੂਆਤੀ ਖਿਡਾਰੀਆਂ ਤੋਂ ਲੈ ਕੇ ਤਜ਼ਰਬੇਕਾਰ ਚੈੱਸ ਪ੍ਰੇਮੀਆਂ ਲਈ ਬਹੁਤ ਵਧੀਆ ਹੈ। ਨਾਲ ਹੀ ਆਪਣੀ ਸਿੱਖ ਵਿਰਾਸਤ ਨੂੰ ਪ੍ਰਣਾਮ ਕਰਨ ਤੇ ਯਾਦ ਰੱਖਣ ਲਈ ਇੱਕ ਅਨੋਖੀ ਖੇਡ।

ਸਿੱਖ ਐਮਪਾਇਰ ਚੈੱਸ ਸੈੱਟ ਨੂੰ ਸਿੱਖ ਸਮਰਾਜ ਦੀ ਹਿੰਮਤ, ਅਨੁਸ਼ਾਸਨ ਅਤੇ ਸੱਭਿਆਚਾਰਕ ਅਮੀਰ ਵਿਰਾਸਤ ਦਾ ਸਤਿਕਾਰ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਸੰਗ੍ਰਹਿ ਦਾ ਹਰ ਇਕ ਹਿੱਸਾ ਉਸ ਵਿਰਾਸਤ ਨੂੰ ਨਮਸਕਾਰ ਕਰਦਾ ਹੈ ਜੋ ਤਾਕਤ, ਮਾਣ ਅਤੇ ਏਕਤਾ 'ਤੇ ਆਧਾਰਿਤ ਸੀ।

ਇਹ ਚੈੱਸ ਸੈੱਟ ਇਕ ਹੀ ਮਕਸਦ ਨਾਲ ਬਣਾਇਆ ਗਿਆ — ਸਿੱਖ ਯੋਧਿਆਂ ਦੀ ਹਿੰਮਤ, ਅਨੁਸ਼ਾਸਨ ਅਤੇ ਵਿਰਾਸਤ ਦਾ ਸਨਮਾਨ ਕਰਨ ਲਈ, ਚੈੱਸ ਦੀ ਸਦੀਵੀ ਕਲਾ ਰਾਹੀਂ। ਹਰ ਇਕ ਮੋਹਰਾ ਬਹੁਤ ਹੀ ਬਰੀਕੀ ਨਾਲ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰੇਰਨਾ ਸਿੱਖ ਸਮਰਾਜ ਦੇ ਸੋਨੇਰੇ ਯੁੱਗ ਦੇ ਕਵਚ, ਹਥਿਆਰ ਅਤੇ ਪ੍ਰਤੀਕਾਂ ਤੋਂ ਲਈ ਗਈ ਹੈ।

ਇਹ ਸੰਗ੍ਰਹਿ ਸਿਰਫ਼ ਇਕ ਬੋਰਡ ਗੇਮ ਨਹੀਂ ਹੈ। ਇਹ ਉਹਨਾਂ ਇਤਿਹਾਸਕ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਨੇ ਇਕ ਸ਼ਕਤੀਸ਼ਾਲੀ ਵਿਰਾਸਤ ਬਣਾਈ — ਅਕਲਮੰਦ ਨੇਤਾ, ਬਹਾਦਰ ਯੋਧੇ ਅਤੇ ਇਕਜੁੱਟ ਅਤੇ ਡਟੇ ਰਹਿਣ ਵਾਲੇ ਸਮੂਹ।

ਸਿੱਖ ਪੰਜਾਬ ਦੀ ਸੁੰਦਰ ਧਰਤੀ ਤੋਂ ਸੰਬੰਧਤ ਹਨ, ਜੋ ਦੱਖਣੀ ਏਸ਼ੀਆ ਵਿੱਚ ਸਥਿਤ ਹੈ ਅਤੇ "ਪੰਜ ਦਰਿਆਵਾਂ ਦੀ ਧਰਤੀ" ਵਜੋਂ ਵੀ ਜਾਣੀ ਜਾਂਦੀ ਹੈ। ਸਿੱਖ ਐਮਪਾਇਰ ਚੈੱਸ ਸੈੱਟ ਸਿੱਖ ਸਮਰਾਜ ਦੀ ਅਮੀਰ ਵਿਰਾਸਤ ਅਤੇ ਬਹਾਦਰੀ ਦਾ ਜਸ਼ਨ ਮਨਾਉਣ ਲਈ ਬਣਾਇਆ ਗਿਆ ਹੈ। ਹਰ ਇਕ ਮੋਹਰਾ ਬਰੀਕੀ ਨਾਲ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰੇਰਣਾ ਸਿੱਖਾਂ ਦੇ ਕਵਚ ਅਤੇ ਹਥਿਆਰਾਂ ਤੋਂ ਮਿਲਦੀ ਹੈ। ਇਹ ਸੰਗ੍ਰਹਿ ਸਿਰਫ਼ ਇਕ ਬੋਰਡ ਗੇਮ ਤੋਂ ਕਈ ਵੱਧ ਹੈ।

**ਸਿੱਖ ਵਿਰਾਸਤ ਦਾ ਜਸ਼ਨ:**

ਹਰ ਇਕ ਪਾਤਰ ਰਵਾਇਤੀ ਸਿੱਖ ਪਹਿਰਾਵੇ, ਹਥਿਆਰਾਂ ਅਤੇ ਵਾਸਤੁਕ ਪ੍ਰਤੀਕਾਂ ਤੋਂ ਪ੍ਰਭਾਵਿਤ ਹੈ। ਮਹਾਰਾਜਾ ਦੀ ਸ਼ਾਨਦਾਰ ਅਦਾਕਾਰੀ ਤੋਂ ਲੈ ਕੇ ਬੁੰਗੇ ਦੀ ਰੱਖਿਆਸ਼ੀਲ ਤਾਕਤ ਤੱਕ, ਇਹ ਸੈੱਟ ਉਸ ਸਮੇਂ ਦੀ ਰੂਹ ਨੂੰ ਦਰਸਾਉਂਦਾ ਹੈ ਜਦੋਂ ਰਣਨੀਤੀ, ਵਿਸ਼ਵਾਸ ਅਤੇ ਹਿੰਮਤ ਨੇ ਇਤਿਹਾਸ ਬਣਾਇਆ।

ਹਰ ਮੋਹਰੇ ਵਿੱਚ ਕਲਾ: ਹਰ ਯੋਧਾ ਅਸਾਧਾਰਣ ਨਫ਼ਾਸਤ ਨਾਲ ਤਿਆਰ ਕੀਤਾ ਗਿਆ ਹੈ — ਬਣਾਵਟੀ ਕਵਚ, ਨਕ਼ਸ਼ੀਦਾਰ ਢਾਲਾਂ, ਜੀਵੰਤ ਅਦਾਵਾਂ ਅਤੇ ਸੱਭਿਆਚਾਰਕ ਤੌਰ 'ਤੇ ਸਹੀ ਵੇਰਵੇ। ਇਹ ਆਮ ਚੈੱਸ ਦੇ ਮੋਹਰੇ ਨਹੀਂ ਹਨ, ਬਲਕਿ ਨਿੱਕੀਆਂ ਕਲਾ ਕ੍ਰਿਤੀਆਂ ਹਨ ਜੋ ਹਰ ਕੋਣ ਤੋਂ ਦੇਖਣ ਯੋਗ ਹਨ, ਬੋਰਡ ਨੂੰ ਕਲਾ ਦੇ ਜੀਵੰਤ ਮੈਦਾਨ ਵਿੱਚ ਬਦਲ ਦਿੰਦੇ ਹਨ।

ਬੇਮਿਸਾਲ ਕਾਰੀਗਰੀ: ਸਾਡੇ ਚੈੱਸ ਮੋਹਰੇ ਧਿਆਨ ਨਾਲ ਪਾਲਿਸ਼ ਕੀਤੇ ਅਤੇ ਸੰਤੁਲਿਤ ਕੀਤੇ ਗਏ ਹਨ ਤਾਂ ਜੋ ਉਹ ਭਾਰ ਅਤੇ ਮਜ਼ਬੂਤੀ ਦਿਖਾਉਣ। ਪ੍ਰਤੀਬਿੰਬਤ ਟੈਂਪਰਡ ਗਲਾਸ ਬੋਰਡ ਅਤੇ ਲਗਜ਼ਰੀ ਪ੍ਰੇਜ਼ੇਂਟੇਸ਼ਨ ਬਾਕਸ ਨਾਲ ਜੋੜੇ ਹੋਏ, ਹਰ ਸੈੱਟ ਸਿਰਫ਼ ਖੇਡ ਲਈ ਨਹੀਂ, ਬਲਕਿ ਘਰ ਵਿੱਚ ਸਜਾਵਟ ਦੇ ਕੇਂਦਰੀ ਹਿੱਸੇ ਵਜੋਂ ਵੀ ਤਿਆਰ ਕੀਤਾ ਗਿਆ ਹੈ।




ਮਾਣ, ਵਿਰਾਸਤ ਅਤੇ ਰਣਨੀਤੀ: ਇਹ ਸੰਗ੍ਰਹਿ ਚੈੱਸ ਤੋਂ ਵੱਧ ਕੇ ਆਪਣੀ ਬਾਦਸ਼ਾਹਤ ਦੀ ਯਾਦ ਦਿਵਾਉਂਦਾ ਹੈ। ਇਹ ਸਿੱਖ ਵਿਰਾਸਤ ਦਾ ਜਸ਼ਨ ਹੈ, ਇਤਿਹਾਸਕ ਯੋਧਿਆਂ ਨੂੰ ਸ਼ਰਧਾਂਜਲੀ ਹੈ ਅਤੇ ਸੱਭਿਆਚਾਰ ਅਤੇ ਆਧੁਨਿਕ ਲਗਜ਼ਰੀ ਡਿਜ਼ਾਇਨ ਵਿਚਕਾਰ ਇਕ ਪੁਲ ਹੈ। ਸਿੱਖ ਐਮਪਾਇਰ ਚੈੱਸ ਸੈੱਟ ਤੁਹਾਨੂੰ ਮਕਸਦ ਨਾਲ ਖੇਡਣ, ਮਾਣ ਨਾਲ ਪ੍ਰਦਰਸ਼ਿਤ ਕਰਨ ਅਤੇ ਉਸ ਇਤਿਹਾਸ ਨਾਲ ਜੁੜਨ ਲਈ ਸੱਦਾ ਦਿੰਦਾ ਹੈ ਜੋ ਅੱਜ ਵੀ ਪੀੜੀਆਂ ਨੂੰ ਪ੍ਰੇਰਿਤ ਕਰਦਾ ਹੈ।

ਚੈੱਸ ਸੈੱਟ: ਸਾਡੇ ਪੂਰੇ ਸੰਗ੍ਰਹਿ ਦੀ ਖੋਜ ਕਰੋ - ਹਰ ਸੈੱਟ ਵਿਸ਼ੇਸ਼ ਬਰੀਕੀ ਨਾਲ ਤਿਆਰ ਕੀਤਾ ਗਿਆ ਹੈ ਅਤੇ ਸਿੱਖ ਸਮਰਾਜ ਦੇ ਯੋਧਿਆਂ, ਨੇਤਾਵਾਂ ਅਤੇ ਵਿਰਾਸਤ ਤੋਂ ਪ੍ਰੇਰਿਤ ਹੈ। ਕਈ ਰੰਗਾਂ ਅਤੇ ਕੱਚ ਬੋਰਡ ਸ਼ੈਲੀਆਂ ਵਿੱਚੋਂ ਤੁਸੀਂ ਕੋਈ ਵੀ ਲੈ ਸਕਦੇ ਹੋ, ਜੋ ਨਵੇਂ ਖਿਡਾਰੀਆਂ ਨੂੰ ਵੀ ਉਤਸ਼ਾਹਿਤ ਕਰਦਾ ਹੈ।

ਹਰ ਸੈੱਟ ਇਤਿਹਾਸ ਨੂੰ ਨਮਸਕਾਰ ਕਰਦਾ ਹੈ ਸੰਤੁਲਿਤ ਅਤੇ ਲਗਜ਼ਰੀ ਵਿਰਾਸਤੀ ਡੱਬੇ ਵਿੱਚ ਪੇਸ਼ ਕੀਤਾ ਗਿਆ, ਜੋ ਵਿਰਾਸਤ ਸਾਂਭਣ ਦੇ ਸ਼ੋਕੀਨਾਂ ਲਈ, ਤੋਹਫ਼ੇ ਵਜੋਂ ਦੇਣ ਲਈ ਜਾਂ ਆਪਣੇ ਘਰ ਵਿੱਚ ਪ੍ਰਦਰਸ਼ਨ ਲਈ ਬਿਲਕੁਲ ਉਚਿਤ ਹੈ।

ਇਹ ਆਕਰਸ਼ਕ ਅਤੇ ਲਗਜ਼ਰੀ ਸ਼ਤਰੰਜ ਸੈੱਟ ਤੁਹਾਡੇ ਘਰ ਦੀ ਸਜਾਵਟ ਦਾ ਹਿੱਸਾ ਬਣ ਸਕਦਾ ਹੈ। ਚੈੱਸ ਖਿਡਾਰੀਆਂ ਲਈ ਆਪਣੀ ਪਸੰਦ ਦੇ ਰੰਗਾਂ ਦਾ ਵਿਲੱਖਣ ਮਿਲਾਪ ਚੁਣਨ ਦਾ ਮੌਕਾ ਉਪਲਬਧ ਹੈ। ਬਹੁਤ ਹੀ ਵਧੀਆ ਕੱਚ ਦਾ ਚੈੱਸ ਬੋਰਡ ਅਤੇ ਸੁੰਦਰ ਨਕਾਸ਼ੀਦਾਰ ਚੈੱਸ ਮੋਹਰੇ ਵੱਖ-ਵੱਖ ਰੰਗਾਂ ਵਿੱਚ ਉਪਲਬਧ ਹਨ। ਤਿੰਨ ਵੱਖ-ਵੱਖ ਤਰ੍ਹਾਂ ਦੇ ਸੈਟ ਉਪਲੱਬਧ ਹਨ। ਹਰੇਕ ਸੈਟ ਦੀ ਕੀਮਤ £124.99 ਹੈ।

ਵਧੇਰੇ ਜਾਣਕਾਰੀ ਲਈ Web: https://sikhempirechessset.com


## ਭਾਰਤ ਵਿੱਚ ਸਿਖਰ ਸੰਮੇਲਨ ਏ ਆਈ ਦੇ ਪੂਰੇ ਲਾਭ ਪ੍ਰਾਪਤ ਕਰਨ ਲਈ ਸੁਨਹਿਰੀ ਮੌਕਾ : ਡੇਵਿਡ ਲੈਮੀ ਉਪ ਪ੍ਰਧਾਨ ਮੰਤਰੀ ਯੂ ਕੇ


ਉਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਅਤੇ ਏ ਆਈ ਮੰਤਰੀ ਕਨਿਸ਼ਕ ਨਾਰਾਇਣ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਰਕਾਰ ਨੇ ਕਿਹਾ ਹੈ ਕਿ ਭਾਰਤ ਵਿੱਚ ਹੋ ਰਹੇ 'ਏ ਆਈ ਸਿਖਰ ਸੰਮੇਲਨ' ਵਿੱਚ, ਬ੍ਰਿਟੇਨ ਇਸ ਗੱਲ 'ਤੇ ਧਿਆਨ ਕੇਂਦਰਿਤ ਕਰੇਗਾ ਕਿ ਕਿਵੇਂ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਵਿਕਾਸ ਨੂੰ ਤੇਜ਼ ਕਰ ਸਕਦੀ ਹੈ, ਕਿਸ ਤਰ੍ਹਾਂ ਨਵੀਆਂ ਨੌਕਰੀਆਂ ਪੈਦਾ ਕਰ ਸਕਦੀ ਹੈ, ਜਨਤਕ ਸੇਵਾਵਾਂ ਵਿੱਚ ਸੁਧਾਰ ਕਿਵੇਂ ਕਰ ਸਕਦੀ ਹੈ ਅਤੇ ਦੁਨੀਆ ਭਰ ਦੇ ਲੋਕਾਂ ਨੂੰ ਕਿਵੇਂ ਲਾਭ ਪਹੁੰਚਾ ਸਕਦੀ ਹੈ। ਉਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਅਤੇ ਏ ਆਈ ਮੰਤਰੀ ਕਨਿਸ਼ਕ ਨਾਰਾਇਣ ਦੀ ਅਗਵਾਈ ਵਿੱਚ ਯੂ ਕੇ ਦਾ ਵਫ਼ਦ ਇਹ ਉਜਾਗਰ ਕਰਨ ਲਈ ਉਤਸੁਕ ਹੈ ਕਿ ਏ ਆਈ ਦੁਨੀਆ ਦੇ ਹਰ ਕੋਨੇ ਵਿੱਚ ਰੋਜ਼ਾਨਾ ਜੀਵਨ ਨੂੰ ਕਿਵੇਂ ਬਿਹਤਰ ਬਣਾ ਸਕਦਾ ਹੈ ਅਤੇ ਕਿਵੇਂ ਇੱਕ ਨਵੀਨਤਾ ਦੇ ਰੂਪ ਵਿੱਚ, ਇਹ ਡਾਕਟਰਾਂ ਨੂੰ ਤੇਜ਼ ਇਲਾਜ਼ ਕਰਨ ਵਿੱਚ ਮਦਦ ਕਰ ਸਕਦਾ ਹੈ, ਅਧਿਆਪਕ ਵਿਅਕਤੀਗਤ ਸਿਖਲਾਈ ਪ੍ਰਦਾਨ ਕਰ ਸਕਦੇ ਹਨ, ਕੌਂਸਲਾਂ ਮਿੰਟਾਂ ਵਿੱਚ ਸੇਵਾਵਾਂ ਪ੍ਰਦਾਨ ਕਰ ਸਕਦੀਆਂ ਹਨ, ਅਤੇ ਕਾਰੋਬਾਰਾਂ ਵਿੱਚ ਅਗਲੀ ਪੀੜ੍ਹੀ ਲਈ ਚੰਗੀਆਂ ਨੌਕਰੀਆਂ ਪੈਦਾ ਕਰ ਸਕਦੇ ਹਨ। ਸੰਮੇਲਨ ਤੋਂ ਪਹਿਲਾਂ ਜਾਰੀ ਕੀਤੇ ਬਿਆਨ ਵਿੱਚ, ਲੈਮੀ ਨੇ ਕਿਹਾ ਇਹ ਸੰਮੇਲਨ ਇਹ ਨਿਰਧਾਰਤ ਕਰਨ ਲਈ ਇੱਕ ਮਹੱਤਵਪੂਰਨ ਪਲ ਹੈ ਕਿ ਅਸੀਂ ਆਪਣੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਮਿਲ ਕੇ ਕਿਵੇਂ ਕੰਮ ਕਰ ਸਕਦੇ ਹਾਂ ਤਾਂ ਜੋ ਏ ਆਈ ਦੇ ਪੂਰੇ ਲਾਭ ਪ੍ਰਾਪਤ ਕੀਤੇ ਜਾ ਸਕਣ।

ਵਿਗਿਆਨ, ਨਵੀਨਤਾ ਅਤੇ ਤਕਨਾਲੋਜੀ ਵਿਭਾਗ ਨੇ ਕਿਹਾ ਕਿ ਭਾਰਤ ਅਤੇ ਯੂ ਕੇ "ਕੁਦਰਤੀ ਤਕਨਾਲੋਜੀ ਭਾਈਵਾਲ" ਹਨ ਅਤੇ ਇਨਫੋਸਿਸ, ਟਾਟਾ ਕੰਸਲਟੈਂਸੀ ਸਰਵਿਸਿਜ਼ ਅਤੇ ਵਿਪਰੋ ਵਰਗੀਆਂ ਪ੍ਰਮੁੱਖ ਸਾਫਟਵੇਅਰ ਕੰਪਨੀਆਂ ਯੂ ਕੇ ਭਰ ਵਿੱਚ ਫੈਲ ਰਹੀਆਂ ਹਨ। ਵੇਲਜ਼ ਦੇ ਪਹਿਲੇ ਭਾਰਤੀ ਮੂਲ ਦੇ ਸੰਸਦ ਮੈਂਬਰ ਨਾਰਾਇਣ ਨੇ ਕਿਹਾ ਕਿ ਏ ਆਈ ਸਾਡੀ ਪੀੜ੍ਹੀ ਦੀ ਤਕਨਾਲੋਜੀ ਹੈ ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਦ੍ਰਿੜ ਹਾਂ ਕਿ ਇਹ ਹਰ ਕਿਸੇ ਨੂੰ ਲਾਭ ਪਹੁੰਚਾਏ। ਉਹਨਾਂ ਕਿਹਾ ਕਿ ਬ੍ਰਿਟੇਨ ਇੱਕ ਮੋਹਰੀ ਭੂਮਿਕਾ ਨਿਭਾ ਰਿਹਾ ਹੈ, ਏ ਆਈ ਪ੍ਰਤੀ ਇੱਕ ਗਲੋਬਲ ਪਹੁੰਚ ਨੂੰ ਅੱਗੇ ਵਧਾ ਰਿਹਾ ਹੈ ਜੋ ਦੁਨੀਆ ਭਰ ਦੇ ਲੋਕਾਂ ਨੂੰ ਹੋਰ ਸਿੱਖਣ, ਵਧੇਰੇ ਕਮਾਉਣ ਅਤੇ ਭਵਿੱਖ ਨੂੰ ਆਪਣੀਆਂ ਸ਼ਰਤਾਂ 'ਤੇ ਆਕਾਰ ਦੇਣ ਵਿੱਚ ਮਦਦ ਕਰਦਾ ਹੈ। ਦਿੱਲੀ ਤੋਂ ਇਲਾਵਾ ਨਾਰਾਇਣ ਇਹ ਦੇਖਣ ਲਈ ਬੰਗਲੁਰੂ ਦਾ ਵੀ ਦੌਰਾ ਕਰਨਗੇ ਕਿ ਕਿਵੇਂ ਭਾਰਤ ਅਤੇ ਯੂ ਕੇ ਇਸ ਸ਼ਾਨਦਾਰ ਤਕਨਾਲੋਜੀ ਦੇ ਲਾਭ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰ ਰਹੇ ਹਨ।

## ਡਾ ਨੀਰਵ ਸ਼ਾਹ ਅਮਰੀਕਾ ਦੇ ਵਿਜ਼ਨਰੀ ਆਗੂਆਂ ਵਿੱਚ ਸ਼ਾਮਿਲ



ਨੀਰਵ ਸ਼ਾਹ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਿਹਤ ਮਾਹਰ ਡਾ ਨੀਰਵ ਸ਼ਾਹ ਸਾਬਕਾ ਡਾਇਰੈਕਟਰ ਸੈਂਟਰ ਫਾਰ ਡਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ ਨੂੰ ਵਾਸ਼ਿੰਗਟਨ ਪੋਸਟ ਦੀ ਅਗਲੇ-50 ਕੌਣ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਸੂਚੀ ਵਿੱਚ ਉਨਾਂ ਸਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਨਾਂ ਕੋਲੋਂ ਆਮ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਦੀ ਆਸ ਕੀਤੀ ਜਾਂਦੀ ਹੈ। ਇਸ ਸਲਾਨਾ ਸੂਚੀ ਵਿਚ ਸਿਹਤ, ਸਾਇੰਸ, ਜਨਤਿਕ ਸੇਵਾ, ਕਾਰੋਬਾਰ ਤੇ ਸਭਿਆਚਾਰ ਨਾਲ ਜੁੜੇ ਲੋਕਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਿਨਾਂ ਦਾ ਕੰਮ ਕੌਮੀ ਚਰਚਾ ਦਾ ਹਿੱਸਾ ਬਣਿਆ ਹੋਵੇ। ਮੇਨੇ ਤੋਂ ਸ਼ਾਹ ਹੀ ਇਕੋ ਇਕ ਵਿਅਕਤੀ ਹੈ ਜਿਸ ਨੂੰ ਇਸ ਸੂਚੀ ਵਿਚ ਥਾਂ ਮਿਲੀ ਹੈ। ਸ਼ਾਹ ਤੋਂ ਇਲਾਵਾ ਇਸ ਸਾਲ ਦੀ ਸੂਚੀ ਵਿਚ ਨਿਊ ਯਾਰਕ ਦੇ ਮੇਅਰ ਜ਼ੋਹਰਨ ਮਮਦਾਨੀ, ਟੈਕਸਾਸ ਯੂ ਐਸ ਸੈਨੇਟ ਉਮੀਦਵਾਰ ਜੇਮਜ ਤਾਲਾਰੀਕੋ ਅਤੇ ਬਇਓਕੈਮਿਸਟ ਡੇਵਿਡ ਲਿਊ ਨੂੰ ਸ਼ਾਮਿਲ ਕੀਤਾ ਗਿਆ ਹੈ। ਕੋਵਿਡ-19 ਮਹਾਮਾਰੀ ਦੌਰਾਨ ਸੀ ਡੀ ਸੀ ਡਾਇਰੈਕਟਰ ਵਜੋਂ ਮੇਨੇ ਪਬਲਿਕ ਹੈਲਥ ਦੀ ਅਗਵਾਈ ਕਰਨ ਸਮੇ ਸ਼ਾਹ ਨੇ ਕੌਮੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ ਸੀ।

# ਦਲਿਤ ਵਾਇਸ ਤੋਂ ਜਾਤੀਵਾਦੀ ਔਖੇ ਕਿਉਂ ?

## ✪ ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਬੀਬ 'ਤੇ ਕੂੜਾ ਕਿਉਂ ਸੁੱਟਿਆ



ਜਾਤੀਵਾਦੀ ਤਾਕਤਾਂ ਅਸਲ ਵਿੱਚ ਉਸ "ਇਤਿਹਾਸਕ ਸੱਚ" ਤੋਂ ਡਰਦੀਆਂ ਹਨ ਜੋ ਦਲਿਤਾਂ ਅਤੇ ਪੱਛੜੇ ਸਮਾਜ ਦੀ ਗੁਲਾਮੀ ਦੀਆਂ ਜੜ੍ਹਾਂ ਨੂੰ ਨੰਗਾ ਕਰਦਾ ਹੈ। ਉਹਨਾਂ 'ਤੇ ਹਮਲਾ ਸਿਰਫ਼ ਇੱਕ ਵਿਅਕਤੀ 'ਤੇ ਹਮਲਾ ਨਹੀਂ, ਸਗੋਂ "ਸੰਵਿਧਾਨਕ ਸੁਤੰਤਰਤਾ" ਅਤੇ "ਬੋਲਣ ਦੀ ਆਜ਼ਾਦੀ" 'ਤੇ ਹਮਲਾ ਹੈ।

ਬੀਤੇ ਦਿਨੀਂ ਦਿੱਲੀ ਯੂਨੀਵਰਸਿਟੀ ਦੇ ਆਰਟਸ ਫੈਕਲਟੀ ਵਿੱਚ 12 ਫਰਵਰੀ 2026 ਨੂੰ ਵਾਪਰੀ ਘਟਨਾ ਨੇ ਦੇਸ਼ ਦੇ ਵਿਦਿਅਕ ਢਾਂਚੇ ਅਤੇ ਲੋਕਤੰਤਰ ਦੀ ਸਿਹਤ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਆਯੋਜਿਤ 'ਸਮਤਾ ਉਤਸਵ' (ਪੀਪਲਜ਼ ਲਿਟਰੇਚਰ ਫੈਸਟੀਵਲ) ਦੌਰਾਨ ਨਾਮਵਰ ਇਤਿਹਾਸਕਾਰ ਪ੍ਰੋਫੈਸਰ ਐੱਸ. ਇਰਫਾਨ ਹਬੀਬ ਉੱਪਰ ਜਾਤੀਵਾਦੀ ਅਨਸਰਾਂ ਵੱਲੋਂ ਕੂੜਾ ਅਤੇ ਪਾਣੀ ਸੁੱਟਿਆ ਜਾਣਾ ਸਿਰਫ਼ ਇੱਕ ਹਮਲਾ ਨਹੀਂ, ਸਗੋਂ ਉਸ ਸੋਚ ਦਾ ਪ੍ਰਗਟਾਵਾ ਹੈ ਜੋ ਦਲਿਤ ਅਤੇ ਪੱਛੜੀਆਂ ਜਾਤਾਂ ਦੀ ਉੱਠ ਰਹੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਯੂਨੀਵਰਸਿਟੀ ਕੈਂਪਸਾਂ ਵਿੱਚ 'ਸੰਸਥਾਗਤ ਜਾਤੀਵਾਦ' ਵਿਰੁੱਧ ਆਵਾਜ਼ ਬੁਲੰਦ ਕਰਨਾ ਸੀ।

ਪੱਛੜੀਆਂ ਜਾਤਾਂ ਦੇ ਵਿਦਿਆਰਥੀਆਂ ਨਾਲ ਹੁੰਦੇ ਵਿਤਕਰੇ ਨੂੰ ਰੋਕਣ ਲਈ 'ਰੋਹਿਤ ਐਕਟ' ਲਾਗੂ ਕਰਨ ਵਰਗੀਆਂ ਜਾਇਜ਼ ਮੰਗਾਂ ਉਠਾਈਆਂ ਜਾ ਰਹੀਆਂ ਸਨ। ਜਦੋਂ ਪ੍ਰੋਫੈਸਰ ਹਬੀਬ ਵਿਗਿਆਨਕ ਅਤੇ ਇਤਿਹਾਸਕ ਨਜ਼ਰੀਏ ਨਾਲ ਸਮਾਜਿਕ ਨਿਆਂ ਦੀ ਗੱਲ ਕਰ ਰਹੇ ਸਨ, ਤਾਂ ਅਚਾਨਕ ਹੋਏ ਇਸ ਹਮਲੇ ਨੇ ਸਪੱਸ਼ਟ ਕਰ ਦਿੱਤਾ ਕਿ ਜਾਤੀਵਾਦੀ ਤਾਕਤਾਂ ਕੋਲ ਦਲੀਲ ਦਾ ਜਵਾਬ ਦਲੀਲ ਨਾਲ ਦੇਣ ਦੀ ਸਮਰੱਥਾ ਨਹੀਂ ਰਹੀ।

ਸਵਾਲ ਪੈਦਾ ਹੁੰਦਾ ਹੈ ਕਿ ਜਾਤੀਵਾਦੀ 'ਦਲਿਤ ਵਾਇਸ' ਜਾਂ 'ਸਮਤਾ ਉਤਸਵ' ਵਰਗੇ ਮੰਚਾਂ ਤੋਂ ਇੰਨੇ ਔਖੇ ਕਿਉਂ ਹਨ? ਇਸ ਦੇ ਕੁੱਝ ਪ੍ਰਮੁੱਖ ਕਾਰਨ ਹਨ:

ਅਜਿਹੇ ਪ੍ਰੋਗਰਾਮ ਮਨੂਵਾਦੀ ਵਿਚਾਰਧਾਰਾ ਨੂੰ ਚੁਣੌਤੀ ਦਿੰਦੇ ਹਨ। ਜਦੋਂ ਦਲਿਤ ਅਤੇ ਪੱਛੜਾ ਸਮਾਜ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਾ ਹੈ, ਤਾਂ ਸਦੀਆਂ ਤੋਂ ਸਥਾਪਤ ਗੈਰ-ਬਰਾਬਰੀ ਦਾ ਢਾਂਚਾ ਖ਼ਤਰੇ ਵਿੱਚ ਪੈ ਜਾਂਦਾ ਹੈ।

ਪ੍ਰੋਫੈਸਰ ਹਬੀਬ ਵਰਗੇ ਬੁੱਧੀਜੀਵੀ ਜਦੋਂ ਭਾਰਤੀ ਇਤਿਹਾਸ ਦੇ ਸੈਕੂਲਰ ਅਤੇ ਵਿਗਿਆਨਕ ਪੱਖ ਪੇਸ਼ ਕਰਦੇ ਹਨ, ਤਾਂ ਉਹ 'ਨਕਲੀ ਰਾਸ਼ਟਰਵਾਦ' ਅਤੇ 'ਵਿਗੜੇ ਹੋਏ ਨੈਰੇਟਿਵ' ਦਾ ਪਰਦਾਫਾਸ਼ ਕਰਦੇ ਹਨ। ਯੂਨੀਵਰਸਿਟੀਆਂ ਵਿੱਚ ਦਲਿਤ ਵਿਦਿਆਰਥੀਆਂ ਦੀ ਵੱਧ ਰਹੀ ਸਿਆਸੀ ਅਤੇ ਸਮਾਜਿਕ ਚੇਤਨਾ ਜਾਤੀਵਾਦੀ ਸ਼ਕਤੀਆਂ ਲਈ 'ਅਸੁਰੱਖਿਆ' ਪੈਦਾ ਕਰ ਰਹੀ ਹੈ।

ਆਈਸਾ ਨੇ ਇਸ ਨੂੰ ਏਬੀਵੀਪੀ ਦੀ ਯੋਜਨਾਬੱਧ ਸਾਜ਼ਿਸ਼ ਦੱਸਿਆ ਹੈ, ਜਦਕਿ ਏਬੀਵੀਪੀ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ। ਪਰ ਚਿੰਤਾ ਦੀ ਗੱਲ ਇਹ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ 'ਰਸਮੀ ਸ਼ਿਕਾਇਤ' ਨਾ ਮਿਲਣ ਦਾ ਬਹਾਨਾ ਬਣਾ ਕੇ ਪੱਲਾ ਝਾੜ ਲਿਆ ਹੈ। ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ. ਰਾਜਾ ਅਤੇ ਪ੍ਰੋਫੈਸਰ ਅਪੂਰਵਾਨੰਦ ਵਰਗੇ ਚਿੰਤਕਾਂ ਨੇ ਠੀਕ ਹੀ ਕਿਹਾ ਹੈ ਕਿ ਇਹ ਬੁੱਧੀਜੀਵੀਆਂ ਨੂੰ ਡਰਾਉਣ ਅਤੇ ਚੁੱਪ ਕਰਾਉਣ ਦੀ ਕੋਸ਼ਿਸ਼ ਹੈ।

ਪ੍ਰੋਫੈਸਰ ਹਬੀਬ ਨੇ ਹਮਲੇ ਦੇ ਬਾਵਜੂਦ ਆਪਣਾ ਲੈਕਚਰ ਜਾਰੀ ਰੱਖ ਕੇ ਇਹ ਸਾਬਤ ਕਰ ਦਿੱਤਾ ਕਿ ਵਿਚਾਰਾਂ ਦੀ ਰੌਸ਼ਨੀ ਨੂੰ ਕੂੜੇ ਨਾਲ ਨਹੀਂ ਢਕਿਆ ਜਾ ਸਕਦਾ। ਕਿਸੇ ਵੀ ਸਿਹਤਮੰਦ ਲੋਕਤੰਤਰ ਵਿੱਚ ਅਸਹਿਮਤੀ ਦਾ ਜਵਾਬ ਬਹਿਸ ਨਾਲ ਦਿੱਤਾ ਜਾਣਾ ਚਾਹੀਦਾ ਹੈ, ਹਿੰਸਾ ਨਾਲ ਨਹੀਂ। ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਵਿੱਚ ਵਧ ਰਹੀ ਇਹ ਅਸਹਿਣਸ਼ੀਲਤਾ ਸਾਡੇ ਸੰਵਿਧਾਨਕ ਮੁੱਲਾਂ ਲਈ ਇੱਕ ਵੱਡੀ ਚੁਣੌਤੀ ਹੈ। 'ਸਮਤਾ ਉਤਸਵ' ਵਰਗੇ ਮੰਚਾਂ ਦੀ ਅੱਜ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ ਤਾਂ ਜੋ ਆਜ਼ਾਦ ਸੋਚ ਅਤੇ ਸਮਾਜਿਕ ਨਿਆਂ ਦੀ ਆਵਾਜ਼ ਬੁਲੰਦ ਰਹਿ ਸਕੇ।

# ਆਪਰੇਸ਼ਨ ਲੋਟਸ-2 ਦਾ ਧਮਾਕਾ: ਵਿਧਾਇਕਾ ਭਰਾਜ ਦੇ 'ਸੈਣੀ' 'ਤੇ ਸਿੱਧੇ ਵਾਰ ਕਿ ਮੈਨੂੰ ਖਰੀਦਣ ਦੀ ਕੋਸ਼ਿਸ਼

**✪ ਨਾਇਬ ਸੈਣੀ ਦਾ ਪਲਟਵਾਰ: "ਮੈਂ ਵਿਧਾਇਕਾ ਨੂੰ ਜਾਣਦਾ ਤੱਕ ਨਹੀਂ, ਇਹ ਸਿਰਫ਼ ਸਿਆਸੀ ਪਖੰਡ" ✪ ਸੁਖਪਾਲ ਸਿੰਘ ਖਹਿਰਾ ਦੀ ਰਗੜੇਬਾਜ਼ੀ: "ਆਪਰੇਸ਼ਨ ਲੋਟਸ ਇੱਕ ਡਰਾਮੈਟਿਕ ਫਰਾਡ, ਹਿੰਮਤ ਹੈ ਤਾਂ ਐਫ ਆਈ ਆਰ ਕਰੋ" ✪ 2027 ਦੀ ਜੰਗ: ਸਿਆਸੀ ਮਾਹਿਰਾਂ ਦੀ ਨਜ਼ਰ ਵਿਚ 'ਵੋਟ ਬੈਂਕ' ਤੇ 'ਸਬੂਤਾਂ ਦੀ ਘਾਟ' ਦਾ ਖੇਡ**

ਵਿਸ਼ੇਸ਼ ਰਿਪੋਰਟ

ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ 'ਆਪਰੇਸ਼ਨ ਲੋਟਸ' ਦਾ ਜਿੰਨ ਬੋਤਲ ਵਿੱਚੋਂ ਬਾਹਰ ਆ ਗਿਆ ਹੈ। ਸੰਗਰੂਰ ਤੋਂ ਆਮ ਆਦਮੀ ਪਾਰਟੀ (ਆਪ) ਦੀ ਨੌਜਵਾਨ ਵਿਧਾਇਕਾ ਨਰਿੰਦਰ ਕੌਰ ਭਰਾਜ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ 'ਤੇ ਲਗਾਏ ਗਏ 'ਖਰੀਦੋ-ਫਰੋਖ਼ਤ' ਦੇ ਇਲਜ਼ਾਮਾਂ ਨੇ ਸੂਬੇ ਦੇ ਸਿਆਸੀ ਤਾਪਮਾਨ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ। ਜਿੱਥੇ 'ਆਪ' ਇਸ ਨੂੰ ਭਾਜਪਾ ਦੀ ਗੰਦੀ ਰਾਜਨੀਤੀ ਦੱਸ ਰਹੀ ਹੈ, ਉੱਥੇ ਹੀ ਵਿਰੋਧੀ ਧਿਰਾਂ ਨੇ ਇਸ ਨੂੰ 2027 ਦੀਆਂ ਚੋਣਾਂ ਲਈ ਖੇਡਿਆ ਗਿਆ 'ਵਿਕਟਿਮ ਕਾਰਡ' ਕਰਾਰ ਦਿੱਤਾ ਹੈ।

ਭਰਾਜ ਦੇ ਤਿੱਖੇ ਵਾਰ: "ਮੈਂ ਵਿਕਾਊ ਨਹੀਂ"-ਵਿਧਾਇਕਾ ਭਰਾਜ ਨੇ ਸਿੱਧਾ ਧਮਾਕਾ ਕਰਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਭਾਜਪਾ ਵੱਲੋਂ 2027 ਵਿੱਚ ਸੰਗਰੂਰ ਤੋਂ ਟਿਕਟ ਅਤੇ ਹੋਰ ਵੱਡੀਆਂ ਪੇਸ਼ਕਸ਼ਾਂ ਦੇ ਕੇ ਖਰੀਦਣ ਦੀ ਕੋਸ਼ਿਸ਼ ਕੀਤੀ ਗਈ। ਭਰਾਜ ਨੇ ਨਾਇਬ ਸੈਣੀ ਨੂੰ ਸਲਾਹ ਦਿੱਤੀ ਕਿ ਉਹ ਪੰਜਾਬ ਵਿੱਚ 'ਡੈਪੂਟੇਸ਼ਨ' 'ਤੇ ਆਉਣ ਦੀ ਬਜਾਏ ਹਰਿਆਣਾ ਦੀ ਫਿਕਰ ਕਰਨ। 'ਆਪ' ਆਗੂ ਬਲਤੇਜ ਪੰਨੂ ਨੇ ਵੀ ਇਸ ਨੂੰ 'ਆਪਰੇਸ਼ਨ ਲੋਟਸ-2' ਦਾ ਨਾਮ ਦਿੰਦਿਆਂ ਪੰਜਾਬੀ ਅਣਖ ਦਾ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।



**ਪੰਜਾਬ ਦੀ ਸਿਆਸਤ ਵਿੱਚ ਹੁਣ 'ਨੈਰੇਟਿਵ' ਦੀ ਜੰਗ ਸ਼ੁਰੂ ਹੋ ਚੁੱਕੀ ਹੈ। 'ਆਪ' ਖੁਦ ਨੂੰ 'ਕੱਟੜ ਇਮਾਨਦਾਰ' ਸਾਬਤ ਕਰਨ ਲਈ 'ਕੁਰਬਾਨੀ' ਦਾ ਪੱਤਾ ਖੇਡ ਰਹੀ ਹੈ, ਜਦਕਿ ਵਿਰੋਧੀ ਇਸ ਨੂੰ ਸਰਕਾਰ ਦੀ ਪ੍ਰਸ਼ਾਸਨਿਕ ਫੇਲ੍ਹਤਾ ਨੂੰ ਲੁਕਾਉਣ ਦਾ ਪਰਦਾ ਦੱਸ ਰਹੇ ਹਨ। 2027 ਦੀ ਜੰਗ ਵਿੱਚ ਇਹ 'ਆਪਰੇਸ਼ਨ ਲੋਟਸ' ਅਸਲ ਸੱਚਾਈ ਹੈ ਜਾਂ ਸਿਰਫ਼ ਇੱਕ ਸਿਆਸੀ ਸ਼ੋਸ਼ਾ, ਇਹ ਤਾਂ ਆਉਣ ਵਾਲਾ ਵਕਤ ਅਤੇ ਜਾਂਚ ਹੀ ਦੱਸੇਗੀ।**

ਨਾਇਬ ਸੈਣੀ ਦਾ ਪਲਟਵਾਰ: "ਸਿਆਸੀ ਪਖੰਡ ਅਤੇ ਨਾਕਾਮੀ ਛੁਪਾਉਣ ਦੀ ਕੋਸ਼ਿਸ਼"-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਇਸ ਨੂੰ 'ਸਿਆਸੀ ਪਖੰਡ' ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਉਕਤ ਵਿਧਾਇਕਾ ਨੂੰ ਜਾਣਦੇ ਤੱਕ ਨਹੀਂ। ਸੈਣੀ ਦੇ ਪੰਜਾਬ ਦੌਰਿਆਂ ਨੂੰ ਭਾਜਪਾ ਆਪਣੀ ਰਣਨੀਤੀ ਦਾ ਹਿੱਸਾ ਮੰਨ ਰਹੀ ਹੈ, ਜਿਸ ਰਾਹੀਂ ਉਹ ਓਬੀਸੀ ਅਤੇ ਸੈਣੀ ਭਾਈਚਾਰੇ ਦੀਆਂ ਵੋਟਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਵਿੱਚ ਹਨ। ਭਾਜਪਾ ਦਾ ਤਰਕ ਹੈ ਕਿ 'ਆਪ' ਆਪਣੀਆਂ ਨਾਕਾਮੀਆਂ ਤੋਂ ਧਿਆਨ ਭਟਕਾਉਣ ਲਈ ਅਜਿਹੇ ਮਨਘੜਤ ਕਿੱਸੇ ਸੁਣਾ ਰਹੀ ਹੈ।

ਸੁਖਪਾਲ ਖਹਿਰਾ ਦੀ 'ਰਗੜੇਬਾਜ਼ੀ': "ਹਿੰਮਤ ਹੈ ਤਾਂ ਐਫ ਆਈ ਆਰ ਕਰੋ"-ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਸ ਪੂਰੇ ਮਾਮਲੇ ਨੂੰ "ਡਰਾਮੈਟਿਕ ਫਰਾਡ" ਕਰਾਰ ਦਿੰਦਿਆਂ ਸਰਕਾਰ ਨੂੰ ਵੰਗਾਰਿਆ ਹੈ। ਖਹਿਰਾ ਨੇ ਸਵਾਲ ਉਠਾਇਆ ਕਿ ਜੇਕਰ ਭਰਾਜ ਕੋਲ ਸਬੂਤ ਹਨ, ਤਾਂ ਉਹ ਪੁਲਿਸ ਕੋਲ ਕਿਉਂ ਨਹੀਂ ਜਾਂਦੇ? ਉਨ੍ਹਾਂ ਕਿਹਾ: ਕਿ ਦੋ ਸਾਲ ਪਹਿਲਾਂ ਵੀ 25-25 ਕਰੋੜ ਦੇ ਆਫਰਾਂ ਦਾ ਰੌਲਾ ਪਾਇਆ ਗਿਆ ਸੀ, ਪਰ ਨਾ ਕੋਈ ਦਲਾਲ ਫੜਿਆ ਗਿਆ ਤੇ ਨਾ ਹੀ ਕੋਈ ਐਫਆਈਆਰ ਹੋਈ। 'ਆਪ' ਦੀ ਮਾਰਕੀਟ ਵੈਲਿਊ ਹੁਣ ਜ਼ੀਰੋ ਹੈ, ਇਨ੍ਹਾਂ ਨੂੰ ਕੋਈ ਮੁਫ਼ਤ ਵਿੱਚ ਵੀ ਨਹੀਂ ਲਵੇਗਾ।"

ਸਿਆਸੀ ਵਿਸ਼ਲੇਸ਼ਣ: ਸਬੂਤਾਂ ਦੀ ਘਾਟ ਅਤੇ 2027 ਦੀ ਰਣਨੀਤੀ-ਇਸ ਪੂਰੇ ਘਟਨਾਕ੍ਰਮ ਦਾ ਡੂੰਘਾਈ ਨਾਲ ਅਧਿਐਨ ਕਰੀਏ ਤਾਂ ਕਈ ਅਹਿਮ ਪਹਿਲੂ ਸਾਹਮਣੇ ਆਉਂਦੇ ਹਨ: ਵੋਟ ਬੈਂਕ ਦੀ ਸਿਆਸਤ: ਮਾਹਿਰਾਂ ਅਨੁਸਾਰ, ਨਾਇਬ ਸੈਣੀ ਦੇ ਪੰਜਾਬ ਦੌਰੇ ਸਿੱਧੇ ਤੌਰ 'ਤੇ ਦਲਿਤ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਪ੍ਰਭਾਵਿਤ ਕਰਨ ਲਈ ਹਨ। 'ਆਪ' ਨੂੰ ਡਰ ਹੈ ਕਿ ਭਾਜਪਾ ਦਾ ਇਹ ਵਧਦਾ ਪ੍ਰਭਾਵ ਉਨ੍ਹਾਂ ਦੇ ਵੋਟ ਬੈਂਕ ਵਿੱਚ ਸੰਨ੍ਹ ਲਗਾ ਸਕਦਾ ਹੈ।

ਸਬੂਤਾਂ ਦਾ ਸਵਾਲ: ਪ੍ਰੋ. ਜਗਰੂਪ ਸਿੰਘ ਸੇਖੋਂ ਵਰਗੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਿਨਾਂ ਸਬੂਤਾਂ ਦੇ ਅਜਿਹੇ ਗੰਭੀਰ ਇਲਜ਼ਾਮ ਲਗਾਉਣਾ ਲੋਕਤੰਤਰ ਲਈ ਠੀਕ ਨਹੀਂ। ਜੇਕਰ ਸੱਚਮੁੱਚ ਖਰੀਦੋ-ਫਰੋਖ਼ਤ ਦੀ ਕੋਸ਼ਿਸ਼ ਹੋਈ ਹੈ, ਤਾਂ ਰਿਕਾਰਡਿੰਗ ਜਾਂ ਹੋਰ ਸਬੂਤ ਜਨਤਕ ਹੋਣੇ ਚਾਹੀਦੇ ਹਨ। ਵਾਰ-ਵਾਰ 'ਆਪਰੇਸ਼ਨ ਲੋਟਸ' ਦੀ ਦੁਹਾਈ ਦੇਣ ਨਾਲ ਜਨਤਾ ਵਿੱਚ ਇਸ ਦੀ ਗੰਭੀਰਤਾ ਘਟਦੀ ਜਾ ਰਹੀ ਹੈ। ਜੇਕਰ ਇਸ ਵਾਰ ਵੀ ਕੋਈ ਠੋਸ ਕਾਰਵਾਈ ਨਹੀਂ ਹੁੰਦੀ, ਤਾਂ ਇਹ ਸਿਰਫ਼ ਇੱਕ 'ਪਬਲੀਸਿਟੀ ਸਟੰਟ' ਬਣ ਕੇ ਰਹਿ ਜਾਵੇਗਾ।

# ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ ਵਾਸੀ ਗੁਰਪ੍ਰੀਤ ਰੰਧਾਵਾ ਨੂੰ ਜਬਰਜਨਾਹ ਦੇ ਦੋਸ਼ਾਂ ਤਹਿਤ 18 ਸਾਲ ਕੈਦ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਵੁਲਵਰਹੈਂਪਟਨ ਵਾਸੀ ਗੁਰਪ੍ਰੀਤ ਰੰਧਾਵਾ ਨੂੰ ਜਬਰਜਨਾਹ ਅਤੇ ਨਾਬਾਲਗਾ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ਾਂ ਤਹਿਤ ਵੁਲਵਰਹੈਂਪਟਨ ਕਰਾਊਨ ਕੋਰਟ ਵਿੱਚ 18 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਵਿੱਚ ਦੱਸਿਆ ਗਿਆ ਕਿ ਗੁਰਪ੍ਰੀਤ ਨਸ਼ੇ ਦਾ ਆਦੀ ਹੈ।***

ਗੁਰਪ੍ਰੀਤ ਰੰਧਾਵਾ ਨੇ ਦੋ 15 ਸਾਲ ਦੀਆਂ ਕੁੜੀਆਂ ਨਾਲ ਬਲਾਤਕਾਰ ਕੀਤਾ ਜਿਨ੍ਹਾਂ ਨੂੰ ਉਹ ਆਨਲਾਈਨ ਮਿਲਿਆ ਸੀ ਅਤੇ ਉਨ੍ਹਾਂ ਨੂੰ ਆਪਣੇ ਨਾਲ ਮਿਲਣ ਲਈ ਮਨਾ ਲਿਆ। ਉਸਨੇ ਇੱਕ 12 ਸਾਲ ਦੀ ਕੁੜੀ ਨੂੰ ਵੀ ਆਪਣੀਆਂ ਤਸਵੀਰਾਂ ਸਾਂਝੀਆਂ ਕਰਨ ਲਈ ਧੋਖਾ ਦਿੱਤਾ। ਇਹ ਸਾਰੇ ਅਪਰਾਧ ਜੁਲਾਈ 2024 ਅਤੇ ਸਤੰਬਰ 2025 ਦੇ ਵਿਚਕਾਰ ਹੋਏ। ਉਸਨੇ ਪਿਛਲੇ ਸਾਲ ਅਗਸਤ ਅਤੇ ਸਤੰਬਰ ਦੇ ਵਿਚਕਾਰ ਤਿੰਨ ਵਾਰ ਇੱਕ ਕੁੜੀ ਨਾਲ ਬਲਾਤਕਾਰ ਕੀਤਾ।

ਅਦਾਲਤ ਵਿੱਚ ਦੱਸਿਆ ਕਿ ਇੱਕ ਕੁੜੀ ਨੂੰ ਵੁਲਵਰਹੈਂਪਟਨ ਦੀ ਇੱਕ ਕਾਰ ਪਾਰਕ ਵਿੱਚ ਲੜਕੀ ਦਾ ਗਲਾ ਘੁੱਟ ਕੇ ਜ਼ਬਰਦਸਤੀ ਕੀਤੀ, ਜਦੋਂ ਉਹ ਖੁਦ ਦਾ ਬਚਾਅ ਕਰ ਰਹੀ ਸੀ। ਵੈਸਟ ਮਿਡਲੈਂਡਜ਼ ਪੁਲਿਸ ਨੇ ਕਿਹਾ ਕਿ 15 ਸਾਲਾ ਲੜਕੀ ਨੇ ਆਪਣੇ ਸਕੂਲ ਨੂੰ ਇਸ ਘਟਨਾ ਬਾਰੇ ਦੱਸ


ਗੁਰਪ੍ਰੀਤ ਰੰਧਾਵਾ

ਕੇ ਹਿੰਮਤ ਦਿਖਾਈ, ਫਿਰ ਅਧਿਕਾਰੀਆਂ ਨੂੰ ਸੁਚੇਤ ਕੀਤਾ ਗਿਆ। ਜਾਂਚਕਰਤਾਵਾਂ ਨੇ ਜਲਦੀ ਹੀ ਰੰਧਾਵਾ ਉਰਫ਼ ਜ਼ਿਗੀ ਨੂੰ ਉਸੇ ਦਿਨ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਪਾਇਆ ਕਿ 21 ਸਾਲਾ ਗੁਰਪ੍ਰੀਤ ਨੇ ਹੋਰ ਉਪਨਾਮਾਂ ਦੀ ਵਰਤੋਂ ਕਰਕੇ ਸੋਸ਼ਲ ਮੀਡੀਆ ਰਾਹੀਂ ਇੱਕ 12 ਸਾਲਾ ਲੜਕੀ ਨਾਲ ਸੰਪਰਕ ਕੀਤਾ ਸੀ ਅਤੇ ਅਸ਼ਲੀਲ ਹਰਕਤਾਂ ਕੀਤੀਆਂ। ਉਸਨੇ ਆਪਣੇ ਆਪ ਦੇ ਅਣਉਚਿਤ ਵੀਡੀਓ ਅਤੇ ਤਸਵੀਰਾਂ ਭੇਜੀਆਂ ਅਤੇ ਧਮਕੀ ਦਿੱਤੀ ਕਿ ਜੇਕਰ ਉਹ ਅਜਿਹਾ ਨਹੀਂ ਕਰਦੀ ਤਾਂ ਉਹ ਉਕਤ ਲੜਕੀ ਨੂੰ ਨੁਕਸਾਨ ਪਹੁੰਚਾਏਗਾ।

ਅਦਾਲਤ ਵਿੱਚ ਦੱਸਿਆ ਕਿ ਗੁਰਪ੍ਰੀਤ ਨੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਕੇ ਜ਼ਬਰਦਸਤੀ ਕੀਤੀ ਅਤੇ ਕੁੜੀ ਇਸ ਗੱਲ ਤੋਂ ਵੀ ਪੂਰੀ ਤਰ੍ਹਾਂ ਅਣਜਾਣ ਸੀ ਕਿ ਹਮਲੇ ਦੀ ਫਿਲਮ ਬਣਾਈ ਜਾ ਰਹੀ ਹੈ। ਪੁਲਿਸ ਨੇ ਕਿਹਾ ਕਿ ਉਸਨੇ ਬਲਾਤਕਾਰ ਦੇ ਚਾਰ ਅਪਰਾਧਾਂ, ਅਸ਼ਲੀਲ ਤਸਵੀਰਾਂ ਲੈਣ ਅਤੇ ਅਸ਼ਲੀਲ ਤਸਵੀਰਾਂ ਸਾਂਝੀਆਂ ਕਰਨ ਅਤੇ ਜਿਨਸੀ ਹਮਲੇ ਵਿੱਚ ਸ਼ਾਮਲ ਹੋਣ ਦੇ ਦੋਸ਼ ਸਵੀਕਾਰ ਕੀਤੇ।

ਵੈਲਿੰਗਟਨ ਰੋਡ, ਵੁਲਵਰਹੈਂਪਟਨ ਦੇ ਰਹਿਣ ਵਾਲੇ 21 ਸਾਲਾ ਨੌਜਵਾਨ ਨੂੰ ਬੀਤੇ ਹਫਤੇ ਵੁਲਵਰਹੈਂਪਟਨ ਕਰਾਊਨ ਕੋਰਟ ਵਿੱਚ 18 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਵੈਸਟ ਮਿਡਲੈਂਡਜ਼ ਪੁਲਿਸ ਦੀ ਜਨਤਕ ਸੁਰੱਖਿਆ ਇਕਾਈ ਦੇ ਡਿਟੈਕਟਿਵ ਕੌਨ ਮਾਰਕ ਟੈਲਿਸ ਨੇ ਕਿਹਾ ਕਿ ਰੰਧਾਵਾ ਨੇ ਆਪਣੀਆਂ ਜਿਨਸੀ ਇੱਛਾਵਾਂ ਲਈ ਇਨ੍ਹਾਂ ਨੌਜਵਾਨ ਕੁੜੀਆਂ ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ। ਕੁੜੀਆਂ ਦੇ ਅੱਗੇ ਆਉਣ ਦੀ ਹਿੰਮਤ ਦੁਆਰਾ ਹੀ ਅਸੀਂ ਰੰਧਾਵਾ ਨੂੰ ਉਸਦੇ ਘਿਣਾਉਣੇ ਵਿਵਹਾਰ ਲਈ ਦੋਸ਼ੀ ਠਹਿਰਾਉਣ ਦੇ ਯੋਗ ਹੋਏ ਹਾਂ।

## ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਅਤੇ ਕਲਚਰਲ ਕਲੱਬ ਯੂ ਕੇ ਵੱਲੋਂ ਹੋਲਾ ਮਹੱਲਾ ਟੂਰਨਾਮੈਂਟ 3 ਮਾਰਚ ਨੂੰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਅਤੇ ਕਲਚਰਲ ਕਲੱਬ ਯੂ ਕੇ ਵੱਲੋਂ 11ਵਾਂ ਹੋਲਾ ਮਹੱਲਾ ਗੱਤਕਾ ਅਤੇ ਕਬੱਡੀ ਕੱਪ 3 ਮਾਰਚ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਜਗਬੀਰ ਸਿੰਘ ਜੱਗਾ ਅਤੇ ਚੇਅਰਮੈਨ ਗੁਰ-


ਜਗਬੀਰ ਸਿੰਘ ਜੱਗਾ ਅਤੇ ਗੁਰਚਰਨ ਸਿੰਘ ਸੂਜਾਪੁਰ

ਚਰਨ ਸਿੰਘ ਸੂਜਾਪੁਰ ਨੇ ਦੱਸਿਆ ਕਿ ਇਸ ਵਾਰ ਸਿਰਫ ਇਕ ਦਿਨ ਹੀ ਟੂਰਨਾਮੈਂਟ ਹੋਵੇਗਾ। ਜਿਸ ਵਿੱਚ ਨਾਮੀ ਕਬੱਡੀ ਖਿਡਾਰੀ ਹਿੱਸਾ ਲੈਣਗੇ। ਉਹਨਾਂ ਕਿਹਾ ਕਿ ਇਹ ਟੂਰਨਾਮੈਂਟ ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਅਤੇ ਕਲਚਰਲ ਕਲੱਬ ਯੂ ਕੇ ਵੱਲੋਂ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਜਿਸ ਵਿੱਚ ਗੱਤਕੇ ਦੇ ਮੁਕਾਬਲੇ ਵੀ ਕਰਵਾਏ ਜਾਣਗੇ।

## ਦਿੱਲੀ ਸਰਕਾਰ ਵਲੋਂ ਪ੍ਰੋਫੈਸਰ ਭੁੱਲਰ ਦੀ ਰਿਹਾਈ ਅਪੀਲ ਰੱਦ ਕਰਨ ਦੀ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵੱਲੋਂ ਨਿੰਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ ਲੈ ਕੇ ਦਿੱਲੀ ਸਰਕਾਰ ਵੱਲੋਂ ਦਿੱਤੇ ਗਏ ਫੈਸਲੇ ਦੀ ਯੂ ਕੇ ਦੀਆਂ ਸਿੱਖ ਜੱਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਯੂ ਕੇ ਨੇ ਸਖ਼ਤ ਨਿੰਦਾ ਕੀਤੀ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼


ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ

ਯੂ ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਦਿੱਲੀ ਦੀ ਭਾਜਪਾ ਦੀ ਸਰਕਾਰ ਵਲੋਂ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ ਖਾਰਜ ਕਰਨ ਤੋਂ ਬਾਅਦ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸਿੱਖ ਚਿਹਰਿਆਂ ਨੂੰ ਅਹਿਸਾਸ ਕਰਨ ਦੀ ਲੋੜ ਹੈ ਕਿ ਫਿਰਕਾਪ੍ਰਸਤ ਲਾਬੀ ਸਿੱਖ ਕੌਮ ਦਾ ਕਦੇ ਵੀ ਭਲਾ ਨਹੀਂ ਚਾਹੁੰਦੀ। ਇਸ ਤੋਂ ਇਲਾਵਾ ਬੀਤੇ ਵਿੱਚ ਸਿੱਖ ਸੰਘਰਸ਼ ਦੌਰਾਨ ਸਿੱਖ ਨੌਜਵਾਨੀ ਦਾ ਘਾਣ ਕਰਨ ਵਾਲੇ ਲੋਕਾਂ ਦੇ ਪ੍ਰੀਵਾਰਾਂ ਦੀਆਂ ਮੁਲਾਕਾਤਾਂ ਕਰਕੇ ਕੁਝ ਮੀਡੀਏ ਵੱਲੋਂ ਸ਼ੋਸ਼ਲ ਮੀਡੀਆ ਤੇ ਪਾਈਆਂ ਜਾ ਰਹੀਆਂ ਹਨ। ਉਕਤ ਆਗੂਆਂ ਨੇ ਕਿਹਾ ਕਿ ਸਿੱਖ ਕੌਮ ਦੇ ਕਾਤਲਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਇੰਟਰਵਿਊ ਕਰਕੇ ਸਰਕਾਰੀ ਖੁਸ਼ੀ ਹਾਸਲ ਕਰਨਾ ਜਾਪਦਾ ਹੈ। ਸਿੱਖ ਆਗੂਆਂ ਵਲੋਂ ਆਪਣੇ ਪਰਿਵਾਰਕ ਸਮਾਗਮਾਂ ਵਿੱਚ ਸਿੱਖ ਕੌਮ ਦੇ ਕਾਤਲਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੱਦਣ ਦੀ ਬਜਾਏ ਉਹਨਾਂ ਦਾ ਮੁਕੰਮਲ ਬਾਈਕਾਟ ਕਰਦਿਆਂ ਉਹਨਾਂ ਤੋਂ ਦੂਰੀ ਬਣਾ ਕੇ ਰੱਖਣ ਦੀ ਜਰੂਰਤ ਹੈ। ਸਿੱਖ ਆਗੂਆਂ ਨੇ ਕਿਹਾ ਕਿ ਕੇ.ਪੀ.ਐਸ ਗਿੱਲ ਵਰਗਿਆਂ ਨੇ ਵੱਡੀ ਪੱਧਰ ਤੇ ਇਨਸਾਨੀਅਤ ਦਾ ਘਾਣ ਕੀਤਾ ਹੈ। ਉਹਨਾਂ ਬਾਰੇ ਮੀਡੀਆ ਤੇ ਪੇਸ਼ਕਾਰੀ ਪੀੜਤ ਪਰਿਵਾਰਾਂ ਨੂੰ ਗਹਿਰੀ ਮਾਨਸਿਕ ਪੀੜਾ ਦਿੰਦੀ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਯੂਨੀਵਰਸਿਟੀ ਕਾਲਜ ਲੰਡਨ ਅਤੇ ਵਿਦਿਆਰਥੀਆਂ ਵਿਚਕਾਰ ਹੋਏ ਸਮਝੌਤੇ ਤੋਂ ਬਾਅਦ 36 ਹੋਰ ਯੂਨੀਵਰਸਿਟੀਆਂ ਵਿਰੁੱਧ ਵਿਦਿਆਰਥੀਆਂ ਨੇ ਕੋਵਿਡ ਮੁਆਵਜ਼ੇ ਦਾ ਕੀਤਾ ਦਾਅਵਾ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਨੀਵਰਸਿਟੀ ਕਾਲਜ ਲੰਡਨ ਅਤੇ ਵਿਦਿਆਰਥੀਆਂ ਵਿਚਕਾਰ ਹੋਏ ਸਮਝੌਤੇ ਤੋਂ ਬਾਅਦ 36 ਹੋਰ ਯੂਨੀਵਰਸਿਟੀਆਂ ਵਿਰੁੱਧ ਵਿਦਿਆਰਥੀਆਂ ਨੇ ਕੋਵਿਡ ਮੁਆਵਜ਼ੇ ਦਾ ਕੀਤਾ ਦਾਅਵਾ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਨੇ ਦਾਅਵਾ ਕੀਤਾ ਹੈ ਕਿ ਕੋਵਿਡ ਮਹਾਂਮਾਰੀ ਦੌਰਾਨ ਪੂਰੀ ਸਿੱਖਿਆ ਪ੍ਰਾਪਤ ਨਹੀਂ ਹੋਈ ਜਿਸ ਲਈ ਉਨ੍ਹਾਂ ਨੇ ਭੁਗਤਾਨ ਕੀਤਾ ਸੀ।***

ਪ੍ਰਾਪਤ ਜਾਣਕਾਰੀ ਅਨੁਸਾਰ ਯੂ ਕੇ ਦੀਆਂ 36 ਯੂਨੀਵਰਸਿਟੀਆਂ ਨੂੰ 170,000 ਤੋਂ ਵੱਧ ਮੌਜੂਦਾ ਅਤੇ ਸਾਬਕਾ ਵਿਦਿਆਰਥੀਆਂ ਵੱਲੋਂ ਕੀਤੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯੂਨੀਵਰਸਿਟੀਜ਼ ਯੂ ਕੇ ਜੋ ਕਿ 140 ਤੋਂ ਵੱਧ ਸੰਸਥਾਵਾਂ ਦੀ ਨੁਮਾਇੰਦਗੀ ਕਰਦੀ ਹੈ ਦੇ ਬੁਲਾਰੇ ਨੇ ਕਿਹਾ ਕਿ ਮਹਾਂਮਾਰੀ ਇੱਕ "ਵੱਡੀ ਚੁਣੌਤੀ" ਸੀ ਅਤੇ ਸਿੱਖਿਆ ਖੇਤਰ ਨੂੰ ਤੇਜ਼ੀ ਨਾਲ ਬਦਲਦੀ ਸਥਿਤੀ ਦੇ ਅਨੁਕੂਲ ਹੋਣਾ ਪਿਆ। ਲਾਕਡਾਊਨ ਦੇ ਦੌਰਾਨ ਯੂਨੀਵਰਸਿਟੀਆਂ ਨੂੰ ਆਮ ਵਾਂਗ ਵਿਅਕਤੀਗਤ ਤੌਰ 'ਤੇ ਸਿੱਖਿਆ ਦੇਣ ਦੀ ਇਜਾਜ਼ਤ ਨਹੀਂ ਸੀ ਅਤੇ ਜਿਸ ਕਰਕੇ ਵਿਦਿਆਰਥੀਆਂ ਨੂੰ ਆਪਣੀਆਂ ਡਿਗਰੀਆਂ ਪੂਰੀਆਂ ਕਰਨ ਦੀ ਆਗਿਆ ਦੇਣ ਲਈ ਤੇਜ਼ੀ ਨਾਲ ਅਤੇ ਵੱਖਰੇ ਢੰਗ ਨਾਲ ਪ੍ਰਬੰਧ ਕੀਤਾ ਗਿਆ।

ਉਸ ਸਮੇਂ ਸਰਕਾਰ ਨੇ ਕਿਹਾ ਸੀ ਕਿ ਯੂਨੀਵਰਸਿਟੀਆਂ ਆਪਣੀਆਂ ਫੀਸਾਂ ਨਿਰਧਾਰਤ ਕਰਨ ਲਈ ਜ਼ਿੰਮੇਵਾਰ ਹਨ ਅਤੇ ਉਹ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨਾ ਜਾਰੀ ਰੱਖਣਗੀਆਂ। ਯੂਨੀਵਰਸਿਟੀ ਕਾਲਜ ਲੰਡਨ ਨੇ ਆਪਣੇ ਮਾਮਲੇ ਵਿੱਚ ਕੋਈ ਜ਼ਿੰਮੇਵਾਰੀ ਸਵੀਕਾਰ ਨਹੀਂ ਕੀਤੀ ਹੈ ਅਤੇ ਸਮਝੌਤੇ ਦੇ ਵੇਰਵੇ ਗੁਪਤ ਰੱਖੇ ਗਏ ਹਨ, ਨਾ ਤਾਂ ਸੰਸਥਾ ਅਤੇ ਨਾ ਹੀ ਵਿਦਿਆਰਥੀਆਂ ਦੇ ਵਕੀਲ ਇਸ 'ਤੇ ਚਰਚਾ ਕਰ ਸਕਦੇ ਹਨ। ਯੂਨੀਵਰਸਿਟੀ ਕਾਲਜ ਲੰਡਨ ਦੇ ਖਿਲਾਫ 6,000 ਵਿਦਿਆਰਥੀਆਂ ਨੇ ਕੇਸ ਦਾਇਰ ਕੀਤਾ ਸੀ ਅਤੇ ਮਾਰਚ ਵਿੱਚ ਅਦਾਲਤ ਵਿੱਚ ਸੁਣਵਾਈ ਹੋਣੀ ਸੀ। ਪਰ ਦੋਵਾਂ ਧਿਰਾਂ ਵਿੱਚ ਪਹਿਲਾਂ ਹੀ ਸਹਿਮਤੀ ਬਣ ਗਈ। ਪਰ ਇਸ ਸਮਝੌਤੇ ਨੇ ਹੋਰ ਯੂਨੀਵਰਸਿਟੀਆਂ ਦੇ ਖਿਲਾਫ ਵੱਡੇ ਪੱਧਰ 'ਤੇ ਕਾਨੂੰਨੀ ਕਾਰਵਾਈ ਦਾ ਰਾਹ ਖੋਲ੍ਹ ਦਿੱਤਾ ਹੈ।

ਹੁਣ ਬ੍ਰਿਸਟਲ, ਬਰਮਿੰਘਮ, ਲੀਡਜ਼, ਲਿਵਰਪੂਲ ਅਤੇ ਨਿਊਕਾਸਲ ਸਮੇਤ ਬਹੁਤ ਸਾਰੀਆਂ ਯੂਨੀਵਰਸਿਟੀਆਂ ਦੇ ਖਿਲਾਫ ਖਪਤਕਾਰ ਕਾਨੂੰਨ ਦੇ ਤਹਿਤ ਮਾਮਲਾ ਲਿਆਂਦਾ ਜਾ ਰਿਹਾ ਹੈ। ਦਾਅਵੇ ਦਾ ਮੁੱਖ ਹਿੱਸਾ ਆਨਲਾਈਨ ਅਤੇ ਵਿਅਕਤੀਗਤ ਤੌਰ 'ਤੇ ਦਿੱਤੇ ਜਾਣ ਵਾਲੇ ਕੋਰਸਾਂ ਵਿਚਕਾਰ ਟਿਊਸ਼ਨ ਫੀਸ ਦੀ ਕੀਮਤ ਵਿੱਚ ਅੰਤਰ ਬਾਰੇ ਹੈ।

# ਯੂ ਕੇ ਦੀ ਬੇਰੁਜ਼ਗਾਰੀ ਦਰ ਵਿੱਚ 5.2% ਤੱਕ ਵਾਧਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੀ ਬੇਰੁਜ਼ਗਾਰੀ ਦਰ 2025 ਦੇ ਆਖਰੀ ਤਿੰਨ ਮਹੀਨਿਆਂ ਵਿੱਚ ਲਗਭਗ ਪੰਜ ਸਾਲਾਂ ਦੇ ਸਭ ਤੋਂ ਉੱਚ ਪੱਧਰ 'ਤੇ ਪਹੁੰਚੀ ਹੈ, ਅਧਿਕਾਰਤ ਅੰਕੜਿਆਂ ਮੁਤਾਬਿਕ ਇਹ ਦਰ 5.2 ਫੀਸਦੀ ਤੱਕ ਵੱਧੀ ਹੈ।

ਨਵੰਬਰ 2025 ਤੱਕ ਦੇ ਤਿੰਨ ਮਹੀਨਿਆਂ ਵਿੱਚ ਬੇਰੁਜ਼ਗਾਰੀ ਦਰ 5.1 ਫੀਸਦੀ ਵਧੀ ਅਤੇ ਇਸ ਸਮੇਂ ਦੌਰਾਨ ਦੇਸ਼ ਭਰ ਵਿੱਚ ਤਨਖਾਹ ਵਾਧਾ ਦਰ ਹੌਲੀ ਹੋ ਗਿਆ ਹੈ। ਅੰਕੜਾ ਵਿਸ਼ਲੇਸ਼ਣ ਅਨੁਸਾਰ ਇਸ ਦੌਰਾਨ ਸਾਲਾਨਾ ਤਨਖਾਹਾਂ ਵਿੱਚ 4.2 ਫੀਸਦੀ ਦਾ ਵਾਧਾ ਹੋਇਆ ਜਦ ਕਿ ਜਨਤਕ ਖੇਤਰ ਦੀ ਤਨਖਾਹ ਕਾਰਨ ਔਸਤ ਕਮਾਈ 7.2 ਫੀਸਦੀ ਵਧੀ ਹੈ। ਨਿੱਜੀ ਖੇਤਰ ਵਿੱਚ ਕੰਮ ਕਰਨ ਵਾਲਿਆਂ ਦੀ ਸਾਲਾਨਾ ਤਨਖਾਹ ਵਿੱਚ 3.4 ਫੀਸਦੀ ਦਾ ਵਾਧਾ ਹੋਇਆ ਹੈ।

ਯੂ ਕੇ ਦੀ ਆਰਥਿਕ ਵਿਕਾਸ ਦਰ ਵੀ ਮੱਧਮ ਪੈਈ ਹੈ। ਕਾਰੋਬਾਰਾਂ ਨੇ ਉੱਚ ਲਾਗਤਾਂ ਦੇ ਕਾਰਨ ਖ਼ਰਚਿਆਂ ਵਿੱਚ ਕਟੌਤੀਆਂ ਕੀਤੀਆਂ, ਜਿਸ ਕਾਰਨ ਨਵੇਂ ਕਾਮਿਆਂ ਦੀ ਭਰਤੀ ਘਟੀ ਹੈ। ਖਜ਼ਾਨਾ ਮੰਤਰੀ ਰੇਚਲ ਰੀਵਜ਼ ਦੇ 2024 ਦੇ ਬਜਟ ਵਿੱਚ ਮਾਲਕ ਰਾਸ਼ਟਰੀ ਬੀਮਾ ਯੋਗਦਾਨ ਵਿੱਚ ਵੀ ਵਾਧਾ ਕੀਤਾ ਗਿਆ ਅਤੇ ਘੱਟੋ-ਘੱਟ ਉਜਰਤ ਵਿੱਚ ਵਾਧਾ ਹੋਇਆ ਹੈ, ਜਿਸ ਕਾਰਨ ਕੁਝ ਕਾਰੋਬਾਰਾਂ ਨੇ ਕੰਮ ਛੱਡਣ ਵਾਲੇ ਕਰਮਚਾਰੀਆਂ ਦੀ ਥਾਂ ਨਵੀਂ ਭਰਤੀ ਕਰਨ ਵਿੱਚ ਦੇਰੀ ਕੀਤੀ ਹੈ।

ਰਾਸ਼ਟਰੀ ਅੰਕੜਾ ਸੰਗ੍ਰਹਿ ਦਫਤਰ ਨੇ ਕਿਹਾ ਕਿ ਅੰਕੜੇ "ਘਟੀ ਭਰਤੀ ਗਤੀਵਿਧੀ" ਨੂੰ ਦਰਸਾਉਂਦੇ ਹਨ, ਪਰ ਕੰਮਾਂ ਤੋਂ ਵਾਂਝੇ ਲੋਕ ਨੌਕਰੀਆਂ ਦੀ ਭਾਲ ਕਰ ਰਹੇ ਹਨ।ਆਰਥਿਕ ਅੰਕੜਾ ਨਿਰਦੇਸ਼ਕ ਲਿਜ਼ ਮੈਕਕੌਨ ਨੇ ਕਿਹਾ ਕਿ "ਪਿਛਲੇ ਸਾਲ ਦੇ ਮੱਧ ਤੋਂ ਖਾਲੀ ਅਸਾਮੀਆਂ ਦੀ ਗਿਣਤੀ ਮੋਟੇ ਤੌਰ 'ਤੇ ਸਥਿਰ ਰਹੀ ਹੈ।ਬੇਰੁਜ਼ਗਾਰੀ ਵਧਣ ਦੇ ਨਾਲ ਪ੍ਰਤੀ ਖਾਲੀ ਅਸਾਮੀਆਂ ਲਈ ਬਿਨੈਕਾਰਾਂ ਦੀ ਗਿਣਤੀ ਵਧੀ ਹੈ, ਜੋ ਮਹਾਂਮਾਰੀ ਤੋਂ ਬਾਅਦ ਸਭ ਤੋਂ ਉੱਚ ਪੱਧਰ 'ਤੇ ਪਹੁੰਚ ਗਈ ਹੈ।

# ਬਰਤਾਨੀਆਂ ਦੀ ਨੌਜਵਾਨ ਬੇਰੁਜ਼ਗਾਰੀ ਦਰ ਪਹਿਲੀ ਵਾਰ ਯੂਰਪੀਅਨ ਯੂਨੀਅਨ ਤੋਂ ਵਧੀ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਨੌਜਵਾਨ ਬੇਰੁਜ਼ਗਾਰੀ ਦਰ ਪਹਿਲੀ ਵਾਰ ਯੂਰਪੀਅਨ ਯੂਨੀਅਨ ਤੋਂ ਵੱਧ ਹੋ ਗਈ ਹੈ। ਬੈਂਕ ਆਫ਼ ਇੰਗਲੈਂਡ ਦੇ ਇੱਕ ਅਧਿਕਾਰੀ ਨੇ ਇਸ ਦਾ ਕਾਰਨ ਘੱਟੋ-ਘੱਟ ਤਨਖਾਹ ਵਿੱਚ ਕੀਤੇ ਜਾਂਦੇ ਵਾਧੇ ਨੂੰ ਦੱਸਿਆ ਹੈ।*** **ਆਰਥਿਕ ਨੀਤੀਆਂ 'ਚ ਸੁਧਾਰ ਅਤੇ ਜਾਣਕਾਰੀ ਦੇਣ ਵਾਲੀ ਸਰਕਾਰੀ ਸੰਸਥਾ ਓ ਈ ਸੀ ਡੀ ਦੁਆਰਾ ਪ੍ਰਕਾਸ਼ਿਤ ਅੰਕੜਿਆਂ ਅਨੁਸਾਰ ਸਤੰਬਰ ਤੱਕ ਤਿੰਨ ਮਹੀਨਿਆਂ ਵਿੱਚ 16 ਤੋਂ 24 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ 15.3 ਪ੍ਰਤੀਸ਼ਤ ਤੱਕ ਪਹੁੰਚੀ ਹੈ, ਜੋ ਕਿ ਯੂਰਪੀਅਨ ਯੂਨੀਅਨ ਦੀ 15 ਪ੍ਰਤੀਸ਼ਤ ਦੀ ਦਰ ਨੂੰ ਪਾਰ ਕਰ ਗਈ ਹੈ। ਅੰਕੜੇ ਦੱਸਦੇ ਹਨ ਕਿ ਲੇਬਰ ਪਾਰਟੀ ਦੇ ਸੱਤਾ ਸੰਭਾਲਣ ਤੋਂ ਬਾਅਦ 150,000 ਹੋਰ ਨੌਜਵਾਨ ਬੇਰੋਜ਼ਗਾਰ ਹੋਏ ਹਨ, ਜਿਸ ਨਾਲ 16 ਤੋਂ 24 ਸਾਲ ਦੇ ਬੇਰੁਜ਼ਗਾਰਾਂ ਦੀ ਕੁੱਲ ਗਿਣਤੀ 729,000 ਹੋ ਗਈ ਹੈ।**

ਬੈਂਕ ਦੀ ਸੀਨੀਅਰ ਅਧਿਕਾਰੀ ਕੈਥਰੀਨ ਮੈਨ ਨੇ ਕਿਹਾ ਕਿ ਟੋਰੀ ਸਰਕਾਰ ਵੇਲੇ ਸ਼ੁਰੂ ਹੋਏ ਅਤੇ ਲੇਬਰ ਦੁਆਰਾ ਜਾਰੀ ਰੱਖੇ ਗਏ ਘੱਟੋ-ਘੱਟ ਤਨਖਾਹ ਦਰ ਵਿੱਚ ਵਾਧੇ ਨੌਜਵਾਨਾਂ ਲਈ ਬੇਰੁਜ਼ਗਾਰੀ ਵਜੋਂ ਸਾਹਮਣੇ ਆਏ ਹਨ, ਇਹ ਸਰਕਾਰੀ ਨੀਤੀ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ ਵਿੱਚ ਹੋਏ ਵਾਧੇ ਦਾ ਸਭ ਤੋਂ ਵੱਡਾ ਕਾਰਨ ਹੈ। ਲੇਬਰ ਨੇ 1999 ਵਿੱਚ ਸ਼ੁਰੂ ਹੋਏ ਇਸ ਢਾਂਚੇ ਨੂੰ ਖ਼ਤਮ ਕਰਨ ਲਈ ਕਿਹਾ ਹੈ। ਅਪ੍ਰੈਲ 2024 ਵਿੱਚ ਤਤਕਾਲੀ ਖ਼ਜ਼ਾਨਾ ਮੰਤਰੀ ਜੇਰੇਮੀ ਹੰਟ ਨੇ 21 ਅਤੇ 22 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਇਸ ਨੀਤੀ ਨੂੰ ਖਤਮ ਕੀਤਾ ਸੀ।

ਖਜ਼ਾਨਾ ਮੰਤਰੀ ਰੇਚਲ ਰੀਵਜ਼ ਨੇ ਅਪ੍ਰੈਲ 2025 ਵਿੱਚ 18 ਤੋਂ 20 ਸਾਲ ਦੀ ਉਮਰ ਦੇ ਨੌਜਵਾਨਾਂ ਦੀ ਘੱਟੋ ਘੱਟ ਤਨਖਾਹ ਦਰ ਵਿੱਚ 16.3% ਵਾਧਾ ਕੀਤਾ, ਜਿਸ ਨਾਲ 8.60 ਪੌਂਡ ਤੋਂ ਵੱਧ ਕੇ 10 ਪੌਂਡ ਪ੍ਰਤੀ ਘੰਟਾ ਤਨਖਾਹ ਹੋ ਗਈ। 21 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਕਾਮਿਆਂ ਲਈ 11.44 ਪੌਂਡ ਤੋਂ ਵਧਾ ਕੇ 12.21 ਪੌਂਡ ਕੀਤਾ ਗਿਆ।

ਅਪ੍ਰੈਲ 2026 ਵਿੱਚ ਨੌਜਵਾਨਾਂ ਦੀ ਵੇਤਨ ਦਰ ਦੁਬਾਰਾ 8.5% ਵਧੇਗੀ ਜਾਣੀ 10.85 ਪੌਂਡ ਪ੍ਰਤੀ ਘੰਟਾ ਹੋਵੇਗੀ। 21 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਇਹ 4.1 ਫੀਸਦੀ ਵਧ ਕੇ 12.71 ਪੌਂਡ ਪ੍ਰਤੀ ਘੰਟਾ ਹੋ ਜਾਵੇਗੀ।

ਇੰਸਟੀਚਿਊਟ ਫਾਰ ਫਿਸਕਲ ਸਟੱਡੀਜ਼ ਦੇ ਸਾਬਕਾ ਡਾਇਰੈਕਟਰ ਪਾਲ ਜੌਹਨਸਨ ਨੇ ਕਿਹਾ ਕਿ ਹਾਲ ਹੀ ਵਿੱਚ ਹੋਏ ਬਦਲਾਅ ਲੋਕਾਂ ਲਈ ਆਪਣੀ ਪਹਿਲੀ ਨੌਕਰੀ ਪ੍ਰਾਪਤ ਕਰਨਾ ਮੁਸ਼ਕਲ ਬਣਾ ਰਹੇ ਹਨ। ਨੌਜਵਾਨਾਂ ਲਈ ਘੱਟ ਤਨਖਾਹਾਂ ਮਾਲਕਾਂ ਨੂੰ ਘੱਟ ਤਜਰਬੇਕਾਰ ਨੌਜਵਾਨਾਂ ਨੂੰ ਮੌਕਾ ਦੇਣ ਲਈ ਉਤਸ਼ਾਹਿਤ ਕਰਨ ਲਈ ਨੀਤੀ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਜੇਕਰ ਮਾਲਕਾਂ ਨੇ 18 ਸਾਲ ਅਤੇ 25 ਸਾਲ ਦੀ ਉਮਰ ਦੇ ਬੱਚਿਆਂ ਨੂੰ ਇੱਕੋ ਜਿਹਾ ਭੁਗਤਾਨ ਕਰਨਾ ਹੈ, ਤਾਂ ਉਹ 18 ਸਾਲ ਦੀ ਉਮਰ ਦੇ ਬੱਚਿਆਂ ਨੂੰ ਕਿਉਂ ਚੁਣਨਗੇ?

ਘੱਟੋ ਘੱਟ ਤਨਖਾਹ ਦਰ ਆਰਥਿਕ ਸੰਕਟ ਵਿੱਚੋਂ ਲੰਘ ਰਹੇ ਬਰਤਾਨਵੀ ਲੋਕਾਂ ਲਈ ਇੱਕ ਨਵੀਂ ਸਮੱਸਿਆ ਦਾ ਕਾਰਨ ਬਣ ਕੇ ਸਾਹਮਣੇ ਆ ਰਹੀ ਹੈ।

# ਸਮੈਦਿਕ ਗੁਰਦੁਆਰੇ ਸਾਕਾ ਨਕੋਦਰ ਦੀ 40ਵੀਂ ਵਰ੍ਹੇਗੰਢ ਮੌਕੇ ਸ਼ਹੀਦੀ ਸਮਾਗਮ



ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦੇ ਸਿੱਖ ਆਗੂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 4 ਫਰਵਰੀ 1986 ਨੂੰ ਨਕੋਦਰ ਵਿਖੇ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦੀ ਯਾਦ ਵਿੱਚ ਸਾਕਾ ਨਕੋਦਰ ਦੀ 40ਵੀਂ ਵਰ੍ਹੇਗੰਢ ਮੌਕੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਵਿਸ਼ੇਸ਼ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।**

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਕੀਰਤਨ ਅਤੇ ਅਰਦਾਸ ਕੀਤੀ ਗਈ। ਵੱਖ-ਵੱਖ ਪੰਥਕ ਬੁਲਾਰਿਆਂ ਨੇ 4 ਫਰਵਰੀ 1986 ਦੇ ਸਾਕੇ ਨੂੰ ਯਾਦ ਕਰਦਿਆਂ ਸ਼ਹੀਦ ਸਿੱਖਾਂ ਦੀ ਕੁਰਬਾਨੀ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਨੌਜਵਾਨ ਪੀੜ੍ਹੀ ਨੂੰ ਇਤਿਹਾਸ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਭਾਈ ਹਰਵਿੰਦਰ ਸਿੰਘ ਹੀਰਾ (ਸਟੇਜ ਸਕੱਤਰ), ਭਾਈ ਜਤਿੰਦਰ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ (ਸਿੱਖ ਫੈਡਰਸ਼ਨ ਯੂ ਕੇ), ਭਾਈ ਰਘਬੀਰ ਸਿੰਘ (ਸਾਬਕਾ ਪ੍ਰਧਾਨ ਗੁਰਦੁਆਰਾ ਬਾਬਾ ਸੰਗ ਜੀ), ਭਾਈ ਜਸਪਾਲ ਸਿੰਘ ਕੰਗ (ਸਿੱਖ ਫੈਡਰਸ਼ਨ ਯੂ ਕੇ), ਭਾਈ ਕੁਲਵੰਤ ਸਿੰਘ ਮਠਾੜਾ (ਸਿੱਖ ਫੈਡਰਸ਼ਨ ਯੂ ਕੇ), ਭਾਈ ਬਲਵਿੰਦਰ ਸਿੰਘ ਚਹੇੜੂ (ਗੁਰਦੁਆਰਾ ਗੁਰੂ ਹਰ ਗੋਬਿੰਦ ਸਾਹਿਬ ਜੀ ਟੀਵੀਡੇਲ) ਨੇ ਸੰਬੋਧਨ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।

# ਨਸ਼ੀਲੀਆਂ ਵਸਤਾਂ ਦੇ ਵਪਾਰ, ਸਮੱਗਲਿੰਗ ਜਾਂ ਅਪਰਾਧਿਕ ਕਾਰਵਾਈਆ ਨੂੰ ਗੋਲੀ ਬੰਦੂਕ ਦੀ ਨੀਤੀ ਨਾਲ ਨਹੀ ਬਲਕਿ ਬੇਰੁਜਗਾਰੀ ਨੂੰ ਖਤਮ ਕਰਕੇ ਹੱਲ ਕੀਤਾ ਜਾਏ: ਮਾਨ

ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਆਮ ਆਦਮੀ ਪਾਰਟੀ ਵੱਲੋ ਪੰਜਾਬ ਵਿਚ ਗੈਗਸਟਰਵਾਦ ਅਤੇ ਨਸਿਆ ਦੇ ਕਾਰੋਬਾਰ ਨੂੰ ਖ਼ਤਮ ਕਰਨ ਲਈ ਕੀਤੀ ਗਈ ਰੈਲੀ ਦੇ ਮਕਸਦ ਨੂੰ ਉਸ ਸਮੇ ਤੱਕ ਪ੍ਰਾਪਤ ਨਹੀ ਕੀਤਾ ਜਾ ਸਕੇਗਾ, ਜਦੋ ਤੱਕ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਦੀ ਅਸਲ ਜੜ੍ਹ 'ਬੇਰੁਜਗਾਰੀ' ਦੇ ਮੁੱਦੇ ਨੂੰ ਸਮਝਕੇ ਇਸ ਨੂੰ ਪਹਿਲ ਦੇ ਆਧਾਰ ਤੇ ਹੱਲ ਨਹੀ ਕਰਦੇ । ਬੇਸ਼ੱਕ ਸਰਕਾਰ ਤੇ ਪੁਲਿਸ ਗੋਲੀ-ਬੰਦੂਕ ਦੀ ਖੇਡ ਨਾਲ ਇਸ ਉਤੇ ਫ਼ਤਹਿ ਪਾਉਣ ਦੇ ਗੈਰ ਕਾਨੂੰਨੀ ਅਤੇ ਅਣਮਨੁੱਖੀ ਅਮਲ ਕਰ ਰਹੀ ਹੈ, ਪਰ ਅਜਿਹਾ ਕਰਨ ਤੇ ਵੀ ਇਸ ਮਸਲੇ ਨੂੰ ਸਹੀ ਢੰਗ ਨਾਲ ਹੱਲ ਨਹੀ ਕੀਤਾ ਜਾ ਸਕੇਗਾ ਅਤੇ ਇਹ ਸਮਗਲਿੰਗ, ਨਸ਼ੀਲੀਆ ਵਸਤਾਂ ਦੀ ਸਪਲਾਈ ਦਾ ਕੰਮ ਨਹੀ ਰੁਕ ਸਕੇਗਾ । ਕਿਉਂਕਿ ਪਿੰਡਾਂ ਅਤੇ ਕਸਬਿਆ ਵਿਚ ਅਤਿ ਦੀ ਗਰੀਬੀ ਹੋਣ ਦੇ ਨਾਲ-ਨਾਲ ਇਨ੍ਹਾਂ ਪਰਿਵਾਰਾਂ ਵਿਚ ਵੱਡੇ ਪੱਧਰ ਤੇ ਬੇਰੁਜਗਾਰੀ ਹੈ ਜਿਸ ਨਾਲ ਵੱਡੇ ਵੱਡੇ ਸਮੱਗਲਰ ਜਾਂ ਇਨ੍ਹਾਂ ਧੰਦਿਆ ਵਿਚ ਮਸਰੂਫ ਕਾਰੋਬਾਰੀ ਲੋਕ ਇਨ੍ਹਾਂ ਦੀ ਬੇਰੁਜਗਾਰੀ ਦਾ ਪੂਰਾ ਫਾਇਦਾ ਉਠਾਉਦੇ ਹੋਏ ਇਨ੍ਹਾਂ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਇਨ੍ਹਾਂ ਕੰਮਾਂ ਵਿਚ ਵੱਡੇ ਪੈਸੇ ਦੇ ਕੇ ਲਗਾ ਦਿੰਦੇ ਹਨ । ਕਿਉਂਕਿ ਜਦੋ ਬੇਰੁਜਗਾਰ ਨੌਜਵਾਨ ਅਤੇ ਗਰੀਬ ਪਰਿਵਾਰਾਂ ਦੇ ਬੱਚੇ ਪਿੰਡਾਂ ਵਿਚ ਧਨਾਂਢ ਲੋਕਾਂ ਦੀਆਂ ਵੱਡੀਆ-ਵੱਡੀਆ ਕੋਠੀਆ ਬਣਦੇ ਦੇਖਦੇ ਹਨ, ਉਨ੍ਹਾਂ ਦੇ ਐਸਪ੍ਰਸਤੀ ਵਾਲੇ ਜੀਵਨ ਪੱਧਰ ਨੂੰ ਦੇਖਦੇ ਹਨ, ਤਾਂ ਉਹ ਇਸ ਲਾਲਸਾ ਵਿਚ ਅਤੇ ਉਨ੍ਹਾਂ ਦੀ ਚਕਾਚੌਧ ਵਾਲੀ ਜਿੰਦਗੀ ਤੋ ਪ੍ਰਭਾਵਿਤ ਹੋ ਕੇ ਇਨ੍ਹਾਂ ਸਮੱਗਲਰਾਂ ਤੇ ਵੱਡੇ ਗੈਰ ਕਾਨੂੰਨੀ ਕਾਰੋਬਾਰ ਕਰਨ ਵਾਲਿਆ ਦੇ ਕੰਮ ਵਿਚ ਮੋਹਰਾ ਬਣਨ ਲਈ ਆਪਣੀਆ ਪ੍ਰਵਾਨਗੀ ਦੇ ਦਿੰਦੇ ਹਨ । ਜਿਸ ਨਾਲ ਉਨ੍ਹਾਂ ਨੂੰ ਇਕ ਥਾਂ ਤੋ ਦੂਜੀ ਥਾਂ ਨਸ਼ੀਲੀਆਂ ਵਸਤਾਂ ਪਹੁੰਚਾਉਣ ਲਈ ਇਨ੍ਹਾਂ ਧਨਾਢਾਂ ਤੇ ਸਮੱਗਲਰਾਂ ਵੱਲੋ ਚੋਖੀ ਰਕਮ ਮਿਲ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੌਖੇ ਹੀ ਚੰਗੀਆਂ ਰਕਮਾਂ ਮਿਲਣੀਆ ਸੁਰੂ ਹੋ ਜਾਂਦੀਆ ਹਨ । ਇਸ ਲਈ ਜੇਕਰ ਅੱਜ ਇਹ ਧੰਦਾ ਵੱਧ ਰਿਹਾ ਹੈ ਤਾਂ ਉਸਦਾ ਕਾਰਨ ਬੇਰੁਜਗਾਰੀ ਅਤੇ ਗਰੀਬੀ ਦਾ ਵੱਧਣਾ ਹੈ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਮ ਆਦਮੀ ਪਾਰਟੀ ਵੱਲੋ ਮੋਗਾ ਵਿਖੇ ਗੈਰ



ਕਾਨੂੰਨੀ ਧੰਦਿਆ, ਨਸ਼ੀਲੀਆਂ ਵਸਤਾਂ ਦੇ ਵੱਧਦੇ ਵਪਾਰ ਨੂੰ ਰੋਕਣ ਹਿੱਤ ਕੀਤੀ ਗਈ ਰੈਲੀ ਉਤੇ ਅਤੇ ਸਰਕਾਰ ਵੱਲੋ ਅਪਣਾਏ ਜਾ ਰਹੇ ਦਿਸਾਹੀਣ ਢੰਗਾਂ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਇਸਦੀ ਅਸਲ ਜੜ੍ਹ ਨੂੰ ਨਾ ਸਮਝਣ ਉਤੇ ਦੁੱਖ ਜਾਹਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਤੇ ਸੈਟਰ ਸਰਕਾਰਾਂ ਨਸ਼ੀਲੀਆ ਵਸਤਾਂ ਦੇ ਗੈਰ ਕਾਨੂੰਨੀ ਕਾਰੋਬਾਰ ਨੂੰ ਖਤਮ ਕਰਨ ਲਈ ਸੰਜੀਦਾ ਹਨ, ਤਾਂ ਇਨ੍ਹਾਂ ਦੋਵਾਂ ਸਰਕਾਰਾਂ ਨੂੰ ਸਹੀ ਢੰਗ ਨਾਲ ਯੋਜਨਾ ਬਣਾਕੇ ਪੰਜਾਬ ਵਿਚ ਦਿਹਾਤੀ ਇਲਾਕਿਆ ਵਿਚ ਵੱਧ ਰਹੀ ਬੇਰੁਜਗਾਰੀ ਦੇ ਗੰਭੀਰ ਮੁੱਦੇ ਨੂੰ ਖਤਮ ਕਰਨ ਲਈ ਅੰਗਰੇਜ਼ਾਂ ਵੱਲੋ ਇੰਡੀਅਨ ਆਰਮੀ ਵਿਚ ਕਾਇਮ ਕੀਤੇ ਗਏ ਸਿੱਖਾਂ ਦੇ 33% ਭਰਤੀ ਦੇ ਕੋਟੇ ਨੂੰ ਤੁਰੰਤ ਬਹਾਲ ਕਰਨ ਦਾ ਐਲਾਨ ਕਰਨ ।

ਇਸਦੇ ਨਾਲ ਹੀ ਹੋਰ ਵਿਭਾਗਾਂ ਅਤੇ ਪ੍ਰਾਈਵੇਟ ਅਦਾਰਿਆ ਵਿਚ ਸਹੀ ਵੇਤਨਾ ਉਤੇ ਪੰਜਾਬ ਵਿਚ ਲੱਖਾਂ ਦੀ ਗਿਣਤੀ ਵਿਚ ਬੇਰੁਜਗਾਰ ਫਿਰ ਰਹੀ ਨੌਜਵਾਨੀ ਨੂੰ ਆਹਰੇ ਲਗਾਉਣ । ਤਦ ਹੀ ਨਸ਼ੀਲੀਆ ਵਸਤਾਂ ਦੇ ਵੱਡੇ ਕਾਰੋਬਾਰਾਂ ਅਤੇ ਗੈਂਗਸਟਰਾਂ ਦੇ ਵੱਧਦੇ ਅਪਰਾਧਾਂ ਨੂੰ ਠੱਲ ਪਾ ਸਕਣਗੇ ਨਾ ਕਿ ਗੋਲੀ ਬੰਦੂਕ ਨੀਤੀ ਨਾਲ ਨੌਜਵਾਨਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਮਾਰਨ ਦੇ ਅਮਲ ਕਰਕੇ। ਅਜਿਹੇ ਅਮਲ ਤਾਂ ਕੌਮਾਂਤਰੀ ਕਾਨੂੰਨਾਂ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦਾ ਵੀ ਹਨਨ ਕਰਦੇ ਹਨ ।

## ਨਾਨਾਇਮੋ ਗੋਲੀਬਾਰੀ ਮਾਮਲੇ ਵਿੱਚ 17 ਸਾਲਾ ਨੌਜਵਾਨ ਗ੍ਰਿਫ਼ਤਾਰ


ਵੈਨਕੂਵਰ-(ਮਲਕੀਤ ਸਿੰਘ) – ਕਨੇਡਾ ਦੇ ਸਮੁੰਦਰੀ ਪਾਣੀਆਂ ਚ ਵਸੇ ਟਾਪੂਨੁਮਾ ਸ਼ਹਿਰ ਨਨਾਇਮੋ ਵਿੱਚ 11 ਫਰਵਰੀ ਨੂੰ ਹੋਈ ਗੋਲੀਬਾਰੀ ਦੀ ਘਟਨਾ ਦੇ ਮਾਮਲੇ ਵਿੱਚ ਪੁਲਿਸ ਨੇ 17 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਪੁਲਿਸ ਮੁਤਾਬਕ, ਇਸ ਘਟਨਾ ਵਿੱਚ 15 ਸਾਲਾ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ, ਜਿਸ ਨੂੰ ਤੁਰੰਤ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆਸੀ ਇਲਾਜ ਤੋਂ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ ਹੈ ਅਤੇ ਉਹ ਹੌਲੀ-ਹੌਲੀ ਸਿਹਤਯਾਬ ਹੋ ਰਿਹਾ ਹੈ ਪੁਲਿਸ ਵੱਲੋਂ ਦੋਸ਼ੀ ਨੌਜਵਾਨ ਉੱਤੇ ਪੰਜ ਫੌਜਦਾਰੀ ਦੋਸ਼ ਆਇਦ ਕੀਤੇ ਗਏ ਹਨ ।ਸੁਣਵਾਈ ਤੋਂ ਬਾਅਦ ਉਸ ਨੂੰ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ।ਪੁਲਿਸ ਨੇ ਦੱਸਿਆ ਹੈ ਕਿ ਹਾਲੇ ਤੱਕ ਵਰਤਿਆ ਗਿਆ ਹਥਿਆਰ ਬਰਾਮਦ ਨਹੀਂ ਹੋ ਸਕਿਆ ਹੈ ਅਤੇ ਉਸ ਦੀ ਭਾਲ ਲਈ ਤਲਾਸ਼ੀ ਮੁਹਿੰਮ ਜਾਰੀ ਹੈ

## ਇੰਗਲੈਂਡ ਦੇ ਕਈ ਇਲਾਕਿਆਂ 'ਚ ਖਸਰੇ ਦਾ ਖ਼ਤਰਾ ਵਧਿਆ, ਬਿਨਾ ਟੀਕੇ ਵਾਲੇ ਵਿਦਿਆਰਥੀਆਂ ਨੂੰ ਸਕੂਲੋਂ ਰੋਕਣ ਦੀ ਚੇਤਾਵਨੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਕਈ ਇਲਾਕਿਆਂ ਵਿੱਚ ਖਸਰੇ ਦੇ ਵੱਧਦੇ ਮਾਮਲਿਆਂ ਨੂੰ ਲੈ ਕੇ ਸਿਹਤ ਅਧਿਕਾਰੀਆਂ ਨੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਰਿਪੋਰਟਾਂ ਮੁਤਾਬਕ ਜਿਨ੍ਹਾਂ ਬੱਚਿਆਂ ਨੂੰ ਐਮ.ਐਮ.ਆਰ. (ਖਸਰਾ, ਕੰਨਫੂਸੀ ਤੇ ਰੁਬੇਲਾ) ਦਾ ਟੀਕਾ ਨਹੀਂ ਲੱਗਿਆ, ਉਨ੍ਹਾਂ ਨੂੰ ਬਿਮਾਰੀ ਦੇ ਫੈਲਾਅ ਦੌਰਾਨ ਅਸਥਾਈ ਤੌਰ 'ਤੇ ਸਕੂਲਾਂ ਤੋਂ ਦੂਰ ਰੱਖਿਆ ਜਾ ਸਕਦਾ ਹੈ। ਇਹ ਕਦਮ ਹੋਰ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸੋਚਿਆ ਜਾ ਰਿਹਾ ਹੈ।

ਸਿਹਤ ਵਿਭਾਗ ਦੇ ਮਾਹਿਰਾਂ ਅਨੁਸਾਰ ਖਸਰਾ ਬਹੁਤ ਹੀ ਸੰਕਰਾਮਕ ਵਾਇਰਸ ਹੈ ਜੋ ਖੰਘ, ਛੀਂਕ ਜਾਂ ਨਜ਼ਦੀਕੀ ਸੰਪਰਕ ਰਾਹੀਂ ਤੇਜ਼ੀ ਨਾਲ ਫੈਲਦਾ ਹੈ। ਇਸ ਦੇ ਮੁੱਖ ਲੱਛਣਾਂ ਵਿੱਚ ਤੇਜ਼ ਬੁਖਾਰ, ਲਗਾਤਾਰ ਖੰਘ, ਅੱਖਾਂ ਵਿੱਚ ਲਾਲੀ ਅਤੇ ਸਰੀਰ 'ਤੇ ਲਾਲ ਦਾਣੇ ਸ਼ਾਮਲ ਹਨ। ਡਾਕਟਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਛੋਟੇ ਬੱਚਿਆਂ ਅਤੇ ਕਮਜ਼ੋਰ ਰੋਗ-ਪ੍ਰਤੀਰੋਧਕ ਸਮਰੱਥਾ ਵਾਲੇ ਵਿਅਕਤੀਆਂ ਲਈ ਇਹ ਬਿਮਾਰੀ ਗੰਭੀਰ ਸਾਬਤ ਹੋ ਸਕਦੀ ਹੈ।ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਕੁਝ ਇਲਾਕਿਆਂ ਵਿੱਚ ਟੀਕਾਕਰਣ ਦੀ ਦਰ ਘਟਣ ਕਾਰਨ ਮਾਮਲੇ ਵੱਧ ਰਹੇ ਹਨ। ਸਿਹਤ ਅਧਿਕਾਰੀਆਂ ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਜੇ ਬੱਚਿਆਂ ਨੂੰ ਦੋ ਖੁਰਾਕਾਂ ਵਾਲਾ ਐਮ.ਐਮ.ਆਰ. ਟੀਕਾ ਨਹੀਂ ਲੱਗਿਆ ਤਾਂ ਤੁਰੰਤ ਆਪਣੇ ਜੀ.ਪੀ. ਜਾਂ ਨਜ਼ਦੀਕੀ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ। ਮਾਹਿਰਾਂ ਦਾ ਕਹਿਣਾ ਹੈ ਕਿ ਦੋ ਖੁਰਾਕਾਂ ਨਾਲ ਲਗਭਗ ਪੂਰੀ ਸੁਰੱਖਿਆ ਪ੍ਰਾਪਤ ਹੁੰਦੀ ਹੈ। ਸਕੂਲ ਪ੍ਰਬੰਧਕਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਜੇ ਕਿਸੇ ਸਕੂਲ ਵਿੱਚ ਖਸਰੇ ਦਾ ਪੁਸ਼ਟੀਕਰਤ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਬਿਨਾ ਟੀਕੇ ਵਾਲੇ ਵਿਦਿਆਰਥੀਆਂ ਨੂੰ ਕੁਝ ਦਿਨਾਂ ਲਈ ਘਰ ਰਹਿਣ ਦੀ ਹਦਾਇਤ ਕੀਤੀ ਜਾ ਸਕਦੀ ਹੈ, ਤਾਂ ਜੋ ਸੰਕਰਮਣ ਦੀ ਲੜੀ ਨੂੰ ਤੋੜਿਆ ਜਾ ਸਕੇ। ਇਸ ਫੈਸਲੇ ਨੂੰ ਲੈ ਕੇ ਕੁਝ ਮਾਪਿਆਂ ਵੱਲੋਂ ਚਿੰਤਾ ਵੀ ਜ਼ਾਹਰ ਕੀਤੀ ਗਈ ਹੈ, ਪਰ ਸਿਹਤ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਇਹ ਕਦਮ ਸਿਰਫ਼ ਜਨ ਸੁਰੱਖਿਆ ਲਈ ਹੋਵੇਗਾ।

ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਖਸਰੇ ਦੇ ਮਾਮਲਿਆਂ ਵਿੱਚ ਦੇਰੀ ਨਾਲ ਇਲਾਜ ਕਰਨ 'ਤੇ ਕੰਨਾਂ ਦੀ ਇਨਫੈਕਸ਼ਨ, ਨਿਮੋਨੀਆ ਜਾਂ ਕਦੇ-ਕਦੇ ਦਿਮਾਗੀ ਸੁਜਨ ਵਰਗੀਆਂ ਗੰਭੀਰ ਪੇਚੀਦਗੀਆਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਜੇ ਕਿਸੇ ਬੱਚੇ ਵਿੱਚ ਲੱਛਣ ਦਿਖਾਈ ਦੇਣ ਤਾਂ ਉਸ ਨੂੰ ਤੁਰੰਤ ਸਕੂਲ ਨਾ ਭੇਜਿਆ ਜਾਵੇ ਅਤੇ ਡਾਕਟਰੀ ਸਲਾਹ ਲਈ ਜਾਵੇ।ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਹਾਲਾਤਾਂ 'ਤੇ ਨਜ਼ਰ ਰੱਖ ਰਹੇ ਹਨ ਅਤੇ ਜਰੂਰਤ ਪੈਣ 'ਤੇ ਵਧੇਰੇ ਟੀਕਾਕਰਣ ਕੈਂਪ ਵੀ ਲਗਾਏ ਜਾਣਗੇ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਅਫਵਾਹਾਂ ਦੀ ਬਜਾਏ ਪ੍ਰਮਾਣਿਤ ਜਾਣਕਾਰੀ 'ਤੇ ਭਰੋਸਾ ਕੀਤਾ ਜਾਵੇ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਅਗਲੇ 18 ਮਹੀਨਿਆਂ ਵਿੱਚ ਲੱਖਾਂ ਨੌਕਰੀਆਂ ਖਤਮ ਹੋ ਸਕਦੀਆਂ ਨੇ !

## ✪ ਮਾਈਕ੍ਰੋਸਾਫਟ ਏਆਈ ਮੁਖੀ ਨੇ ਦਿੱਤੀ ਚਿਤਾਵਨੀ ✪ ਕੀ ਹੈ ਅਸਲੀਅਤ ਅਤੇ ਕੀ ਹੈ ਕੌਮਾਂਤਰੀ ਮਾਹਿਰਾਂ ਦੀ ਰਾਏ

**ਵਿਸ਼ੇਸ਼ ਰਿਪੋਟ**
ਬਘੇਲ ਸਿੰਘ ਧਾਲੀਵਾਲ



ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਤੇਜ਼ ਰ.ਫਤਾਰ ਨੇ ਪੂਰੀ ਦੂਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮਾਈਕ੍ਰੋਸਾਫਟ ਦੇ ਏਆਈ ਮੁਖੀ ਮੁਸਤਫਾ ਸੁਲੇਮਾਨ ਨੇ ਹਾਲ ਹੀ ਵਿੱਚ ਫਾਈਨੈਂਸ਼ੀਅਲ ਟਾਈਮਜ਼ ਨਾਲ ਇੰਟਰਵਿਊ ਵਿੱਚ ਇੱਕ ਚੌਂਕਾਉਣ ਵਾਲੀ ਭਵਿੱਖਬਾਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਗਲੇ 12 ਤੋਂ 18 ਮਹੀਨਿਆਂ (ਭਾਵ ਲਗਭਗ ਡੇਢ ਸਾਲ) ਵਿੱਚ ਵ੍ਹਾਈਟ-ਕਾਲਰ ਨੌਕਰੀਆਂ ਦੇ ਜ਼ਿਆਦਾਤਰ ਕੰਮ ਪੂਰੀ ਤਰ੍ਹਾਂ ਏਆਈ ਨਾਲ ਹੋ ਸਕਦੇ ਹਨ। ਇਸ ਵਿੱਚ ਵਕੀਲ, ਅਕਾਊਂਟੈਂਟ, ਪ੍ਰੋਜੈਕਟ ਮੈਨੇਜਰ, ਮਾਰਕੀਟਿੰਗ ਪੇਸ਼ੇਵਰ ਅਤੇ ਹੋਰ ਡੈਸਕ-ਆਧਾਰਿਤ ਕੰਮ ਸ਼ਾਮਲ ਹਨ। ਇਹ ਬਿਆਨ ਏਆਈ ਦੇ ਤੇਜ਼ ਵਿਕਾਸ ਅਤੇ ਕੰਪਨੀਆਂ ਵਿੱਚ ਛਾਂਟੀ ਦੇ ਮਾਹੌਲ ਵਿੱਚ ਆਇਆ ਹੈ, ਜਿਸ ਨੇ ਲੱਖਾਂ ਲੋਕਾਂ ਵਿੱਚ ਬੇਚੈਨੀ ਪੈਦਾ ਕਰ ਦਿੱਤੀ ਹੈ।

### ਮੁਸਤਫਾ ਸੁਲੇਮਾਨ ਨੇ ਕੀ ਦਿੱਤੀ ਚਿਤਾਵਨੀ

ਮੁਸਤਫਾ ਸੁਲੇਮਾਨ, ਜੋ ਕਿ ਡੀਪਮਾਈਂਡ ਦੇ ਸਹਿ-ਸੰਸਥਾਪਕ ਵੀ ਰਹਿ ਚੁੱਕੇ ਹਨ ਅਤੇ ਪਿਛਲੇ 18 ਮਹੀਨਿਆਂ ਤੋਂ ਮਾਈਕ੍ਰੋਸਾਫਟ ਏਆਈ ਦੇ ਸੀਈਓ ਹਨ, ਨੇ ਕਿਹਾ ਕਿ ਏਆਈ ਮਾਡਲ ਹੁਣ ਇੰਨੇ ਤੇਜ਼ੀ ਨਾਲ ਸੁਧਰ ਰਹੇ ਹਨ ਕਿ ਉਹ ਖੋਜ, ਵਿਸ਼ਲੇਸ਼ਣ, ਡਰਾਫਟਿੰਗ, ਸੰਖੇਪੀਕਰਨ ਅਤੇ ਕੋਡਿੰਗ ਵਰਗੇ ਕੰਮ ਮਨੁੱਖਾਂ ਨਾਲੋਂ ਬਿਹਤਰ ਅਤੇ ਤੇਜ਼ ਕਰ ਸਕਦੇ ਹਨ। ਉਨ੍ਹਾਂ ਦੇ ਅਨੁਸਾਰ, ''ਪ੍ਰੋਫੈਸ਼ਨਲ-ਗ੍ਰੇਡ ਏਜੀਆਈ'' (ਪੇਸ਼ੇਵਰ ਪੱਧਰ ਦੀ ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ) ਜਲਦੀ ਹੀ ਆ ਜਾਵੇਗੀ, ਜੋ ਕੰਪਿਊਟਰ 'ਤੇ ਬੈਠ ਕੇ ਕੰਮ ਕਰਨ ਵਾਲੇ ਜ਼ਿਆਦਾਤਰ ਪੇਸ਼ੇਵਰਾਂ ਦੇ ਕੰਮ ਨੂੰ ਆਪਣੇ ਆਪ ਕਰ ਦੇਵੇਗੀ।

ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਕਿ ਅੱਜ ਦੇ ਏਆਈ ਮਾਡਲ ਜ਼ਿਆਦਾਤਰ ਮਨੁੱਖੀ ਕੋਡਰਾਂ ਨਾਲੋਂ ਵਧੀਆ ਕੋਡਿੰਗ ਕਰ ਰਹੇ ਹਨ। ਇਸ ਤਰ੍ਹਾਂ ਦੇ ਬਦਲਾਅ ਕਾਨੂੰਨ, ਵਿੱਤ, ਮਾਰਕੀਟਿੰਗ ਅਤੇ ਪ੍ਰਸ਼ਾਸਨ ਵਰਗੇ ਖੇਤਰਾਂ ਵਿੱਚ ਬਹੁਤ ਜਲਦੀ ਦਿਖਾਈ ਦੇਣਗੇ। ਸੁਲੇਮਾਨ ਨੇ ਇਹ ਵੀ ਮੰਨਿਆ ਕਿ ਏਆਈ ਉਤਪਾਦਕਤਾ ਵਧਾਏਗਾ ਅਤੇ ਲਾਗਤਾਂ ਘਟਾਏਗਾ, ਪਰ ਇਸ ਨਾਲ ਬਹੁਤ ਸਾਰੀਆਂ ਨੌਕਰੀਆਂ ਪ੍ਰਭਾਵਿਤ ਹੋਣਗੀਆਂ। ਉਨ੍ਹਾਂ ਨੇ ''ਹਿਊਮੈਨਿਸਟ ਸੁਪਰਇੰਟੈਲੀਜੈਂਸ''ਦੀ ਵਕਾਲਤ ਕੀਤੀ, ਜਿਸ ਵਿੱਚ ਏਆਈ ਨੂੰ ਖਾਸ ਖੇਤਰਾਂ (ਜਿਵੇਂ ਮੈਡੀਕਲ ਅਤੇ ਊਰਜਾ) ਲਈ ਵਰਤਿਆ ਜਾਵੇ, ਨਾ ਕਿ ਅਸੀਮਤ ਆਜ਼ਾਦੀ ਨਾਲ।

### ਏਆਈ ਕਾਰਨ ਨੌਕਰੀਆਂ ਨੂੰ ਖਤਰਾ: ਕੀ ਕਹਿੰਦੀਆਂ ਹਨ ਕੌਮਾਂਤਰੀ ਰਿਪੋਰਟਾਂ

ਵਰਲਡ ਇਕਨਾਮਿਕ ਫੋਰਮ ਦੀ ''ਫਿਊਚਰ ਆਫ ਜੌਬਸ ਰਿਪੋਰਟ 2025'' ਮੁਤਾਬਕ, 2030 ਤੱਕ ਦੁਨੀਆਂ ਭਰ ਵਿੱਚ 22% ਜੌਬ ਮਾਰਕੀਟ ਬਦਲ ਜਾਵੇਗੀ। ਇਸ ਵਿੱਚ 9.2 ਕਰੋੜ ਨੌਕਰੀਆਂ ਖਤਮ ਹੋ ਸਕਦੀਆਂ ਹਨ , ਜਦਕਿ 17 ਕਰੋੜ ਤੋਂ ਵੱਧ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ, ਨੈੱਟ ਵਾਧਾ 7.8 ਕਰੋੜ ਨੌਕਰੀਆਂ ਦਾ ਹੋਵੇਗਾ।



ਮੁਸਤਫਾ ਸੁਲੇਮਾਨ

ਏਆਈ ਅਤੇ ਆਟੋਮੇਸ਼ਨ ਸਭ ਤੋਂ ਵੱਡੇ ਕਾਰਨ ਹਨ।

ਰਿਪੋਰਟ ਵਿੱਚ ਸਭ ਤੋਂ ਵੱਧ ਖਤਰੇ ਵਾਲੀਆਂ ਨੌਕਰੀਆਂ ਵਿੱਚ ਡਾਕਖਾਨੇ ਦੇ ਕਲਰਕ, ਬੈਂਕ ਟੈਲਰ, ਡੇਟਾ ਐਂਟਰੀ ਕਲਰਕ, ਰਿਟੇਲ ਕੈਸ਼ੀਅਰ, ਐਡਮਿਨਿਸਟ੍ਰੇਟਿਵ ਅਸਿਸਟੈਂਟ, ਅਕਾਊਂਟਿੰਗ ਕਲਰਕ, ਟੈਲੀਮਾਰਕੀਟਰ, ਬੇਸਿਕ ਆਈਟੀ ਸਪੋਰਟ ਅਤੇ ਹੋਰ ਰੁਟੀਨ ਕੰਮ ਸ਼ਾਮਲ ਹਨ। ਭਾਰਤ ਵਿੱਚ ਵੀ ਟੈਕ ਕੰਪਨੀਆਂ ਵਿੱਚ ਛਾਂਟੀ ਜਾਰੀ ਹਨ - ਅਮੇਜ਼ਨ, ਗੂਗਲ, ਮੈਟਾ ਅਤੇ ਹੋਰਾਂ ਨੇ ਹਜ਼ਾਰਾਂ ਨੌਕਰੀਆਂ ਘਟਾਈਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਰਿਪੀਟੇਟਿਵ, ਰੂਲ-ਬੇਸਡ ਅਤੇ ਡਿਜੀਟਲ ਕੰਮਾਂ 'ਤੇ ਸਭ ਤੋਂ ਵੱਧ ਅਸਰ ਪਵੇਗਾ।

### ਮਾਹਿਰਾਂ ਦੀ ਰਾਏ: ਏਆਈ ਨੌਕਰੀਆਂ ਖਤਮ ਕਰੇਗਾ ਜਾਂ ਨਵੇਂ ਮੌਕੇ ਪੈਦਾ ਕਰੇਗਾ ?

ਮਾਹਿਰਾਂ ਵਿੱਚ ਰਾਏ ਵੰਡੀ ਹੋਈ ਹੈ। ਕੁਝ ਜਿਵੇਂ ਮੈਟ ਸ਼ੂਮਰ ਅਤੇ ਐਨਥ੍ਰੋਪਿਕ ਦੇ ਸੀਈਓ ਡੈਰੀਓ ਅਮੋਦੇਈ ਕਹਿੰਦੇ ਹਨ ਕਿ ਏਆਈ ਦਾ ਬਦਲਾਅ ਕੋਵਿਡ ਵਰਗਾ ਤੇਜ਼ ਅਤੇ ਡਰਾਉਣ ਵਾਲਾ ਹੋ ਸਕਦਾ ਹੈ। ਏਆਈ ਹੁਣ ਖੁਦ ਨਵੇਂ ਏਆਈ ਬਣਾ ਰਿਹਾ ਹੈ (ਜਿਵੇਂ ਓਪਨਏਆਈ ਦਾ ਜੀਪੀਟੀ-5.3 ਕੋਡੈਕਸ), ਜਿਸ ਨਾਲ ਤਰੱਕੀ ਹੋਰ ਤੇਜ਼ ਹੋ ਰਹੀ ਹੈ। ਪਰ ਇਤਿਹਾਸ ਵੱਲ ਵੇਖੀਏ ਤਾਂ ਕੰਪਿਊਟਰ, ਏਟੀਐੱਮ ਅਤੇ ਮੋਬਾਈਲ ਨੇ ਵੀ ਨੌਕਰੀਆਂ ਬਦਲੀਆਂ ਸਨ, ਪਰ ਨਵੇਂ ਮੌਕੇ ਵੀ ਪੈਦਾ ਕੀਤੇ। ਏਆਈ ਨੂੰ ''ਏਆਈ + ਮਨੁੱਖ'' ਵਰਸਿਜ਼ ''ਮਨੁੱਖ'' ਵਜੋਂ ਵੇਖਣਾ ਬਿਹਤਰ ਹੈ। ਜੋ ਲੋਕ ਏਆਈ ਨੂੰ ਟੂਲ ਵਜੋਂ ਵਰਤਣਾ ਸਿੱਖ ਲੈਣਗੇ, ਉਹ ਅੱਗੇ ਵਧਣਗੇ। ਪ੍ਰੋਡਕਟੀਵਿਟੀ ਵਧੇਗੀ - ਡਾਕਟਰ ਜਲਦੀ ਡਾਇਗਨੋਸਿਸ ਕਰ ਸਕਣਗੇ, ਕਿਸਾਨ ਫਸਲਾਂ ਵਧਾ ਸਕਣਗੇ ਅਤੇ ਵਿਦਿਆਰਥੀ ਬਿਹਤਰ ਸਿੱਖ ਸਕਣਗੇ।

ਮਾਹਿਰਾਂ ਦਾ ਸੁਝਾਅ ਹੈ ਕਿ ਏਆਈ ਤੋਂ ਡਰੋ ਨਹੀਂ, ਇਸ ਨੂੰ ਅਪਣਾਓ। ਲਾਈਫਲੌਂਗ ਲਰਨਿੰਗ ਜ਼ਰੂਰੀ ਹੈ। ਨਵੀਆਂ ਸਕਿਲਾਂ ਸਿੱਖੋ ਜਿਵੇਂ ਪ੍ਰੌਂਪਟ ਇੰਜੀਨੀਅਰਿੰਗ, ਡੇਟਾ ਐਨਾਲਿਸਿਸ ਅਤੇ ਏਆਈ ਟੂਲਸ ਦੀ ਵਰਤੋਂ। ਸਾਫਟ ਸਕਿਲਸ ਜਿਵੇਂ ਕ੍ਰਿਟੀਕਲ ਥਿੰਕਿੰਗ, ਇਮੋਸ਼ਨਲ ਇੰਟੈਲੀਜੈਂਸ ਅਤੇ ਕਮਿਊਨੀਕੇਸ਼ਨ 'ਤੇ ਫੋਕਸ ਕਰੋ - ਏਆਈ ਇਹਨਾਂ ਨੂੰ ਪੂਰੀ ਤਰ੍ਹਾਂ ਨਹੀਂ ਨਕਲ ਕਰ ਸਕਦਾ।

ਭਾਰਤ ਵਿੱਚ ਵੀ ਗਲੋਬਲ ਏਆਈ ਸਮਿਟ ਅਤੇ ਵਧਦੇ ਡੇਟਾ ਸੈਂਟਰਾਂ ਨਾਲ ਮੌਕੇ ਵਧ ਰਹੇ ਹਨ। ਜੇ ਅਸੀਂ ਅਪਸਕਿਲਿੰਗ 'ਤੇ ਧਿਆਨ ਦੇਈਏ ਤਾਂ ਏਆਈ ਸੰਕਟ ਨਹੀਂ, ਮੌਕਾ ਬਣ ਸਕਦਾ ਹੈ। ਪਰ ਜੇ ਨਹੀਂ ਤਾਂ ਲੱਖਾਂ ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ। ਸਮਾਂ ਆ ਗਿਆ ਹੈ ਕਿ ਅਸੀਂ ਤਿਆਰ ਹੋਈਏ - ਕਿਉਂਕਿ ਬਦਲਾਅ ਆ ਰਿਹਾ ਹੈ, ਅਤੇ ਬਹੁਤ ਤੇਜ਼ੀ ਨਾਲ !

# ਸਿੱਧੂ ਮੂਸੇਵਾਲਾ ਦੇ ਮਾਪਿਆਂ ਨੂੰ ਇਨਸਾਫ਼ ਵਿੱਚ ਜਾਣਬੁੱਝ ਕੇ ਅੜਿੱਕਾ ਪਾ ਰਹੇ ਹਨ ਮੁੱਖ ਮੰਤਰੀ ਭਗਵੰਤ ਮਾਨ

## ✪ ਸੁਖਪਾਲ ਖਹਿਰਾ ਨੇ ਆਪ ਸਰਕਾਰ ਉਪਰ ਕੀਤਾ ਤਿੱਖਾ ਹਮਲਾ ✪ ਸਿੱਧੂ ਮੂਸੇਵਾਲ ਦੇ ਮਾਤਾ ਪਿਤਾ ਸਰਕਾਰ ਤੋ ਅਸੰਤੁਸ਼ਟ

ਜਲੰਧਰ/ਕਪੂਰਥਲਾ-ਹਲਕਾ ਭੁਲੱਥ ਤੋਂ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਗੰਭੀਰ ਇਲਜ਼ਾਮ ਲਗਾਏ ਹਨ। ਉਨ੍ਹਾਂ ਕਿਹਾ ਹੈ ਕਿ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੂੰ ਇਨਸਾਫ਼ ਦੇਣ ਵਿੱਚ ਜਾਣਬੁੱਝ ਕੇ ਦੇਰੀ ਕੀਤੀ ਜਾ ਰਹੀ ਹੈ।

ਖਹਿਰਾ ਨੇ ਦੋਸ਼ ਲਾਇਆ ਕਿ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਮਿਊਜ਼ਿਕ ਪ੍ਰੋਡਿਊਸਰ ਬੰਟੀ ਬੈਂਸ ਅਤੇ ਹੋਰ ਵਿਅਕਤੀਆਂ ਵਿਰੁੱਧ ਵਿੱਤੀ ਧੋਖਾਧੜੀ ਅਤੇ ਬੇਨਿਯਮੀਆਂ ਦੀ ਸ਼ਿਕਾਇਤ ਦੇ ਬਾਵਜੂਦ ਪੁਲਸ ਵੱਲੋਂ ਐਫਆਈਆਰ ਦਰਜ ਨਹੀਂ ਕੀਤੀ ਜਾ ਰਹੀ।

ਉਨ੍ਹਾਂ ਕਿਹਾ ਕਿ ਇਹ ਸਭ ਇਸ ਲਈ ਹੋ ਰਿਹਾ ਹੈ ਕਿਉਂਕਿ ਬਲਕੌਰ ਸਿੰਘ ਆਪ ਅਤੇ ਇਸ ਦੀਆਂ ਕਿਸਾਨ ਵਿਰੋਧੀ ਤੇ ਪੰਜਾਬ ਵਿਰੋਧੀ ਨੀਤੀਆਂ ਦੇ ਸਖ਼ਤ ਆਲੋਚਕ ਹਨ।

ਸੁਖਪਾਲ ਖਹਿਰਾ ਨੇ ਸਿੱਧੇ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀ.ਜੀ.ਪੀ. ਪੰਜਾਬ ਪੁਲਸ 'ਤੇ ਇਲਜ਼ਾਮ ਲਗਾਏ ਕਿ ਉਹ ਜਾਣਬੁੱਝ ਕੇ ਇਨਸਾਫ਼ ਰੋਕ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੁਣ ਕਾਨੂੰਨ ਦਾ ਕੋਈ ਰਾਜ ਨਹੀਂ ਰਿਹਾ ਅਤੇ ਕੇਜਰੀਵਾਲ ਐਂਡ ਕੰਪਨੀ ਨੇ ਸੂਬੇ ਨੂੰ 'ਪੁਲਸ ਸਟੇਟ' ਵਿੱਚ ਬਦਲ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਮੂਸੇਵਾਲਾ ਦੇ ਮਾਪੇ ਬਲਕੌਰ ਸਿੰਘ ਅਤੇ ਚਰਨ ਕੌਰ ਆਪਣੇ ਛੋਟੇ ਪੁੱਤਰ ਨਾਲ ਬੁੱਧਵਾਰ ਨੂੰ ਮਾਨਸਾ ਦੇ ਐਸ.ਐੱਸ.ਪੀ. ਦ.ਫਤਰ ਦੇ ਬਾਹਰ ਧਰਨੇ 'ਤੇ ਬੈਠ ਗਏ ਸਨ। ਉਨ੍ਹਾਂ ਦਾ ਦੋਸ਼ ਹੈ ਕਿ ਜੂਨ 2025 ਵਿੱਚ ਵਨ ਡਿਜੀਟਲ ਕੰਪਨੀ ਅਤੇ ਬੰਟੀ ਬੈਂਸ ਸਮੇਤ ਹੋਰਾਂ ਵਿਰੁੱਧ ਵਿੱਤੀ ਬੇਨਿਯਮੀਆਂ (ਪੋਸਟਹੂਮਸ ਕਮਾਈ ਵਿੱਚ ਹੇਰਾਫੇਰੀ) ਦੀ ਸ਼ਿਕਾਇਤ ਦੇਣ ਤੋਂ ਬਾਅਦ ਵੀ 6 ਮਹੀਨੇ ਬੀਤ ਜਾਣ 'ਤੇ ਵੀ ਕੋਈ ਕਾਰਵਾਈ



ਨਹੀਂ ਹੋਈ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਤਾਂ ਉਨ੍ਹਾਂ ਦਾ ਪੁੱਤਰ ਮਾਰ ਦਿੱਤਾ ਗਿਆ ਅਤੇ ਹੁਣ ਉਸ ਦੀ ਕਮਾਈ ਵੀ ਖਾਈ ਜਾ ਰਹੀ ਹੈ।

ਧਰਨੇ ਦੌਰਾਨ ਬਲਕੌਰ ਸਿੰਘ ਨੇ ਕਿਹਾ ਕਿ ਉਹ 6 ਮਹੀਨਿਆਂ ਤੋਂ ਐਸ.ਐੱਸ.ਪੀ. ਦ.ਫਤਰ ਦੇ ਚੱਕਰ ਲਾ ਰਹੇ ਹਨ ਪਰ ਕੋਈ ਨਤੀਜਾ ਨਹੀਂ ਨਿਕਲ ਰਿਹਾ। ਬਾਅਦ ਵਿੱਚ ਡੀ.ਆਈ.ਜੀ. ਨਾਲ ਗੱਲਬਾਤ ਤੋਂ ਬਾਅਦ ਉਨ੍ਹਾਂ ਨੇ ਧਰਨਾ ਖਤਮ ਕਰ ਦਿੱਤਾ ਅਤੇ ਪੁਲਸ ਨੇ ਭਰੋਸਾ ਦਿੱਤਾ ਕਿ ਜਲਦ ਕਾਰਵਾਈ ਹੋਵੇਗੀ।

ਦੂਜੇ ਪਾਸੇ ਬੰਟੀ ਬੈਂਸ ਨੇ ਸੋਸ਼ਲ ਮੀਡੀਆ 'ਤੇ ਜਵਾਬ ਦਿੰਦੇ ਹੋਏ ਕਿਹਾ ਕਿ ਉਹ ਬੇਗੁਨਾਹ ਹੈ ਅਤੇ ਜਾਂਚ ਤੋਂ ਬਾਅਦ ਉਸ ਨੂੰ ਕਲੀਨ ਚਿੱਟ ਮਿਲੀ ਹੈ। ਉਸ ਨੇ ਕਿਹਾ ਕਿ ਉਹ ਅੱਜ ਵੀ ਪਰਿਵਾਰ ਨਾਲ ਖੜ੍ਹਾ ਹੈ ਅਤੇ ਜਦੋਂ ਵੀ ਬੁਲਾਇਆ ਜਾਵੇਗਾ, ਹਾਜ਼ਰ ਹੋਵੇਗਾ। ਉਸ ਨੇ ਹਿਸਾਬ-ਕਿਤਾਬ ਸਪੱਸ਼ਟ ਕਰਨ ਦੀ ਮੰਗ ਵੀ ਕੀਤੀ।

# ਸੈਨ ਜੋਸ ਸਟੇਟ ਯੂਨੀਵਰਸਿਟੀ ਵਿੱਚ ਸਿੱਖ ਵਿਦਿਆਰਥੀ ’ਤੇ ਨਫ਼ਰਤੀ ਹਮਲਾ

## ✪ ਸਿੱਖ ਵਿਦਿਆਰਥੀ ਸੰਗਠਨ ਨੇ ਦੀਆਂ ਸਖ਼ਤ ਨੋਟਿਸ




ਸੈਨ ਜੋਸ (ਕੈਲੀਫੋਰਨੀਆ)-ਅਮਰੀਕਾ ਦੀ ਸੈਨ ਜੋਸ ਸਟੇਟ ਯੂਨੀਵਰਸਿਟੀ ਵਿੱਚ ਬੀਤੇ ਦਿਨੀਂ ਇੱਕ ਸਿੱਖ ਵਿਦਿਆਰਥੀ ’ਤੇ ਸੰਭਾਵਿਤ ਨਫ਼ਰਤੀ ਹਮਲੇ ਨੇ ਪੂਰੇ ਕੈਂਪਸ ਵਿੱਚ ਹਲਚਲ ਮਚਾ ਦਿੱਤੀ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਨੂੰ ਨਫ਼ਰਤੀ ਅਪਰਾਧ ਵਜੋਂ ਵੇਖ ਰਿਹਾ ਹੈ।


ਸਿੱਖ ਵਿਦਿਆਰਥੀ ਸੰਗਠਨ ‘ਸਿੱਖ ਕਾਲੀਜੀਏਟ ਫੈਡਰੇਸ਼ਨ’ ਦੀ ਪ੍ਰਧਾਨ ਹਸਮੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਵਿਦਿਆਰਥੀ ਵੱਲੋਂ ਬਣਾਈ ਵੀਡੀਓ ਵੇਖੀ ਹੈ, ਜਿਸ ਵਿੱਚ ਪੰਜ ਗੈਰ-ਵਿਦਿਆਰਥੀ ਵਿਅਕਤੀਆਂ ਨੇ ਸਿੱਖ ਵਿਦਿਆਰਥੀ ’ਤੇ ਹਮਲਾ ਕੀਤਾ। ਹਮਲਾਵਰਾਂ ਨੇ ਵਿਦਿਆਰਥੀ ਨੂੰ ਹਿੰਦੂ ਸਮਝ ਕੇ ਉਸ ਨੂੰ ਧਰਤੀ ’ਤੇ ਸੁੱਟ ਦਿੱਤਾ, ਕੁਟਮਾਰ ਕੀਤੀ ਅਤੇ ਉਸ ਦੀ ਪੱਗ ਉਤਾਰ ਦਿੱਤੀ। ਇਸ ਹਮਲੇ ਤੋਂ ਬਾਅਦ ਸਿੱਖ ਵਿਦਿਆਰਥੀ ਸੰਗਠਨ ਨੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਹਸਮੀਤ ਕੌਰ ਨੇ ਕਿਹਾ ਕਿ ਇਹ ਘਟਨਾ ਦੁਬਾਰਾ ਨਹੀਂ ਹੋਣੀ ਚਾਹੀਦੀ ਅਤੇ ਯੂਨੀਵਰਸਿਟੀ ਨੂੰ ਤੁਰੰਤ ਬਦਲਾਅ ਲਿਆਉਣੇ ਚਾਹੀਦੇ ਹਨ।

ਸੰਗਠਨ ਨੇ ਕੈਂਪਸ ਵਿੱਚ ‘ਸੱਭਿਆਚਾਰਕ ਸੰਵੇਦਨਸ਼ੀਲਤਾ ਸਿਖਲਾਈ’ (ਕਲਚਰਲ ਸੈਂਸੇਟਿਵਿਟੀ ਟ੍ਰੇਨਿੰਗ) ਅਤੇ ‘ਸਿੱਖ ਜਾਗਰੂਕਤਾ’ ਪ੍ਰੋਗਰਾਮ ਸ਼ੁਰੂ ਕਰਨ ਦੀ ਮੰਗ ਕੀਤੀ ਹੈ, ਜੋ ਨਾ ਸਿਰਫ਼ ਇਸ ਯੂਨੀਵਰਸਿਟੀ ਵਿੱਚ ਸਗੋਂ ਸੂਬੇ ਦੇ ਸਾਰੇ ਕੈਂਪਸਾਂ ਵਿੱਚ ਲਾਗੂ ਹੋਣੇ ਚਾਹੀਦੇ ਹਨ। ਇਸ ਘਟਨਾ ਕਾਰਨ ਸੈਨ ਜੋਸ ਦੇ ਹਿੰਦੂ ਮੰਦਰ ਦੇ ਆਗੂਆਂ ਨੇ ਵੀ ਆਪਣੇ ਭਾਈਚਾਰੇ ਨੂੰ ਅਲਰਟ ਕਰ ਦਿੱਤਾ ਹੈ, ਕਿਉਂਕਿ ਹਮਲਾਵਰਾਂ ਨੇ ਪੀੜਤ ਨੂੰ ਹਿੰਦੂ ਸਮਝਿਆ ਸੀ। ਯੂਨੀਵਰਸਿਟੀ ਪ੍ਰਸ਼ਾਸਨ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ “ਨਫ਼ਰਤੀ ਅਪਰਾਧਾਂ ਦੀ ਸਾਡੇ ਕੈਂਪਸ ਵਿੱਚ ਕੋਈ ਥਾਂ ਨਹੀਂ, ਅਸੀਂ ਇਸ ਦੀ ਨਿੰਦਾ ਕਰਦੇ ਹਾਂ।”

ਹਸਮੀਤ ਕੌਰ ਨੇ ਕਿਹਾ, “ਮੈਂ ਬਹੁਤ ਹੈਰਾਨ ਸੀ ਕਿ ਸੈਨ ਜੋਸ ਸਟੇਟ ਵਰਗੇ ਵਿਭਿੰਨਤਾ ਵਾਲੇ ਕੈਂਪਸ ਵਿੱਚ ਵੀ ਨਫ਼ਰਤੀ ਅਪਰਾਧ ਹੋ ਸਕਦਾ ਹੈ, ਇਹ ਮੈਂ ਕਦੇ ਸੋਚਿਆ ਵੀ ਨਹੀਂ ਸੀ।”

ਸਿੱਖ ਵਿਦਿਆਰਥੀ ਸੰਗਠਨ ਟਾਊਨ ਹਾਲ ਵਿਚ ਮੀਟਿੰਗ ਕਰਨਗੇ। ਜਿੱਥੇ ਉਹ ਯੂਨੀਵਰਸਿਟੀ ਪ੍ਰਸ਼ਾਸਨ ਅੱਗੇ ਆਪਣੀਆਂ ਮੰਗਾਂ ਪੇਸ਼ ਕਰਨਗੇ।

# ਕੈਥਲ ਵਿਚ ਵਾਲੀਬਾਲ ਮੈਚ ਕਾਰਣ ਝਗੜੇ ਵਿਚ ਗਭਰੂ ਦੀ ਜਾਨ ਗਈ



ਕੈਥਲ (ਹਰਿਆਣਾ)-ਇੱਕ ਸਾਧਾਰਨ ਵਾਲੀਬਾਲ ਮੈਚ ਨੇ ਇੱਥੇ ਇੱਕ ਪਰਿਵਾਰ ਨੂੰ ਉਦਾਸੀ ਵਿੱਚ ਡੁਬੋ ਦਿੱਤਾ। 17 ਸਾਲਾ ਨਵਰਾਜ ਸਿੰਘ, ਜੋ ਕਿ ਖਾਰਕਾਂ ਪਿੰਡ ਦੇ ਰਹਿਣ ਵਾਲਾ ਸੀ ਅਤੇ ਗਲੋਬਲ ਇੰਟਰਨੈਸ਼ਨਲ ਸਕੂਲ ਵਿੱਚ 10ਵੀਂ ਜਮਾਤ ਦਾ ਵਿਦਿਆਰਥੀ ਸੀ, ਵਾਲੀਬਾਲ ਖੇਡ ਨੂੰ ਲੈ ਕੇ ਹੋਏ ਝਗੜੇ ਵਿਚ ਤਲਵਾਰ ਨਾਲ ਵਾਰ ਕਰਕੇ ਮਾਰ ਦਿੱਤਾ ਗਿਆ। ਉਸ ਦਾ ਦੋਸਤ ਵਿਨੀਤ ਵੀ ਗੰਭੀਰ ਜ਼ਖ਼ਮੀ ਹੋ ਗਿਆ। ਘਟਨਾ ਬੀਤੇ ਦਿਨੀਂ ਵਾਪਰੀ ਜਦੋਂ ਸਕੂਲ ਵਿੱਚ ਵਾਲੀਬਾਲ ਮੈਚ ਦੌਰਾਨ ਵਿਨੀਤ ਅਤੇ ਲਵਪ੍ਰੀਤ ਲੱਬੀ ਵਿਚਕਾਰ ਕੋਲਡ ਡਰਿੰਕ ’ਤੇ ਸੱਟੇ ਅਤੇ ਅੰਕ ਨੂੰ ਲੈ ਕੇ ਝਗੜਾ ਹੋ ਗਿਆ ਸੀ। ਝਗੜੇ ਨੂੰ ਸੁਲਝਾਉਣ ਲਈ ਦੋਵੇਂ ਸਮੂਹ ਰਾਮਥਲੀ ਤੋਂ ਲੱਦਾਣਾ ਚੱਕੂ ਮਾਈਨਰ ਨੇੜੇ ਮਿਲੇ। ਪਰ ਮੁਲਜ਼ਮ ਚਾਕੂ, ਤਲਵਾਰਾਂ ਅਤੇ ਡੰਡਿਆਂ ਨਾਲ ਲੈਸ ਸਨ। ਉਨ੍ਹਾਂ ਨੇ ਨਵਰਾਜ ’ਤੇ ਹਮਲਾ ਕਰ ਦਿੱਤਾ। ਸੰਜੇ ਨੇ ਕਮਰ ’ਤੇ ਤਲਵਾਰ ਮਾਰੀ ਜਿਸ ਨਾਲ ਗੁਰਦਾ ਵੱਢਿਆ ਗਿਆ ਅਤੇ ਹੋਰ ਵਾਰ ਵੀ ਹੋਏ। ਨਵਰਾਜ ਨੂੰ ਹਸਪਤਾਲ ਲਿਜਾਇਆ ਗਿਆ ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਪਿਤਾ ਮੰਗਲ ਸਿੰਘ ਨੇ ਗੁਹਲਾ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ। ਲਵਪ੍ਰੀਤ, ਸੰਜੇ, ਜੋਤ, ਹਰਮਨ, ਹਰਸ਼ ਸਮੇਤ 10-15 ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਹੋਇਆ ਹੈ। ਪੁਲਿਸ ਨੇ 3-4 ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਜਾਂਚ ਜਾਰੀ ਹੈ। ਨਵਰਾਜ ਆਪਣੇ ਪਰਿਵਾਰ ਦਾ ਇਕਲੌਤਾ ਪੁੱਤਰ ਸੀ।

# ਲਾਲ ਕਿਲ੍ਹਾ ਅੱਤਵਾਦੀ ਹਮਲੇ ਵਿੱਚ ਜੈਸ਼-ਏ-ਮੁਹੰਮਦ ਸਿੱਧੇ ਸ਼ਾਮਲ: ਯੂ. ਐੱਨ. ਐੱਸ. ਸੀ. ਰਿਪੋਰਟ ਵਿੱਚ ਵੱਡਾ ਖੁਲਾਸਾ




ਅੰਮ੍ਰਿਤਸਰ-ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ 1267 ਪਾਬੰਦੀਆਂ ਨਿਗਰਾਨੀ ਕਮੇਟੀ ਦੀ ਤਾਜ਼ਾ ਰਿਪੋਰਟ ਨੇ ਪਾਕਿਸਤਾਨ ਲਈ ਵੱਡਾ ਝਟਕਾ ਦਿੱਤਾ ਹੈ। ਰਿਪੋਰਟ ਵਿੱਚ ਸਪੱਸ਼ਟ ਤੌਰ ’ਤੇ ਕਿਹਾ ਗਿਆ ਹੈ ਕਿ ਪਾਕਿਸਤਾਨ ਆਧਾਰਿਤ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦਿੱਲੀ ਦੇ ਇਤਿਹਾਸਕ ਲਾਲ ਕਿਲ੍ਹੇ ’ਤੇ 22 ਅਕਤੂਬਰ 2000 ਨੂੰ ਹੋਏ ਅੱਤਵਾਦੀ ਹਮਲੇ ਵਿੱਚ ਸਿੱਧੇ ਤੌਰ ’ਤੇ ਸ਼ਾਮਲ ਸੀ। ਇਸ ਨੂੰ ਭਾਰਤ ਲਈ ਇੱਕ ਵੱਡੀ ਕੂਟਨੀਤਕ ਜਿੱਤ ਮੰਨਿਆ ਜਾ ਰਿਹਾ ਹੈ।

ਲੰਬੇ ਸਮੇਂ ਤੋਂ ਪਾਕਿਸਤਾਨ ਦਾਅਵਾ ਕਰਦਾ ਆ ਰਿਹਾ ਸੀ ਕਿ ਉਸ ਦੀ ਧਰਤੀ ਤੋਂ ਕੰਮ ਕਰਨ ਵਾਲੇ ਅੱਤਵਾਦੀ ਸੰਗਠਨਾਂ ਨੂੰ ਬੇਅਸਰ ਕਰ ਦਿੱਤਾ ਗਿਆ ਹੈ, ਪਰ ਯੂ.ਐੱਨ. ਦੀ ਇਸ ਰਿਪੋਰਟ ਨੇ ਇਸ ਦਾਅਵੇ ਨੂੰ ਝੂਠਾ ਸਾਬਤ ਕਰ ਦਿੱਤਾ ਹੈ। ਪਾਕਿਸਤਾਨ ਨੇ ਰਿਪੋਰਟ ’ਤੇ ਇਤਰਾਜ਼ ਜਤਾਉਂਦਿਆਂ ਜੈਸ਼-ਏ-ਮੁਹੰਮਦ ਨੂੰ ਲਾਲ ਕਿਲ੍ਹਾ ਹਮਲੇ ਲਈ ਜ਼ਿੰਮੇਵਾਰ ਠਹਿਰਾਏ ਜਾਣ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਸੰਗਠਨ ਨੂੰ ਹੁਣ ਖਤਮ ਕਰ ਦਿੱਤਾ ਗਿਆ ਹੈ। ਪਰ ਦੂਜੇ ਦੇਸ਼ਾਂ ਨੇ ਭਾਰਤ ਦੇ ਰੁਖ਼ ਦਾ ਸਮਰਥਨ ਕੀਤਾ ਅਤੇ ਰਿਪੋਰਟ ਵਿੱਚੋਂ ਜੈਸ਼ ਦਾ ਜ਼ਿਕਰ ਹਟਾਉਣ ਤੋਂ ਇਨਕਾਰ ਕਰ ਦਿੱਤਾ।

ਰਿਪੋਰਟ ਅਨੁਸਾਰ ਜੈਸ਼-ਏ-ਮੁਹੰਮਦ ਨਾ ਸਿਰਫ਼ ਭਾਰਤ ਵਿੱਚ ਅੱਤਵਾਦੀ ਹਮਲੇ ਕਰ ਰਿਹਾ ਹੈ, ਸਗੋਂ ਆਪਣੀ ਤਾਕਤ ਅਤੇ ਨੈੱਟਵਰਕ ਨੂੰ ਵਿਸਥਾਰ ਵੀ ਦੇ ਰਿਹਾ ਹੈ। ਸੰਗਠਨ ਨੇ ‘ਜਮਾਤ-ਉਲ-ਮੁਮਿਨਤ’ ਨਾਂ ਦਾ ਇੱਕ ਮਹਿਲਾ ਵਿੰਗ ਬਣਾਉਣ ਦੀ ਯੋਜਨਾ ਬਣਾਈ ਹੈ। ਜੈਸ਼ ਦੇ ਆਗੂ ਮੌਲਾਨਾ ਮਸੂਦ ਅਜ਼ਹਰ ਅਲਵੀ ਨੇ ਇਸ ਮਹਿਲਾ ਵਿੰਗ ਦੇ ਗਠਨ ਦਾ ਰਸਮੀ ਐਲਾਨ ਕੀਤਾ ਹੈ। ਇਸ ਵਿੰਗ ਦਾ ਮਕਸਦ ਅੱਤਵਾਦੀ ਹਮਲਿਆਂ ਨੂੰ ਸਮਰਥਨ ਦੇਣਾ, ਔਰਤਾਂ ਨੂੰ ਭਰਤੀ ਕਰਨਾ, ਫੰਡ ਇਕੱਠਾ ਕਰਨਾ, ਲੌਜਿਸਟਿਕਸ ਸਹੂਲਤਾਂ ਪ੍ਰਦਾਨ ਕਰਨਾ ਅਤੇ ਸੰਦੇਸ਼ ਪਹੁੰਚਾਉਣ ਵਜੋਂ ਕੰਮ ਕਰਨਾ ਹੈ। ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਜੈਸ਼ ਨਾਲ ਜੁੜੀਆਂ ਔਰਤਾਂ ਪਹਿਲਾਂ ਵੀ ਇਨ੍ਹਾਂ ਕੰਮਾਂ ਵਿੱਚ ਸਰਗਰਮ ਰਹਿ ਚੁੱਕੀਆਂ ਹਨ।

ਇਹ ਰਿਪੋਰਟ ਅੰਤਰਰਾਸ਼ਟਰੀ ਪੱਧਰ ’ਤੇ ਪਾਕਿਸਤਾਨ ਦੇ ਅੱਤਵਾਦ ਵਿਰੋਧੀ ਦਾਅਵਿਆਂ ’ਤੇ ਸਵਾਲ ਖੜ੍ਹੇ ਕਰ ਰਹੀ ਹੈ।

# ਰਾਹੋਂ ਰੋਡ ’ਤੇ ਖੂਨੀ ਝੜਪ: ਦੋ ਦਰਜਨ ਤੋਂ ਵੱਧ ਨੌਜਵਾਨਾਂ ਨੇ ਘਰ ਵਿੱਚ ਵੜ ਕੇ ਵਰ੍ਹਾਈਆਂ ਡਾਂਗਾਂ ਤੇ ਬੇਸਬਾਲ ਬੱਲੇ

ਲੁਧਿਆਣਾ-ਰਾਹੋਂ ਰੋਡ ਇਲਾਕੇ ਵਿੱਚ ਇੱਕ ਮਾਮੂਲੀ ਵਿਵਾਦ ਨੇ ਵੱਡੀ ਖੂਨੀ ਝੜਪ ਦਾ ਰੂਪ ਧਾਰ ਲਿਆ। ਲਗਭਗ 20 ਤੋਂ 25 ਨੌਜਵਾਨਾਂ ਦੇ ਇੱਕ ਗਰੁੱਪ ਨੇ ਡਾਂਗਾਂ, ਡੰਡਿਆਂ ਅਤੇ ਬੇਸਬਾਲ ਬੱਲਿਆਂ ਨਾਲ ਲੈਸ ਹੋ ਕੇ ਇੱਕ ਘਰ ਵਿੱਚ ਵੜ ਕੇ ਹਮਲਾ ਬੋਲ ਦਿੱਤਾ। ਇਸ ਹਿੰਸਕ ਵਾਰਦਾਤ ਵਿੱਚ ਦੋ ਨੌਜਵਾਨ ਕਮਲ ਅਤੇ ਹਿਮਾਯੂੰ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਦੋਵਾਂ ਨੂੰ ਲਹੂਲੁਹਾਨ ਹਾਲਤ ਵਿੱਚ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ।

ਪੀੜਤ ਪਰਿਵਾਰ ਨੇ ਮੰਗ ਕੀਤੀ ਹੈ ਕਿ ਸੀਸੀਟੀਵੀ ਫੁਟੇਜ ਦੇ ਅਧਾਰ ’ਤੇ ਹਮਲਾਵਰਾਂ ਦੀ ਪਛਾਣ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ।

ਦੂਜੇ ਪਾਸੇ ਵਿਰੋਧੀ ਧਿਰ ਨੇ ਮਾਮਲੇ ਨੂੰ ਨਵਾਂ ਮੋੜ ਦਿੰਦੇ ਹੋਏ ਜ਼ਖ਼ਮੀ ਨੌਜਵਾਨਾਂ ’ਤੇ ਹੀ ਗੰਭੀਰ ਇਲਜ਼ਾਮ ਲਗਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਿਵਾਦ ਅਚਾਨਕ ਨਹੀਂ ਸੀ, ਸਗੋਂ ਜ਼ਖ਼ਮੀਆਂ ਵਿੱਚੋਂ ਇੱਕ ਨੌਜਵਾਨ ਉਨ੍ਹਾਂ ਦੇ ਘਰ ਦੀ ਲੜਕੀ ਨਾਲ ਛੇੜਛਾੜ ਕਰ ਰਿਹਾ ਸੀ, ਜਿਸ ਕਾਰਨ ਤਣਾਅ ਵਧ ਗਿਆ ਅਤੇ ਝੜਪ ਹੋ ਗਈ।

ਥਾਣਾ ਟਿੱਬਾ ਦੇ ਇੰਚਾਰਜ ਬਲਬੀਰ ਸਿੰਘ ਨੇ ਦੱਸਿਆ ਕਿ ਦੋਵੇਂ ਧਿਰਾਂ ਵੱਲੋਂ ਸ਼ਿਕਾਇਤਾਂ ਪੁੱਜੀਆਂ ਹਨ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਇਲਾਕੇ ਦੇ ਸੀਸੀਟੀਵੀ ਫੁਟੇਜ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਹਮਲਾਵਰਾਂ ਦੀ ਸ਼ਨਾਖਤ ਲਈ ਕੰਮ ਕਰ ਰਹੀ ਹੈ। ਪੁਲਸ ਨੇ ਦੋਵੇਂ ਪੱਖਾਂ ਨੂੰ ਸੁਰੱਖਿਆ ਦੇ ਵਾਅਦੇ ਕੀਤੇ ਹਨ ਅਤੇ ਜਲਦੀ ਹੀ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

# ਪਤਾ ਪੁੱਛਣ ਦੇ ਬਹਾਨੇ ਆਏ ਲੁਟੇਰੇ, ਘਰ ਬਾਹਰ ਬੈਠੀ ਔਰਤ ਦੀਆਂ ਬਾਲੀਆਂ ਝਪਟ ਕੇ ਫਰਾਰ

ਗੁਰਦਾਸਪੁਰ-ਧਾਰੀਵਾਲ ਦੇ ਡਡਵਾਂ ਰੋਡ ’ਤੇ ਸਥਿਤ ਗੋਲਡਨ ਐਵੀਨਿਊ ਵਿਖੇ ਇੱਕ ਖੌਫਨਾਕ ਝਪਟਮਾਰ ਵਾਰਦਾਤ ਨੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਪਤਾ ਪੁੱਛਣ ਅਤੇ ਪਾਣੀ ਮੰਗਣ ਦੇ ਬਹਾਨੇ ਘਰ ਦੇ ਬਾਹਰ ਕੁਰਸੀ ’ਤੇ ਬੈਠੀ ਇੱਕ ਔਰਤ ਕਿਰਨ ਬਾਲਾ ਦੀਆਂ ਕੰਨਾਂ ਦੀਆਂ ਦੋਵੇਂ ਬਾਲੀਆਂ ਝਪਟ ਲਈਆਂ ਅਤੇ ਤੁਰੰਤ ਫਰਾਰ ਹੋ ਗਏ। ਇਹ ਪੂਰੀ ਘਟਨਾ ਘਰ ਦੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ। ਪੁਲਸ ਨੇ ਨੇੜੇ-ਤੇੜੇ ਦੇ ਹੋਰ ਸੀਸੀਟੀਵੀ ਫੁਟੇਜ ਵੀ ਖੰਗਾਲਣੇ ਸ਼ੁਰੂ ਕਰ ਦਿੱਤੇ ਹਨ ਤਾਂ ਜੋ ਲੁਟੇਰਿਆਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਕੀਤੀ ਜਾ ਸਕੇ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਭਾਜਪਾ ਕਿਉਂ ਨਹੀਂ ਹੱਲ ਕਰ ਰਹੀ ਪੰਥ ਅਤੇ ਪੰਜਾਬ ਦੇ ਮਸਲੇ ?

## ✪ ਬਾਦਲ ਅਕਾਲੀ ਦਲ ਭਾਜਪਾ ਨਾਲ ਕਿਉਂ ਨਰਾਜ਼ ?



ਭਾਰਤੀ ਜਨਤਾ ਪਾਰਟੀ ਨੂੰ ਅਕਸਰ ਸਿੱਖ ਭਾਈਚਾਰੇ ਅਤੇ ਪੰਜਾਬ ਦੇ ਮੁੱਦਿਆਂ 'ਤੇ ਅਮਲੀ ਕਦਮ ਨਾ ਚੁੱਕਣ ਦੇ ਦੋਸ਼ ਲੱਗਦੇ ਰਹਿੰਦੇ ਹਨ। ਭਾਵੇਂ ਪਾਰਟੀ ਵੱਲੋਂ ਜ਼ੁਬਾਨੀ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ ਪਰ ਪ੍ਰਮੁੱਖ ਮਸਲਿਆਂ ਜਿਵੇਂ ਬੰਦੀ ਸਿੰਘਾਂ ਦੀ ਰਿਹਾਈ, ਪਾਣੀਆਂ ਦਾ ਮਸਲਾ ਜਾਂ ਫੈਡਰਲ ਅਧਿਕਾਰਾਂ 'ਤੇ ਕੋਈ ਠੋਸ ਪ੍ਰਗਤੀ ਨਜ਼ਰ ਨਹੀਂ ਆਈ। ਹਾਲ ਹੀ ਵਿੱਚ ਦਿੱਲੀ ਸਰਕਾਰ (ਭਾਜਪਾ ਅਧੀਨ) ਦੇ ਸਜ਼ਾ ਸਮੀਖਿਆ ਬੋਰਡ ਨੇ 23 ਦਸੰਬਰ 2025 ਨੂੰ ਹੋਈ ਮੀਟਿੰਗ ਵਿੱਚ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਸਜ਼ਾ ਘਟਾਉਣ ਜਾਂ ਰਿਹਾਈ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਸੀ। ਇਹ ਫੈਸਲਾ ਬੀਤੇ ਦਿਨੀਂ ਜਾਰੀ ਹੋਇਆ ਸੀ ਜਿਸ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਨਿਰਾਸ਼ਾ ਪੈਦਾ ਕੀਤੀ ਸੀ। ਪ੍ਰੋ. ਭੁੱਲਰ 1993 ਦੇ ਦਿੱਲੀ ਬੰਬ ਧਮਾਕੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ ਅਤੇ 33 ਸਾਲਾਂ ਤੋਂ ਜੇਲ੍ਹ ਵਿੱਚ ਹਨ। ਉਨ੍ਹਾਂ ਦੀ ਮਾਨਸਿਕ ਅਤੇ ਸਿਹਤ ਸਥਿਤੀ ਵੀ ਚਿੰਤਾਜਨਕ ਹੈ ਪਰ ਬੋਰਡ ਨੇ ਇਸ ਨੂੰ ਨਜ਼ਰਅੰਦਾਜ਼ ਕਰਦਿਆਂ ਰੱਦ ਕਰ ਦਿੱਤਾ। ਇਸੇ ਬੋਰਡ ਨੇ ਕਈ ਹੋਰ ਕੈਦੀਆਂ (ਜਿਵੇਂ ਨਾਗਾ ਆਈਟੀਸੀ ਨਾਲ ਜੁੜੇ) ਨੂੰ ਰਿਹਾਈ ਦੀ ਸਿਫਾਰਸ਼ ਕੀਤੀ ਸੀ ਜਿਸ ਨੇ ਸਵਾਲ ਖੜ੍ਹੇ ਕੀਤੇ ਹਨ ਕਿ ਭਾਜਪਾ ਦੀ ਸਿੱਖਾਂ ਪ੍ਰਤੀ ਨੀਤੀ ਕੀ ਹੈ ? ਇਹ ਫੈਸਲਾ ਪਹਿਲਾਂ ਆਮ ਆਦਮੀ ਪਾਰਟੀ ਸਰਕਾਰ ਵੇਲੇ ਵੀ ਹੁੰਦਾ ਰਿਹਾ ਪਰ ਹੁਣ ਭਾਜਪਾ ਦੀ ਕੇਂਦਰ ਅਤੇ ਦਿੱਲੀ ਸਰਕਾਰ ਹੋਣ ਕਰਕੇ ਇਹੀ ਸਿੱਖ ਵਿਰੋਧੀ ਪਹੁੰਚ ਜਾਰੀ ਹੈ।

ਭਾਜਪਾ ਦੀ ਪੰਜਾਬ ਅਤੇ ਸਿੱਖ ਮਸਲਿਆਂ ਪ੍ਰਤੀ ਨੀਤੀ ਨੂੰ ਵਿਸ਼ਲੇਸ਼ਕ ਰਾਜਨੀਤਕ ਲਾਭ ਨਾਲ ਜੋੜਦੇ ਹਨ। ਭਾਜਪਾ ਸਿੱਖ ਭਾਈਚਾਰੇ ਵਿੱਚ ਬਿਨਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਤੇ ਨਿਰਭਰ ਰਹੇ ਪੰਜਾਬ ਵਿਚ ਆਪਣੀ ਰਾਜਨੀਤਿਕ ਹੋਂਦ ਕਾਇਮ ਰਖਣਾ ਚਾਹੁੰਦੀ ਹੈ। 2020 ਵਿੱਚ ਖੇਤੀ ਕਾਨੂੰਨਾਂ ਕਾਰਨ ਬਾਦਲ ਅਕਾਲੀ ਦਲ-ਭਾਜਪਾ ਗਠਜੋੜ ਟੁੱਟ ਗਿਆ ਸੀ ਅਤੇ ਹੁਣ ਭਾਜਪਾ ਪੰਜਾਬ ਵਿੱਚ ਇਕੱਲੇ ਚੋਣ ਲੜਨ ਦੀ ਰਣਨੀਤੀ ਅਪਨਾ ਰਹੀ ਹੈ। ਕੁਝ ਸਿੱਖ ਆਗੂਆਂ ਦਾ ਮੰਨਣਾ ਹੈ ਕਿ ਭਾਜਪਾ ਸਿੱਖ ਮਸਲਿਆਂ ਨੂੰ ਹੱਲ ਕਰਨ ਨਾਲੋਂ ਉਨ੍ਹਾਂ ਨੂੰ ਰਾਜਨੀਤਕ ਤੌਰ 'ਤੇ ਵਰਤਦੀ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ 2019 ਵਿੱਚ 8 ਬੰਦੀ ਸਿੰਘਾਂ ( ਪ੍ਰੋਫੈਸਰ ਭੁੱਲਰ ਸਮੇਤ) ਦੀ ਰਿਹਾਈ ਦੀ ਸਿਫਾਰਸ਼ ਕੀਤੀ ਗਈ ਸੀ ਪਰ ਅੱਜ ਉਹੀ ਪਾਰਟੀ ਦੀ ਦਿੱਲੀ ਸਰਕਾਰ ਭੁੱਲਰ ਨੂੰ ਰਿਹਾਅ ਨਹੀਂ ਕਰ ਰਹੀ। ਇਸ ਨੂੰ ਪੰਥਕ ਧੜੇ ਦਲ ਖਾਲਸਾ ਸਮੇਤ 'ਦੋਹਰੇ ਮਾਪਦੰਡ' ਕਹਿੰਦੇ ਹਨ। ਭਾਜਪਾ ਪੰਜਾਬ ਵਿੱਚ ਹਿੰਦੂ ਵੋਟ ਅਤੇ ਨਵੇਂ ਸਿੱਖ ਚਿਹਰਿਆਂ ਰਾਹੀਂ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦੀ ਹੈ ਪਰ ਪੰਥਕ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਕਦਮ ਨਹੀਂ ਪੁੱਟਣਾ ਚਾਹੁੰਦੀ।

ਸਿੱਖ ਆਗੂਆਂ ਵਿੱਚ ਭਾਜਪਾ ਪ੍ਰਤੀ ਮਿਸ਼ਰਤ ਰਾਏ ਹੈ। ਕੁਝ ਪ੍ਰਮੁੱਖ ਰਾਸ਼ਟਰਵਾਦੀ ਤੇ ਭਾਜਪਾ ਪੱਖੀ ਤਿਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਵਰਗੇ ਸਿੱਖ ਨੇਤਾ ਮੰਨਦੇ ਹਨ ਕਿ ਭਾਜਪਾ ਨਾਲ ਗੱਲਬਾਤ ਅਤੇ ਸਹਿਯੋਗ ਨਾਲ ਮੰਗਾਂ ਮੰਨਵਾਈਆਂ ਜਾ ਸਕਦੀਆਂ ਹਨ, ਜਿਵੇਂ ਐਮਰਜੈਂਸੀ ਵੇਲੇ ਇੰਦਰਾ ਗਾਂਧੀ ਵੱਲੋਂ ਮੰਗਾਂ ਮੰਨਣ ਦੀ ਤਿਆਰੀ ਸੀ ਪਰ ਅਕਾਲੀ ਫਾਇਦਾ ਨਾ ਲੈ ਸਕੇ। ਉਹ ਕਹਿੰਦੇ ਹਨ ਕਿ ਹੁਣ ਮੌਕਾ ਹੈ ਕਿ ਸਿੱਖ ਮੋਦੀ ਸਰਕਾਰ ਤੋਂ ਲਾਭ ਲੈਣ। ਪਰ ਜ਼ਿਆਦਾਤਰ ਸਿੱਖ ਆਗੂ ਅਤੇ ਬੁੱਧੀਜੀਵੀ ਭਾਜਪਾ ਨੂੰ ਸਿੱਖ ਵਿਰੋਧੀ ਮੰਨਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਦਲ ਖ਼ਾਲਸਾ ਨੇ ਭੁੱਲਰ ਦੀ ਰਿਹਾਈ ਰੱਦ ਕਰਨ ਨੂੰ ਸਿੱਖਾਂ ਨਾਲ ਅਨਿਆਂ ਕਿਹਾ ਸੀ । ਅਕਾਲ ਤਖ਼ਤ ਦੇ ਜਥੇਦਾਰ ਨੇ ਵੀ ਇਸ ਨੂੰ ਅਫਸੋਸਜਨਕ ਕਿਹਾ ਸੀ। ਕਈ ਬੁੱਧੀਜੀਵੀ ਅਤੇ ਨੇਤਾ (ਜਿਵੇਂ ਵਿਕਰਮਜੀਤ ਸਿੰਘ ਸਾਹਨੀ, ਤਰਲੋਚਨ ਸਿੰਘ) ਇਸ ਫੈਸਲੇ ਦੇ ਵਿਰੋਧ ਵਿੱਚ ਬੋਲੇ ਪਰ ਵਿਰੋਧ ਨੂੰ 'ਗੋਂਗਲੂਆਂ ਤੋਂ ਮਿੱਟੀ ਝਾੜਨ' ਵਰਗਾ ਦੱਸਿਆ ਜਾ ਰਿਹਾ ਹੈ। ਉਹ ਮੰਨਦੇ ਹਨ ਕਿ ਭਾਜਪਾ ਨੂੰ ਸਿੱਖ ਮਸਲਿਆਂ ਲਈ ਵਿਸ਼ੇਸ਼ ਕਮੇਟੀ ਬਣਾਉਣੀ ਚਾਹੀਦੀ ਹੈ ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਵਿਚਕਾਰ ਪੁਰਾਣਾ ਗਠਜੋੜ 2020 ਵਿੱਚ ਟੁੱਟ ਗਿਆ ਸੀ। ਹੁਣ ਬਾਦਲ ਅਕਾਲੀ ਦਲ ਭਾਜਪਾ ਨੂੰ ਸਿੱਖ ਧਰਮਿਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਪੰਜਾਬ ਵਿਰੋਧੀ ਨੀਤੀਆਂ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਸੁਖਬੀਰ ਸਿੰਘ ਬਾਦਲ ਨੇ ਕਈ ਵਾਰ ਭਾਜਪਾ 'ਤੇ ਹਮਲੇ ਕੀਤੇ ਹਨ, ਖਾਸ ਕਰਕੇ ਧਾਰਮਿਕ ਮੁੱਦਿਆਂ ਅਤੇ ਪੰਜਾਬ ਦੇ ਅਧਿਕਾਰਾਂ 'ਤੇ। ਉਹ 2027 ਚੋਣਾਂ ਲਈ ਆਪਣੇ ਆਪ ਨੂੰ ਮੁੱਖ ਮੰਤਰੀ ਚਿਹਰਾ ਐਲਾਨ ਕਰ ਚੁੱਕੇ ਹਨ ਅਤੇ ਭਾਜਪਾ ਨਾਲ ਗਠਜੋੜ ਦੀਆਂ ਅਫਵਾਹਾਂ ਨੂੰ ਖਾਰਜ ਕਰਦੇ ਹੋਏ ਪੰਥਕ ਮਸਲਿਆਂ ਤੇ ਏਕਤਾ 'ਤੇ ਜ਼ੋਰ ਦਿੰਦੇ ਹਨ। ਬਾਦਲ ਦਲ ਮੰਨਦਾ ਹੈ ਕਿ ਭਾਜਪਾ ਪੰਜਾਬ ਵਿੱਚ ਵੱਖਰੀ ਪਛਾਣ ਬਣਾਉਣ ਲਈ ਸਿੱਖ ਮਸਲਿਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਸੰਭਾਵਿਤ ਗਠਜੋੜ ਦੀਆਂ ਅਫਵਾਹਾਂ ਚੱਲ ਰਹੀਆਂ ਹਨ, ਪਰ ਅਕਾਲੀ ਆਗੂ ਬੀਜੇਪੀ ਉੱਤੇ ਹਮਲੇ ਤੇਜ਼ ਕਰ ਰਹੇ ਹਨ ਅਤੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਵੀ ਤਿੱਖੀ ਆਵਾਜ਼ ਉਠਾ ਰਹੇ ਹਨ।

ਬਠਿੰਡਾ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿੱਚ ਬੀਤੇ ਦਿਨੀਂ ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਦੇਸ਼ ਨੂੰ ਗੁਮਰਾਹ ਕੀਤੇ ਜਾਣ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ ਸੀ ਕਿ ਅਮਰੀਕਾ ਤੋਂ ਭਾਰੀ ਸਬਸਿਡੀ ਵਾਲੇ ਖੇਤੀਬਾੜੀ ਉਤਪਾਦ ਜਿਵੇਂ ਮੱਕੀ, ਸੋਇਆਬੀਨ ਤੇ ਜਵਾਰ ਨੂੰ ਜਾਨਵਰਾਂ ਦੇ ਚਾਰੇ ਦੇ ਨਾਂ 'ਤੇ ਭਾਰਤ ਵਿੱਚ ਆਉਣ ਦਿੱਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਵੇਗਾ। ਉਨ੍ਹਾਂ ਨੇ ਇਸ ਨੂੰ ਕਿਸਾਨਾਂ ਲਈ "ਖਤਰਨਾਕ" ਦੱਸਿਆ ਤੇ ਕਿਹਾ ਕਿ ਸੇਬ ਅਤੇ ਸੰਤਰੇ ਵਰਗੇ ਤਾਜ਼ੇ ਫਲ ਵੀ ਆਉਣ ਨਾਲ ਸਥਾਨਕ ਕਿਸਾਨਾਂ ਦੀ ਬਰਬਾਦੀ ਹੋ ਜਾਵੇਗੀ।

ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ 'ਤੇ ਇਲਜ਼ਾਮ ਲਾਇਆ ਕਿ ਵਿਰੋਧੀ ਧਿਰ ਨੂੰ ਸੰਸਦ ਵਿੱਚ ਇਸ ਮੁੱਦੇ 'ਤੇ ਬੋਲਣ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਕੇਂਦਰੀ ਮੰਤਰੀਆਂ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ 2015 ਤੋਂ ਪੰਜਾਬ ਨੂੰ ਯੂਨੀਅਨ ਬਜਟ ਵਿੱਚ ਕੁਝ ਨਹੀਂ ਮਿਲਿਆ।

ਇਸ ਤੋਂ ਇਲਾਵਾ, ਬਾਦਲ ਦਲ ਦੇ ਸੀਨੀਅਰ ਵਾਈਸ ਪ੍ਰਧਾਨ ਅਤੇ ਨੈਸ਼ਨਲ ਸਪੋਕਸਪਰਸਨ ਪਰਮਬੰਸ ਸਿੰਘ ਰੋਮਾਨਾ ਨੇ ਬੀਜੇਪੀ ਆਗੂ ਰਵਨੀਤ ਸਿੰਘ ਬਿੱਟੂ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਨੇ ਬਿੱਟੂ ਨੂੰ ਸਾਬਕਾ ਬੀਜੇਪੀ ਆਗੂ ਹਰਬੰਸ ਲਾਲ ਖੰਨਾ ਦੇ ਦਫ਼ਤਰ ਵਿੱਚ ਜਾ ਕੇ ਸ਼ਰਧਾਂਜਲੀ ਦੇਣ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਹਰਬੰਸ ਲਾਲ ਖੰਨਾ ਨੇ ਸਿੱਖਾਂ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਹੋਲੀ ਸਿਟੀ ਘੋਸ਼ਿਤ ਕਰਨ ਦੇ ਵਿਰੋਧ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਤੇ ਸਿੱਖਾਂ ਵਿਰੁਧ ਭੜਕਾਊ ਜਲੂਸ ਕੱਢਿਆ ਸੀ ਤੇ ਇਸ ਜਲੂਸ ਵਿਚ ਨਾਰੇ ਲਗੇ ਸਨ ਕਿ "ਕੱਛ, ਕੜਾ, ਕਿਰਪਾਨ ਭੇਜੋ ਪਾਕਿਸਤਾਨ"।

ਬਾਦਲ ਦਲ ਵਲੋਂ ਇਹ ਹਮਲੇ ਉਸ ਵੇਲੇ ਹੋ ਰਹੇ ਹਨ ਜਦੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਬੀਜੇਪੀ ਇਕੱਲੇ ਲੜਨ ਦਾ ਦਾਅਵਾ ਕਰ ਰਹੀ ਹੈ ਅਤੇ ਅਕਾਲੀ ਦਲ ਵੀ ਆਪਣੀ ਮਜ਼ਬੂਤੀ ਦਿਖਾ ਰਿਹਾ ਹੈ। ਕਿਸਾਨ ਜਥੇਬੰਦੀਆਂ ਵੀ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਰੋਸ ਜ਼ਾਹਿਰ ਕਰ ਰਹੀਆਂ ਹਨ ਅਤੇ ਇਸ ਨੂੰ ਕਿਸਾਨ ਵਿਰੋਧੀ ਦੱਸ ਰਹੀਆਂ ਹਨ। ਪ੍ਰੋਫੈਸਰ ਭੁੱਲਰ ਮਾਮਲੇ 'ਤੇ ਵੀ ਬਾਦਲ ਦਲ ਨੇ ਹੱਕ ਵਿਚ ਆਵਾਜ਼ ਉਠਾਈ ਹੈ। ਅਕਾਲੀ ਦਲ ਲਈ ਭਾਜਪਾ ਹੁਣ ਇੱਕ ਅਜਿਹਾ 'ਅੱਗ ਦਾ ਦਰਿਆ' ਹੈ, ਜਿਸ ਵਿੱਚ ਦੋਸਤੀ ਅਤੇ ਦੁਸ਼ਮਣੀ ਦੋਵੇਂ ਹੀ ਜੋਖਮ ਭਰੀਆਂ ਹਨ। ਸ਼੍ਰੋਮਣੀ ਕਮੇਟੀ ਵਲੋਂ ਬੰਦੀ ਸਿੰਘਾਂ ਲਈ ਕਰਵਾਈ ਗਈ ਦਸਤਖ਼ਤ ਮੁਹਿੰਮ ਦਾ ਠੰਢਾ ਪੈ ਜਾਣਾ ਵੀ ਪੰਥਕ ਲੀਡਰਸ਼ਿਪ ਦੀ ਗੰਭੀਰਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਭਾਜਪਾ ਲਈ ਪੰਜਾਬ ਅਤੇ ਪੰਥਕ ਮਸਲੇ ਸਿਰਫ਼ ਚੋਣਾਂ ਜਿੱਤਣ ਦਾ ਸਾਧਨ ਨਹੀਂ ਹੋਣੇ ਚਾਹੀਦੇ। ਇਹ ਮਸਲੇ ਪੰਜਾਬ ਦੀ ਰਾਜਨੀਤੀ ਵਿੱਚ ਗਹਿਰੇ ਜੜ੍ਹਾਂ ਵਾਲੇ ਹਨ ਅਤੇ ਭਵਿੱਖ ਵਿੱਚ ਭਾਜਪਾ ਲਈ ਵੱਡੀ ਚੁਣੌਤੀ ਬਣ ਸਕਦੇ ਹਨ। ਸਿੱਖ ਭਾਈਚਾਰੇ ਨੂੰ ਇਨਸਾਫ਼ ਦੀ ਉਮੀਦ ਹੈ ਪਰ ਮੋਦੀ ਸਰਕਾਰ ਦੀਆਂ ਨੀਤੀਆਂ ਅਜੇ ਵੀ ਸਿੱਖ ਤੇ ਪੰਜਾਬ ਮਸਲਿਆਂ ਪ੍ਰਤੀ ਅਸਪੱਸ਼ਟ ਹਨ।

## ਕੈਨੇਡਾ ਵਿੱਚ ਹਵਾਈ ਸਫ਼ਰ ਰਾਹੀਂ ਅਸਥੀਆਂ ਲਿਜਾਣ ਲਈ ਨਵੇਂ ਸਖ਼ਤ ਨਿਯਮ ਜਾਰੀ

ਟੋਰਾਂਟੋ-ਕੈਨੇਡਾ ਦੀ ਏਅਰ ਟ੍ਰਾਂਸਪੋਰਟ ਸਕਿਓਰਿਟੀ ਅਥਾਰਟੀ ਨੇ ਹਵਾਈ ਅੱਡਿਆਂ 'ਤੇ ਸੁਰੱਖਿਆ ਜਾਂਚ ਨੂੰ ਲੈ ਕੇ ਅਸਥੀਆਂ ਵਾਲੇ ਬਰਤਨਾਂ ਬਾਰੇ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਹਨ। ਇਹ ਨਿਯਮ ਮੁੱਖ ਤੌਰ 'ਤੇ ਸੁਰੱਖਿਆ ਅਤੇ ਸਕੈਨਿੰਗ ਦੀਆਂ ਸੀਮਾਵਾਂ ਕਾਰਨ ਲਾਗੂ ਕੀਤੇ ਗਏ ਹਨ। ਮੁੱਖ ਨਿਯਮ ਅਨੁਸਾਰ, ਜੇਕਰ ਅਸਥੀਆਂ ਵਾਲਾ ਬਰਤਨ ਅਜਿਹੀ ਧਾਤ, ਪੱਥਰ ਜਾਂ ਸਮੱਗਰੀ ਦਾ ਬਣਿਆ ਹੈ ਜਿਸ ਵਿੱਚੋਂ ਐਕਸ-ਰੇ (ਰਾਹੀਂ ਅੰਦਰਲੀ ਸਮੱਗਰੀ ਸਾਫ਼ ਨਹੀਂ ਦੇਖੀ ਜਾ ਸਕਦੀ , ਤਾਂ ਉਸ ਨੂੰ ਜਹਾਜ਼ ਵਿੱਚ ਕੈਬਨ ਜਾਂ ਚੈੱਕਡ ਬੈਗੇਜ ਵਿੱਚ ਲਿਜਾਣ ਦੀ ਇਜਾਜ਼ਤ ਨਹੀਂ ਮਿਲੇਗੀ। ਕਾਟਸਾ ਅਧਿਕਾਰੀ ਬਰਤਨ ਨੂੰ ਖੋਲ੍ਹ ਕੇ ਜਾਂਚ ਨਹੀਂ ਕਰ ਸਕਦੇ, ਇਸ ਲਈ ਸਿਰਫ਼ ਸਕੈਨਿੰਗ 'ਤੇ ਨਿਰਭਰ ਕੀਤਾ ਜਾਂਦਾ ਹੈ। ਇਸ ਕਾਰਨ ਅਸਥੀਆਂ ਲਈ ਸੁਰੱਖਿਆ ਜਾਂਚ ਪਾਸ ਕਰਨ ਵਾਲੇ ਬਰਤਨਾਂ ਦੀ ਸਿਫਾਰਸ਼ ਕੀਤੀ ਜਾ ਰਹੀ ਹੈ, ਜਿਵੇਂ ਕਿ: ਪਲਾਸਟਿਕ, ਗੱਤਾ, ਲੱਕੜ ਕੱਪੜਾ ਇਹ ਸਮੱਗਰੀਆਂ ਆਸਾਨੀ ਨਾਲ ਐਕਸ-ਰੇ ਵਿੱਚੋਂ ਪਾਸ ਹੋ ਜਾਂਦੀਆਂ ਹਨ। ਧਾਤੂ, ਪੱਥਰ ਜਾਂ ਸਿਰਾਮਿਕ ਵਰਗੇ ਭਾਰੀ ਬਰਤਨ ਅਕਸਰ ਰੱਦ ਕਰ ਦਿੱਤੇ ਜਾਂਦੇ ਹਨ। ਮੌਤ ਦਾ ਸਰਟੀਫਿਕੇਟ, ਸਸਕਾਰ ਦਾ ਸਰਟੀਫਿਕੇਟ ਜ਼ਰੂਰੀ ਦਸਤਾਵੇਜ਼ ਰਖਣੇ ਜ਼ਰੂਰੀ ਹਨ।

# ਮੁੰਬਈ: ਏਅਰਪੋਰਟ ਕਸਟਮਜ਼ ਨੇ ਸਿੱਖ ਭਾਈਚਾਰੇ ਨੂੰ ਵਾਪਸ ਕੀਤੀਆਂ 35 ਕਿਰਪਾਨ ਤੇ ਹੋਰ ਧਾਰਮਿਕ ਚੀਜ਼ਾਂ

ਮੁੰਬਈ-ਮਰੋਲ ਏਅਰਪੋਰਟ ਕਸਟਮਜ਼ ਅਧਿਕਾਰੀਆਂ ਨੇ ਬੁੱਧਵਾਰ ਨੂੰ 35 ਸਿੱਖ ਧਾਰਮਿਕ ਵਸਤੂਆਂ, ਜਿਨ੍ਹਾਂ ਵਿੱਚ ਕਿਰਪਾਨ ਵੀ ਸ਼ਾਮਲ ਸਨ, ਸਿੱਖ ਭਾਈਚਾਰੇ ਨੂੰ ਸੌਂਪ ਦਿੱਤੀਆਂ। ਇਹ ਸਾਰੀਆਂ ਚੀਜ਼ਾਂ ਸੁਰੱਖਿਆ ਜਾਂਚ ਦੌਰਾਨ ਯਾਤਰੀਆਂ ਕੋਲੋਂ ਜ਼ਬਤ ਕੀਤੀਆਂ ਗਈਆਂ ਸਨ। ਸਿੱਖ ਭਾਈਚਾਰੇ ਵਿੱਚ ਕਿਰਪਾਨ ਨੂੰ ਵਿਸ਼ਵਾਸ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਇਸ ਨੂੰ ਧਾਰਨ ਕਰਨਾ ਧਰਮ ਦਾ ਅਹਿਮ ਹਿੱਸਾ ਹੈ। ਪਰ ਫਲਾਈਟ ਵਿੱਚ ਲੈ ਜਾਣ ਲਈ ਕਿਰਪਾਨ ਦਾ ਸਾਈਜ਼ ਤੇ ਸਪੈਸੀਫਿਕੇਸ਼ਨ ਨਿਯਮਾਂ ਮੁਤਾਬਕ ਹੋਣਾ ਜ਼ਰੂਰੀ ਹੁੰਦਾ ਹੈ। ਜੇ ਨਿਯਮਾਂ ਅਨੁਸਾਰ ਨਾ ਹੋਵੇ ਤਾਂ ਇਸ ਨੂੰ ਜ਼ਬਤ ਕਰ ਲਿਆ ਜਾਂਦਾ ਹੈ।

ਸਤਿ ਸ੍ਰੀ ਅਕਾਲ ਵੈਲਫੇਅਰ ਟਰੱਸਟ ਦੇ ਸਕੱਤਰ ਐੱਸ ਪੂਰਨ ਸਿੰਘ ਬੰਗਾ ਨੇ ਕਿਹਾ ਕਿ ਹਰ ਸਾਲ ਕਈ ਸਿੱਖ ਯਾਤਰੀ ਅਣਜਾਣੇ ਵਿੱਚ ਕਿਰਪਾਨ ਲੈ ਆਉਂਦੇ ਹਨ ਤੇ ਉਹ ਜ਼ਬਤ ਹੋ ਜਾਂਦੀਆਂ ਹਨ। ਬਹੁਤ ਸਾਰੀਆਂ ਚੀਜ਼ਾਂ ਲੰਮੇ ਸਮੇਂ ਤੱਕ ਪਈਆਂ ਰਹਿੰਦੀਆਂ ਹਨ ਤੇ ਕੋਈ ਕਲੇਮ ਨਹੀਂ ਕਰਦਾ। ਇਸ ਲਈ ਟਰੱਸਟ ਨੇ ਕਸਟਮਜ਼ ਨਾਲ ਮਿਲ ਕੇ ਇਨ੍ਹਾਂ ਨੂੰ ਵਾਪਸ ਲੈਣ ਦਾ ਪ੍ਰਬੰਧ ਕੀਤਾ ਹੈ।

ਟਰੱਸਟ ਹੁਣ ਕਸਟਮਜ਼ ਕੋਲ ਪਈਆਂ



ਬਾਕੀ ਸਿੱਖ ਧਾਰਮਿਕ ਚੀਜ਼ਾਂ ਦੀ ਜਾਂਚ ਕਰਵਾ ਰਿਹਾ ਹੈ। ਜੇ ਚੀਜ਼ ਸਿੱਖ ਧਾਰਮਿਕ ਹੋਵੇ ਤਾਂ ਉਸ ਨੂੰ ਟਰੱਸਟ ਜਾਂ ਨੇੜਲੇ ਗੁਰਦੁਆਰਾ ਕਮੇਟੀ ਨੂੰ ਸੌਂਪਿਆ ਜਾਵੇਗਾ। ਫਿਰ ਜਿੱਥੇ ਸੰਭਵ ਹੋਵੇਗਾ ਉੱਥੇ ਪਰਿਵਾਰ ਨੂੰ ਵਾਪਸ ਕਰ ਦਿੱਤਾ ਜਾਵੇਗਾ, ਨਹੀਂ ਤਾਂ ਧਾਰਮਿਕ ਰੀਤੀ-ਰਿਵਾਜ ਮੁਤਾਬਕ ਸਤਿਕਾਰ ਨਾਲ ਸੰਭਾਲਿਆ ਜਾਵੇਗਾ।

ਕਸਟਮਜ਼ ਅਧਿਕਾਰੀਆਂ ਨੇ ਦੱਸਿਆ ਕਿ ਉਹ ਪਹਿਲਾਂ ਵੀ ਈਸਾਈ ਤੇ ਮੁਸਲਿਮ ਭਾਈਚਾਰੇ ਨੂੰ ਕੁਰਾਨ, ਬਾਈਬਲ, ਜ਼ਮਜ਼ਮ ਪਾਣੀ ਵਰਗੀਆਂ ਧਾਰਮਿਕ ਚੀਜ਼ਾਂ ਵਾਪਸ ਕਰ ਚੁੱਕੇ ਹਨ। ਇਨ੍ਹਾਂ ਚੀਜ਼ਾਂ ਦੀ ਕੀਮਤ ਘੱਟ ਹੁੰਦੀ ਹੈ ਇਸ ਲਈ ਲੋਕ ਅਕਸਰ ਕਲੇਮ ਨਹੀਂ ਕਰਦੇ, ਪਰ ਧਾਰਮਿਕ ਚੀਜ਼ਾਂ ਨੂੰ ਵਿਸ਼ੇਸ਼ ਤਰੀਕੇ ਨਾਲ ਸੰਭਾਲ ਕੇ ਸਬੰਧਤ ਭਾਈਚਾਰੇ ਨੂੰ ਜ਼ਰੂਰ ਵਾਪਸ ਕੀਤਾ ਜਾਂਦਾ ਹੈ।

## ਅੰਮ੍ਰਿਤਸਰ ਵਿਖੇ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫਾਸ਼

### ✪ ਦੋ ਮੁਲਜ਼ਮ 5 ਅਤਿ-ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ



ਇੱਕ ਮਾਡਿਊਲ ਨੂੰ ਭੇਦ ਕਰਕੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਰੋਹਿਤ ਅਰੋੜਾ (25), ਗਿਲਵਾਲੀ ਗੇਟ ਵਾਸੀ ਅਤੇ ਹਰਪ੍ਰੀਤ ਸਿੰਘ ਉਰਫ਼ ਹੈਪੀ (24), ਪਿੰਡ ਮੀਰਾਕੋਟ ਕਲਾਂ ਵਾਸੀ ਵਜੋਂ ਹੋਈ। ਉਨ੍ਹਾਂ ਦੇ ਕਬਜ਼ੇ 'ਚੋਂ ਪੰਜ ਅਤਿ-ਆਧੁਨਿਕ ਪਿਸਤੌਲ ਬਰਾਮਦ ਹੋਏ-ਤਿੰਨ 9ਐਮਐਮ ਗਲੌਕ ਅਤੇ ਦੋ .30 ਬੋਰ ਪਿਸਤੌਲ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ 'ਚ ਪਤਾ ਲੱਗਾ ਹੈ ਕਿ ਦੋਵੇਂ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨ ਅਧਾਰਤ ਤਸਕਰਾਂ ਨਾਲ ਸੰਪਰਕ ਵਿਚ ਸਨ। ਹਥਿਆਰਾਂ ਦੀਆਂ ਖੇਪਾਂ ਡਰੋਨਾਂ ਰਾਹੀਂ ਸਰਹੱਦ ਪਾਰੋਂ ਭੇਜੀਆਂ ਜਾਂਦੀਆਂ ਸਨ ਅਤੇ ਮੁਲਜ਼ਮ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਇਨ੍ਹਾਂ ਨੂੰ ਅੱਗੇ ਸਪਲਾਈ ਕਰਦੇ ਸਨ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਰੋਹਿਤ ਅਰੋੜਾ, ਜੋ ਗੈਂਗਸਟਰ ਸੋਨੂੰ ਕੰਗਲਾ ਦਾ ਨਜ਼ਦੀਕੀ ਸਾਥੀ ਹੈ, ਨੂੰ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਦੇ ਖੁਲਾਸੇ 'ਤੇ ਹਰਪ੍ਰੀਤ ਸਿੰਘ ਨੂੰ ਵੀ ਕਾਬੂ ਕੀਤਾ। ਉਹ ਨਸ਼ੇ-ਹਥਿਆਰਾਂ ਦੀ ਤਸਕਰੀ ਕਰਕੇ ਆਸਾਨ ਪੈਸਾ ਕਮਾਉਂਦੇ ਰਹੇ ਹਨ।

## ਮਕਾਨ ਮਾਲਕ ਦੀ ਬਲੈਕਮੇਲਿੰਗ ਤੋਂ ਤੰਗ ਔਰਤ ਨੇ ਲਿਆ ਫਾਹਾ

### ✪ ਆਤਮ ਹੱਤਿਆ ਤੋਂ ਪਹਿਲਾਂ ਬਣਾਈ ਵੀਡੀਓ


ਲੁਧਿਆਣਾ-ਸ਼ਹਿਰ ਦੇ ਟਿੱਬਾ ਇਲਾਕੇ 'ਚ ਵਿਆਹੁਤਾ ਰੋਜ਼ੀ (32) ਨੇ ਮਕਾਨ ਮਾਲਕ ਵੱਲੋਂ ਲਗਾਏ ਜਾ ਰਹੇ ਬਲੈਕਮੇਲਿੰਗ ਤਸ਼ੱਦਦ ਤੋਂ ਤੰਗ ਆ ਕੇ ਫਾਹਾ ਲੈ ਕੇ ਆਪਣੀ ਜਾਨ ਦੇ ਦਿੱਤੀ। ਘਟਨਾ 9 ਫਰਵਰੀ ਦੀ ਹੈ। ਆਤਮ ਹੱਤਿਆ ਤੋਂ ਪਹਿਲਾਂ ਰੋਜ਼ੀ ਨੇ ਮੋਬਾਈਲ 'ਤੇ ਵੀਡੀਓ ਰਿਕਾਰਡ ਕੀਤੀ,



ਜਿਸ ਵਿਚ ਉਸ ਨੇ ਮਕਾਨ ਮਾਲਕ ਸਤਨਾਮ ਉਰਫ਼ ਟਿੰਕਾ (ਸੁਰਜੀਤ ਕਾਲੋਨੀ, ਪਿੰਡ ਜਗੀਰਪੁਰ ਵਾਸੀ) 'ਤੇ ਗੰਭੀਰ ਦੋਸ਼ ਲਗਾਏ।

ਵੀਡੀਓ 'ਚ ਰੋਜ਼ੀ ਨੇ ਦੱਸਿਆ ਕਿ ਟਿੰਕਾ ਨੇ ਉਸ ਦੀ ਨਹਾਉਂਦੀ ਵੇਲੇ ਵੀਡੀਓ ਬਣਾ ਲਈ ਸੀ ਤੇ ਇਸ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ 50 ਹਜ਼ਾਰ ਰੁਪਏ ਮੰਗੇ ਸਨ। ਉਹ ਪਹਿਲਾਂ ਦੋ ਵਾਰ ਪੈਸੇ ਦੇ ਚੁੱਕੀ ਸੀ। ਮੁਲਜ਼ਮ ਨੇ ਹਮਬਿਸਤਰੀ ਲਈ ਵੀ ਦਬਾਅ ਬਣਾਇਆ। ਰੋਜ਼ੀ ਨੇ ਮੁਲਜ਼ਮ ਦੀ ਮਾਂ ਪੁਸ਼ਪਾ ਨੂੰ ਵੀ ਸ਼ਿਕਾਇਤ ਕੀਤੀ ਸੀ, ਪਰ ਹਾਲਾਤ ਵਿਗੜ ਗਏ। ਉਸ ਨੇ ਕਿਹਾ ਕਿ ਇੱਜ਼ਤ ਬਚਾਉਣ ਲਈ ਜਾਨ ਦੇਣ ਤੋਂ ਬਿਨਾਂ ਕੋਈ ਰਾਹ ਨਹੀਂ ਬਚਿਆ ਤੇ ਮੁਲਜ਼ਮ ਨੂੰ ਮਾਫ ਨਾ ਕੀਤਾ ਜਾਵੇ। ਰੋਜ਼ੀ ਦਾ ਪਤੀ ਵਿਦੇਸ਼ ਵਿਚ ਸੀ ਤੇ ਉਹ ਆਪਣੇ ਬੱਚਿਆਂ ਨਾਲ ਕਿਰਾਏ ਦੇ ਮਕਾਨ ਵਿਚ ਰਹਿ ਰਹੀ ਸੀ। ਪੀੜਤਾ ਦੇ ਪਿਤਾ ਪਾਲਾ ਨੇ ਵੀ ਵੀਡੀਓ ਦੇ ਅਧਾਰ 'ਤੇ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਥਾਣਾ ਟਿੱਬਾ 'ਚ ਸਤਨਾਮ ਉਰਫ਼ ਟਿੰਕਾ ਤੇ ਉਸ ਦੀ ਮਾਂ ਪੁਸ਼ਪਾ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਦੋਵੇਂ ਫਰਾਰ ਹਨ, ਪੁਲਿਸ ਮੁਲਜ਼ਮਾਂ ਦੀ ਭਾਲ 'ਚ ਜੁਟੀ ਹੋਈ ਹੈ।

## ਵਿਆਹ ਸਮਾਗਮ ਦੌਰਾਨ ਦੋਸਤਾਂ ਨੇ ਕੀਤੀ ਦੋਸਤ ਦੀ ਹੱਤਿਆ



ਫਰੀਦਕੋਟ-ਫ਼ਰੀਦਕੋਟ ਵਿੱਚ ਵਿਆਹ ਸਮਾਗਮ ਦੌਰਾਨ ਦੋਸਤਾਂ ਨੇ ਆਪਣੇ ਹੀ ਦੋਸਤ ਦਿਲਪ੍ਰੀਤ ਸਿੰਘ ਨੂੰ ਕਿਰਚਾਂ ਨਾਲ ਵਾਰ ਕਰਕੇ ਬੇਰਹਿਮ ਹੱਤਿਆ ਕਰ ਦਿੱਤੀ। ਮਾਮੂਲੀ ਤਕਰਾਰ ਨੂੰ ਰੰਜਿਸ਼ ਬਣਾ ਕੇ ਖੁਸ਼ਪ੍ਰੀਤ ਸਿੰਘ ਅਤੇ ਸਾਥੀ ਨੇ ਰੋਟੀ ਖਾਂਦੇ ਸਮੇਂ ਬਾਹਰ ਬੁਲਾ ਕੇ ਹਮਲਾ ਕੀਤਾ। ਸੀਸੀਟੀਵੀ ਵਿੱਚ ਘਟਨਾ ਰਿਕਾਰਡ ਹੋਈ। ਪੁਲਿਸ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕੀਤਾ ਜਾਵੇਗਾ।

## ਮਲੋਟ ਹਾਈਵੇਅ ਉਪਰ ਸੂਟਕੇਸ ਵਿਚੋਂ ਮੁਟਿਆਰ ਦੀ ਅੱਧ-ਸੜੀ ਲਾਸ਼ ਮਿਲੀ

ਮਲੋਟ ਹਾਈਵੇਅ ਤੇ ਲਾਲ ਸੂਟਕੇਸ ਵਿਚੋਂ ਕਰੀਬ 20 ਸਾਲਾ ਮੁਟਿਆਰ ਦੀ ਅੱਧ-ਸੜੀ ਲਾਸ਼ ਮਿਲੀ। ਸਥਾਨਕ ਲੋਕਾਂ ਨੇ ਅਵਾਰਾ ਕੁੱਤਿਆਂ ਨੂੰ ਸੂਟਕੇਸ ਖਿੱਚਦੇ ਵੇਖ ਕੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਮੌਕੇ ਤੇ ਪਹੁੰਚ ਕੇ ਲਾਸ਼ ਬਰਾਮਦ ਕੀਤੀ। ਮ੍ਰਿਤਕਾ ਦੇ ਗਲੇ ਤੇ ਸੱਟਾਂ ਦੇ ਨਿਸ਼ਾਨ ਤੇ 'ਕਾਕੂ' ਨਾਂ ਦਾ ਟੈਟੂ ਮਿਲਿਆ। ਪੁਲਿਸ ਦਾ ਖ਼ਦਸ਼ਾ ਹੈ ਕਿ ਕਤਲ ਕਿਤੇ ਹੋਰ ਕੀਤਾ ਗਿਆ ਤੇ ਲਾਸ਼ ਸੂਟਕੇਸ ਵਿਚ ਪਾ ਕੇ ਸੁੱਟੀ ਗਈ। ਫੋਰੈਂਸਿਕ ਟੀਮ ਨੇ ਸਬੂਤ ਇਕੱਠੇ ਕੀਤੇ, ਲਾਸ਼ ਪੋਸਟਮਾਰਟਮ ਲਈ ਭੇਜੀ ਗਈ। ਸੀਸੀਟੀਵੀ ਫੁਟੇਜ ਖੰਗਾਲੀ ਜਾ ਰਹੀ ਹੈ।

## ਬਰਨਾਲਾ ਦੇ ਨੌਜਵਾਨ ਦੀ ਮਨੀਲਾ ਵਿਚ ਗੋਲੀਆਂ ਮਾਰ ਕੇ ਹੱਤਿਆ

### ✪ ਪਰਿਵਾਰ ਨੇ ਲਾਸ਼ ਵਾਪਸ ਲਿਆਉਣ ਦੀ ਮੰਗ ਕੀਤੀ



ਬਰਨਾਲਾ-ਸੰਧੂ ਪੱਤੀ ਵਿਖੇ ਰਹਿਣ ਵਾਲੇ 33 ਸਾਲਾ ਮਨਪ੍ਰੀਤ ਸਿੰਘ ਮਨੀ ਦੀ ਫਿਲੀਪੀਨਜ਼ ਦੇ ਮਨੀਲਾ ਸ਼ਹਿਰ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਦੁਖਦ ਘਟਨਾ ਸਾਹਮਣੇ ਆਈ ਹੈ। ਮ੍ਰਿਤਕ ਦੇ ਪਿਤਾ ਹਰਦੇਵ ਸਿੰਘ, ਮਾਤਾ ਪਰਮਜੀਤ ਕੌਰ, ਪਤਨੀ ਵੀਰਪਾਲ ਕੌਰ, ਦਾਦੀ ਜੋਗਿੰਦਰ ਕੌਰ ਅਤੇ ਸੀਨੀਅਰ ਅਕਾਲੀ ਆਗੂ ਤੇਜਿੰਦਰ ਸਿੰਘ ਸੋਨੀ ਜਾਗਲ ਨੇ ਦੱਸਿਆ ਕਿ ਮਨਪ੍ਰੀਤ ਸਿੰਘ 2017 ਵਿੱਚ ਮਨੀਲਾ ਗਿਆ ਸੀ। ਪਿਛਲੇ ਸਾਲ ਅਕਤੂਬਰ ਵਿੱਚ ਭਾਰਤ ਆਇਆ ਸੀ ਤੇ ਨਵੰਬਰ ਵਿੱਚ ਮੁੜ ਵਾਪਸ ਚਲਾ ਗਿਆ ਸੀ। ਪਰਿਵਾਰ ਨੂੰ ਮਨਪ੍ਰੀਤ ਦੇ ਸਾਥੀ ਵੱਲੋਂ ਫੋਨ 'ਤੇ ਖ਼ਬਰ ਮਿਲੀ ਕਿ ਉਸ ਦੀ ਹੱਤਿਆ ਕਰ ਦਿੱਤੀ ਗਈ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਮਨਪ੍ਰੀਤ ਨਾਲ ਕਿਸੇ ਨਾਲ ਵੀ ਕੋਈ ਦੁਸ਼ਮਣੀ ਨਹੀਂ ਸੀ। ਹੱਤਿਆ ਦੇ ਕਾਰਨਾਂ ਬਾਰੇ ਅਜੇ ਵੇਰਵੇ ਸਾਹਮਣੇ ਨਹੀਂ ਆਏ ਹਨ। ਪਰਿਵਾਰ ਨੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮਨਪ੍ਰੀਤ ਸਿੰਘ ਦੀ ਲਾਸ਼ ਜਲਦ ਤੋਂ ਜਲਦ ਭਾਰਤ ਵਾਪਸ ਲਿਆਉਣ ਲਈ ਜ਼ਰੂਰੀ ਕਾਰਵਾਈ ਕੀਤੀ ਜਾਵੇ ਤਾਂ ਜੋ ਅੰਤਿਮ ਸਸਕਾਰ ਕੀਤਾ ਜਾ ਸਕੇ।

## ਪੰਜਾਬ ਵਿੱਚ 57.2% ਲੋਕ ਪੇਟ ਦੀ ਚਰਬੀ ਨਾਲ ਪੀੜਤ, ਦੇਸ਼ ਵਿੱਚ ਦੂਜਾ ਸਥਾਨ

ਨਵੀਂ ਦਿੱਲੀ-ਕੇਂਦਰੀ ਸਿਹਤ ਮੰਤਰਾਲੇ ਨੇ ਲੋਕ ਸਭਾ ਵਿੱਚ ਹੈਰਾਨ ਕਰਨ ਵਾਲੇ ਅੰਕੜੇ ਪੇਸ਼ ਕੀਤੇ ਹਨ। ਪੰਜਾਬ ਦੀ 57.2 ਪ੍ਰਤੀਸ਼ਤ ਆਬਾਦੀ ਪੇਟ ਦੇ ਮੋਟਾਪੇ ਤੋਂ ਪ੍ਰਭਾਵਿਤ ਹੈ, ਜੋ ਰਾਸ਼ਟਰੀ ਔਸਤ 39.5% ਤੋਂ ਕਾਫੀ ਵੱਧ ਹੈ। ਕੇਰਲਾ 58.2% ਨਾਲ ਪਹਿਲੇ ਅਤੇ ਹਰਿਆਣਾ 56.9% ਨਾਲ ਤੀਜੇ ਨੰਬਰ 'ਤੇ ਹੈ। ਇਹ ਅੰਕੜੇ ਆਈਸੀਐਮਆਰ ਦੇ 2008-2020 ਦੇ ਸਰਵੇ 'ਤੇ ਅਧਾਰਿਤ ਹਨ। ਮਾਹਿਰਾਂ ਅਨੁਸਾਰ ਪੇਟ ਦੀ ਚਰਬੀ ਸ਼ੂਗਰ, ਦਿਲ ਦੀਆਂ ਬਿਮਾਰੀਆਂ, ਹਾਈ ਬਲੱਡ ਪ੍ਰੈਸ਼ਰ ਤੇ ਗੁਰਦੇ ਦੀਆਂ ਸਮੱਸਿਆਵਾਂ ਦਾ ਵੱਡਾ ਕਾਰਨ ਬਣ ਰਹੀ ਹੈ। ਸ਼ਹਿਰੀਕਰਨ, ਫਾਸਟ ਫੂਡ, ਬੈਠਣ ਵਾਲੀ ਜੀਵਨ ਸ਼ੈਲੀ ਤੇ ਨੀਂਦ ਦੀ ਘਾਟ ਨੇ ਹਾਲਾਤ ਹੋਰ ਵਿਗਾੜ ਦਿੱਤੇ ਹਨ। ਸਰਕਾਰ ਨੇ ਰਾਸ਼ਟਰੀ ਸਿਹਤ ਮਿਸ਼ਨ ਤੇ ਈਟ ਰਾਈਟ ਮੂਵਮੈਂਟ ਰਾਹੀਂ ਜਾਗਰੂਕਤਾ ਵਧਾਉਣ ਦੀ ਗੱਲ ਕਹੀ ਹੈ, ਪਰ ਲੋਕਾਂ ਨੂੰ ਖੁਦ ਕਸਰਤ ਤੇ ਸੰਤੁਲਿਤ ਖੁਰਾਕ ਅਪਣਾਉਣੀ ਪਵੇਗੀ।

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਰੱਦ ਕਰਕੇ ਹਿੰਦੂਤਵੀ ਭਾਜਪਾ ਸਰਕਾਰ ਨੇ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ - ਵਰਲਡ ਸਿੱਖ ਪਾਰਲੀਮੈਂਟ

ਫਰੈਂਕਫਰਟ-ਵਰਲਡ ਸਿੱਖ ਪਾਰਲੀਮੈਂਟ, ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਅਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਜਤਿੰਦਰ ਸਿੰਘ, ਭਾਈ ਮਨਬੀਰ ਸਿੰਘ ਕਨੇਡਾ, ਭਾਈ ਪ੍ਰਿਤਪਾਲ ਸਿੰਘ ਸਵਿਟਜਲੈਂਡ, ਹਰਜੋਤ ਸਿੰਘ ਹਾਲੈਂਡ, ਭਾਈ ਸਤਨਾਮ ਸਿੰਘ ਫਰਾਂਸ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਦਿੱਲੀ ਦੀ ਭਾਜਪਾ ਅਗਵਾਈ ਵਾਲੀ ਸਰਕਾਰ ਦੇ 'ਸਜ਼ਾ ਸਮੀਖਿਆ ਬੋਰਡ' ਵੱਲੋਂ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪੱਕੀ ਰਿਹਾਈ ਦੀ ਅਰਜ਼ੀ ਰੱਦ ਕਰਨ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਇਹ ਫੈਸਲਾ ਨਾ ਕੇਵਲ ਮਨੁੱਖੀ ਅਧਿਕਾਰਾਂ ਦਾ ਘੋਰ ਉਲੰਘਣ ਹੈ, ਸਗੋਂ ਇਹ ਭਾਰਤ ਦੀ ਸੱਜੇ-ਪੱਖੀ ਫਿਰਕੂ ਹਿੰਦੂਤਵੀ ਸਰਕਾਰ ਦੀ ਸਿੱਖਾਂ ਪ੍ਰਤੀ ਨਫ਼ਰਤ ਅਤੇ ਬਦਲਾਖੋਰੀ ਵਾਲੀ ਨੀਤੀ ਦਾ ਪ੍ਰਤੱਖ ਸਬੂਤ ਹੈ।

ਦਿੱਲੀ ਸਰਕਾਰ ਵੱਲੋਂ ਜਾਰੀ ਦਸਤਾਵੇਜ਼ ਗਵਾਹ ਹਨ ਕਿ ਬੋਰਡ ਨੇ 24 ਅਜਿਹੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਹੈ ਜਿਨ੍ਹਾਂ ਦੀ 20 ਸਾਲ ਦੀ ਸਜ਼ਾ ਵੀ ਪੂਰੀ ਨਹੀਂ ਹੋਈ ਸੀ, ਜਦਕਿ 30 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਅਤੇ ਬਿਰਧ ਅਵਸਥਾ ਭੋਗ ਰਹੇ ਪ੍ਰੋ.



ਭੁੱਲਰ ਨੂੰ ਜੇਲ੍ਹ ਵਿੱਚ ਡੱਕੀ ਰੱਖਣਾ ਇਹ ਸਾਬਤ ਕਰਦਾ ਹੈ ਕਿ ਇਸ ਦੇਸ਼ ਦਾ ਕਾਨੂੰਨ ਸਿੱਖਾਂ ਲਈ ਵੱਖਰਾ ਹੈ। ਇਹ ਸਿੱਧੇ ਤੌਰ 'ਤੇ ਸਿੱਖਾਂ ਨਾਲ ਵਿਤਕਰਾ ਹੈ ਅਤੇ ਹਕੂਮਤ ਵੱਲੋਂ ਸਿੱਖਾਂ ਨੂੰ ਉਨ੍ਹਾਂ ਦੀ 'ਔਕਾਤ' ਅਤੇ 'ਗੁਲਾਮੀ' ਦਾ ਅਹਿਸਾਸ ਕਰਵਾਉਣ ਦੀ ਕੋਝੀ ਸਾਜ਼ਿਸ਼ ਹੈ।

ਵਰਲਡ ਸਿੱਖ ਪਾਰਲੀਮੈਂਟ ਸਪੱਸ਼ਟ ਕਰਦੀ ਹੈ ਕਿ ਕੇਂਦਰ ਅਤੇ ਦਿੱਲੀ ਦੀ ਸੱਤਾ 'ਤੇ ਕਾਬਜ਼ ਧਿਰਾਂ ਸਿੱਖਾਂ ਨੂੰ ਸਿਰਫ਼ ਆਪਣੇ ਸਿਆਸੀ ਮਕਸਦਾਂ ਅਤੇ ਵੋਟ ਬੈਂਕ ਲਈ ਵਰਤਦੀਆਂ ਹਨ। ਜਦੋਂ ਇਨਸਾਫ਼ ਦੀ ਗੱਲ ਆਉਂਦੀ ਹੈ, ਤਾਂ ਸਿੱਖਾਂ ਨੂੰ ਸਦਾ ਵਿਤਕਰੇ ਅਤੇ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਵਰਲਡ ਸਿੱਖ ਪਾਰਲੀਮੈਂਟ ਉਨ੍ਹਾਂ ਸਿੱਖ ਚਿਹਰਿਆਂ, ਧਾਰਮਿਕ ਆਗੂਆਂ ਅਤੇ ਸਿਆਸੀ ਲੀਡਰਾਂ ਦੀ ਵੀ ਸਖ਼ਤ ਆਲੋਚਨਾ ਕਰਦੀ ਹੈ ਜੋ ਕੌਮ ਨਾਲ ਗਦਾਰੀ ਕਰਕੇ ਸਿੱਖ ਵਿਰੋਧੀ ਭਾਜਪਾ ਦੀ ਗੋਦ ਵਿੱਚ ਜਾ ਬੈਠੇ ਹਨ। ਜਿਹੜੇ ਆਗੂ ਇਹ ਦਾਅਵੇ ਕਰਦੇ ਸਨ ਕਿ ਉਹ ਭਾਜਪਾ ਨਾਲ ਰਲ ਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣਗੇ, ਅੱਜ ਉਨ੍ਹਾਂ ਦੇ ਮੂੰਹਾਂ 'ਤੇ ਕਰਾਰੀ ਚਪੇੜ ਵੱਜੀ ਹੈ। ਸਰਕਾਰ ਦੇ ਫੈਸਲੇ ਸਾਹਮਣੇ ਉਹਨਾਂ ਦੀ ਚੁੱਪ, ਇਹੋ ਜਿਹੇ ਗੁਲਾਮ ਆਗੂਆਂ ਦਾ ਅਸਲ ਚਿਹਰਾ ਦਿਖਾਂ ਰਹੀ ਹੈ। ਅਜਿਹੇ ਆਗੂ, ਜੋ ਕੁਰਸੀਆਂ ਦੇ ਲਾਲਚ ਵਿੱਚ ਕੌਮ ਦੇ ਦੋਖੀਆਂ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਰਹੇ ਹਨ, ਉਹ ਸਿੱਖ ਕੌਮ ਦੇ ਗੁਨਾਹਗਾਰ ਹਨ ਅਤੇ ਇਤਿਹਾਸ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ।

ਵਰਲਡ ਸਿੱਖ ਪਾਰਲੀਮੈਂਟ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰਦੀ ਹੈ ਕਿ ਇਸ ਬੇਇਨਸਾਫ਼ੀ ਵਿਰੁੱਧ ਕੌਮਾਂਤਰੀ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇ। ਅਸੀਂ ਸੰਯੁਕਤ ਰਾਸ਼ਟਰ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਤੱਕ ਪਹੁੰਚ ਕਰਕੇ ਭਾਰਤ ਸਰਕਾਰ ਦਾ ਇਹ ਸਿੱਖ ਵਿਰੋਧੀ ਚਿਹਰਾ ਨੰਗਾ ਕਰਾਂਗੇ। ਜਦੋਂ ਤੱਕ ਪ੍ਰੋ. ਭੁੱਲਰ ਸਮੇਤ ਸਾਰੇ ਬੰਦੀ ਸਿੰਘ ਰਿਹਾਅ ਨਹੀਂ ਹੁੰਦੇ, ਸਿੱਖ ਕੌਮ ਚੁੱਪ ਨਹੀਂ ਬੈਠੇਗੀ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਹੱਕਾਂ ਲਈ ਇੱਕਜੁੱਟ ਹੋ ਕੇ ਇਸ ਜ਼ਾਲਮ ਹਕੂਮਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਵਾਬ ਦੇਈਏ।

## ਵਾਧੂ ਮੁਆਵਜ਼ੇ ਦੇ ਬਦਲੇ ਕੇਸ ਦਾ ਹੱਕ ਛੱਡਣ ਦੀ ਸ਼ਰਤ

### ਏਅਰ ਇੰਡੀਆ ਦੀ ਪੇਸ਼ਕਸ਼ 'ਤੇ ਪੀੜਤ ਪਰਿਵਾਰਾਂ ਦਾ ਸਖ਼ਤ ਵਿਰੋਧ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-12 ਜੂਨ ਨੂੰ ਅਹਿਮਦਾਬਾਦ ਵਿੱਚ ਹੋਏ ਭਿਆਨਕ ਜਹਾਜ਼ ਹਾਦਸੇ ਮਾਮਲੇ 'ਚ ਨਵਾਂ ਮੋੜ ਆ ਗਿਆ ਹੈ। ਮੀਡੀਆ ਰਿਪੋਰਟ ਅਨੁਸਾਰ ਅਿਰ ਨਿਦਿਓ ਵੱਲੋਂ ਹਾਦਸੇ ਵਿੱਚ ਮਾਰੇ ਗਏ ਯਾਤਰੀਆਂ ਦੇ ਪਰਿਵਾਰਾਂ ਨੂੰ ਵਾਧੂ ਰਕਮ ਦੇ ਬਦਲੇ ਅਦਾਲਤੀ ਕੇਸ ਕਰਨ ਦਾ ਅਧਿਕਾਰ ਛੱਡਣ ਦੀ ਪੇਸ਼ਕਸ਼ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਲੰਡਨ ਜਾ ਰਹੀ ਬੋਇਨਗ 787-8 ਡਰੀਮਲਾਈਨਰ ਉਡਾਣ ਨੇ ਉਡਾਣ ਭਰਨ ਤੋਂ ਕੁਝ ਹੀ ਪਲ ਬਾਅਦ ਕਾਬੂ ਗੁਆ ਦਿੱਤਾ ਸੀ ਅਤੇ ਰਿਹਾਇਸ਼ੀ ਇਲਾਕੇ ਵਿੱਚ ਡਿੱਗਣ ਕਾਰਨ 242 ਵਿੱਚੋਂ 241 ਯਾਤਰੀਆਂ ਦੀ ਮੌਤ ਹੋ ਗਈ ਸੀ, ਜਦਕਿ ਜ਼ਮੀਨ 'ਤੇ ਮੌਜੂਦ 19 ਹੋਰ ਲੋਕ ਵੀ ਜਾਨੋਂ ਹੱਥ ਧੋ ਬੈਠੇ ਸਨ। 53 ਮ੍ਰਿਤਕ ਬ੍ਰਿਟੇਨ ਦੇ ਨਾਗਰਿਕ ਸਨ।

ਰਿਪੋਰਟ ਮੁਤਾਬਕ ਏਅਰਲਾਈਨ ਵੱਲੋਂ ਪਹਿਲਾਂ ਹੀ ਪ੍ਰਤੀ ਪਰਿਵਾਰ 25 ਲੱਖ ਰੁਪਏ ਦੀ ਅੰਤਰਿਮ ਰਕਮ ਅਤੇ ਮਾਲਕ ਟਾਟਾ ਗਰੁੱਪ ਵੱਲੋਂ 1 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਸੀ। ਹੁਣ ਦਸਤਾਵੇਜ਼ਾਂ ਅਨੁਸਾਰ ਕੁਝ ਪਰਿਵਾਰਾਂ ਨੂੰ 10 ਲੱਖ ਤੋਂ 20 ਲੱਖ ਰੁਪਏ ਤੱਕ ਦੀ ਵਾਧੂ "ਅੰਤਿਮ" ਰਕਮ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ, ਪਰ ਇਸ ਲਈ ਉਨ੍ਹਾਂ ਨੂੰ ਇਹ ਲਿਖਤੀ ਭਰੋਸਾ ਦੇਣਾ ਹੋਵੇਗਾ ਕਿ ਉਹ ਭਵਿੱਖ ਵਿੱਚ ਕਿਸੇ ਵੀ ਦੇਸ਼ ਜਾਂ ਅਦਾਲਤ ਵਿੱਚ ਕੰਪਨੀ ਜਾਂ ਨਿਰਮਾਤਾ ਖ਼ਿਲਾਫ਼ ਕੋਈ ਦਾਅਵਾ ਨਹੀਂ ਕਰਨਗੇ।


130 ਪੀੜਤ ਪਰਿਵਾਰਾਂ ਦੀ ਨੁਮਾਇੰਦਗੀ ਕਰ ਰਹੀ ਕਾਨੂੰਨੀ ਟੀਮ ਨੇ ਇਸ ਦਸਤਾਵੇਜ਼ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਾਂਚ ਹਾਲੇ ਜਾਰੀ ਹੈ ਅਤੇ ਜ਼ਿੰਮੇਵਾਰੀ ਤੈਅ ਨਹੀਂ ਹੋਈ, ਇਸ ਹਾਲਤ ਵਿੱਚ ਪਰਿਵਾਰਾਂ ਤੋਂ ਸਦਾ ਲਈ ਹੱਕ ਛੱਡਣ ਦੀ ਮੰਗ ਕਰਨਾ ਗਲਤ ਹੈ। ਲੰਡਨ ਹਾਈ ਕੋਰਟ ਵਿੱਚ ਵੀ ਕਈ ਪਰਿਵਾਰਾਂ ਵੱਲੋਂ ਨਿੱਜੀ ਨੁਕਸਾਨ ਦੇ ਕੇਸ ਦਰਜ ਕੀਤੇ ਗਏ ਹਨ।

ਦੂਜੇ ਪਾਸੇ ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ ਹੈ ਕਿ ਕੰਪਨੀ ਹਰ ਪ੍ਰਭਾਵਿਤ ਪਰਿਵਾਰ ਦੀ ਮਦਦ ਲਈ ਵਚਨਬੱਧ ਹੈ ਅਤੇ ਅੰਤਿਮ ਮੁਆਵਜ਼ਾ ਕਾਨੂੰਨੀ ਪ੍ਰਕਿਰਿਆ ਅਨੁਸਾਰ ਅਤੇ ਪਾਰਦਰਸ਼ੀ ਢੰਗ ਨਾਲ ਤੈਅ ਕੀਤਾ ਜਾ ਰਿਹਾ ਹੈ। ਬੁਲਾਰੇ ਨੇ ਇਹ ਵੀ ਦੱਸਿਆ ਕਿ ਧਨ ਰਾਸ਼ੀ ਕਿਸੇ ਵੀ ਤਰ੍ਹਾਂ ਆਪਣੇ ਪਿਆਰਿਆਂ ਦੀ ਕਮੀ ਪੂਰੀ ਨਹੀਂ ਕਰ ਸਕਦੀ, ਪਰ ਪਰਿਵਾਰਾਂ ਨੂੰ ਸਪਸ਼ਟਤਾ ਦੇਣਾ ਜ਼ਰੂਰੀ ਹੈ।

ਇਸ ਮਾਮਲੇ ਦੀ ਅਧਿਕਾਰਕ ਜਾਂਚ ਹਾਲੇ ਜਾਰੀ ਹੈ ਅਤੇ ਅੰਤਿਮ ਰਿਪੋਰਟ ਆਉਣ ਤੋਂ ਬਾਅਦ ਹੀ ਹਾਦਸੇ ਦੇ ਅਸਲ ਕਾਰਣ ਅਤੇ ਜ਼ਿੰਮੇਵਾਰੀ ਬਾਰੇ ਸਥਿਤੀ ਸਪਸ਼ਟ ਹੋਵੇਗੀ।

## ਵੀਹ ਸਾਲ ਪੁਰਾਣੇ ਨਾਬਾਲਗਾਂ ਲੜਕੀ ਨਾਲ ਜਬਰ ਜ਼ਨਾਹ ਮਾਮਲੇ ਵਿੱਚ ਦੋਸ਼ੀ ਨੂੰ ਛੇ ਸਾਲ ਕੈਦ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਕਰੀਬ ਵੀਹ ਸਾਲ ਪਹਿਲਾਂ ਇਕ ਨਾਬਾਲਿਗ ਕੁੜੀ ਨਾਲ ਜਬਰ ਜਨਾਹ ਕਰਨ ਵਾਲੇ ਵਿਅਕਤੀ ਨੂੰ ਅਦਾਲਤ ਵੱਲੋਂ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਵਿਗਿਆਨਕ ਜਾਂਚ ਰਾਹੀਂ ਮਿਲੇ ਨਮੂਨਿਆਂ ਦੀ ਨਵੀਂ ਤਕਨੀਕੀ ਜਾਂਚ ਦੌਰਾਨ ਦੋਸ਼ੀ ਦੀ ਪਛਾਣ ਹੋਈ। ਪੁਲਿਸ ਅਨੁਸਾਰ ਇਹ ਘਟਨਾ ਅਕਤੂਬਰ 2006 ਵਿੱਚ ਬੈਡਫੋਰਡਸ਼ਾਇਰ ਦੇ ਸ਼ੈਫੋਰਡ ਇਲਾਕੇ ਵਿੱਚ ਇਕ ਵਪਾਰਿਕ ਮਾਰਕੀਟ ਦੇ ਵਾਹਨ ਖੜ੍ਹੇ ਕਰਨ ਵਾਲੇ ਸਥਾਨ 'ਤੇ ਵਾਪਰੀ ਸੀ। ਉਸ ਵੇਲੇ ਦੋਸ਼ੀ, ਜਿਸ ਦੀ ਉਮਰ 25 ਸਾਲ ਸੀ, ਪੀੜਤਾ ਅਤੇ ਉਸ ਦੀ ਸਹੇਲੀ ਨਾਲ ਮਿਲਿਆ। ਜਦੋਂ ਪੀੜਤਾ ਦੀ ਸਹੇਲੀ ਖਰੀਦਦਾਰੀ ਲਈ ਦੁਕਾਨ ਅੰਦਰ ਗਈ ਤਾਂ ਦੋਸ਼ੀ ਨੇ ਕੁੜੀ ਨੂੰ ਜਬਰਦਸਤੀ ਇਕ ਕਾਰ ਦੇ ਪਿੱਛਲੇ ਹਿੱਸੇ ਵਿੱਚ ਖਿੱਚ ਕੇ ਉਸ ਨਾਲ ਦੁਰਵਿਵਹਾਰ ਕੀਤਾ। ਉਸ ਸਮੇਂ ਵਿਸਥਾਰਪੂਰਵਕ ਜਾਂਚ ਕੀਤੀ ਗਈ ਪਰ ਦੋਸ਼ੀ ਦੀ ਪਛਾਣ ਨਹੀਂ ਹੋ ਸਕੀ। ਪੀੜਤਾ ਦੋਸ਼ੀ ਨੂੰ ਸਿਰਫ਼ ਇਕ ਛੋਟੇ ਨਾਮ ਨਾਲ ਜਾਣਦੀ ਸੀ, ਜਿਸ ਕਾਰਨ ਜਾਂਚ ਅੱਗੇ ਨਹੀਂ ਵੱਧ ਸਕੀ। ਬਾਅਦ ਵਿੱਚ ਗੰਭੀਰ ਅਪਰਾਧ ਇਕਾਈ ਵੱਲੋਂ ਪੁਰਾਣੇ ਮਾਮਲਿਆਂ ਦੀ ਵਿਸ਼ੇਸ਼ ਸਮੀਖਿਆ ਕੀਤੀ ਗਈ। ਇਸ ਦੌਰਾਨ ਸੰਭਾਲ ਕੇ ਰੱਖੇ ਗਏ ਸਬੂਤਾਂ ਦੀ ਨਵੀਂ ਤਕਨੀਕ ਨਾਲ ਕੀਤੀ ਜਾਂਚ ਵਿੱਚ ਮੇਲ ਮਿਲਾਪ ਸਾਹਮਣੇ ਆਇਆ, ਜਿਸ ਨਾਲ ਦੋਸ਼ੀ ਦੀ ਪਛਾਣ ਹੋ ਗਈ।



ਪੁਲਿਸ ਨੇ ਨਵੰਬਰ 2022 ਵਿੱਚ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਸਮੇਂ ਉਹ ਸਟੋਕ-ਆਨ-ਟਰੈਂਟ ਦੇ ਇਕ ਪਤੇ 'ਤੇ ਰਹਿ ਰਿਹਾ ਸੀ। ਮਾਮਲਾ ਲੂਟਨ ਸਥਿਤ ਤਾਜ ਅਦਾਲਤ ਵਿੱਚ ਪੰਜ ਦਿਨੀ ਸੁਣਵਾਈ ਦੌਰਾਨ ਚੱਲਿਆ, ਜਿੱਥੇ ਅਦਾਲਤ ਨੇ ਉਸਨੂੰ ਦੋਸ਼ੀ ਕਰਾਰ ਦਿੰਦਿਆਂ ਛੇ ਸਾਲ ਕੈਦ ਦੀ ਸਜ਼ਾ ਸੁਣਾਈ। ਨਾਲ ਹੀ ਉਸ 'ਤੇ ਜੀਵਨ ਭਰ ਲਈ ਪੀੜਤਾ ਨਾਲ ਸੰਪਰਕ ਨਾ ਕਰਨ ਦਾ ਹੁਕਮ ਵੀ ਜਾਰੀ ਕੀਤਾ ਗਿਆ ਹੈ।

ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਫੈਸਲਾ ਪੀੜਤਾ ਲਈ ਇਨਸਾਫ ਵੱਲ ਇਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਭਾਵੇਂ ਮਾਮਲਾ ਕਿੰਨਾ ਵੀ ਪੁਰਾਣਾ ਕਿਉਂ ਨਾ ਹੋਵੇ, ਵਿਗਿਆਨਕ ਤਕਨੀਕਾਂ ਦੀ ਮਦਦ ਨਾਲ ਦੋਸ਼ੀਆਂ ਨੂੰ ਕਾਨੂੰਨ ਦੇ ਕਟਘਰੇ ਵਿੱਚ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਹੋਰ ਪੀੜਤਾਂ ਨੂੰ ਵੀ ਅੱਗੇ ਆ ਕੇ ਸ਼ਿਕਾਇਤ ਦਰਜ ਕਰਵਾਉਣ ਦੀ ਅਪੀਲ ਕੀਤੀ।

# ਕੀ ਆਪ ਹਥੋਂ ਪੰਜਾਬ ਨਿਕਲ ਜਾਵੇਗਾ ?

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ

## ✪ ਅਰਵਿੰਦ ਕੇਜਰੀਵਾਲ ਦੀ ਪਰਦੇ ਪਿੱਛੇ ਕੀ ਹੈ ਰਣਨੀਤੀ ✪ ਪੰਜਾਬ ਵਿੱਚ ਵਾਪਸੀ ਦੀ ਕੀ ਹੈ ਤਿਆਰੀ ਅਤੇ ਆਪ ਪਾਰਟੀ ਦਾ ਪੰਜਾਬ ਵਿਚ ਕੀ ਹੈ ਭਵਿੱਖ



ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਤੇ ਸਾਬਕਾ ਦਿੱਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੱਜ ਕਲ ਰਾਜਨੀਤਕ ਤੌਰ 'ਤੇ ਪਰਦੇ ਪਿੱਛੇ ਰਹਿੰਦੇ ਹੋਏ ਨਜ਼ਰ ਆ ਰਹੇ ਹਨ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ 2025 ਵਿੱਚ ਭਾਰੀ ਹਾਰ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਪ ਨੂੰ ਸਾਹਮਣੇ ਤੋਂ ਹਟਾ ਲਿਆ ਹੈ ਅਤੇ ਪਾਰਟੀ ਨੂੰ ਨਵੇਂ ਸਿਰਿਉਂ ਤਿਆਰ ਕਰਨ ਦੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਪਾਰਟੀ ਦੇ ਜਾਣਕਾਰ ਸੂਤਰਾਂ ਅਨੁਸਾਰ, ਕੇਜਰੀਵਾਲ ਦਾ ਇੱਕ ਸੂਤਰੀ ਏਜੰਡਾ ਹੈ - ਅਗਲੇ ਸਾਲ 2027 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵਾਪਸੀ ਅਤੇ ਸੱਤਾ ਬਚਾਉਣਾ ਹੈ। ਇਸ ਤੋਂ ਇਲਾਵਾ ਗੋਆ ਅਤੇ ਗੁਜਰਾਤ ਵਿੱਚ ਵੀ ਪਾਰਟੀ ਨੂੰ ਮਜ਼ਬੂਤ ਕਰਨਾ ਹੈ, ਜਿੱਥੇ ਅਗਲੇ ਸਾਲ ਹੀ ਚੋਣਾਂ ਹੋਣੀਆਂ ਹਨ।

ਦਿੱਲੀ ਵਿੱਚ ਹਾਰ ਤੋਂ ਬਾਅਦ ਕੇਜਰੀਵਾਲ ਨੇ ਆਪਣੇ ਨੂੰ ਜਾਣਬੁੱਝ ਕੇ ਪਰਦੇ ਪਿੱਛੇ ਰੱਖਿਆ ਸੀ। ਉਨ੍ਹਾਂ ਨੇ ਪਾਰਟੀ ਦੇ ਸੀਨੀਅਰ ਨੇਤਾਵਾਂ ਨੂੰ ਵੀ ਦਿੱਲੀ ਤੋਂ ਬਾਹਰ ਭੇਜ ਦਿੱਤਾ ਸੀ। ਮਨੀਸ਼ ਸਿਸੋਦੀਆ ਵਰਗੇ ਨੇਤਾ ਵੀ ਹੁਣ ਪੰਜਾਬ ਵਿੱਚ ਜ਼ਿਆਦਾ ਸਰਗਰਮ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਸੀ ਕਿ ਕੇਜਰੀਵਾਲ ਨੇ ਦਿੱਲੀ ਵਿੱਚ ਰੇਖਾ ਗੁਪਤਾ ਸਰਕਾਰ ਦੇ ਸਿਰਫ਼ ਤਿੰਨ ਮਹੀਨਿਆਂ ਦੇ ਕੰਮ ਨੂੰ ਵੇਖ ਕੇ ਫੈਸਲਾ ਕਰ ਲਿਆ ਸੀ ਕਿ ਇੱਥੇ ਆਪ ਦਾ ਟਿਕਾਣਾ ਸੰਭਵ ਨਹੀਂ। ਦਿੱਲੀ ਵਿੱਚ ਅਗਲੀ ਵਿਧਾਨ ਸਭਾ ਚੋਣਾਂ 2030 ਵਿੱਚ ਹਨ ਅਤੇ ਇਸ ਤੋਂ ਪਹਿਲਾਂ ਲੋਕ ਸਭਾ ਚੋਣਾਂ ਵੀ ਆਉਣਗੀਆਂ।

ਪੰਜਾਬ ਵਿੱਚ ਆਪ ਦੀ ਸਰਕਾਰ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਹੈ ਅਤੇ ਇਹ ਪਾਰਟੀ ਲਈ ਇੱਕਮਾਤਰ ਸੱਤਾਧਾਰੀ ਰਾਜ ਹੈ। 2022 ਵਿੱਚ 92 ਸੀਟਾਂ ਜਿੱਤ ਕੇ ਆਪ ਨੇ ਵੱਡੀ ਜਿੱਤ ਹਾਸਲ ਕੀਤੀ ਸੀ ਪਰ ਹੁਣ ਚੋਣਾਂ ਨੇੜੇ ਆਉਂਦਿਆਂ ਚੁਣੌਤੀਆਂ ਵਧ ਰਹੀਆਂ ਹਨ। ਕੇਜਰੀਵਾਲ ਨੇ ਸ਼ੁਰੂ ਵਿੱਚ ਪੰਜਾਬ ਵਿੱਚ ਬਹੁਤ ਸਰਗਰਮੀ ਨਾਲ ਕੰਮ ਕੀਤਾ ਸੀ। ਉਹ ਹਰ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨਾਲ ਨਜ਼ਰ ਆਉਂਦੇ ਸਨ ਅਤੇ ਮਾਨ ਉਨ੍ਹਾਂ ਦੇ ਨਾਲ ਅਸਿਸਟੈਂਟ ਵਾਂਗ ਚੱਲਦੇ ਨਜ਼ਰ ਆਉਂਦੇ ਸਨ। ਪਰ ਹੁਣ ਕੇਜਰੀਵਾਲ ਪੂਰੀ ਤਰ੍ਹਾਂ ਪਰਦੇ ਪਿੱਛੇ ਹੋ ਗਏ ਹਨ। ਪਾਰਟੀ ਸੂਤਰਾਂ ਅਨੁਸਾਰ ਇਹ ਜਾਣਬੁੱਝ ਕੇ ਕੀਤਾ ਗਿਆ ਹੈ ਤਾਂ ਜੋ ਪੰਜਾਬ ਵਿੱਚ ਲੋਕਲ ਲੀਡਰਸ਼ਿਪ ਨੂੰ ਮੌਕਾ ਮਿਲੇ ਅਤੇ ਰਿਮੋਟ ਕੰਟਰੋਲ ਦੇ ਇਲਜ਼ਾਮਾਂ ਤੋਂ ਬਚਿਆ ਜਾ ਸਕੇ। ਪਾਰਟੀ ਨੇ ਦਿੱਲੀ ਵਿੱਚ ਨਵਾਂ ਢਾਂਚਾ ਤਿਆਰ ਕਰਨ ਦਾ ਸੰਦੇਸ਼ ਵੀ ਦਿੱਤਾ ਹੈ। ਸੌਰਭ ਭਾਰਦਵਾਜ ਨੂੰ ਦਿੱਲੀ ਪ੍ਰਧਾਨ ਬਣਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਨਵੀਂ ਟੀਮ ਬਣਾਉਣ ਦੀ ਛੋਟ ਦਿੱਤੀ ਗਈ ਹੈ। ਆਤਿਸ਼ੀ ਨੂੰ ਗੋਆ ਦਾ ਪ੍ਰਭਾਰੀ ਬਣਾਇਆ ਗਿਆ ਹੈ, ਗੋਪਾਲ ਰਾਏ ਨੂੰ ਗੁਜਰਾਤ ਅਤੇ ਸੰਜੇ ਸਿੰਘ ਯੂਪੀ ਵਿੱਚ ਸਰਗਰਮ ਹਨ। ਪੰਜਾਬ ਵਿੱਚ ਭਗਵੰਤ ਮਾਨ ਅਤੇ ਲੋਕਲ ਲੀਡਰਾਂ ਨੂੰ ਜ਼ਿਆਦਾ ਜ਼ਿੰਮੇਵਾਰੀ ਮਿਲ ਰਹੀ ਹੈ।

ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਲਈ ਕੇਂਦਰੀ ਅਥਾਰਟੀ ਅਤੇ ਰੀਜਨਲ ਆਟੋਨੋਮੀ ਵਿਚਕਾਰ ਬੈਲੰਸ ਬਣਾਉਣਾ ਬਹੁਤ ਜ਼ਰੂਰੀ ਹੈ। ਜੇ ਪੰਜਾਬ ਵਿੱਚ ਸਫਲਤਾ ਮਿਲੀ ਤਾਂ ਇਹ ਪਾਰਟੀ ਨੂੰ ਰਾਸ਼ਟਰੀ ਪੱਧਰ 'ਤੇ ਬਚਾਅ ਸਕਦੀ ਹੈ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਵਿੱਚ ਵਿਸਥਾਰ ਵੀ ਕਰ ਸਕਦੀ ਹੈ। ਪਰ ਜੇ ਪੰਜਾਬ ਵਿੱਚ ਹਾਰ ਹੋਈ ਤਾਂ ਆਪ ਦੀ ਰਾਜਨੀਤਕ ਹੋਂਦ ਖਤਰੇ ਵਿੱਚ ਪੈ ਸਕਦੀ ਹੈ। ਆਪ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ। "ਦਿੱਲੀ ਮਾਡਲ" ਨੂੰ ਛੱਡ ਕੇ ਹੁਣ "ਪੰਜਾਬ ਮਾਡਲ" ਬਣਾਉਣਾ ਪਵੇਗਾ। ਭਗਵੰਤ ਮਾਨ ਸਰਕਾਰ ਨੂੰ ਸਿਹਤ, ਸਿੱਖਿਆ ਰੁਜ਼ਗਾਰ,ਖੇਤੀ ਅਤੇ ਬਿਜਲੀ ਵਰਗੇ ਖੇਤਰਾਂ ਵਿੱਚ ਵੱਡੀਆਂ ਸਫਲਤਾਵਾਂ ਦਿਖਾਉਣੀਆਂ ਪੈਣਗੀਆਂ।

5 ਸਾਲਾਂ ਦੇ ਰਾਜ ਤੋਂ ਬਾਅਦ ਵੋਟਰ ਹਮੇਸ਼ਾ ਹਿਸਾਬ ਮੰਗਦਾ ਹੈ। ਮੁਫਤ ਬਿਜਲੀ ਦਾ ਫੈਕਟਰ ਹੁਣ ਪੁਰਾਣਾ ਹੋ ਚੁੱਕਾ ਹੈ, ਲੋਕ ਹੁਣ ਬੁਨਿਆਦੀ ਢਾਂਚੇ ਅਤੇ ਪੱਕੀਆਂ ਨੌਕਰੀਆਂ ਦੀ ਮੰਗ ਕਰ ਰਹੇ ਹਨ। ਹੁਣ ਤੱਕ 'ਆਪ' ਦਿੱਲੀ ਦੇ ਸਿੱਖਿਆ ਅਤੇ ਸਿਹਤ ਮਾਡਲ ਨੂੰ ਵੇਚ ਕੇ ਵੋਟਾਂ ਮੰਗਦੀ ਸੀ। ਪਰ ਦਿੱਲੀ ਵਿੱਚ ਹਾਰ ਨੇ ਸਾਬਤ ਕਰ ਦਿੱਤਾ ਕਿ ਇਹ ਮਾਡਲ ਕਾਰਗਰ ਨਹੀਂ ਹੈ, ਪੰਜਾਬ ਵਿਚ ਨਹੀਂ ਚਲ ਸਕਦਾ।

ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿੱਥੇ ਕਰਜ਼ਾ, ਨਸ਼ਾ ਅਤੇ ਬੇਰੁਜ਼ਗਾਰੀ ਵੱਡੇ ਮੁੱਦੇ ਹਨ। ਕੇਜਰੀਵਾਲ ਦੀ ਨਵੀਂ ਰਣਨੀਤੀ ਹੁਣ "ਪੰਜਾਬ ਮਾਡਲ" 'ਤੇ ਕੇਂਦਰਿਤ ਹੈ, ਜਿੱਥੇ ਯੂਨੀਵਰਸਲ ਹੈਲਥਕੇਅਰ ਅਤੇ ਸਥਾਨਕ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਦਿੱਲੀ ਵਿੱਚ ਲੱਗੇ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਨੇ ਪਾਰਟੀ ਦੇ "ਕੱਟੜ ਇਮਾਨਦਾਰ" ਅਕਸ ਨੂੰ ਢਾਹ ਲਾਈ ਹੈ। ਪੰਜਾਬ ਵਿੱਚ ਵੀ ਜੇਕਰ ਕੋਈ ਵੱਡਾ ਸਕੈਮ ਸਾਹਮਣੇ ਆਉਂਦਾ ਹੈ, ਤਾਂ ਕੇਜਰੀਵਾਲ ਦੀ "ਪਰਦੇ ਪਿੱਛੇ" ਦੀ ਰਣਨੀਤੀ ਫੇਲ੍ਹ ਹੋ ਸਕਦੀ ਹੈ। ਪੰਜਾਬ ਦੀ ਸਿਆਸਤ ਵਿੱਚ ਕਿਸਾਨ ਜਥੇਬੰਦੀਆਂ ਅਤੇ ਧਾਰਮਿਕ, ਪੰਥਕ ਮੁੱਦਿਆਂ ਦਾ ਵੱਡਾ ਰੋਲ ਹੈ। 'ਆਪ' ਨੂੰ ਇਨ੍ਹਾਂ ਦੋਵਾਂ ਮੋਰਚਿਆਂ 'ਤੇ ਸੰਤੁਲਨ ਬਣਾ ਕੇ ਰੱਖਣਾ ਪਵੇਗਾ। ਹੁਣ ਤਕ ਬੇਅਦਬੀ ਤੇ ਬੰਦੀ ਸਿਖਾਂ ਦੀ ਰਿਹਾਈ ਦੇ ਮਸਲੇ ਉਪਰ ਫੇਲ ਹੋਈ ਹੈ।

### ਸਿੱਖ ਆਪ ਤੋਂ ਨਿਰਾਸ਼ ਕਿਉਂ

ਪੰਜਾਬ ਵਿੱਚ ਪਿਛਲੇ ਚਾਰ ਸਾਲਾਂ (2022-2026) ਦੇ ਸਫ਼ਰ ਵਿੱਚ ਸਿੱਖ ਪੰਥ ਦੇ ਇੱਕ ਵੱਡੇ ਹਿੱਸੇ ਵਿੱਚ ਪਾਰਟੀ ਪ੍ਰਤੀ ਅਸੰਤੁਸ਼ਟੀ ਪੈਦਾ ਹੋਈ ਹੈ। ਇਸ ਅਸੰਤੁਸ਼ਟੀ ਦੇ ਮੁੱਖ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਕਾਰਨ ਹੇਠ ਲਿਖੇ ਹਨ:

1. ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ: ਸਿੱਖ ਜਗਤ ਵਿੱਚ 'ਬੰਦੀ ਸਿੰਘਾਂ' (ਉਹ ਸਿੱਖ ਕੈਦੀ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ)

ਬਾਕੀ ਹਿਸਾ ਸਫਾ 22 ਤੇ ਪੜ੍ਹੋ

## ਕੀ ਅਕਾਲੀ ਦਲ ਦਾ ਉਭਾਰ ਹੋ ਸਕੇਗਾ ?

ਅਕਾਲੀ ਦਲ ਦਾ ਉਭਾਰ ਹੋਵੇਗਾ ਜਾਂ ਨਹੀਂ, ਇਹ ਸਿਰਫ਼ 'ਆਪ' ਦੀ ਹਾਰ 'ਤੇ ਨਿਰਭਰ ਨਹੀਂ ਕਰਦਾ, ਸਗੋਂ ਅਕਾਲੀ ਦਲ ਦੀ ਆਪਣੀ ਅੰਦਰੂਨੀ ਸਥਿਤੀ 'ਤੇ ਨਿਰਭਰ ਕਰਦਾ ਹੈ। ਇਸ ਦਾ ਇੱਕ ਡੂੰਘਾ ਵਿਸ਼ਲੇਸ਼ਣ ਹੇਠ ਲਿਖੇ ਨੁਕਤਿਆਂ ਰਾਹੀਂ ਕੀਤਾ ਜਾ ਸਕਦਾ ਹੈ:

1. ਪੰਥਕ ਵੋਟ ਬੈਂਕ ਦੀ ਵਾਪਸੀ ਦੀ ਸੰਭਾਵਨਾ : ਸਿੱਖ ਵੋਟਰ ਜੋ 'ਆਪ' ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ, ਉਹ ਕੁਦਰਤੀ ਤੌਰ 'ਤੇ ਇੱਕ ਮਜ਼ਬੂਤ ਖੇਤਰੀ ਬਦਲ ਦੀ ਤਲਾਸ਼ ਕਰਨਗੇ। ਜੇਕਰ ਬਾਦਲ ਅਕਾਲੀ ਦਲ ਇਹ ਸਾਬਤ ਕਰ ਦੇਵੇ ਕਿ ਉਹ ਹੀ ਪੰਜਾਬ ਦੇ ਹੱਕਾਂ (ਪਾਣੀ, ਚੰਡੀਗੜ੍ਹ ਅਤੇ ਬੰਦੀ ਸਿੰਘਾਂ) ਲਈ ਦਿੱਲੀ ਨਾਲ ਮੱਥਾ ਲਾ ਸਕਦਾ ਹੈ, ਤਾਂ ਉਸ ਦੀ ਵਾਪਸੀ ਸੰਭਵ ਹੈ। ਪਾਰਟੀ 'ਤੇ ਅਜੇ ਵੀ ਬੇਅਦਬੀ ਕਾਂਡ ਅਤੇ ਪਿਛਲੇ ਰਾਜ ਦੌਰਾਨ ਹੋਈਆਂ ਗਲਤੀਆਂ ਦੇ ਦਾਗ ਹਨ। ਜਦੋਂ ਤੱਕ ਸਿੱਖ ਸੰਗਤ ਪੂਰੀ ਤਰ੍ਹਾਂ ਮੁਆਫ ਨਹੀਂ ਕਰਦੀ, ਉਭਾਰ ਮੁਸ਼ਕਲ ਹੈ।

2. ਲੀਡਰਸ਼ਿਪ ਦਾ ਸੰਕਟ ਅਤੇ ਅੰਦਰੂਨੀ ਬਗਾਵਤ : ਅਕਾਲੀ ਦਲ ਇਸ ਸਮੇਂ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਅੰਦਰੂਨੀ ਸੰਕਟ ਵਿੱਚੋਂ ਲੰਘ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਪਾਰਟੀ ਦੇ ਅੰਦਰ ਹੀ "ਸੁਧਾਰ ਲਹਿਰ" ਚੱਲ ਰਹੀ ਹੈ। ਜੇਕਰ ਪਾਰਟੀ ਦੋਫਾੜ ਹੁੰਦੀ ਹੈ, ਤਾਂ 'ਆਪ' ਤੋਂ ਨਾਰਾਜ਼ ਵੋਟ ਦਾ ਫਾਇਦਾ ਅਕਾਲੀ ਦਲ ਦੀ ਬਜਾਏ ਕਾਂਗਰਸ ਨੂੰ ਮਿਲ ਸਕਦਾ ਹੈ। ਅਕਾਲੀ ਦਲ ਦੇ ਉਭਾਰ ਲਈ ਪਾਰਟੀ ਨੂੰ ਇੱਕ ਅਜਿਹੀ ਲੀਡਰਸ਼ਿਪ ਪੇਸ਼ ਕਰਨੀ ਪਵੇਗੀ ਜੋ ਨੌਜਵਾਨਾਂ ਨੂੰ ਖਿੱਚ ਸਕੇ ਅਤੇ ਜਿਸ ਦਾ ਅਕਸ ਸਾਫ਼ ਹੋਵੇ।

3. 'ਆਪ' ਦੀ ਹਾਰ ਦਾ ਅਸਲ ਫਾਇਦੇਮੰਦ ਕੌਣ ? : ਰਾਜਨੀਤੀ ਦਾ ਨਿਯਮ ਹੈ ਕਿ ਜਦੋਂ ਸੱਤਾਧਾਰੀ ਪਾਰਟੀ ਕਮਜ਼ੋਰ ਹੁੰਦੀ ਹੈ, ਤਾਂ ਵੋਟ ਵੰਡੀ ਜਾਂਦੀ ਹੈ। ਪੰਜਾਬ ਵਿੱਚ ਕਾਂਗਰਸ ਅਜੇ ਵੀ ਇੱਕ ਮਜ਼ਬੂਤ ਸੰਗਠਨ ਹੈ। ਜੇਕਰ ਅਕਾਲੀ ਦਲ ਕਮਜ਼ੋਰ ਰਹਿੰਦਾ ਹੈ, ਤਾਂ 'ਆਪ' ਦਾ ਐਂਟੀ-ਵੋਟ ਸਿੱਧਾ ਕਾਂਗਰਸ ਵੱਲ ਜਾ ਸਕਦਾ ਹੈ ਭਾਜਪਾ ਵੀ ਪੰਜਾਬ ਵਿੱਚ ਸ਼ਹਿਰੀ ਅਤੇ ਸਿੱਖ ਵੋਟਾਂ ਤੇ ਦਲਿਤਾਂ ਵਿੱਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ।

4. ਖੇਤਰੀ ਪਾਰਟੀ ਦੀ ਲੋੜ : ਪੰਜਾਬ ਵਿੱਚ ਇੱਕ ਵੱਡਾ ਵਰਗ ਅਜਿਹਾ ਹੈ ਜੋ ਮੰਨਦਾ ਹੈ ਕਿ 'ਆਪ', 'ਕਾਂਗਰਸ' ਅਤੇ 'ਭਾਜਪਾ' ਤਿੰਨੋਂ ਦਿੱਲੀ ਤੋਂ ਚਲਦੀਆਂ ਹਨ। ਜੇਕਰ ਅਕਾਲੀ ਦਲ ਆਪਣੇ ਆਪ ਨੂੰ ਮੁੜ ਤੋਂ ਇੱਕ ਸ਼ੁੱਧ "ਖੇਤਰੀ ਜਥੇਬੰਦੀ" ਵਜੋਂ ਸਥਾਪਿਤ ਕਰ ਲਵੇ, ਜੋ ਸਿਰਫ਼ ਪੰਜਾਬ ਦੇ ਹਿੱਤਾਂ ਦੀ ਗੱਲ ਕਰੇ, ਤਾਂ ਸਿੱਖ ਮਾਨਸਿਕਤਾ ਮੁੜ ਇਸ ਵੱਲ ਝੁਕ ਸਕਦੀ ਹੈ।

'ਆਪ' ਦੀ ਢਾਹ ਅਕਾਲੀ ਦਲ ਲਈ ਇੱਕ "ਸੁਨਹਿਰੀ ਮੌਕਾ" ਹੈ, ਪਰ ਇਹ "ਗਾਰੰਟੀ" ਨਹੀਂ ਹੈ। ਅਕਾਲੀ ਦਲ ਦਾ ਉਭਾਰ ਤਦ ਹੀ ਹੋਵੇਗਾ ਜੇਕਰ ਪਾਰਟੀ ਜਨਤਕ ਤੌਰ 'ਤੇ ਪੰਜਾਬੀਆਂ ਦਾ ਭਰੋਸਾ ਜਿੱਤ ਸਕੇ। ਅੰਦਰੂਨੀ ਕਲੇਸ਼ ਖਤਮ ਕਰਕੇ ਇੱਕਜੁੱਟ ਹੋਵੇ। ਅਕਾਲੀ ਦਲ ਸਿਰਫ਼ ਪੰਥਕ ਮੁਦੇ ਹੀ ਨਹੀਂ, ਸਗੋਂ ਪੰਜਾਬ ਦੀ ਆਰਥਿਕਤਾ ਅਤੇ ਨੌਜਵਾਨਾਂ ਦੇ ਭਵਿੱਖ ਦਾ ਰੋਡਮੈਪ ਪੇਸ਼ ਕਰੇ।

21 ਸਫ਼ੇ ਦੀ ਬਾਕੀ

ਦੀ ਰਿਹਾਈ ਇੱਕ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਹੈ।ਦਿੱਲੀ ਵਿੱਚ ਕੇਜਰੀਵਾਲ ਦੀ ਅਗਵਾਈ ਵਾਲੀ 'ਸੈਂਟੈਂਸ ਰਿਵਿਊ ਬੋਰਡ' ਵੱਲੋਂ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਵਰਗੇ ਕੈਦੀਆਂ ਦੀ ਰਿਹਾਈ 'ਤੇ ਲਗਾਤਾਰ ਲਗਾਈ ਗਈ ਰੋਕ ਨੇ ਸਿੱਖ ਪੰਥ ਵਿੱਚ ਗੁੱਸਾ ਪੈਦਾ ਕੀਤਾ। ਪੰਜਾਬ ਵਿੱਚ ਸਰਕਾਰ ਹੋਣ ਦੇ ਬਾਵਜੂਦ 'ਆਪ' ਇਸ ਮੁੱਦੇ 'ਤੇ ਕੇਂਦਰ ਜਾਂ ਦਿੱਲੀ ਪ੍ਰਸ਼ਾਸਨ 'ਤੇ ਦਬਾਅ ਬਣਾਉਣ ਵਿੱਚ ਅਸਫਲ ਰਹੀ ਹੈ।

2. ਬੇਅਦਬੀ ਅਤੇ ਇਨਸਾਫ਼ ਵਿੱਚ ਦੇਰੀ : 2022 ਦੀਆਂ ਚੋਣਾਂ ਵਿੱਚ 'ਆਪ' ਨੇ ਵਾਅਦਾ ਕੀਤਾ ਸੀ ਕਿ ਉਹ ਬੇਅਦਬੀ ਦੇ ਮਾਮਲਿਆਂ (ਬਰਗਾੜੀ ਅਤੇ ਬਹਿਬਲ ਕਲਾਂ) ਵਿੱਚ ਤੁਰੰਤ ਇਨਸਾਫ਼ ਦਿਵਾਉਣਗੇ। ਭਾਵੇਂ ਕੁਝ ਚਾਰਜਸ਼ੀਟਾਂ ਦਾਖਲ ਹੋਈਆਂ, ਪਰ ਸਿੱਖ ਸੰਗਤ ਨੂੰ ਲੱਗਦਾ ਹੈ ਕਿ ਅਸਲ "ਵੱਡੇ ਦੋਸ਼ੀ" ਅਜੇ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ। ਨਿਆਂ ਪ੍ਰਕਿਰਿਆ ਦੀ ਸੁਸਤ ਰਫ਼ਤਾਰ ਨੇ "ਬਦਲਾਅ" ਦੇ ਦਾਅਵੇ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

3. 'ਦਿੱਲੀ ਦਖਲਅੰਦਾਜ਼ੀ' ਅਤੇ ਰਿਮੋਟ ਕੰਟਰੋਲ : ਸਿੱਖ ਮਾਨਸਿਕਤਾ ਹਮੇਸ਼ਾ "ਪੰਜਾਬੀਅਤ" ਅਤੇ ਸਥਾਨਕ ਖੁਦਮੁਖਤਿਆਰੀ ਦੀ ਮੁਦੱਈ ਰਹੀ ਹੈ। ਜਦੋਂ ਦਿੱਲੀ ਦੇ ਆਗੂ (ਜਿਵੇਂ ਕਿ ਰਾਘਵ ਚੱਢਾ ਜਾਂ ਸੰਦੀਪ ਪਾਠਕ) ਪੰਜਾਬ ਦੇ ਪ੍ਰਸ਼ਾਸਨਿਕ ਫੈਸਲਿਆਂ ਵਿੱਚ ਹਾਵੀ ਨਜ਼ਰ ਆਏ, ਤਾਂ ਸਿੱਖ ਵੋਟਰਾਂ ਨੂੰ ਲੱਗਿਆ ਕਿ ਪੰਜਾਬ ਦੀ ਸੱਤਾ ਮੁੜ ਤੋਂ ਦਿੱਲੀ ਦੇ ਦਰਬਾਰ ਅੱਗੇ ਗੋਡੇ ਟੇਕ ਰਹੀ ਹੈ। ਸਿੱਖ ਭਾਈਚਾਰਾ ਇੱਕ ਅਜਿਹਾ ਆਗੂ ਚਾਹੁੰਦਾ ਹੈ ਜੋ ਪੰਥਕ ਅਤੇ ਪੰਜਾਬੀ ਰਵਾਇਤਾਂ ਮੁਤਾਬਕ ਖੁਦ ਫੈਸਲੇ ਲਵੇ।

4. ਪੰਥਕ ਤੇ ਪੰਜਾਬ ਏਜੰਡੇ ਦੀ ਗੈਰ-ਮੌਜੂਦਗੀ : 'ਆਪ' ਨੇ ਆਪਣੀ ਰਾਜਨੀਤੀ ਨੂੰ "ਸਿੱਖਿਆ ਅਤੇ ਸਿਹਤ" (ਦਿੱਲੀ ਮਾਡਲ) ਤੱਕ ਸੀਮਤ ਰੱਖਿਆ ਹੈ। ਸਿੱਖ ਰਾਜਨੀਤੀ ਅਕਸਰ ਪਛਾਣ (ਸੂਬੇ ਦੇ ਅਧਿਕਾਰਾਂ ਅਤੇ ਧਾਰਮਿਕ ਸੁਤੰਤਰਤਾ ਦੇ ਦੁਆਲੇ ਘੁੰਮਦੀ ਹੈ। 'ਆਪ' ਵੱਲੋਂ ਇਨ੍ਹਾਂ ਮੁੱਦਿਆਂ 'ਤੇ ਚੁੱਪੀ ਧਾਰਨੀ ਜਾਂ ਇਨ੍ਹਾਂ ਨੂੰ "ਸੈਕੰਡਰੀ" ਮੰਨਣਾ ਸਿੱਖ ਭਾਈਚਾਰੇ ਨੂੰ ਰਾਸ ਨਹੀਂ ਆ ਰਿਹਾ।

5. ਬੁੱਧੀਜੀਵੀਆਂ ਅਤੇ ਨੌਜਵਾਨਾਂ ਦੀਆਂ ਉਮੀਦਾਂ : ਪੰਜਾਬ ਦੇ ਨੌਜਵਾਨਾਂ ਨੇ 'ਆਪ' ਨੂੰ ਇੱਕ 'ਇਨਕਲਾਬੀ' ਪਾਰਟੀ ਵਜੋਂ ਵੇਖਿਆ ਸੀ। ਨਸ਼ਿਆਂ ਦਾ ਮੁੱਦਾ, ਗੈਂਗਸਟਰ ਕਲਚਰ ਅਤੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਲਾਇਨ ਅਜੇ ਵੀ ਜਾਰੀ ਹੈ। ਇਸ ਤੋਂ ਇਲਾਵਾ, ਕੇਂਦਰੀ ਹਕੂਮਤ ਵੱਲੋਂ ਪੰਜਾਬ ਦੇ ਪਾਣੀਆਂ ਜਾਂ ਚੰਡੀਗੜ੍ਹ 'ਤੇ ਕੀਤੇ ਜਾਂਦੇ ਹਮਲਿਆਂ ਵੇਲੇ ਪਾਰਟੀ ਦਾ ਸਟੈਂਡ ਕਈ ਵਾਰ ਸਿੱਖਾਂ ਨੂੰ ਕਮਜ਼ੋਰ ਜਾਪਦਾ ਹੈ।

6 ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਅਤੇ ਉਸ ਤੋਂ ਬਾਅਦ ਪੈਦਾ ਹੋਏ ਹਾਲਾਤ ਦੌਰਾਨ ਸਰਕਾਰ ਦੇ ਸਖ਼ਤ ਰਵੱਈਏ ਨੇ ਸਿੱਖਾਂ ਦੇ ਇੱਕ ਹਿੱਸੇ ਵਿੱਚ ਇਹ ਪ੍ਰਭਾਵ ਦਿੱਤਾ ਕਿ 'ਆਪ' ਵੀ ਰਵਾਇਤੀ ਪਾਰਟੀਆਂ ਵਾਂਗ "ਸਟੇਟ" ਦੀ ਭਾਸ਼ਾ ਬੋਲ ਰਹੀ ਹੈ, ਨਾ ਕਿ ਲੋਕਾਂ ਦੀ। ਸਿੱਖ ਵੋਟਰ 'ਆਪ' ਤੋਂ ਸਿਰਫ਼ ਮੁਫ਼ਤ ਬਿਜਲੀ ਜਾਂ ਆਟਾ-ਦਾਲ ਨਹੀਂ ਚਾਹੁੰਦਾ ਸੀ, ਸਗੋਂ ਉਹ "ਪੰਜਾਬੀ ਗੌਰਵ" ਅਤੇ "ਧਾਰਮਿਕ ਇਨਸਾਫ਼" ਦੀ ਉਮੀਦ ਰੱਖਦਾ ਸੀ। ਇਨ੍ਹਾਂ ਦੋਵਾਂ ਮੋਰਚਿਆਂ 'ਤੇ ਪਾਰਟੀ ਦੀ ਕਾਰਗੁਜ਼ਾਰੀ ਢਿਲੀ ਰਹੀ ਹੈ, ਜਿਸ ਕਾਰਨ 2027 ਦੀਆਂ ਚੋਣਾਂ ਤੋਂ ਪਹਿਲਾਂ ਸਿੱਖਾਂ ਦਾ ਭਰੋਸਾ ਜਿੱਤਣਾ ਭਗਵੰਤ ਮਾਨ ਲਈ ਸਭ ਤੋਂ ਵੱਡੀ ਚੁਣੌਤੀ ਹੋਵੇਗੀ।

# 'ਵਾਰਿਸ ਪੰਜਾਬ ਦੇ' ਅਤੇ ਨਵੇਂ ਅਕਾਲੀ ਦਲ' ਦਾ ਸਿਆਸਤ ਉਪਰ ਕੀ ਪ੍ਰਭਾਵ ਹੋ

ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ "ਵਾਰਿਸ ਪੰਜਾਬ ਦੇ" ਨੇ ਨੌਜਵਾਨਾਂ ਦੇ ਇੱਕ ਹਿੱਸੇ ਵਿੱਚ ਬਹੁਤ ਪ੍ਰਭਾਵ ਪਾਇਆ ਹੈ। ਇਹ ਜਥੇਬੰਦੀ ਸਿੱਧੀ ਚੋਣ ਸਿਆਸਤ ਵਿੱਚ ਨਹੀਂ ਹੈ, ਪਰ ਇਸ ਨੇ ਪੰਜਾਬ ਵਿੱਚ "ਪੰਥਕ ਏਜੰਡੇ" ਨੂੰ ਮੁੜ ਤੋਂ ਕੇਂਦਰ ਵਿੱਚ ਲਿਆਂਦਾ ਹੈ। ਇਸ ਦਾ ਸਭ ਤੋਂ ਵੱਡਾ ਅਸਰ ਇਹ ਹੋਇਆ ਹੈ ਕਿ ਰਵਾਇਤੀ ਅਕਾਲੀ ਦਲ (ਬਾਦਲ) ਨੂੰ ਹੁਣ ਆਪਣੀ ਪੰਥਕ ਪਛਾਣ ਬਚਾਉਣ ਲਈ ਵਧੇਰੇ ਸਖ਼ਤ ਸਟੈਂਡ ਲੈਣਾ ਪੈ ਰਿਹਾ ਹੈ। ਜੇਕਰ ਇਹ ਲਹਿਰ ਸਿਆਸੀ ਰੂਪ ਲੈਂਦੀ ਹੈ (ਜਿਵੇਂ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਦੀ ਜਿੱਤ), ਤਾਂ ਇਹ ਰਵਾਇਤੀ ਪਾਰਟੀਆਂ ਦੀਆਂ ਵੋਟਾਂ ਵਿੱਚ ਵੱਡੀ ਸੰਨ੍ਹ ਲਾਏਗੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ) ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ, ਰਵੀਇੰਦਰ ਸਿੰਘ,ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਬੀਬੀ ਜਾਗੀਰ ਕੌਰ ਵਰਗੇ ਆਗੂ ਸ਼ਾਮਲ ਹਨ, ਇੱਕ ਨਵਾਂ ਬਦਲ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਧੜਾ ਉਨ੍ਹਾਂ ਵੋਟਰਾਂ ਨੂੰ ਖਿੱਚ ਸਕਦਾ ਹੈ ਜੋ ਅਕਾਲੀ ਦਲ ਦੀ ਵਿਚਾਰਧਾਰਾ ਨਾਲ ਤਾਂ ਜੁੜੇ ਹੋਏ ਹਨ ਪਰ ਬਾਦਲ ਪਰਿਵਾਰ ਤੋਂ ਨਾਰਾਜ਼ ਹਨ। ਇਤਿਹਾਸ ਗਵਾਹ ਹੈ ਕਿ ਅਕਾਲੀ ਦਲ ਤੋਂ ਟੁੱਟ ਕੇ ਬਣੇ ਧੜੇ (ਜਿਵੇਂ ਟੌਹੜਾ ਜਾਂ ਤਲਵੰਡੀ ਧੜਾ) ਲੰਬਾ ਸਮਾਂ ਟਿਕ ਨਹੀਂ ਸਕੇ। ਜਦੋਂ ਤੱਕ ਇਸ ਧੜੇ ਕੋਲ ਕੋਈ ਬਹੁਤ ਵੱਡਾ "ਕ੍ਰਿਸ਼ਮਈ ਆਗੂ" ਤੇ ਏਜੰਡਾ, ਨੈਰੇਟਿਵ, ਨੀਤੀ ਨਹੀਂ ਹੁੰਦਾ, ਇਨ੍ਹਾਂ ਲਈ ਵੋਟਾਂ ਬਟੋਰਨਾ ਔਖਾ ਹੋਵੇਗਾ। ਜੇਕਰ 'ਆਪ' ਦੀ ਸਰਕਾਰ ਵਿਰੁੱਧ ਗੁੱਸਾ ਵਧਦਾ ਹੈ, ਤਾਂ ਪੰਜਾਬ ਵਿੱਚ "ਤੀਜੀ ਧਿਰ" ਬਣਨ ਦੀਆਂ ਸੰਭਾਵਨਾਵਾਂ ਬਹੁਤ ਪ੍ਰਬਲ ਹਨ।

ਜੇ ਸੁਧਾਰ ਲਹਿਰ ਅਤੇ ਹੋਰ ਪੰਥਕ ਜਥੇਬੰਦੀਆਂ ਇਕੱਠੀਆਂ ਹੋ ਕੇ ਕਿਸੇ ਨਵੇਂ ਚਿਹਰੇ ਨੂੰ ਅੱਗੇ ਲਿਆਉਂਦੀਆਂ ਹਨ, ਤਾਂ ਇਹ ਪੰਜਾਬ ਦੀ ਸਿਆਸਤ ਨੂੰ ਪੂਰੀ ਤਰ੍ਹਾਂ ਬਦਲ ਸਕਦੇ ਹਨ। ਪਰ ਜੇ ਇਹ ਸਾਰੇ ਧੜੇ ਅਲੱਗ-ਅਲੱਗ ਚੋਣ ਲੜਦੇ ਹਨ, ਤਾਂ ਇਸ ਦਾ ਸਿੱਧਾ ਫਾਇਦਾ ਕਾਂਗਰਸ ਜਾਂ ਭਾਜਪਾ ਨੂੰ ਹੋਵੇਗਾ, ਕਿਉਂਕਿ ਸਿੱਖ ਵੋਟ ਵੰਡੀ ਜਾਵੇਗੀ। ਪੰਜਾਬ ਇਸ ਸਮੇਂ "ਨਵੀਂ ਅਕਾਲੀ ਸਿਆਸਤ" ਦੀ ਭਾਲ ਵਿੱਚ ਹੈ। ਲੋਕ ਅਜਿਹਾ ਅਕਾਲੀ ਦਲ ਚਾਹੁੰਦੇ ਹਨ ਜੋ ਧਾਰਮਿਕ ਤੌਰ 'ਤੇ ਵੀ ਮਜ਼ਬੂਤ ਹੋਵੇ ਅਤੇ ਆਧੁਨਿਕ ਪੰਜਾਬ ਦੀ ਆਰਥਿਕਤਾ ਦਾ ਹੱਲ ਵੀ ਪੇਸ਼ ਕਰੇ। "ਵਾਰਿਸ ਪੰਜਾਬ ਦੇ" ਨੇ ਸਿਰਫ਼ ਭਾਵਨਾਤਮਕ ਮੁੱਦਿਆਂ ਨੂੰ ਹਵਾ ਦਿੱਤੀ ਹੈ, ਜਦਕਿ ਨਵਾਂ ਅਕਾਲੀ ਦਲ ਅਜੇ ਸਿਰਫ਼ ਕੁਰਸੀ ਦੀ ਲੜਾਈ ਵਿੱਚ ਉਲਝਿਆ ਜਾਪਦਾ ਹੈ।

# ਆਪ ਦੀ ਮੋਗਾ ਰੈਲੀ: 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਸਰੇ ਪੜਾਅ ਦਾ ਆਗਾਜ਼

## ✪ ਕੇਜਰੀਵਾਲ ਤੇ ਮਾਨ ਦਾ ਵਿਰੋਧੀਆਂ 'ਤੇ ਤਿੱਖਾ ਹਮਲਾ



ਮੋਗਾ-ਪੰਜਾਬ ਸਰਕਾਰ ਵੱਲੋਂ ਮੋਗਾ ਦੇ ਪਿੰਡ ਕਿੱਲੀ ਚਾਹਲਾਂ ਵਿਖੇ ਇੱਕ ਵਿਸ਼ਾਲ ਰੈਲੀ ਕਰਕੇ ਨਸ਼ਿਆਂ ਵਿਰੁੱਧ ਜੰਗ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਿਰਕਤ ਕੀਤੀ। ਸਰਕਾਰ ਵੱਲੋਂ ਨਸ਼ਾ ਮੁਕਤ ਅਤੇ 'ਰੰਗਲਾ ਪੰਜਾਬ' ਬਣਾਉਣ ਦਾ ਸੰਕਲਪ ਦੁਹਰਾਇਆ ਗਿਆ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ 'ਵਿਲੇਜ ਡਿਫੈਂਸ ਕਮੇਟੀ' ਦੇ ਮੈਂਬਰਾਂ ਨੂੰ ਨਸ਼ਿਆਂ ਖ਼ਿਲਾਫ਼ ਡਟਣ ਦੀ ਸਹੁੰ ਚੁਕਾਈ ਗਈ।

ਰੈਲੀ ਨੂੰ ਸੰਬੋਧਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ 'ਤੇ ਪੰਜਾਬ ਦੀ ਜਵਾਨੀ ਬਰਬਾਦ ਕਰਨ ਦੇ ਦੋਸ਼ ਲਾਏ। ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਿਹਤ ਬਾਰੇ ਚੱਲ ਰਹੀਆਂ ਅਟਕਲਾਂ ਨੂੰ ਵਿਰਾਮ ਦਿੰਦਿਆਂ ਵਿਰੋਧੀਆਂ ਨੂੰ ਕਰੜੇ ਹੱਥੀਂ ਲਿਆ।

ਉਨ੍ਹਾਂ ਕਿਹਾ ਕਿ ਸਰਕਾਰ ਨਸ਼ਾ ਤਸਕਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾ ਰਹੀ ਹੈ ਅਤੇ ਪੰਜਾਬ ਨੂੰ ਮੁੜ ਖੇਡਾਂ ਤੇ ਖੁਸ਼ਹਾਲੀ ਦੀ ਰਾਹ 'ਤੇ ਲਿਆਉਣ ਲਈ ਵਚਨਬੱਧ ਹੈ। ਨਸ਼ਿਆਂ ਦੀ ਸਪਲਾਈ ਚੇਨ ਤੋੜਨ ਲਈ ਸਰਕਾਰ ਨੇ ਇੱਕ ਖ਼ਾਸ ਮੋਬਾਈਲ ਐਪ ਜਾਰੀ ਕੀਤੀ ਹੈ। ਇਸ ਰਾਹੀਂ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰ ਸਿੱਧੇ ਮੁੱਖ ਮੰਤਰੀ ਦਫ਼ਤਰ ਨੂੰ ਨਸ਼ਾ ਤਸਕਰਾਂ ਦੀ ਜਾਣਕਾਰੀ ਦੇ ਸਕਣਗੇ। ਡੀ.ਜੀ.ਪੀ. ਗੌਰਵ ਯਾਦਵ ਨੇ ਭਰੋਸਾ ਦਿੱਤਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਦੱਸਿਆ ਗਿਆ ਕਿ ਪਿਛਲੇ ਇੱਕ ਸਾਲ ਵਿੱਚ 45 ਹਜ਼ਾਰ ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ ਹਨ ਅਤੇ 2 ਹਜ਼ਾਰ ਕਿਲੋ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ।

### ਵਿਰੋਧੀ ਧਿਰਾਂ ਨੇ ਚੁੱਕੇ ਸਵਾਲ; ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਲਾਏ ਦੋਸ਼

ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੇ ਇਸ ਰੈਲੀ ਨੂੰ 2027 ਦੀਆਂ ਚੋਣਾਂ ਦਾ ਸਿਆਸੀ ਸਟੰਟ ਕਰਾਰ ਦਿੱਤਾ ਹੈ। ਸੁਨੀਲ ਜਾਖੜ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਦੀ ਸਿਆਸੀ ਮੰਚ 'ਤੇ ਮੌਜੂਦਗੀ 'ਤੇ ਸਖ਼ਤ ਇਤਰਾਜ਼ ਜਤਾਇਆ। ਵਿਰੋਧੀ ਆਗੂਆਂ ਨੇ ਦੋਸ਼ ਲਾਇਆ ਕਿ ਰੈਲੀ ਲਈ ਸੈਂਕੜੇ ਸਰਕਾਰੀ ਬੱਸਾਂ ਦੀ ਵਰਤੋਂ ਕੀਤੀ ਗਈ, ਜਿਸ ਕਾਰਨ ਆਮ ਜਨਤਾ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਅਕਾਲੀ ਦਲ ਨੇ ਇਸ ਸਬੰਧੀ ਰਾਜਪਾਲ ਅਤੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਵੀ ਭੇਜੀ ਹੈ।

# ਸੁਪਰੀਮ ਕੋਰਟ ਨੇ ਖਾਰਜ ਕੀਤੀ ਅਬੂ ਸਲੇਮ ਦੀ ਪਟੀਸ਼ਨ

ਦਿੱਲੀ-ਗੈਂਗਸਟਰ ਅਬੂ ਸਲੇਮ ਨੂੰ ਹਾਲੇ ਜੇਲ੍ਹ ਤੋਂ ਨਹੀਂ ਮਿਲੇਗੀ ਰਿਹਾਈ। ਸੁਪਰੀਮ ਕੋਰਟ ਨੇ ਉਸ ਦੀ ਪਟੀਸ਼ਨ ਖਾਰਜ ਕਰ ਦਿੱਤੀ ਤੇ ਬੰਬੇ ਹਾਈ ਕੋਰਟ ਵਿੱਚ ਜਾਣ ਲਈ ਕਿਹਾ। 1993 ਮੁੰਬਈ ਧਮਾਕਿਆਂ ਵਾਲੀ 25 ਸਾਲ ਦੀ ਸਜ਼ਾ ਅਜੇ ਪੂਰੀ ਨਹੀਂ ਹੋਈ। ਅਬੂ ਸਲੇਮ ਨੇ ਦਾਅਵਾ ਕੀਤਾ ਸੀ ਕਿ ਚੰਗੇ ਵਿਹਾਰ ਦੀ ਛੋਟ ਨਾਲ ਉਸ ਨੇ ਸਜ਼ਾ ਪੂਰੀ ਕਰ ਲਈ ਪਰ ਕੋਰਟ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਹੁਣ ਉਸ ਨੂੰ ਹਾਈ ਕੋਰਟ ਵਿੱਚ ਅਪੀਲ ਕਰਨੀ ਪਵੇਗੀ।

# ਨਿਖਿਲ ਗੁਪਤਾ ਦੇ ਇਕਬਾਲੀਆ ਬਿਆਨ ਨੇ ਭਾਰਤ ਸਰਕਾਰ ਦਾ ਅੱਤਵਾਦੀ ਚਿਹਰਾ ਨੰਗਾ ਕੀਤਾ: ਵਰਲਡ ਸਿੱਖ ਪਾਰਲੀਮੈਂਟ

## ਮੋਦੀ ਸਰਕਾਰ ਦੀ ਸਿੱਖਾਂ ਵਿਰੁੱਧ 'ਅੰਤਰਰਾਸ਼ਟਰੀ ਦਮਨ' ਦੀ ਨੀਤੀ ਹੋਈ ਜੱਗ-ਜ਼ਾਹਿਰ

ਫਰੈਂਕਫਰਟ: ਵਰਲਡ ਸਿੱਖ ਪਾਰਲੀਮੈਂਟ ਨੇ ਅਮਰੀਕਾ ਦੀ ਅਦਾਲਤ ਵਿੱਚ ਭਾਰਤੀ ਏਜੰਸੀਆਂ ਦੇ ਹੱਥ-ਠੋਕੇ ਨਿਖਿਲ ਗੁਪਤਾ ਵੱਲੋਂ ਰੈਫਰੰਡਮ ਦੀ ਮੁਹਿੰਮ ਚਲਾ ਰਹੇ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਰਚਣ ਦਾ ਜੁਰਮ ਕਬੂਲਣ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਨਿਖਿਲ ਗੁਪਤਾ ਦਾ ਇਹ ਇਕਬਾਲੀਆ ਬਿਆਨ ਸਾਬਤ ਕਰਦਾ ਹੈ ਕਿ ਭਾਰਤੀ ਏਜੰਸੀਆਂ ਵਿਦੇਸ਼ੀ ਧਰਤੀ 'ਤੇ ਸਿੱਖਾਂ ਦੇ ਕਤਲਾਂ ਵਿੱਚ ਸ਼ਾਮਲ ਹਨ ਅਤੇ ਆਪਣੇ ਹੱਕਾਂ ਦੀ ਗੱਲ ਕਰ ਰਹੇ ਹੋਰ ਆਗੂਆਂ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਘੜ ਰਹੀਆਂ ਹਨ।

ਵਰਲਡ ਸਿੱਖ ਪਾਰਲੀਮੈਂਟ ਦੇ ਆਗੂ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਮਨਬੀਰ ਸਿੰਘ ਕਨੇਡਾ ਭਾਈ ਪ੍ਰਿਤਪਾਲ ਸਿੰਘ ਸਵਿਟਜਲੈਡ , ਭਾਈ ਜਤਿੰਦਰ ਸਿੰਘ, ਭਾਈ ਸਤਨਾਮ ਸਿੰਘ ਫਰਾਂਸ, ਹਰਜੋਤ ਸਿੰਘ ਹਾਲੈਡ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਨਿਖਿਲ ਗੁਪਤਾ ਦੇ ਇਸ ਬਿਆਨ ਨਾਲ ਭਾਰਤੀ ਖੁਫੀਆ ਏਜੰਸੀ 'ਰਾਅ', ਮੋਦੀ ਸਰਕਾਰ ਦੀ ਕੈਬਿਨਟ ਦੇ ਉੱਚ ਅਧਿਕਾਰੀਆਂ ਅਤੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵਰਗਿਆਂ ਵੱਲੋਂ ਚਲਾਈ ਜਾ



ਰਹੀ ਸਿੱਖਾਂ ਦੇ 'ਅੰਤਰਰਾਸ਼ਟਰੀ ਦਮਨ' ਦੀ ਨੀਤੀ ਦਾ ਭਾਂਡਾ ਚੁਰਾਹੇ ਭੱਜ ਗਿਆ ਹੈ।

ਵਰਲਡ ਸਿੱਖ ਪਾਰਲੀਮੈਂਟ ਦਾ ਮੰਨਣਾ ਹੈ ਕਿ ਸਿੱਖਾਂ ਉੱਤੇ ਹਮਲੇ ਕਰਕੇ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਇਹ ਕਾਰਵਾਈ ਸਿਰਫ਼ ਇੱਕ ਨਿਖਿਲ ਗੁਪਤਾ ਜਾਂ ਰਾਅ ਅਧਿਕਾਰੀ ਵਿਕਾਸ ਯਾਦਵ ਤੱਕ ਸੀਮਿਤ ਨਹੀਂ ਹੈ, ਬਲਕਿ ਇਸ ਪਿੱਛੇ ਭਾਰਤ ਦੀ ਉੱਚ ਲੀਡਰਸ਼ਿਪ ਦਾ ਹੱਥ ਹੈ। ਕੌਮਾਂਤਰੀ ਮੀਡੀਏ ਵਿੱਚ ਇਹ ਗੱਲ ਵਾਰ-ਵਾਰ ਸਾਹਮਣੇ ਆ ਚੁੱਕੀ ਹੈ ਕਿ ਵਿਦੇਸ਼ਾਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਪਿੱਛੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਹੇਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸੁਰੱਖਿਆ ਸਲਾਹਕਾਰ ਤੇ ਆਰ ਐਸ ਐਸ ਦੇ ਨਜ਼ਦੀਕੀ ਅਜੀਤ ਡੋਵਾਲ ਦੀ ਸਿੱਧੀ ਸ਼ਮੂਲੀਅਤ ਹੈ।

ਅਮਰੀਕੀ ਜਾਂਚ ਏਜੰਸੀ ਐਫ. ਬੀ. ਆਈ. ਦੇ ਵਧੀਕ ਡਾਇਰੈਕਟਰ ਨੇ ਵੀ ਸਪੱਸ਼ਟ ਕੀਤਾ ਹੈ ਕਿ ਇੱਕ ਅਮਰੀਕੀ ਨਾਗਰਿਕ ਨੂੰ ਸਿਰਫ਼ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਵਰਤਣ ਕਰਕੇ ਅੰਤਰਰਾਸ਼ਟਰੀ ਦਮਨ ਦਾ ਨਿਸ਼ਾਨਾ ਬਣਾਇਆ ਗਿਆ ਹੈ। ਇਹ ਬਿਆਨ ਭਾਰਤ ਵੱਲੋਂ ਖਾਲਿਸਤਾਨ ਸੰਘਰਸ਼ ਨੂੰ ਬਦਨਾਮ ਕਰਨ ਲਈ ਸਿਰਜੇ ਝੂਠੇ ਬ੍ਰਿਤਾਂਤ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ।

ਵਰਲਡ ਸਿੱਖ ਪਾਰਲੀਮੈਂਟ ਨੇ ਅਜ਼ਾਦੀ ਪਸੰਦ ਸਿੱਖਾਂ ਦੀ ਵਿਦੇਸ਼ਾਂ ਵਿੱਚ ਸੁਰੱਖਿਆ ਬਾਰੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਹਰਦੀਪ ਸਿੰਘ ਨਿੱਝਰ ਦਾ ਕਤਲ ਅਤੇ ਅਵਤਾਰ ਸਿੰਘ ਖੰਡਾ ਦੀ ਸ਼ੱਕੀ ਮੌਤ ਵਰਗੇ ਮਾਮਲੇ ਇਸੇ ਸਾਜਿਸ਼ ਦਾ ਹਿੱਸਾ ਹਨ। ਭਾਰਤ ਸਰਕਾਰ ਨੇ ਹੁਣ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦਾ ਢੰਗ ਬਦਲ ਲਿਆ ਹੈ ਅਤੇ ਸਿੱਖਾਂ ਨੂੰ ਖਤਮ ਕਰਨ ਲਈ ਗੈਂਗਸਟਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜਨਵਰੀ 2026 ਵਿੱਚ ਕੈਨੇਡਾ ਦੀ ਪੁਲਿਸ ਨੇ ਵੀ ਖੁਲਾਸਾ ਕੀਤਾ ਸੀ ਕਿ ਭਾਰਤ ਸਰਕਾਰ ਬਿਸ਼ਨੋਈ ਗੈਂਗ ਰਾਹੀਂ ਵਿਦੇਸ਼ਾਂ ਵਿੱਚ ਕਤਲ, ਫਿਰੌਤੀਆਂ ਅਤੇ ਹਿੰਸਕ ਕਾਰਵਾਈਆਂ ਕਰਵਾ ਰਹੀ ਹੈ।

ਵਰਲਡ ਸਿੱਖ ਪਾਰਲੀਮੈਂਟ ਨੇ ਅਮਰੀਕਾ ਅਤੇ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭਾਰਤ ਨਾਲ ਵਪਾਰਕ ਸਮਝੌਤਿਆਂ ਨੂੰ ਮਨੁੱਖੀ ਤੋਂ ਤਰਜੀਹ ਨਾ ਦੇਣ ਬਲਕਿ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਇਸ ਸਾਜਿਸ਼ ਵਿੱਚ ਸ਼ਾਮਲ ਸਿਆਸੀ ਆਗੂਆਂ, ਭਾਰਤੀ ਏਜੰਸੀਆਂ ਅਤੇ ਸਰਕਾਰੀ ਅਧਿਕਾਰੀਆਂ ਦੀ ਵੀ ਨਿਖਿਲ ਗੁਪਤਾ ਵਾਂਗ ਜਵਾਬਦੇਹੀ ਤੈਅ ਕੀਤੀ ਜਾਵੇ ਅਤੇ ਉਨ੍ਹਾਂ 'ਤੇ ਮੁਕਦਮੇ ਚਲਾਏ ਜਾਣ।

ਅਖੀਰ ਵਿੱਚ ਵਰਲਡ ਸਿੱਖ ਪਾਰਲੀਮੈਂਟ ਨੇ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ ਦੀ ਇਸ ਕਾਤਲ ਮੁਹਿੰਮ ਦਾ ਜਵਾਬ ਆਪਸੀ ਵਖਰੇਵੇਂ ਭੁਲਾ ਕੇ, ਖਾਲਿਸਤਾਨ ਦੀ ਅਵਾਜ਼ ਨੂੰ ਹੋਰ ਜ਼ੋਰ ਨਾਲ ਬੁਲੰਦ ਕਰਕੇ ਦੇਣ; ਇਹ ਹੀ ਭਾਰਤ ਸਰਕਾਰ ਦੇ ਇਸ ਜ਼ਬਰ ਦਾ ਮੂੰਹ ਤੋੜ ਜਵਾਬ ਹੋਵੇਗਾ। ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਇਹ ਭੁਲੇਖਾ ਕੱਢ ਦੇਵੇ ਕਿ ਉਹ ਡਰਾ-ਧਮਕਾ ਕੇ ਸਾਨੂੰ ਸਾਡੇ ਨਿਸ਼ਾਨੇ, ਸਾਡੇ ਅਜ਼ਾਦ ਘਰ ਖਾਲਿਸਤਾਨ ਤੋਂ ਥਿੜਕਾ ਲਵੇਗੀ। ਅਸੀਂ ਆਪਣੀ ਜ਼ਿੰਦਗੀ ਦੇ ਆਖਰੀ ਦਮ ਤੱਕ ਸੰਘਰਸ਼ ਜਾਰੀ ਰੱਖਾਂਗੇ ਅਤੇ ਅੰਤ ਨੂੰ ਜ਼ਾਲਮ ਸਰਕਾਰ ਨੂੰ ਮੂੰਹ ਦੀ ਖਾਣੀ ਪਵੇਗੀ।

# ਟੰਬਲਰ ਰਿਜ਼ ਗੋਲਾਬਾਰੀ: ਮ੍ਰਿਤਕਾਂ ਚੋਂ 8 ਪੀੜਤਾਂ ਦੀ ਸ਼ਨਾਖਤ



ਟੰਬਲਰ ਰਿਜ਼ ਗੋਲਾਬਾਰੀ ਵਿੱਚ ਮਾਰੇ ਗਏ ਪੀੜਤਾਂ ਦੀਆਂ ਤਸਵੀਰਾਂ

ਵੈਨਕੂਵਰ-(ਮਲਕੀਤ ਸਿੰਘ) - ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਪਹਾੜੀ ਸ਼ਹਿਰ ਟੰਬਲਰ ਰਿਜ਼ ਵਿੱਚ ਹੋਈ ਭਿਆਨਕ ਗੋਲਾਬਾਰੀ ਦੀ ਮੰਦਭਾਗੀ ਘਟਨਾ ਵਿੱਚ ਮਾਰੇ ਗਏ 8 ਲੋਕਾਂ ਦੀ ਪਛਾਣ ਪੁਲਿਸ ਵੱਲੋਂ ਜਾਰੀ ਕਰ ਦਿੱਤੀ ਗਈ ਹੈ। ਇਸ ਦੁਖਦਾਈ ਘਟਨਾ ਤੋਂ ਬਾਅਦ ਪੂਰੇ ਕੈਨੇਡਾ ਵਿੱਚ ਸੋਗ ਅਤੇ ਸਦਮੇ ਦੀ ਲਹਿਰ ਹੈ।ਪੁਲਿਸ ਵੱਲੋਂ ਜਾਰੀ ਕੀਤੇ ਬਿਆਨ ਮੁਤਾਬਕ ਅਚਾਨਕ ਹੋਈ ਗੋਲਾਬਾਰੀ ਦੌਰਾਨ ਮਰਨ ਵਾਲਿਆਂ ਵਿੱਚ ਕਈ ਨਾਬਾਲਿਗ ਵੀ ਸ਼ਾਮਲ ਹਨ, ਜਿਸ ਕਾਰਨ ਇਹ ਹਾਦਸਾ ਹੋਰ ਵੀ ਦਰਦਨਾਕ ਬਣ ਗਿਆ ਹੈ। ਪੁਲਿਸ ਵੱਲੋਂ ਹੁਣ ਤੱਕ ਜਾਰੀ ਕੀਤੇ ਨਾਂਵਾਂ ਵਿੱਚ ਐਬਲ ਮਵਾਂਸਾ, ਏਜ਼ੀਕਿਯਲ ਸਕੋਫੀਲਡ, ਜ਼ੋਈ ਬੈਨੂਆ, ਜੈਨੀਫਰ ਜੇਕਬਸ,ਜੈਨੀਫਰ ਸਟਰੈਂਗ, ਐਮਟ ਜੇਕਬਸ ਅਤੇ ਕਾਈਲੀ ਸਮਿਥ ਸ਼ਾਮਲ ਹਨ। ਬਾਕੀ ਪੀੜਤਾਂ ਦੀ ਜਾਣਕਾਰੀ ਵੀ ਪਰਿਵਾਰਕ ਸਹਿਮਤੀ ਤੋਂ ਬਾਅਦ ਜਾਰੀ ਕੀਤੀ ਜਾਵੇਗੀ । ਘਟਨਾ ਤੋਂ ਬਾਅਦ ਸਥਾਨਕ ਸਕੂਲਾਂ, ਦਫ਼ਤਰਾਂ ਅਤੇ ਸਰਕਾਰੀ ਸੰਸਥਾਵਾਂ ਵਿੱਚ ਸ਼ੋਕ ਸਭਾਵਾਂ ਆਯੋਜਿਤ ਕੀਤੀਆਂ ਗਈਆਂ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਮੋਮਬੱਤੀਆਂ ਜਗਾ ਕੇ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਅਤੇ ਕੇਂਦਰੀ ਸਰਕਾਰ ਦੇ ਆਗੂਆਂ ਨੇ ਇਸ ਘਟਨਾ ਦੀ ਕੜੀ ਨਿੰਦਾ ਕਰਦਿਆਂ ਪੀੜਤ ਪਰਿਵਾਰਾਂ ਨਾਲ ਸੰਵੇਦਨਾ ਜਤਾਈ ਹੈ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਇਹ ਹਾਦਸਾ ਪੂਰੇ ਦੇਸ਼ ਲਈ ਵੱਡਾ ਸਦਮਾ ਹੈ ਅਤੇ ਸਰਕਾਰ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰੇਗੀ। ਪੁਲਿਸ ਵੱਲੋਂ ਘਟਨਾ ਦੀ ਗਹਿਰਾਈ ਨਾਲ ਜਾਂਚ ਲਗਾਤਾਰ ਜਾਰੀ ਹੈ।

# ਸਰੀ ਦੇ ਗੁਰਦੁਆਰਿਆਂ 'ਚ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਕੇ ਹੋ ਰਹੀਆਂ ਚੋਰੀਆਂ ਸਬੰਧੀ ਪੁਲਿਸ ਵੱਲੋਂ ਚੇਤਾਵਨੀ ਜਾਰੀ

ਵੈਨਕੂਵਰ-(ਮਲਕੀਤ ਸਿੰਘ) - ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਸਥਿਤ ਕੁਝ ਗੁਰਦੁਆਰਿਆਂ ਦੇ ਆਲੇ-ਦੁਆਲੇ ਬਜ਼ੁਰਗ ਨਾਗਰਿਕਾਂ ਨੂੰ ਨਿਸ਼ਾਨਾ ਬਣਾਕੇ ਅਤੇ ਉਹਨਾਂ ਦਾ ਧਿਆਨ ਭਟਕਾ ਕੇ ਕੀਤੀਆਂ ਜਾ ਰਹੀਆਂ ਚੋਰੀਆਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਣ ਤੋਂ ਬਾਅਦ ਪੁਲਿਸ ਵੱਲੋਂ ਲੋਕਾਂ ਨੂੰ ਚੌਕਸ ਰਹਿਣ ਸਬੰਧੀ ਚੇਤਾਵਨੀ ਜਾਰੀ ਕੀਤੀ ਗਈ ਹੈ।ਸਰੀ ਪੁਲਿਸ ਦੇ ਅਧਿਕਾਰੀਆਂ ਮੁਤਾਬਕ, ਕੁਝ ਅਪਰਾਧੀ ਵਿਅਕਤੀ ਗੁਰਦੁਆਰਿਆਂ ਦੇ ਬਾਹਰ ਬਜ਼ੁਰਗਾਂ ਨਾਲ ਗੱਲਬਾਤ ਕਰਕੇ ਜਾਂ ਮਦਦ ਦਾ ਬਹਾਨਾ ਘੜ ਕੇ ਉਨ੍ਹਾਂ ਦਾ ਧਿਆਨ ਭਟਕਾਉਂਦੇ ਹਨ ਅਤੇ ਇਸ ਦੌਰਾਨ ਉਨ੍ਹਾਂ ਦੇ ਬਟੂਏ, ਗਹਿਣੇ ਜਾਂ ਹੋਰ ਕੀਮਤੀ ਸਮਾਨ ਚੋਰੀ ਕਰ ਲੈਂਦੇ ਹਨ।ਪੁਲਿਸ ਨੇ ਦੱਸਿਆ ਕਿ ਹਾਲੀਆ ਦਿਨਾਂ ਵਿੱਚ ਕਈ ਅਜਿਹੀਆਂ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਪੀੜਤ ਵੱਡੀ ਉਮਰ ਦੇ ਵਿਅਕਤੀ ਹਨ।

ਕੁਝ ਮਾਮਲਿਆਂ ਵਿੱਚ ਚੋਰ ਝੂਠੀ ਸਹਾਇਤਾ, ਦਿਸ਼ਾ ਪੁੱਛਣ ਜਾਂ ਵਾਹਨ ਸੰਬੰਧੀ ਮਦਦ ਦੇ ਬਹਾਨੇ ਨਾਲ ਨੇੜੇ ਆਉਂਦੇ ਹਨ।ਪੁਲਿਸ ਨੇ ਬਜ਼ੁਰਗਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਣਜਾਣ ਲੋਕਾਂ ਤੋਂ ਸਾਵਧਾਨ ਰਹਿਣ, ਆਪਣਾ ਕੀਮਤੀ ਸਮਾਨ ਸੁਰੱਖਿਅਤ ਢੰਗ ਨਾਲ ਰੱਖਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਸੂਚਨਾ ਪੁਲਿਸ ਨੂੰ ਦੇਣ।ਇਸ ਤੋਂ ਇਲਾਵਾ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਸੰਗਤ ਨੂੰ ਇਸ ਬਾਰੇ ਜਾਣਕਾਰੀ ਦੇਣ ਅਤੇ ਜ਼ਰੂਰਤ ਪੈਣ 'ਤੇ ਨਿਗਰਾਨੀ ਪ੍ਰਬੰਧ ਮਜ਼ਬੂਤ ਕਰਨ।

# ਸਥਾਨਕ ਚੋਣਾਂ ਲਈ ਕੌਂਸਲਾਂ ਅੱਗੇ ਔਖੀ ਚੁਣੌਤੀ, ਸਰਕਾਰ ਵੱਲੋਂ ਫ਼ੈਸਲਾ ਬਦਲਣ ਨਾਲ ਤਿਆਰੀਆਂ 'ਚ ਵਧਿਆ ਦਬਾਅ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਵਿੱਚ ਮਈ ਮਹੀਨੇ ਹੋਣ ਵਾਲੀਆਂ ਸਥਾਨਕ ਚੋਣਾਂ ਨੂੰ ਲੈ ਕੇ ਕੌਂਸਲਾਂ ਸਾਹਮਣੇ ਤਿਆਰੀਆਂ ਦੀ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ। ਚੋਣ ਪ੍ਰਬੰਧਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਸਰਕਾਰ ਵੱਲੋਂ ਕੁਝ ਚੋਣਾਂ ਨੂੰ ਟਾਲਣ ਦੇ ਫ਼ੈਸਲੇ ਤੋਂ ਅਚਾਨਕ ਪਿੱਛੇ ਹਟਣ ਕਾਰਨ ਹੁਣ ਸਮੇਂ ਸਿਰ ਪੂਰੀ ਤਿਆਰੀ ਕਰਨਾ ਕਾਫ਼ੀ ਮੁਸ਼ਕਲ ਹੋ ਸਕਦਾ ਹੈ।**

ਜਾਣਕਾਰੀ ਅਨੁਸਾਰ ਸਥਾਨਕ ਸਰਕਾਰ ਮੰਤਰੀ ਸਟੀਵ ਰੀਡ ਨੇ ਪਹਿਲਾਂ ਇੰਗਲੈਂਡ ਦੀਆਂ ਲਗਭਗ 30 ਕੌਂਸਲ ਚੋਣਾਂ ਨੂੰ 2027 ਤੱਕ ਮੋਅੱਤਲ ਕਰਨ ਦੀ ਮਨਜ਼ੂਰੀ ਦਿੱਤੀ ਸੀ। ਇਸ ਫ਼ੈਸਲੇ ਨਾਲ ਕਈ ਕੌਂਸਲਾਂ ਨੇ ਆਪਣੀ ਚੋਣੀ ਯੋਜਨਾ ਅੱਗੇ ਧੱਕ ਦਿੱਤੀ ਸੀ। ਹਾਲਾਂਕਿ ਤਾਜ਼ਾ ਸਲਾਹ ਮਸ਼ਵਰੇ ਤੋਂ ਬਾਅਦ ਸਰਕਾਰ ਨੇ ਇਹ ਯੋਜਨਾ ਰੱਦ ਕਰਦਿਆਂ ਚੋਣਾਂ ਨਿਰਧਾਰਿਤ ਸਮੇਂ 'ਤੇ ਹੀ ਕਰਵਾਉਣ ਦਾ ਐਲਾਨ ਕਰ ਦਿੱਤਾ।

ਚੋਣ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਚਾਨਕ ਨੀਤੀ ਬਦਲਾਅ ਕਾਰਨ ਕਰਮਚਾਰੀਆਂ ਦੀ ਭਰਤੀ, ਪੋਲਿੰਗ ਸਟੇਸ਼ਨਾਂ ਦੀ ਬੰਦੋਬਸਤ, ਬੈਲਟ ਪੇਪਰਾਂ ਦੀ ਛਪਾਈ ਅਤੇ ਵੋਟਰ ਸੂਚੀਆਂ ਦੀ ਅਪਡੇਟ ਜਿਹੇ ਕੰਮਾਂ 'ਤੇ ਵਧੇਰੇ ਦਬਾਅ ਪੈ ਗਿਆ ਹੈ। ਕਈ ਕੌਂਸਲਾਂ ਪਹਿਲਾਂ ਹੀ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ ਅਤੇ ਉਨ੍ਹਾਂ ਕੋਲ ਵਾਧੂ ਸਰੋਤਾਂ ਦੀ ਘਾਟ ਹੈ।

ਚੋਣ ਪ੍ਰਬੰਧਕ ਸੰਸਥਾਵਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਤੁਰੰਤ ਸਪਸ਼ਟ ਦਿਸ਼ਾ-ਨਿਰਦੇਸ਼ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰੇ, ਤਾਂ ਜੋ ਚੋਣ ਪ੍ਰਕਿਰਿਆ ਸੁਚਾਰੂ ਢੰਗ ਨਾਲ ਪੂਰੀ ਹੋ ਸਕੇ। ਉਨ੍ਹਾਂ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਜੇ ਲੋੜੀਂਦੇ ਇੰਤਜ਼ਾਮਾਂ ਲਈ ਸਮਾਂ ਅਤੇ ਸਰੋਤ ਨਾ ਮਿਲੇ ਤਾਂ ਵੋਟਿੰਗ ਪ੍ਰਬੰਧ ਪ੍ਰਭਾਵਿਤ ਹੋ ਸਕਦੇ ਹਨ।

ਰਾਜਨੀਤਿਕ ਮੰਚ 'ਤੇ ਵੀ ਇਸ ਮਾਮਲੇ ਨੇ ਗਰਮੀ ਪੈਦਾ ਕਰ ਦਿੱਤੀ ਹੈ। ਵਿਰੋਧੀ ਧਿਰ ਨੇ ਸਰਕਾਰ 'ਤੇ ਯੋਜਨਾ ਬਿਨਾਂ ਸੋਚੇ ਸਮਝੇ ਬਦਲਣ ਦਾ ਦੋਸ਼ ਲਗਾਇਆ ਹੈ ਅਤੇ ਕਿਹਾ ਹੈ ਕਿ ਇਸ ਨਾਲ ਪ੍ਰਸ਼ਾਸਨਿਕ ਗੜਬੜ ਪੈਦਾ ਹੋਈ ਹੈ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਲੋਕਤੰਤਰਿਕ ਪ੍ਰਕਿਰਿਆ ਨੂੰ ਸਮੇਂ 'ਤੇ ਜਾਰੀ ਰੱਖਣਾ ਜ਼ਰੂਰੀ ਹੈ ਅਤੇ ਕੌਂਸਲਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

ਸਥਾਨਕ ਚੋਣਾਂ ਨੂੰ ਇੰਗਲੈਂਡ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਮੰਨਿਆ ਜਾਂਦਾ ਹੈ ਕਿਉਂਕਿ ਇਹ ਜ਼ਮੀਨੀ ਪੱਧਰ 'ਤੇ ਸਰਕਾਰ ਦੀ ਲੋਕਪ੍ਰਿਯਤਾ ਦੀ ਪੜਤਾਲ ਕਰਦੀਆਂ ਹਨ। ਇਸ ਕਰਕੇ ਕੌਂਸਲਾਂ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਚੋਣਾਂ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਕਰਵਾਈਆਂ ਜਾਣ। ਕੁੱਲ ਮਿਲਾ ਕੇ, ਸਰਕਾਰ ਦੇ ਫ਼ੈਸਲੇ ਵਿੱਚ ਤਬਦੀਲੀ ਨੇ ਕੌਂਸਲਾਂ ਲਈ ਸਮੇਂ ਦੀ ਦੌੜ ਸ਼ੁਰੂ ਕਰ ਦਿੱਤੀ ਹੈ ਅਤੇ ਆਉਣ ਵਾਲੇ ਹਫ਼ਤੇ ਚੋਣੀ ਤਿਆਰੀਆਂ ਲਈ ਨਿਰਣਾਇਕ ਸਾਬਤ ਹੋਣਗੇ।

## ਆਈ ਸੀ ਈ ਦਾ ਵਿਵਹਾਰ ਤਾਨਸ਼ਾਹੀ ਵਾਲਾ-ਬਰਾਕ ਉਬਾਮਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ ਇਮੀਗ੍ਰੇਸ਼ਨ ਤੇ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਏਜੰਟਾਂ ਦੀ ਸਖਤ ਅਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਤਾਨਾਸ਼ਾਹੀ ਢੰਗ ਤਰੀਕੇ ਨਾਲ ਕੰਮ ਕਰ ਰਹੇ ਹਨ। ਉਨਾਂ ਨੇ ਇਕ ਬਿਆਨ ਵਿੱਚ ਕਿਹਾ ਕਿ ਮਿਨੀਸੋਟਾ ਵਿੱਚ ਆਈ ਸੀ ਈ ਏਜੰਟ ਜਿਸ ਤਰਾਂ ਦਾ ਵਿਵਹਾਰ ਕਰ ਰਹੇ ਹਨ,ਅਜਿਹਾ ਵਿਵਹਾਰ ਏਕਾਧਿਕਾਰ ਤੇ ਤਾਨਾਸ਼ਾਹੀ ਦੇਸ਼ਾਂ ਵਿੱਚ ਵੇਖਿਆ ਗਿਆ ਹੈ। ਉਬਾਮਾ ਜਿਨਾਂ ਨੇ ਪਹਿਲਾਂ ਅਮਰੀਕਾ ਦੇ ਸ਼ਹਿਰਾਂ ਵਿੱਚ ਸੰਘੀ ਏਜੰਟਾਂ ਨੂੰ ਤਾਇਨਾਤ ਕਰਨ ਕਾਰਨ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਲੋਚਨਾ ਕੀਤੀ ਸੀ,ਨੇ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਆਈ ਸੀ ਈ ਏਜੰਟਾਂ ਦਾ ਵਿਵਹਾਰ ਖਤਰਨਾਕ ਹੈ ਇਹ



ਚਿੰਤਾ ਦਾ ਵਿਸ਼ਾ ਹੈ । ਮਿਨੀਸੋਟਾ ਵਿਚ ਤਾਇਨਾਤ 3000 ਸੰਘੀ ਏਜੰਟਾਂ ਦੀਆਂ ਆਮ ਲੋਕਾਂ ਨਾਲ ਟਕਰਾਅ ਦੀਆਂ ਅਨੇਕਾਂ ਵੀਡੀਓ ਸਾਹਮਣੇ ਆਈਆਂ ਹਨ। ਉਬਾਮਾ ਨੇ ਕਿਹਾ ਕਿ ਮਿਨਿਆਪੋਲਿਸ ,ਸੇਂਟ ਪਾਲ ਵਿੱਚ ਆਈ ਸੀ ਈ ਏਜੰਟ ਜੋ ਕਰ ਰਹੇ ਹਨ ਉਸ ਦਾ ਨੋਟਿਸ ਲੈਣਾ ਜਰੂਰੀ ਹੈ, ਅਜਿਹਾ ਲੱਗਦਾ ਹੈ ਕਿ ਉਨਾਂ ਨੂੰ ਬਿਨਾਂ ਸਪੱਸ਼ਟ ਦਿਸ਼ਾ ਨਿਰਦੇਸ਼, ਸਿਖਲਾਈ ਦੇ ਤਾਇਨਾਤ ਕੀਤਾ ਗਿਆ ਹੈ ਜੋ ਲੋਕਾਂ ਨੂੰ ਘਰਾਂ ਵਿਚੋਂ ਧੂਹ ਕੇ ਬਾਹਰ ਕੱਢ ਰਹੇ ਹਨ ਤੇ ਜੋ ਸਧਾਰਨ ਖੜੇ ਲੋਕਾਂ ਉਪਰ ਹੰਝੂ ਗੈਸ ਛੱਡ ਰਹੇ ਹਨ। ਮਿਨਿਆਪੋਲਿਸ ਵਿੱਚ ਪ੍ਰਦਰਸ਼ਨਕਾਰੀ ਰੀਨੀ ਗੁੱਡ ਤੇ ਐਲਕਸ ਪੈਟੀ ਦੀ ਇਮੀਗ੍ਰੇਸ਼ਨ ਏਜੰਟਾਂ ਹੱਥੋਂ ਹੋਈ ਹੱਤਿਆ ਤੋਂ ਬਾਅਦ ਦੇਸ਼ ਭਰ ਵਿੱਚ ਵੱਡੀ ਪੱਧਰ 'ਤੇ ਵਿਰੋਧ ਵੇਖਣ ਨੂੰ ਮਿਲਿਆ ਹੈ।

## ਭਾਰਤੀ ਮੂਲ ਦੀ ਨਿਸ਼ਾ ਅਗਰਵਾਲ ਮੇਅਰ ਦੇ ਦਫਤਰ ਵਿੱਚ ਕਮਿਸ਼ਨਰ ਨਿਯੁਕਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਮੇਅਰ ਜ਼ੋਹਰਨ ਮਮਦਾਨੀ ਨੇ ਨਿਊ ਯਾਰਕ ਦੀਆਂ ਪ੍ਰਮੁੱਖ ਏਜੰਸੀਆਂ ਵਿੱਚ ਸੇਵਾਵਾਂ ਵਿੱਚ ਸੁਧਾਰ ਦੀ ਕੋਸ਼ਿਸ਼ ਵਜੋਂ ਕਈ ਨਿਯੁਕਤੀਆਂ ਕਰਨ ਦਾ ਐਲਾਨ ਕੀਤਾ ਹੈ ਜਿਨਾਂ ਵਿੱਚ ਇਕ ਅਹਿਮ ਨਿਯੁਕਤੀ ਭਾਰਤੀ ਮੂਲ ਦੀ ਨਿਸ਼ਾ ਅਗਰਵਾਲ ਦੀ ਹੋਈ ਹੈ। ਨਿਸ਼ਾ ਅਗਰਵਾਲ ਨੂੰ ਅੰਗਹੀਣਾਂ ਲਈ ਮੇਅਰ ਦੇ ਦਫਤਰ ਦੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਮੇਅਰ ਨੇ ਕਿਹਾ ਹੈ ਕਿ ਅਗਰਵਾਲ ਦਾ ਤਜ਼ਰਬਾ ਹਾਊਸਿੰਗ, ਸਿਹਤ ਸੰਭਾਲ, ਸਿੱਖਿਆ ਤੇ ਹੋਰ ਜਰੂਰੀ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਦੇ ਕੰਮ ਆਵੇਗਾ। ਅਗਰਵਾਲ ਪਾਲਸੀ ਐਂਡ ਕਮਿਊਨੀਕੇਸ਼ਨਜ ਦੇ ਡਾਇਰੈਕਟਰ ਸਮੇਤ ਹੋਰ ਕਈ ਅਹਿਮ



ਅਹੁੱਦਿਆਂ 'ਤੇ ਕੰਮ ਕਰ ਚੁੱਕੀ ਹੈ। ਉਸ ਨੇ ਮੇਅਰ ਦੇ ਦਫਤਰ ਵਿੱਚ ਪ੍ਰਵਾਸੀ ਮਾਮਲਿਆਂ 'ਤੇ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਹਨ।

## ਪੰਜ ਸਾਲਾਂ ਦੇ ਉੱਚ ਪੱਧਰ ਨੇੜੇ ਬੇਰੁਜ਼ਗਾਰੀ ਦਰ, ਤਨਖ਼ਾਹ ਵਾਧਾ ਸੁਸਤ *ਨੌਕਰੀਆਂ ਘਟੀਆਂ, ਬੇਰੁਜ਼ਗਾਰਾਂ ਦੀ ਗਿਣਤੀ ਵਧੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੀ ਆਰਥਿਕਤਾ ਲਈ ਚਿੰਤਾਜਨਕ ਸੰਕੇਤਾਂ ਦਰਮਿਆਨ ਦੇਸ਼ ਵਿੱਚ ਬੇਰੁਜ਼ਗਾਰੀ ਦਰ ਪਿਛਲੇ ਪੰਜ ਸਾਲਾਂ ਦੇ ਸਭ ਤੋਂ ਉੱਚ ਪੱਧਰ ਦੇ ਨੇੜੇ ਪਹੁੰਚ ਗਈ ਹੈ। ਅਧਿਕਾਰਕ ਅੰਕੜਿਆਂ ਅਨੁਸਾਰ 2025 ਦੇ ਆਖ਼ਰੀ ਤਿੰਨ ਮਹੀਨਿਆਂ ਦੌਰਾਨ ਬੇਰੁਜ਼ਗਾਰੀ ਦਰ ਵੱਧ ਕੇ 5.2 ਫ਼ੀਸਦੀ ਹੋ ਗਈ, ਜੋ ਕਿ ਮਜ਼ਦੂਰ ਬਾਜ਼ਾਰ ਵਿੱਚ ਆ ਰਹੀ ਮੰਦਗੀ ਨੂੰ ਦਰਸਾਉਂਦੀ ਹੈ।

ਆਫ਼ਿਸ ਫ਼ਾਰ ਨੇਸ਼ਨਲ ਸਟੈਟਿਸਟਿਕਸ (ਓ. ਐੱਨ. ਐੱਸ.) ਮੁਤਾਬਕ ਨਵੀਆਂ ਭਰਤੀਆਂ ਵਿੱਚ ਕਮੀ ਅਤੇ ਕੰਪਨੀਆਂ ਵੱਲੋਂ ਖ਼ਰਚੇ ਘਟਾਉਣ ਦੀ ਰਣਨੀਤੀ ਇਸ ਵਾਧੇ ਦੇ ਮੁੱਖ ਕਾਰਣ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਵੇਂ ਹੋਰ ਲੋਕ ਰੁਜ਼ਗਾਰ ਦੀ ਭਾਲ ਵਿੱਚ ਬਾਜ਼ਾਰ ਵਿੱਚ ਵਾਪਸ ਆ ਰਹੇ ਹਨ, ਪਰ ਨਵੀਆਂ ਨੌਕਰੀਆਂ ਦੇ ਮੌਕੇ ਉਨ੍ਹਾਂ ਦੀ ਗਿਣਤੀ ਦੇ ਅਨੁਪਾਤ ਵਿੱਚ ਨਹੀਂ ਵੱਧ ਰਹੇ।

ਇਸੇ ਅਵਧੀ ਦੌਰਾਨ ਤਨਖ਼ਾਹ ਵਾਧੇ ਦੀ ਰਫ਼ਤਾਰ ਵੀ ਸੁਸਤ ਰਹੀ ਹੈ। ਨਿੱਜੀ ਖੇਤਰ ਵਿੱਚ ਸਾਲਾਨਾ ਤਨਖ਼ਾਹਾਂ ਵਿੱਚ 3.4 ਫ਼ੀਸਦੀ ਵਾਧਾ ਦਰਜ ਕੀਤਾ ਗਿਆ, ਜੋ ਪਿਛਲੇ ਸਮੇਂ ਨਾਲੋਂ ਘੱਟ ਹੈ। ਵਿਸ਼ਲੇਸ਼ਕਾਂ ਦੇ ਅਨੁਸਾਰ ਮਹਿੰਗਾਈ ਦੇ ਦਬਾਅ ਅਤੇ ਉੱਚ ਬਿਆਜ ਦਰਾਂ ਕਾਰਨ ਕਾਰੋਬਾਰੀ ਭਰੋਸਾ ਹਿੱਲਿਆ ਹੈ, ਜਿਸਦਾ ਅਸਰ ਭਰਤੀ ਅਤੇ ਤਨਖ਼ਾਹਾਂ 'ਤੇ ਪਿਆ ਹੈ।

ਵਰਕ ਐਂਡ ਪੈਂਸ਼ਨਜ਼ ਸੈਕਟਰੀ ਪੈਟ ਮੈਕਫੈਡਨ ਨੇ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਦੇ ਨਤੀਜੇ ਵਜੋਂ ਪਿਛਲੇ ਸਾਲ ਦੀ ਸ਼ੁਰੂਆਤ ਨਾਲੋਂ ਹੁਣ ਲੱਖਾਂ ਹੋਰ ਲੋਕ ਰੁਜ਼ਗਾਰ ਵਿੱਚ ਹਨ, ਪਰ ਉਨ੍ਹਾਂ ਨੇ ਇਹ ਵੀ ਮੰਨਿਆ ਕਿ "ਅਜੇ ਹੋਰ ਕੰਮ ਕਰਨ ਦੀ ਲੋੜ ਹੈ।" ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਹੁਨਰ ਵਿਕਾਸ ਅਤੇ ਰੋਜ਼ਗਾਰ ਸਹਾਇਤਾ ਯੋਜਨਾਵਾਂ ਰਾਹੀਂ ਮਜ਼ਦੂਰ ਬਾਜ਼ਾਰ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕ ਰਹੀ ਹੈ।

ਦੂਜੇ ਪਾਸੇ ਕਨਜ਼ਰਵੇਟਿਵ ਧਿਰ ਨੇ ਸਰਕਾਰ ਦੀ ਆਰਥਿਕ ਨੀਤੀ 'ਤੇ ਤੀਖ਼ਾ ਪ੍ਰਹਾਰ ਕਰਦਿਆਂ ਕਿਹਾ ਕਿ ਵੱਧਦੇ ਟੈਕਸ, ਨੌਕਰੀਆਂ 'ਤੇ ਲਾਗੂ ਭਾਰ ਅਤੇ ਕਾਰੋਬਾਰਾਂ ਲਈ ਵਧ ਰਹੀ ਪ੍ਰਸ਼ਾਸਕੀ ਜਟਿਲਤਾ ਨਵੀਆਂ ਭਰਤੀਆਂ ਵਿੱਚ ਰੁਕਾਵਟ ਬਣ ਰਹੀ ਹੈ। ਸ਼ੈਡੋ ਚਾਂਸਲਰ ਵੱਲੋਂ ਕਿਹਾ ਗਿਆ ਕਿ "ਕਾਰੋਬਾਰਾਂ 'ਤੇ ਵਧਦਾ ਦਬਾਅ ਦੇਸ਼ ਦੀ ਵਿਕਾਸ ਦਰ ਨੂੰ ਪ੍ਰਭਾਵਿਤ ਕਰ ਰਿਹਾ ਹੈ।"

ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਜੇ ਭਰਤੀ ਦੀ ਗਤੀ ਵਿੱਚ ਸੁਧਾਰ ਨਾ ਆਇਆ ਤਾਂ ਆਉਣ ਵਾਲੇ ਮਹੀਨਿਆਂ ਵਿੱਚ ਬੇਰੁਜ਼ਗਾਰੀ ਦਰ ਹੋਰ ਵੱਧ ਸਕਦੀ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਮਜ਼ਦੂਰ ਬਾਜ਼ਾਰ ਦੀ ਮਜ਼ਬੂਤੀ ਲਈ ਨੀਤੀਆਂ ਵਿੱਚ ਸਥਿਰਤਾ ਅਤੇ ਕਾਰੋਬਾਰਾਂ ਲਈ ਪ੍ਰੋਤਸਾਹਨ ਜ਼ਰੂਰੀ ਹੈ।

ਕੁੱਲ ਮਿਲਾ ਕੇ, ਤਾਜ਼ਾ ਅੰਕੜੇ ਇਹ ਸੰਕੇਤ ਦੇ ਰਹੇ ਹਨ ਕਿ ਬ੍ਰਿਟੇਨ ਦੀ ਆਰਥਿਕਤਾ ਇੱਕ ਨਾਜ਼ੁਕ ਮੋੜ 'ਤੇ ਖੜ੍ਹੀ ਹੈ ਅਤੇ ਸਰਕਾਰ ਲਈ ਰੋਜ਼ਗਾਰ ਸਿਰਜਣਾ ਅਤੇ ਮਹਿੰਗਾਈ 'ਤੇ ਕਾਬੂ ਰੱਖਣਾ ਦੋਹਰੀ ਚੁਣੌਤੀ ਬਣੇ ਹੋਏ ਹਨ।

# NAVIGATING THE FUTURE DEVELOPMENT OF UK SIKH REPRESENTATION:

# AN INDEPENDENT SUMMIT REPORT

– ਲੇਖਕ –
ਸੁਜਿੰਦਰ ਸਿੰਘ ਸੰਘਾ



**The Council of Sikhs in Law and Sikhs in Academia commissioned a report on the process and effectiveness of the UK Sikh representation in relation to consultation and advocacy with the UK government on key policy issues.**

..Continued from last week

## (Part 3)

This was presented as inconsistent to the humanitarian values, egalitarian principles, plural and liberal culture of Sikh philosophy and faith. Culturally, this is not tenable, particularly in the views of socially settled and socio-economically integrated sections of UK Sikh communities.

6.9 Existing UK Sikh representation has little inclusion of academics, educationalists and professionals. Some of the responsibility clearly lies with the 'dominant' groups for this exclusions. As experienced witnesses highlighted that in many settings, patronage, nepotism and hold on power to control processes continue with a segment of families, kinship networks and their descendants.

6.10 There are concerns about lack of informed strategic planning, resourcing and financial management of religious and educational services. Repeatedly, questions emerged about ineffective budgetary accountability, expenditures and standards of services. There are gaps in openness and transparency in corporate governance and management of most establishments.

6.11 A flawed checking and vetting was often mentioned involving many paid and voluntary functionaries in Gurdwara and Sikh organisational settings. There is little evidence of using objective criteria for making appointments in selecting or electing officials and service providers. Not many Gurdwara committees maintain and update their inventory of assets, infrastructure planning, monitor and present budgetary accountability.

6.12 Witnesses expressed a strong sense of lack of quality human resource, expertise and capability in Sikh religious and cultural settings. This impacts on the quality of leadership in Sikh representation. At times some neo-orthodoxies driven by hyper activism alienate Sikh families wishing Gurdwara committees to facilitate their family occasions involving diversity considerations. For many Sikhs this situation is discomforting and is seen as incompatible to Sikh faith philosophy and values.

6.13 A shared common experience and opinions were evident that most Gurdwaras still have ineffective bilingual and professional capabilities; involving religious functionaries, preachers and teachers. The provision of resources for Sikh and Punjabi education and training do not match the present and potential future congregational needs. Often remunerated appointments are based on patronage rather than a defined merit. The core religious, social and cultural facilities and services remain monolingual by tradition, which contributes to exclusion of many younger Sikhs. The allocation of budgetary support to professionalise teaching of Punjabi, bilingual skills and Sikh studies is little or limited.

6.14 It was heard by the ISC panel that inquiries and consultations responding to similar concerns as highlighted in the terms of reference here, have previously taken place. But the outcomes were not followed to their logical ends, which resulted in ineffective or dysfunctional outcomes. As many Gurdwara committees are run by older generations, young people and professionals walk away, because they are not prepared to put up with 'old-fashioned' working without provision of reasonable resources for the projects. This phenomenon has prevented the development of infrastructure to support a new culture for Sikh representation.

6.15 Some UK Sikh organisations have managed to build sustainability. But this has often come at the expense of widening their focus, as they concentrate on single/limited issues suiting the activists' agenda. They have limits in developing a constructive engagement with the UK government on complex multiple issues of Sikh communities. However, it was suggested that much of the constructive activist leadership may co-operate and may be willing to co-exist with rival groups on common causes.

6.16 Some new professional groups such as Sikhs in Law, Sikhs in Academia, Sikhs in NHS/Army/Police… have emerged with varying remits. But they either operate in isolation, or are not included by the traditional Sikh religious and political groupings. However, some of the professional formations have demonstrated capability to support both their members and the wider Sikh community on specific challenges in government policy areas. There is some strong residual interest in developing dialogue to explore synergies and ways of working with traditional Sikh groups. It was proposed that this can be done organically by working together, to strengthen UK Sikh communities' collective organisational infrastructure.

6.17 Some evidence recurrently suggested that much of the politics of activists/groups/self-styled functionaries have self-appointed leadership. They often conduct self-sustaining propaganda, involving emotional rhetoric, at times can adopt an intimidator attitude and behaviour. Some grouping may have limited engagement with government on important but a limited range of policy issues. This alienates a large section of the community, especially those who have other unmet needs. A segment of the community who are professionally orientated, may not agree with much of their politics, ambitions and/or tactics causing 'brain drain' and loss of vital human resource who have competence and ability to contribute to making Sikh representation effective and accountable. A failure to address these issue will have consequences for the future sustainability of Sikh community's organisational infrastructure. There is a baseline statutory requirement for governance, involving child protection, safeguarding of vulnerable people, hygiene, health and safety and financial accountability.

6.18 An argument was presented that a segment of activists who are committed to 'the politics of Khalistan' have a tendency to use it as a litmus test for loyalty to Sikhi and Sikh Panth. Whilst, democratic campaigning for 'Khalistan' or any other political objective through legitimate means is rightfully permissible, some witnesses have expressed concern that Sikh youth drawn into these groups may not be getting a balanced view and education about 'here and now' issues and concerns. For example tackling race hatred, dealing with identity issues, matters of race discrimination in education, employment and services get little or no competent attention. Similarly, religious, cultural and pragmatic initiatives and events may be naively dismissed as attempts to de-politicise 'Khalistani activism'.

6.19 Some assertions suggested that despite the centrality of dialogue in Sikh tradition, there is limited open and inclusive dialogue and debate across UK Sikh communities and organisations. Mostly activist leaders tend to operate in silos and make speeches aimed at generating excitement and emotions. They control agenda and confine events to their segment of supporters. One consequence of this narrowing of Sikh concerns into single issues politics is the diminishing collective involvement and capacity in mobilising talented and capable people. Hence, despite many individual, family and kinship based achievements, at wider public corporate levels, Sikhs underperform and under participate in policy and strategic decision making.

6.20 It was suggested that there is a widely held perception even amongst the politically oriented Sikh groups that there is less constructive and complimentary activism but more unproductive and rival orthodoxies driven activities. That personal and group rivalries undermine the common good of UK Sikh communities. It was pointedly asserted that Sikh activism by and large remain reactive and not proactive. Nevertheless, there was evidence that despite the shortcomings and critical rhetoric of some government leaders and reports, some Sikh activist groups, including those who defined 'the politics for Khalistan', have persistently organised activities, lobbying events and campaigns to influence policies and decisions. They have delivered outcomes on issues such as Sikh identity, articles of faith, human and religious rights.

6.21 It was pointed out that there is also a widespread mistrust, culture of doubts, suspicions, imposition of dominant

*... Continue on page 26*

*... Continue from page 25*

opinion, polarisation and lack of strategic understanding among groups and organisations. This was suggested as an impediment to forming a wider cross-sectional alliance, to progress bigger issues of common concern. Often Sikh representation looks 'disconnected, disorganised, contradictory, lacking trust and having suspicions' among their groups. Nevertheless, evidence also shows that some long established Sikh organisations have done more than Gurdwaras committees in developing some competency in Sikh representation.

6.22 Witnesses testified that in some segments of UK Sikh community, though they claim to be independent, activist groups wield considerable influence in forming gurdwara committees. This process sustains support and resource for their activities. They may have a disproportionate impact on some of the UK Sikh representation. They rely on the sympathetic gurdwara committees to raise funds, access assets and mobilise some congregational support. These organised groups offer little or no space for dissent or alternative views and voices. Some activists and their kinship can command passionate sympathy and support because of the sufferings and emotional hurt that their families endured during the 1980s-90s crises in Punjab, Delhi and some other parts of India.

6.23 It is a common and documented knowledge among UK Sikh communities that only a small proportion of leading Gurdwara have democratically formed, responsive and accountable management committees. Most committees are formed and run with local support or mobilised consensus of regular volunteers or sevadar. Some Gurdwara formations are led and run by denominational Sikh faith leaders with consent of their loyal congregation. Externally, Sikhs are underrepresented in national, regional and local corporate agencies, business corporations, academia and education.

6.24 UK Sikh history shows that some Sikh organisations with support of Gurdwaras, have been able to mobilise segments of Sikh communities in mass. It was argued that due to unsettled and unaddressed issues and concerns relating to Punjab and Sikhs in India, this potential would remain; as many Sikhs continue to be impacted by them. However, a source of tension and polarisation remains within the UK Sikh representation processes because of conflation of 'here and now' priorities and the homeland politics. Mostly the younger and upcoming generation of UK Sikhs tend to keep out of homeland political activism. That is not to suggest that their sincerity, understanding and commitment is any less, they are equally keen to see Punjab and Sikh issues and concerns fairly settled. There are of course social activists who wish to challenge the treatment of Sikh activists from a human rights position, and both groups should be given a platform to voice this activity.

6.25 Mental health being one of the fastest growing and pertinent matters affecting a significant group of the community-student body, young people. Other issues of equal pertinence absent from debate include 'accommodation, safety and the aging Sikh population'. There is serious shortfall in representation across academia eg; 0.03% in 120+ UK universities, there are only 20 Sikh chaplains in the system. Pertinent issues of key groups of the community e.g. 'Sikh children and young people, aging Sikhs, Sikh students' mental health'.

Notes:

1. The terms of reference of this inquiry did not include micro-introspection of actual internal workings, or inter-organisational problems of UK Sikh organisations.

2. Readers and analysts of this report will also be able to draw their own conclusions on frequently emerging core topics in the findings. More research work can be undertaken to further develop narrative and refine recommendations.

3. The focus of this inquiry did not include corporate management of UK Gurdwaras, however, much of the oral and written evidence has made frequent references to this theme.

4. The summit report can be taken as a useful resource for further research and analysis to develop workable solutions to many of the problems surrounding formation and operations of Gurdwara management committees and Sikh organisations.

5. Some features of the Summit Report can be further analysed for future strategic action planning and development in conjunction with Sikh professionals, working in mainstream public, corporate and voluntary sectors.

*To be continued as Part 4*

# ਤੜਕੇ ਵਾਪਰੇ ਹਮਲੇ 'ਚ 22 ਸਾਲਾ ਨੌਜਵਾਨ ਦੀ ਹੱਤਿਆ, ਦੋ ਔਰਤਾਂ ਤੇ ਇਕ ਨੌਜਵਾਨ ਗ੍ਰਿਫ਼ਤਾਰ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਸਟਲ ਵਿੱਚ ਤੜਕੇ ਹੋਏ ਦਹਿਸ਼ਤਨਾਕ ਹਮਲੇ ਦੌਰਾਨ 22 ਸਾਲਾ ਬ੍ਰਿਟਿਸ਼ ਨੌਜਵਾਨ ਦੀ ਛੁਰੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਵਾਰਦਾਤ ਨੇ ਸਥਾਨਕ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ ਅਤੇ ਸਮੂਹ ਵਿੱਚ ਗਹਿਰਾ ਸੋਗ ਪਾਇਆ ਜਾ ਰਿਹਾ ਹੈ।ਪੁਲਿਸ ਮੁਤਾ-ਬਕ ਘਟਨਾ ਸਵੇਰੇ ਦੇ ਪਹਿਲੇ ਪਹਿਰ ਬ੍ਰਿਸਟਲ ਦੇ ਇਕ ਰਹਾਇਸ਼ੀ ਅਤੇ ਵਪਾਰਕ ਇਲਾਕੇ ਵਿੱਚ ਵਾਪਰੀ, ਜਿੱਥੇ ਐਮਰਜੈਂਸੀ ਸੇਵਾਵਾਂ ਨੂੰ ਗੰਭੀਰ ਜ਼ਖ਼ਮੀ ਨੌਜਵਾਨ ਬਾਰੇ ਸੂਚਨਾ ਮਿਲੀ। ਮੌਕੇ 'ਤੇ ਪਹੁੰਚੀ ਐਂਬੂਲੈਂਸ ਟੀਮ ਵੱਲੋਂ ਉਸ ਨੂੰ ਤੁਰੰਤ ਮੈਡੀਕਲ ਸਹਾਇਤਾ ਦਿੱਤੀ ਗਈ, ਪਰ ਉਹ ਜ਼ਖ਼ਮਾਂ ਦੀ ਤਾਬ ਨਾ ਲਿਆਉਂਦਿਆਂ ਦਮ ਤੋੜ ਗਿਆ। ਪੁਲਿਸ ਨੇ ਇਲਾਕੇ ਦੀ ਘੇਰਾਬੰਦੀ ਕਰਕੇ ਫੋਰੈਂਸਿਕ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ 22 ਸਾਲਾ ਬ੍ਰਿਟਿਸ਼ ਨਾਗਰਿਕ ਵਜੋਂ ਹੋਈ ਹੈ, ਜੋ ਸਥਾਨਕ ਵਸਨੀਕ ਸੀ। ਪਰਿਵਾਰ ਅਤੇ ਦੋਸਤਾਂ ਨੇ ਉਸ ਨੂੰ "ਨਰਮ-ਸੁਭਾਅ ਅਤੇ ਹਮੇਸ਼ਾਂ ਮਦਦ ਲਈ ਤਿਆਰ ਰਹਿਣ ਵਾਲਾ" ਨੌਜਵਾਨ ਕਰਾਰ ਦਿੰਦਿਆਂ ਕਿਹਾ ਕਿ ਉਸ ਦੇ ਅਚਾਨਕ ਵਿਛੋੜੇ ਨਾਲ ਉਨ੍ਹਾਂ ਦੀ ਜ਼ਿੰਦਗੀ ਵਿੱਚ "ਚਾਨਣ ਬੁੱਝ ਗਿਆ" ਹੈ। ਇਲ-ਾਕੇ ਦੇ ਵਸਨੀਕਾਂ ਨੇ ਵੀ ਘਟਨਾ 'ਤੇ ਦੁੱਖ ਜਤਾਇਆ ਅਤੇ ਕਿਹਾ ਕਿ ਇੱਥੇ ਆਮ ਤੌਰ 'ਤੇ ਸ਼ਾਂਤੀ ਰਹਿੰਦੀ ਹੈ। ਪੁਲਿਸ ਨੇ ਮਾਮਲੇ ਸਬੰਧੀ ਤੁਰੰਤ ਕਾਰਵਾਈ ਕਰਦਿਆਂ ਦੋ 25 ਸਾਲਾ ਔਰਤਾਂ ਅਤੇ ਇਕ 28 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਤਿੰਨਾਂ ਤੋਂ ਪੁੱਛਗਿੱਛ ਜਾਰੀ ਹੈ ਅਤੇ ਕਤਲ ਦੇ ਸੰਭਾਵਿਤ ਕਾਰਣਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਇਕ ਇਕਾਂਤਕ ਘਟਨਾ ਲੱਗਦੀ ਹੈ ਅਤੇ ਜਨਤਾ ਲਈ ਤੁਰੰਤ ਕੋਈ ਵੱਡਾ ਖ਼ਤਰਾ ਨਹੀਂ ਹੈ।

ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੇ ਘਟਨਾ ਸਮੇਂ ਕੋਈ ਸੰਦੇਹਾਸਪਦ ਗਤੀਵਿਧੀ ਵੇਖੀ ਹੋਵੇ ਜਾਂ ਉਨ੍ਹਾਂ ਕੋਲ ਸੀਸੀਟੀਵੀ ਫੁਟੇਜ ਹੋਵੇ ਤਾਂ ਉਹ ਜਾਂਚ ਟੀਮ ਨਾਲ ਸੰਪਰਕ ਕਰਨ। ਇਸ ਦਰਦਨਾਕ ਵਾਰਦਾਤ ਨਾਲ ਸਥਾਨਕ ਸਮੂਹ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੋਈ ਹੈ ਅਤੇ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਦੀ ਮੰਗ ਉੱਠ ਰਹੀ ਹੈ। ਪੁਲਿਸ ਨੇ ਭਰੋਸਾ ਦਿਵਾਇਆ ਹੈ ਕਿ ਦੋਸ਼ੀਆਂ ਨੂੰ ਕਾਨੂੰਨ ਦੇ ਕਟਘਰੇ 'ਚ ਖੜ੍ਹਾ ਕਰਨ ਲਈ ਪੂਰੀ ਤਰ੍ਹਾਂ ਜਾਂਚ ਕੀਤੀ ਜਾਵੇਗੀ।


## ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ 2 ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

**2 VACANCIES - Religious Worker Langari (non-pastoral role)**

**An opportunity has arisen for the posts of Religious Workers at Nanaksar Gurdwara Gursikh Temple, Coventry.**

**We need religious workers to do the following duties:**

**Job Purpose:** Perform and Understand Duties include: Preparing Langar (food) 3 times a day for Blessings and Assist Head Priest with Nitnem, Sukhmani Sahib Path, Sehaj Patth Rauls, Ardaas and Sukhasan duties, alongside other general Gurdwara duties. Daily Vegatarian Food preparations for Blessing and for the congregation in accordance with Sikh Maryada. To work collaboratively with all internal teams, departments and external agencies. Any other job as directed by the Gurdwara Committee.

The Workers will be responsible for locking and unlocking the Gurdwara premises. The workers would only be assisting the Head Priest and would not be involved in leading the congregation.

**Personnel Specification:** Working Flexible Hours: 20-30 hours per week, minimum 27hrs.

**Salary:** National Minimum Wage per working hour.

**Benefits:** Accommodation and food is provided free of charge.

**Requirements:** Must be able to read and speak Gurmukhi. Must be able to cook for large congregation on special occasions. Must have sufficient experience and Amritdhari (Baptised). Good communicational and interpersonal skills.

**Other details:** Applicants have to be a UK resident or have the right to work in the UK.

**Closing Date:** Please send your CV to address or email before **9th March 2026**

**For more information contact: S. Bulraj Singh Johal – 07899 937663**

**or Email:info@nanaksarglobal.com / Email:nggtcoventry@gmail.com**

**NANAKSAR GURDWARA GURSIKH TEMPLE**


*UK Registered Charity No. 512089*

**224-226 Foleshill Road, Coventry, West Midlands CV1 4HW (UK)**

**Tel: (024) 7622 0434 - www.nanaksarglobal.com**

# ਸ਼ੇਰ-ਏ-ਪੰਜਾਬ ਰਣਜੀਤ ਸਿੰਘ ਜੇ ਸਾਜਿਸ਼ੀ ਡੋਗਰਿਆਂ ਤੇ ਬ੍ਰਾਹਮਣਾਂ 'ਤੇ ਇਤਬਾਰ ਨਾ ਕਰਦਾ ਤਾਂ ਅੱਜ ਵੀ ਪੰਜਾਬ ਉੱਤੇ ਖ਼ਾਲਸਾ ਰਾਜ ਦੇ ਝੰਡੇ ਝੂਲਦੇ ਹੋਣੇ ਸੀ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਸ਼ੇਰ-ਏ-ਪੰਜਾਬ ਰਣਜੀਤ ਸਿੰਘ ਦੀ 27 ਜੂਨ 1839 ਨੂੰ ਹੋਈ ਮੌਤ ਤੋਂ ਬਾਅਦ ਸਿੱਖੀ ਭੇਸ ਵਿੱਚ ਬ੍ਰਾਹਮਣਾਂ ਤੇ ਡੋਗਰਿਆਂ ਨੇ ਆਪਣਾ ਅਸਲੀ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਆਪਣੇ ਆਪ ਨੂੰ ਸਿੱਖ ਰਾਜ ਦੇ ਨਿਮਕ ਹਲਾਲ ਤੇ ਵਫ਼ਾਦਾਰ ਅਖਵਾਉਣ ਵਾਲੇ ਇਹ ਡੋਗਰੇ ਤੇ ਬ੍ਰਾਹਮਣ ਅੰਤ ਨੂੰ ਲੂਣ ਹਰਾਮੀ ਹੋ ਨਿਕਲੇ। ਸਿੱਖ ਰਾਜ ਵਿੱਚ ਉਚੇ ਅਹੁਦੇ ਲੈਣ ਲਈ ਇਨ੍ਹਾਂ ਨਮਕ ਹਰਾਮੀ ਡੋਗਰਿਆਂ ਤੇ ਬ੍ਰਾਹਮਣਾਂ ਨੇ ਅੰਮ੍ਰਿਤ ਛਕ ਕੇ ਸਿੱਖੀ ਸਰੂਪ ਧਾਰਨ ਕਰ ਲਿਆ ਸੀ। ਪੰਜਾਬ ਅਤੇ ਸਿੱਖਾਂ ਨਾਲ ਇਨ੍ਹਾਂ ਨੂੰ ਕੋਈ ਮੋਹ ਨਹੀਂ ਸੀ, ਇਹ ਕੇਵਲ ਨੌਕਰੀ ਦੀ ਗਰਜ਼ ਲਈ ਰਣਜੀਤ ਸਿੰਘ ਕੋਲ ਭਰਤੀ ਹੋਏ ਸਨ। ਸਰਕਾਰ-ਏ-ਖ਼ਾਲਸਾ ਦੇ ਨੌਕਰ ਇਨ੍ਹਾਂ ਤਿੰਨ ਵੱਡੇ ਗ਼ਦਾਰਾਂ ਰਾਜਾ ਗੁਲਾਬ ਸਿੰਘ ਮਿਸਰ (ਬ੍ਰਾਹਮਣ), ਤੇਜਾ ਸਿੰਘ ਤੇ ਮਿਸਰ ਲਾਲ ਸਿੰਘ ਨੇ ਸਿੱਖ ਰਾਜ ਦੇ ਖ਼ਾਤਮੇ ਲਈ ਅਹਿਮ ਭੂਮਿਕਾ ਨਿਭਾਈ। ਅਲੈਗਜ਼ੈਂਡਰ ਗਾਰਡਨਰ ਇਨ੍ਹਾਂ ਨੂੰ ਸਿੱਖ ਨਹੀਂ ਸਗੋਂ ਬ੍ਰਾਹਮਣਾਂ ਵਜੋਂ ਸੰਬੋਧਨ ਕਰਦਾ ਹੈ। ਅਲੈਗਜ਼ੈਂਡਰ ਗਾਰਡਨਰ ਲਿਖਦਾ ਹੈ ਕਿ ਖ਼ਾਲਸਾ ਫੌਜ ਨੂੰ ਇਨ੍ਹਾਂ ਦੋ ਨਿੰਦਨੀਯਾ ਬ੍ਰਾਹਮਣਾਂ ਜਰਨੈਲਾਂ ਤੇਜ ਸਿੰਘ ਤੇ ਲਾਲ ਸਿੰਘ ਨੇ ਗ਼ਦਾਰੀ ਕਰਕੇ ਹਰਾਇਆ। ਅਲੈਗਜ਼ੈਂਡਰ ਗਾਰਡਨਰ ਹੋਰ ਲਿਖਦਾ ਹੈ ਕਿ ਇਨ੍ਹਾਂ ਦੋ ਬ੍ਰਾਹਮਣਾਂ ਵਰਗੇ ਕੀੜ ਇਨ੍ਹਾਂ ਤੋਂ ਪਹਿਲਾਂ ਸੰਸਾਰ ਵਿੱਚ ਕਦੇ ਪੈਦਾ ਨਹੀਂ ਹੋਏ।

ਕਨਿੰਘਮ ਦੱਸਦਾ ਹੈ ਕਿ ਇਨ੍ਹਾਂ ਬ੍ਰਾਹਮਣਾਂ ਤੇ ਡੋਗਰਿਆਂ ਦਾ ਖ਼ਾਲਸਾ ਰਾਜ ਨਾਲ ਗ਼ਦਾਰੀ ਕਰਨ ਦਾ ਮਤਲਬ ਸੀ ਕਿ ਜੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗ੍ਰੇਜ਼ ਪੰਜਾਬ ਉੱਤੇ ਕਬਜ਼ਾ ਕਰ ਲੈਣਗੇ ਤਾਂ ਜੇਤੂ ਸਰਕਾਰ ਅੰਗ੍ਰੇਜ਼ੀ ਇਨ੍ਹਾਂ ਨੂੰ ਲਾਹੌਰ ਦਰਬਾਰ ਵਿੱਚ ਵਜ਼ੀਰ ਬਣਾਈ ਰੱਖੇਗੀ। ਜਿਸ ਖ਼ਾਲਸਾ ਰਾਜ ਦੇ ਬ੍ਰਿਛ ਦੀ ਛਾਂ ਹੇਠ ਇਹ ਬ੍ਰਾਹਮਣ ਮਾਮੂਲੀ ਨੌਕਰੀਆਂ ਤੋਂ ਉੱਠ ਕੇ ਖ਼ਾਲਸਾ ਫੌਜਾਂ ਦੇ ਕਮਾਂਡਰ-ਇਨ-ਚੀਫ਼ ਬਣੇ ਸਨ, ਉਸੇ ਬ੍ਰਿਛ ਦੀਆਂ ਜੜ੍ਹਾਂ ਵੱਢਣ ਲਈ ਇਹ ਅੰਗ੍ਰੇਜ਼ਾਂ ਨਾਲ ਰਲ ਗਏ। ਇਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਜਦੋਂ ਰਣਜੀਤ ਸਿੰਘ ਨੇ ਬ੍ਰਾਹਮਣਾਂ ਤੇ ਡੋਗਰਿਆਂ ਨੂੰ ਜ਼ਿੰਮੇਵਾਰੀਆਂ ਦੇ ਅਹੁਦੇ ਦੇਣੇ ਸ਼ੁਰੂ ਕੀਤੇ ਅਤੇ ਮਿਸਰ (ਬ੍ਰਾਹਮਣ) ਗੰਗਾ ਰਾਮ ਨੇ ਵੱਡੀ ਗਿਣਤੀ ਵਿੱਚ ਆਪਣੇ ਸਾਕਾਂ ਸੰਬੰਧੀਆਂ ਨੂੰ ਦਰਬਾਰ ਵਿੱਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਦੋਂ ਅਕਾਲੀ ਫੂਲਾ ਸਿੰਘ ਨੇ ਰਣਜੀਤ ਸਿੰਘ ਨੂੰ ਇਨ੍ਹਾਂ ਸ਼ਬਦਾਂ ਵਿੱਚ ਚੇਤਾਵਨੀ ਵੀ ਦਿੱਤੀ ਸੀ ਕਿ: ਸਿੰਘ ਸਾਹਿਬ ਜੀ ਆਪ ਖ਼ਾਲਸਾ ਰਾਜ ਵਿੱਚ ਅਨਮਤੀਆਂ ਨੂੰ ਜ਼ਿੰਮੇਵਾਰ ਅਹੁਦੇ ਦੇ ਕੇ ਖ਼ਾਲਸਾ ਰਾਜ ਦੀ ਨੀਤੀ ਦੇ ਵਿਰੁੱਧ ਕੰਮ ਕਰ ਰਹੇ ਹੋ। ਇਹ ਤਰੀਕਾ ਖ਼ਾਲਸਾ ਰਾਜ ਲਈ ਅਤਿ ਹਾਨੀਕਾਰਕ ਹੈ। ਕਲਗੀਧਰ ਜੀ ਨੇ ਆਪ ਨੂੰ ਆਪਣੇ ਪਿਆਰੇ ਖ਼ਾਲਸਾ ਪੰਥ ਦਾ ਮਾਲੀ ਥਾਪਿਆ ਹੈ। ਅਕਾਲੀ ਫੂਲਾ ਸਿੰਘ ਨੇ ਭਵਿੱਖਬਾਣੀ ਕਰਦਿਆਂ ਆਖਿਆ ਸੀ ਕਿ ਸਿੰਘ ਸਾਹਿਬ ਜੇ ਆਪ ਜੀ ਨੇ ਇਸ ਬਾਰੇ ਗੰਭੀਰਤਾ ਨਾਲ ਨਾ ਸੋਚਿਆ ਤਾਂ ਇਹ ਅਨਮਤੀਏ (ਬ੍ਰਾਹਮਣ ਤੇ ਡੋਗਰੇ) ਇਕ ਦਿਨ ਖ਼ਾਲਸਾ ਰਾਜ ਨੂੰ ਢਹਿ ਢੇਰੀ ਕਰ ਦੇਣਗੇ, ਜਿਹੜਾ ਰਾਜ ਸਾਨੂੰ ਦਸ਼ਮੇਸ਼ ਪਿਤਾ ਦੇ ਇਨ੍ਹਾਂ ਬਚਨਾਂ ਕਿ: ਇਨ ਗਰੀਬ ਸਿੱਖਨ ਕੋ ਦਿਊਂ ਪਾਤਸ਼ਾਹੀ, ਅਤੇ ਰਾਜ ਕਰੇਗਾ ਖ਼ਾਲਸਾ ਦੁਆਰਾ ਪ੍ਰਾਪਤ ਹੋਇਆ ਹੈ।

ਜੇਕਰ ਸ਼ੇਰ-ਏ-ਪੰਜਾਬ ਰਣਜੀਤ ਸਿੰਘ, ਅਕਾਲੀ ਫੂਲਾ ਸਿੰਘ ਦੀ ਚੇਤਾਵਨੀ ਨੂੰ ਗੰਭੀਰਤਾ ਨਾਲ ਲੈਂਦਾ ਤਾਂ ਉਹ ਅਨਮਤੀਆਂ ਨੂੰ ਏਡੇ ਵੱਡੇ-ਵੱਡੇ ਅਹੁਦੇ ਦੇਣ ਦੀ ਗਲਤੀ ਕਦੇ ਨਾ ਕਰਦਾ। ਅਤੇ ਜੇ ਇਹ ਗੈਰ-ਸਿੱਖ ਪੂਰਬੀਏ (ਬ੍ਰਾਹਮਣ ਤੇ ਡੋਗਰੇ) ਖ਼ਾਲਸਾ ਫੌਜਾਂ ਨਾਲ ਗ਼ਦਾਰੀ ਨਾ ਕਰਦੇ ਤਾਂ ਫੇਰੂ ਸ਼ਹਿਰ ਦੇ ਮੈਦਾਨ ਵਿੱਚ ਸਿੱਖਾਂ ਦੀ ਹਾਰ ਕਦੇ ਨਹੀਂ ਸੀ ਹੋਣੀ। ਇਸ ਦਾ ਪ੍ਰਮਾਣ ਹੇਠ ਲਿਖੀ ਵਾਰਤਾ ਪੜ੍ਹਕੇ ਮਿਲ ਜਾਵੇਗਾ। 21 ਦਸੰਬਰ 1845 ਨੂੰ ਫੇਰੂ ਸ਼ਹਿਰ ਦੀ ਲੜਾਈ ਸ਼ੁਰੂ ਤੋਂ ਪਹਿਲਾਂ ਹੀ ਲੌਢੇ ਵੇਲੇ ਤੱਕ ਖ਼ਾਲਸਾ ਫੌਜਾਂ ਦੇ ਕਮਾਂਡਰ ਬ੍ਰਾਹਮਣ ਲਾਲ ਸਿੰਘ ਅਤੇ ਬ੍ਰਾਹਮਣ ਤੇਜ ਸਿੰਘ ਨੇ ਅੰਗ੍ਰੇਜ਼ ਫੌਜਾਂ ਦੇ ਕਮਾਂਡਰ ਸਰ ਜੌਨ ਲਿਟਲਰ ਅਤੇ ਸਰ ਹੀਊ ਗੱਫ ਨੂੰ ਇਹ ਪੱਕਾ ਭਰੋਸਾ ਦਿਵਾਇਆ ਸੀ ਕਿ ਕੱਲ੍ਹ ਨੂੰ ਭਾਵ 22 ਦਸੰਬਰ ਜਦੋਂ ਉਹ ਹਮਲਾ ਕਰਨਗੇ ਤਾਂ ਉਹ ਉਸ ਸਮੇਂ ਪਹਿਲਾਂ ਤਾਂ ਕੋਈ ਜੁਆਬੀ ਕਾਰਵਾਈ ਨਹੀਂ ਕਰਨਗੇ, ਫਿਰ ਥੋੜ੍ਹੇ ਚਿਰ ਬਾਅਦ ਉਹ ਲੜਾਈ ਦੇ ਮੈਦਾਨ ਵਿੱਚੋਂ ਭੱਜ ਜਾਣਗੇ, ਇਸ ਨਾਲ ਖ਼ਾਲਸਾ ਫੌਜਾਂ ਵਿੱਚ ਹਫੜਾ ਦਫੜੀ ਮਚ ਜਾਵੇਗੀ ਤੇ ਫਿਰ ਅਜਿਹੇ ਮਾਹੌਲ ਵਿੱਚ ਜਿੱਤ ਯਕੀਨਨ ਅੰਗ੍ਰੇਜ਼ ਫੌਜਾਂ ਦੀ ਹੋਵੇਗੀ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਲਾਰਡ ਗੱਫ ਨੇ ਇਸ ਭਰੋਸੇ ਨਾਲ ਕਿ ਖ਼ਾਲਸਾ ਫੌਜ ਦੇ ਬ੍ਰਾਹਮਣ ਕਮਾਂਡਰਾਂ ਨੇ ਹੁਣ ਅਗਿਉਂ ਲੜਨਾ ਤੇ ਹੈ ਨਹੀਂ ਅਤੇ ਉਸ ਨੇ 22 ਦਸੰਬਰ ਸਵੇਰ ਦੀ ਉਡੀਕ ਨਹੀਂ ਕੀਤੀ ਸਗੋਂ 21 ਦਸੰਬਰ ਤਿਰਕਾਲਾਂ ਵੇਲੇ ਜਿਸ ਵੇਲੇ ਸੂਰਜ ਛਿਪਣ ਵਿੱਚ ਘੰਟਾ ਕੁ ਰਹਿੰਦਾ ਸੀ ਉਸ ਨੇ ਖ਼ਾਲਸਾ ਫੌਜਾਂ 'ਤੇ ਹਮਲਾ ਕਰ ਦਿੱਤਾ। ਉਹ ਸਭ ਹੈਰਾਨ ਰਹਿ ਗਏ ਜਦੋਂ ਅਗਿਉਂ ਸਿੱਖਾਂ ਨੇ ਡੱਟ ਕੇ ਮੁਕਾਬਲਾ ਕੀਤਾ। ਇਸ ਤਰ੍ਹਾਂ ਸਾਹਮਣਿਉਂ ਟਾਕਰਾ ਅੰਗ੍ਰੇਜ਼ਾਂ ਦੀ ਆਸ ਦੇ ਵਿਰੁੱਧ ਸੀ। ਸਿੱਖ ਤੋਪਾਂ ਦੇ ਨਿਸ਼ਾਨਿਆਂ ਨੇ ਅੰਗ੍ਰੇਜ਼ੀ ਤੋਪਾਂ ਨੂੰ ਚਰਖੀਆਂ ਤੋਂ ਲਾਹ ਕੇ ਭੋਂਇ ਮਾਰਿਆ ਅਤੇ ਬਾਰੂਦ ਫੂਕ ਕੇ ਆਤਸ਼ਬਾਜੀ ਵਾਂਗ



ਹਵਾ ਵਿੱਚ ਉਡਾ ਦਿੱਤਾ। ਕਈ ਸੁਕ-ਆਰਡਨ ਅੱਧ ਵਿੱਚੋਂ ਮਰੋੜ ਕੇ ਪਿੱਛੇ ਨੂੰ ਧੱਕ ਦਿੱਤੇ। ਕਈ ਪਲਟਨਾਂ ਨੂੰ ਛਾਨਣੀ ਕਰਕੇ ਭਜਾ ਦਿੱਤਾ। ਰਾਤ ਦੇ ਹਨੇਰੇ ਅਤੇ ਹਾਠੀਲੇ ਟਾਕਰੇ ਨੇ ਅੰਗ੍ਰੇਜ਼ਾਂ ਦੀ ਹੋਸ਼ ਭੁਲਾ ਦਿੱਤੀ ਅਤੇ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ, ਗੱਫ ਨੂੰ ਜਿੱਤ ਦੀ ਬਜਾਏ ਹੁਣ ਆਪਣੀ ਹਾਰ ਹੁੰਦੀ ਦਿਸੀ। ਅੰਗ੍ਰੇਜ਼ਾਂ ਦੀ ਪੁਜ਼ੀਸ਼ਨ ਸੱਚਮੁੱਚ ਦੇ ਖ਼ਤਰੇ ਅਤੇ ਘਬਰਾਹਟ ਵਾਲੀ ਸੀ ਅਤੇ ਹੁਣ ਅਗਲੇ ਦਿਨ ਉਨ੍ਹਾਂ ਨੂੰ ਜਿੱਤਣ ਦੀ ਕੋਈ ਆਸ ਨਹੀਂ ਸੀ। ਅੰਗ੍ਰੇਜ਼ਾਂ ਦੀ ਇਸ ਨਿਰਾਸ਼ਤਾ ਦਾ ਜ਼ਿਕਰ ਸਿਰਦਾਰ ਕਪੂਰ ਸਿੰਘ ਨੇ ਆਪਣੀ ਪੁਸਤਕ ਰਾਜ ਕਰੇਗਾ ਖ਼ਾਲਸਾ ਦੇ ਪੰਨਾ 168-169 ਉੱਤੇ ਇਸ ਪ੍ਰਕਾਰ ਕੀਤਾ ਹੈ: ਮਹਾਰਾਣੀ ਵਿਕਟੋਰੀਆ ਨੇ ਸਾਖੀ ਪੋਥੀ ਦੇ ਅੰਗ੍ਰੇਜ਼ੀ ਤਰਜਮੇ ਨੂੰ ਬੜੀ ਸ਼ਰਧਾ ਤੇ ਗੌਰ ਨਾਲ ਪੜ੍ਹਿਆ। ਉਹ ਸਿੰਘ ਸਿਪਾਹੀਆਂ ਦੀ ਅਜਿੱਤ ਸੂਰਮਗਤੀ ਤੋਂ ਜਾਣੂ ਸੀ ਅਤੇ ਉਸ ਨੂੰ ਇਹ ਵੀ ਪਤਾ ਸੀ ਕਿ ਜੇ ਸਿੱਖਾਂ ਦੀ ਫੌਜ ਨੂੰ ਨਿਰਦਈ ਤੇ ਗ਼ਦਾਰ ਬ੍ਰਾਹਮਣ, ਡੋਗਰੇ ਵਿਸ਼ਵਾਸ਼ ਘਾਤ ਕਰਕੇ ਨਾ ਮਰਵਾ ਦਿੰਦੇ, ਤਾਂ ਫੇਰੂ ਸ਼ਹਿਰ ਦੀ ਲੜਾਈ ਦਾ ਨਤੀਜਾ ਹੋਰ ਹੋਣਾ ਸੀ। ਲਾਰਡ ਗੱਫ ਅੰਗ੍ਰੇਜ਼ੀ ਫੌਜ ਦੇ ਕਮਾਂਡਰ-ਇਨ-ਚੀਫ਼ ਨੇ ਤਾਂ ਸਿੱਖਾਂ ਸਾਹਮਣੇ ਬਿਨਾਂ ਸ਼ਰਤ ਹਥਿਆਰ ਸੁੱਟਣ (Unconditional surrender) ਦਾ ਪੱਕਾ ਫੈਸਲਾ ਕਰ ਲਿਆ ਹੋਇਆ ਸੀ ਅਤੇ ਅੰਗ੍ਰੇਜ਼ ਸਿੱਖਾਂ ਨੂੰ ਸਾਰੇ ਹਿੰਦੋਸਤਾਨ ਦੀ ਬਾਲਾਦਸਤੀ ਸੌਂਪ ਕੇ ਆਪ ਮਦਰਾਸ ਰਾਹੀਂ ਵਲੈਤ ਮੁੜ ਜਾਣ ਦੀ ਬੇਨਤੀ ਖ਼ਾਲਸੇ ਮੂਹਰੇ ਕਰਨ ਲਈ ਤਿਆਰ ਹੋਏ ਬੈਠੇ ਸਨ। ਮਹਾਰਾਣੀ ਵਿਕਟੋਰੀਆ ਖ਼ਾਲਸੇ ਦੀ ਇਸ ਅਦੁੱਤੀ ਸ਼ਕਤੀ ਦਾ ਸੋਮਾ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ, ਉਪਦੇਸ਼ਾਂ, ਅਗੰਮੀ ਸ਼ਕਤੀ ਦੇ ਚਮਤਕਾਰ ਨੂੰ ਤਸਲੀਮ ਕਰਨ ਤੋਂ ਨਾਬਰ ਨਹੀਂ ਸੀ। ਹੇਠਾਂ ਸਿਰਦਾਰ ਕਪੂਰ ਸਿੰਘ ਨੇ ਬ੍ਰਿਟਿਸ਼ ਲੌਗ ਬੁੱਕ ਦਾ ਅੰਗ੍ਰੇਜ਼ੀ ਵਿੱਚ ਹੂ-ਬ-ਹੂ ਹਵਾਲਾ ਦਿੱਤਾ ਹੈ:

News came from the Governor General that our attack of yesterday had failed, that affairs were desperate that all the state papers were to be destroyed..... This was kept secret by Mr. Currie and we were concerting measures to make an unconditional surrender..... -Log Book entry, dated, 22nd December, 1845, by the British C-in-C quoted in, Sir Robert Cust in Linguistic and Oriental Essays, London, 1861, p. 48.

ਪਰ ਅਗਲੇ ਦਿਨ ਸਵੇਰ ਹੁੰਦਿਆਂ ਹੀ ਪਾਸਾ ਪਲਟ ਗਿਆ ਜਦੋਂ ਅੰਗ੍ਰੇਜ਼ ਨੂੰ ਪਤਾ ਲੱਗਾ ਕਿ ਗ਼ਦਾਰ ਬ੍ਰਾਹਮਣ ਲਾਲ ਸਿੰਘ ਤਾਂ ਰਾਤ ਨੂੰ ਹੀ ਆਪਣੇ ਸਾਰੇ ਖੁੱਲ੍ਹੇ ਘੋੜ ਚੜ੍ਹਿਆਂ ਅਤੇ ਤੋਪਖਾਨੇ ਦੀਆਂ ਸੱਠ ਤੋਪਾਂ ਤੇ ਤੋਪਚੀਆਂ ਨੂੰ ਨਾਲ ਲੈ ਕੇ ਅੰਮ੍ਰਿਤ-ਸਰ-ਲਾਹੌਰ ਵੱਲ ਨੂੰ ਇਹ ਆਖ ਕੇ ਭੱਜ ਨਿਕਲਿਆ ਸੀ ਅੰਗ੍ਰੇਜ਼ਾਂ ਨੇ ਕੱਲ੍ਹ ਸਵੇਰ ਨੂੰ ਲਾਹੌਰ 'ਤੇ ਵੀ ਹਮਲਾ ਕਰਨਾ ਹੈ। ਬ੍ਰਾਹਮਣ ਦੀ ਇਸ ਗ਼ਦਾਰੀ ਨੇ ਸਿੱਖਾਂ ਦੀ ਜਿੱਤ ਨੂੰ ਹਾਰ ਵਿੱਚ ਬਦਲ ਦਿੱਤਾ ਅਤੇ ਅੰਗ੍ਰੇਜ਼ਾਂ ਦੀ ਹਾਰ ਨੂੰ ਜਿੱਤ ਵਿੱਚ ਬਦਲ ਦਿੱਤਾ। ਲਾਲ ਸਿੰਘ ਬ੍ਰਾਹਮਣ ਦੇ ਦੂਜੇ ਸਾਥੀ ਤੇਜਾ ਸਿੰਘ ਬ੍ਰਾਹਮਣ ਨੇ ਮਾਮੂਲੀ ਲੜਾਈ ਪਿੱਛੋਂ ਫੌਜਾਂ ਨੂੰ ਪਿੱਛੇ ਹੱਟ ਜਾਣ ਦਾ ਹੁਕਮ ਦਿੱਤਾ ਤਾਂ ਕਿ ਅੰਗ੍ਰੇਜ਼ਾਂ ਦੀ ਜਿੱਤ 'ਤੇ ਮੋਹਰ ਲਾਈ ਜਾ ਸਕੇ। ਇਸ ਪਿੱਛੋਂ ਸੁਲਾਹ ਕਰਨ ਲਈ ਇਹ ਬ੍ਰਾਹਮਣ ਅੰਗ੍ਰੇਜ਼ੀ ਕੈਂਪ ਵਿੱਚ ਚਲਾ ਗਿਆ ਅਤੇ ਗਵਰਨਰ-ਜਨਰਲ ਸਰ ਹੈਨਰੀ ਹਾਰਡਿੰਗ ਨਾਲ ਜਾ ਮੁਲਾਕਾਤ ਕੀਤੀ। ਕੀ ਗੱਲਬਾਤ ਹੋਈ ਇਸ ਦਾ ਵੇਰਵਾ ਪ੍ਰਗਟ ਨਹੀਂ ਕੀਤਾ ਗਿਆ, ਪਰ ਆਖਿਆ ਇਹ ਜਾਂਦਾ ਹੈ ਕਿ ਗਵਰਨਰ-ਜਨਰਲ ਨੇ ਉਤਨੀ ਦੇਰ ਤੱਕ ਕੋਈ ਗੱਲਬਾਤ ਕਰਨੋਂ ਨਾਂਹ ਕਰ ਦਿੱਤੀ ਜਿਤਨੀ ਦੇਰ ਤੱਕ ਅੰਗ੍ਰੇਜ਼ੀ ਫੌਜਾਂ ਲਾਹੌਰ ਦੀਆਂ ਕੰਧਾਂ ਤੱਕ ਨਾ ਪਹੁੰਚ ਜਾਣ। ਬ੍ਰਾਹਮਣਾਂ ਤੇ ਡੋਗਰਿਆਂ ਦੀ ਸਾਜਿਸ਼ਾਂ ਤੋਂ ਤੰਗ ਆ ਕੇ ਸ਼ਾਮ ਸਿੰਘ ਅਟਾਰੀ ਵਾਲੇ ਸਮੇਤ ਹੋਰ ਵੀ ਕਈ ਸਰਦਾਰਾਂ ਨੇ ਲਾਹੌਰ ਦਰਬਾਰ ਤੋਂ ਦੂਰੀ ਬਣਾਕੇ ਰੱਖੀ ਹੋਈ ਸੀ। ਸ਼ਾਮ ਸਿੰਘ ਅਟਾਰੀ ਵਾਲਾ ਤਾਂ ਉਸ ਦਿਨ ਤੋਂ ਹੀ ਘਰ ਬੈਠਾ ਜਿਸ ਦਿਨ 5 ਨਵੰਬਰ 1840 ਨੂੰ ਸ਼ੇਰੇ ਪੰਜਾਬ ਦੇ ਨਜ਼ਰਬੰਦ ਸਪੁੱਤਰ ਖੜਕ ਸਿੰਘ ਨੇ ਚਲਾਣਾ ਕੀਤਾ ਸੀ। ਉਸੇ ਦਿਨ ਹੀ ਸਿੱਖ ਰਾਜ ਦੇ ਨਵੇਂ ਸੂਰਜ ਅਤੇ ਸ਼ਾਮ ਸਿੰਘ ਅਟਾਰੀ ਵਾਲੇ ਦੇ ਜਵਾਈ ਕੰਵਰ ਨੌ ਨਿਹਾਲ ਸਿੰਘ ਨੂੰ ਸਾਜਿਸ਼ੀ ਢੰਗ ਨਾਲ ਗੈਰ ਸਿੱਖ ਡੋਗਰਿਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

**ਹਵਾਲਾ ਪੁਸਤਕਾਂ** -1 ਜੀਵਨੀ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਲੇਖਕ- ਡਾ: ਗੰਡਾ ਸਿੰਘ 2 ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਲੇਖਕ -ਡਾ: ਗੰਡਾ ਸਿੰਘ 3 ਰਾਜ ਕਰੇਗਾ ਖਾਲਸਾ ਲੇਖਕ-ਸਿਰਦਾਰ ਕਪੂਰ ਸਿੰਘ 4 ਜੀਵਨੀ ਅਕਾਲੀ ਫੂਲਾ ਸਿੰਘ ਲੇਖਕ -ਬਾਬਾ ਪ੍ਰੇਮ ਸਿੰਘ, ਹੋਤੀ ਮਰਦਾਨ

***(ਚਲਦਾ-ਬਾਕੀ ਅਗਲੇ ਹਫ਼ਤੇ)***

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**656. ਮਨ ਦੇ ਹਠ ਕਰਕੇ ਕੀ ਫਲ ਮਿਲਦਾ ਹੈ ਤੇ ਕੀ ਨਹੀਂ ਮਿਲਦਾ?**

ਆਪਣੀ ਅਕਲ ਦੇ ਹਠ ਤੇ ਤੁਰਿਆਂ (ਸੰਸਾਰ-ਸਮੁੰਦਰ ਵਿਚ) ਡੁੱਬੀਦਾ ਹੈ । ਜੋ ਮਨੁੱਖ ਗੁਰੂ ਦੇ ਮਾਰਗ ਉਤੇ ਤੁਰਦਾ ਹੈ ਉਸ ਨੂੰ ਪ੍ਰਭੂ ਪਾਰ ਲੰਘਾ ਲੈਂਦਾ ਹੈ । "ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ॥1॥ ਅੰਗ 20" । ਮਨ ਦੇ ਹਠ (ਕੀਤੇ ਤਪ, ਆਦਿਕ ਸਾਧਨਾਂ) ਨਾਲ਼ ਕਦੇ ਕਿਸੇ ਨੇ ਪ੍ਰਭੂ ਨੂੰ ਨਹੀਂ ਪਾਇਆ । ਜਤਨ ਕਰ ਕੇ ਸਭ ਥੱਕ ਜਾਂਦੇ ਹਨ। "ਮਨਿ ਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥ ਅੰਗ 39" । ਮਨ ਹਠ ਦੇ ਕਿਸੇ ਵੀ ਜਤਨ ਨਾਲ਼ ਬੰਦੇ ਦਾ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਨਹੀਂ ਹੁੰਦਾ, ਭਾਵੇਂ 27 ਸਿਮ੍ਰਤੀਆਂ ਤੇ 6 ਸ਼ਾਸਤ੍ਰ ਵਿਚਾਰ ਕੇ ਦੇਖ ਲਓ। "ਮਨ ਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥ ਅੰਗ 65" ਜੋ ਮਨ ਦੇ ਹਠ ਨਾਲ਼ (ਕਈ ਕਿਸਮ ਦੇ ਮਿਥੇ ਹੋਏ ਧਾਰਮਿਕ) ਕਰਮ ਕਰਦੇ ਹਨ, ਉਹ ਸਦਾ ਖ਼ੁਆਰ ਹੁੰਦੇ ਰਹਿੰਦੇ ਹਨ । ਉਹਨਾਂ ਦੇ ਮਨ ਅੰਦਰ ਨਾ ਹੀ ਸ਼ਾਂਤੀ ਆਉਂਦੀ ਹੈ ਤੇ ਨਾ ਹੀ ਸੱਚੇ ਪ੍ਰਭੂ ਨਾਲ਼ ਪਿਆਰ ਪੈਂਦਾ ਹੈ । "ਮਨ ਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ॥ ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥6॥ ਅੰਗ 66" । ਅਤੇ ਮਨ ਦੇ ਹਠ ਨਾਲ਼ ਕਿਸੇ ਨੇ ਪ੍ਰਭੂ ਪ੍ਰਾਪਤੀ ਨਹੀਂ ਕੀਤੀ ਭਾਵੇਂ 4 ਵੇਦਾਂ ਕੋਲੋਂ ਜਾ ਕੇ ਪੁੱਛ ਲਵੋ; ਭਾਵ ਵੇਦਾਂ ਦੀ ਪੜਤਾਲ ਕਰਕੇ ਦੇਖ ਲਓ। "ਮਨ ਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥ ਅੰਗ 86" । ਮਨ ਦੇ ਹਠ ਨਾਲ਼ ਕਿਸੇ ਨੇ ਪ੍ਰਭੂ ਪ੍ਰਾਪਤੀ ਨਹੀਂ ਕੀਤੀ, ਸਾਰੇ ਧਰਮ ਕਰਮ ਕਰਦੇ ਥੱਕ ਜਾਂਦੇ ਹਨ । ਮਨ ਹਠ ਨਾਲ਼ ਭੇਖ ਧਾਰਕੇ ਭਰਮਦੇ ਫਿਰਦੇ ਹਨ ਤੇ ਦੂਜੇ ਭਾਉ (ਮਾਇਆ ਮੋਹ) ਵਿਚ ਜਨਮ ਮਰਨ ਦਾ ਦੁਖ ਪਾਉਂਦੇ ਹਨ। "ਮਨ ਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥ ਮਨ ਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥ ਅੰਗ 593"। ਅਨੇਕਾਂ ਧਾਰਮਿਕ ਭੇਖ ਕੀਤਿਆਂ, ਮਨ ਦੇ ਹਠ ਨਾਲ਼ ਗਿਆਨ (ਹਾਸਿਲ ਕਰਨਾ) ਤੇ ਧਿਆਨ ਲਾਉਣ ਨਾਲ਼, ਸਮਾਧੀਆਂ ਲਾਇਆਂ ਕੋਈ ਵੀ ਪ੍ਰਭੂ ਨੂੰ ਨਹੀਂ ਮਿਲਿਆ । "ਅਨਿਕ ਭੇਖ ਅਰੁ ਙਿਆਨ ਧਿਆਨ ਮਨ ਹਠਿ ਮਿਲਿਅਉ ਨ ਕੋਇ॥ ਅੰਗ 251" । ਮਨਮੁਖ ਮਨ ਦੇ ਹਠ ਕਾਰਨ ਮਨੁੱਖਾ ਜੀਵਨ ਦੀ ਬਾਜੀ ਹਾਰ ਜਾਂਦੇ ਹਨ ਤੇ ਕੂੜ-ਕੁਸੱਤ ਦੀ ਕਮਾਈ ਕਰਦੇ ਹਨ । "ਮਨਮੁਖੀ ਮਨ ਹਠਿ ਹਾਰਿਆ ਕੂੜੁ ਕੁਸਤੁ ਕਮਾਇ ॥ ਅੰਗ 87"। ਮਨ ਹਠ ਕਰਨ ਨਾਲ਼ ਮਨੁੱਖ ਅੰਤ ਨੂੰ ਖ਼ੁਆਰ ਹੁੰਦਾ ਹੈ । "ਮਨਹਠਿ ਕੀਚੈ ਅੰਤਿ ਵਿਗੋਵੈ ॥ ਅੰਗ 356" । ਹੇ ਭਾਈ! ਨਾਮ ਤੋਂ ਬਿਨਾ ਮਨ ਦੇ ਹਠ ਨਾਲ਼ ਕਾਰ ਕਰਨਾ ਝੂਠ ਹੀ ਝੂਠ ਹੈ/ਝੂਠ ਦਾ ਹੀ ਵਣਜ ਹੈ । "ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥3॥ ਅੰਗ 639" । (ਮਨਮੁਖ) ਮਨ ਦੇ ਹਠ ਕਰਕੇ ਅਡੋਲ ਅਵਸਥਾ ਵਿਚ ਨਾਮ ਦਾ ਬੀਜ ਨਹੀਂ ਬੀਜਦਾ, (ਇਸ ਆਤਮਕ ਖ਼ੁਰਾਕ ਤੋਂ ਸੱਖਣਾ) ਭੁੱਖਾ ਅੱਗੇ (ਪ੍ਰਲੋਕ ਵਿਚ) ਕੀ ਖਾਏਗਾ? ਭਾਵ ਪ੍ਰਲੋਕ 'ਚ ਉਸਨੂੰ ਖਾਣ ਨੂੰ ਕੁਛ ਨਹੀਂ ਮਿਲੇਗਾ। ਨਾਮ-ਖ਼ਜ਼ਾਨਾ ਵਿਸਾਰ ਕੇ ਉਹ ਮਾਇਆ ਮੋਹ ਵਿਚ ਜਾ ਲੱਗਾ ਹੈ । "ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥ ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ ॥ ਅੰਗ 647"। ਜਿਹੜਾ ਮਨੁੱਖ ਮਨ ਦੇ ਹਠ ਨਾਲ਼ (ਤਪ, ਆਦਿਕਾਂ ਦੀ) ਕਮਾਈ ਕਰਦਾ ਹੈ, ਉਸਦੀ ਇਹ ਕਮਾਈ ਇਕ ਤਿਲ ਜਿੰਨੀ ਵੀ ਲੇਖੇ ਨਹੀਂ ਪੈਂਦੀ; ਕਿਉਂਕਿ ਉਹ ਬਗੁਲੇ ਵਾਂਗ ਹੀ ਸਮਾਧੀ ਲਾ ਰਿਹਾ ਹੁੰਦਾ ਹੈ; ਉਸਦਾ ਧਿਆਨ/ਮਨ ਮਾਇਆ ਵਿਚ ਹੁੰਦਾ ਹੈ । "ਮਨ ਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥ ਅੰਗ 687" । ਭਾਵੇਂ ਕਿੰਨੀ ਵੀ ਮਿਹਨਤ ਮਨੁੱਖ ਕਰੇ, ਰੱਬ ਵਾ਼ਲਾ ਪਾਸਾ ਮਨ ਦੇ ਹਠ ਨਾ਼ਲ ਜਿੱਤਿਆ ਨਹੀਂ ਜਾ ਸਕਦਾ । ਹੇ ਦਾਸ ਨਾਨਕ! ਉਹ ਮਨੁੱਖ ਇਹ ਪਾਸਾ ਜਿੱਤਦਾ ਹੈ ਜੋ ਸੱਚਾ ਪਿਆਰ ਦਿੰਦਾ ਹੈ ਤੇ ਗੁਰੂ ਦੇ ਸ਼ਬਦ ਨੂੰ ਵੀਚਾਰਦਾ ਹੈ । "ਮਃ 2 ॥ ਮਨ ਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥4॥ ਅੰਗ 787" । ਹੰਕਾਰੀ ਪੁਰਖ ਮਨ ਦੇ ਹਠ ਨਾਲ (ਮਿੱਥੇ ਹੋਏ ਧਾਰਮਿਕ) ਕਰਮ ਕਰਦਾ ਹੈ, ਉਸ ਦੇ ਇਹ ਉੱਦਮ ਇਉਂ ਹੀ ਹਨ ਜਿਵੇਂ ਬੱਚੇ ਰੇਤ ਦੇ ਘਰ ਉਸਾਰਦੇ ਹਨ, ਸਮੁੰਦਰ ਦੇ ਪਾਣੀ ਦੀ ਲਹਿਰ ਆਉਂਦੀ ਹੈ ਤੇ ਉਹ ਘਰ ਇਕ ਖਿਨ ਵਿਚ ਕਿਣਕਾ ਕਿਣਕਾ ਹੋ ਕੇ ਢਹਿ ਜਾਂਦੇ ਹਨ । "ਮਨ ਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ ॥ ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥7॥ ਅੰਗ 835" । ਮਨ ਦੇ ਹਠ ਨਾਲ ਕੀਤੇ ਕਰਮ ਕਿਸੇ ਥਾਂ ਵੀ ਕਬੂਲ ਨਹੀਂ ਹੁੰਦੇ । "ਮਨ ਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥ ਅੰਗ 849" । ਮਨ ਹਠ ਕਰਮ ਕਰਨ ਨਾ਼ਲ ਬੰਦਾ ਛਿੱਜਦਾ ਹੈ; ਭਾਵ ਆਤਮਿਕ ਤੌਰ ਤੇ ਕਮਜ਼ੋਰ ਹੁੰਦਾ ਹੈ । "ਮਨ ਹਠਿ ਕਰਮ ਕਰੇ ਸੋ ਛੀਜੈ ॥ ਅੰਗ 1059" । ਮਨ ਹਠ ਨਾ਼ਲ ਸਤਿਗੁਰੂ ਪਿਆਰਾ ਨਹੀਂ ਲੱਗਦਾ ਤੇ ਆਦਮੀ ਜੰਮਦਾ ਮਰਦਾ ਰਹਿੰਦਾ ਹੈ। "ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ ॥ ਅੰਗ 1246" ।

ਆਪਣੇ ਮਨ ਦੇ ਹਠ ਦੇ ਕਾਰਨ (ਮਨਮੁਖ ਜੀਵ) 84 ਲੱਖ ਜੂਨੀਆਂ 'ਚ ਭਟਕਦਾ ਹੈ ਤੇ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਉਹ ਗੁਰੂ ਦੇ ਸ਼ਬਦ ਨੂੰ ਨਹੀਂ ਪਛਾਣਦਾ/ਵਿਚਾਰਦਾ ਤੇ ਵਾਰ ਵਾਰ (84 ਲੱਖ) ਜੂਨੀਆਂ ਵਿਚ ਪੈਂਦਾ ਹੈ । "ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥ ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ॥2॥ ਅੰਗ 162", "ਮਨ ਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ ॥ ਅੰਗ 850" । ਅਤੇ "ਮਨ ਹਠਿ ਕਰਮ ਫਿਰਿ ਜੋਨੀ ਪਾਇ ॥ ਅੰਗ 1055" । ਸਤੀ ਉੱਪਰ ਇਕ ਸ਼ਬਦ ਵਿਚ ਸਤਿਗੁਰੂ ਜੀ ਬਚਨ ਕਰਦੇ ਹਨ ਕਿ ਇਕ ਦੂਜੀ ਨੂੰ ਵੇਖ ਕੇ ਮਨ ਦੇ ਹਠ ਨਾ਼ਲ ਪਤਨੀ (ਆਪਣੇ ਮਰੇ ਹੋਏ ਪਤੀ ਦੀ ਚਿਖਾ ਤੇ) ਸੜ ਜਾਂਦੀ ਹੈ । ਪਰ ਇਸ ਤਰ੍ਹਾਂ ਆਪਣੇ ਪਿਆਰੇ (ਪਤੀ) ਦਾ ਸਾਥ ਨਹੀਂ ਪਾਉਂਦੀ ਤੇ ਬਹੁਤ ਜੂਨਾਂ ਵਿਚ ਭਵਾਈ ਜਾਂਦੀ ਹੈ । "ਦੇਖਾ ਦੇਖੀ ਮਨ ਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥2॥ ਅੰਗ 185"।

*ਬਾਕੀ ਅਗਲੇ ਹਫ਼ਤੇ ਪੜ੍ਹੋ*


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
*(PLEASE TICK ONE RELEVANT BOX)*

| | | |
|---|---|---|
| 6 MONTHS ---- | £105 | ☐ |
| 1 YEAR ---- | £205 | ☐ |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................................
ADDRESS....................................................................
..........................................POST CODE...........................
TEL............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : **07966 388 388**
*www.panjabtimes.uk Email: Panjabtimes@aol.com*



## ਸ੍ਰੀ ਗੁਰੂ ਰਵਿਦਾਸ ਸਭਾ ਡਰਬੀ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਲੋੜ

**ਕੰਮ** – ਸ੍ਰੀ ਅਖੰਡ ਪਾਠ, ਵਿਆਹ ਅਤੇ ਹੋਰ ਉਲੀਕੇ ਹੋਏ ਸਮਾਗਮਾਂ ਵਿਚ ਗ੍ਰੰਥੀ ਦਾ ਸਾਥ ਦੇਣਾ, ਕੀਰਤਨ ਕਰਨਾ, ਗੁਰੂ ਮਰਿਆਦਾ ਅਨੁਸਾਰ ਸੰਗਤਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਗੁਰਦੁਆਰੇ ਦੀ ਰਾਖੀ ਆਦਿ ਕਰਨੀ ।

**ਤਜ਼ਰਬਾ ਅਤੇ ਸ਼ਰਤਾਂ:** ਗੁਰਮਤਿ ਦਾ ਗਿਆਨ ਹੋਣਾ, ਪੰਜਾਬੀ ਲਿਖਣੀ, ਪੜ੍ਹਨੀ ਆਉਂਦੀ ਹੋਵੇ । ਗੁਰੂ ਘਰ ਵਿਖੇ ਘੱਟੋ-ਘੱਟ 3 ਸਾਲ ਸੇਵਾ ਕਰਨ ਦਾ ਤਜ਼ਰਬਾ ਹੋਵੇ ।

**ਤਨਖਾਹ:** ਯੂ ਕੇ ਦੇ ਕਾਨੂੰਨ ਮੁਤਾਬਕ ਚੰਗੀ ਤਨਖਾਹ, ਕੰਮ ਹਫ਼ਤੇ ਵਿਚ 25 ਘੰਟੇ, ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਹੋਵੇਗਾ ।

ਉਮੀਦਵਾਰ ਆਪਣੀ ਅਰਜ਼ੀਆਂ ਪੂਰੇ ਵੇਰਵੇ ਸਮੇਤ (ਰੈਫਰੈਂਸ ਨੰਬਰ SGRG23 ਲਿਖ ਕੇ) ਹੇਠਾਂ ਦਿੱਤੇ ਪਤੇ ਉੱਤੇ 6 ਮਾਰਚ 2026 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

## VACANCY for Tier-5 Religious Worker

***1 Religious Worker Required:*** Role includes reciting from Guru Granth Sahib Ji. Perform Keertan (Singing Hymns), Serving Langer within gurmeryadha, Leading prayers at weddings and other special occasions.

***Qualifications and experience required:*** Must have knowledge of Gurmat and Fluent in reading and writing Panjabi. Some English is desirable. Must have 3 years experience.

***Pay and Conditions:*** Required to be residing within the Gurdwara. Work 25 hours per week, pay is national living wage and Statuary holiday pay. ***Closing Date 6th March 2026***

Please apply quoting Ref No. SGRG23 and send your application to Surinder Kumar president,
**Sri Guru Ravidass Sabha Derby**
**DUNCAN ROAD, DERBY DE23 8TR (U.K.)**

For more information please contact : Surinder Kumar 07882 157963
Parkash Singh Ginday 07966 053881

**20 ਫਰਵਰੀ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

## ਅੱਜ ਤੋਂ ਸੌ ਸਾਲ ਪਹਿਲਾਂ 27 ਫਰਵਰੀ ਨੂੰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਜਿਸ ਦਿਨ 6 ਬੱਬਰਾਂ ਇਕੱਠਿਆਂ ਫਾਂਸੀ ਦਿੱਤੀ ਗਈ



ਜਦੋਂ ਮਨੁੱਖ ਵਿੱਚੋਂ ਅਦਬ ਤੇ ਦਲੇਰੀ ਖਤਮ ਹੋ ਜਾਂਦੀ ਹੈ, ਉਦੋਂ ਮਨੁੱਖਤਾ ਖਤਮ ਹੋ ਜਾਂਦੀ ਹੈ। ਲੰਬੀ ਗੁਲਾਮੀ ਤੋਂ ਨਿਜਾਤ ਪਾਉਣ ਲਈ ਪੰਜਾਬ ਦੀ ਧਰਤੀ ਤੋਂ ਅਨੇਕਾਂ ਲਹਿਰਾਂ ਚੱਲੀਆਂ। ਸਮੁੱਚੇ ਹਿੰਦੁਸਤਾਨ ਦੇ ਲੋਕ ਗੁਲਾਮੀ, ਅਨਪੜ੍ਹਤਾ ਅਤੇ ਗਰੀਬੀ ਨਾਲ ਸਾਹ-ਸੱਤਹੀਣ ਹੋ ਚੁੱਕੇ ਸਨ। ਦੇਸ਼ ਨੂੰ ਯੋਧਾ ਆਗੂਆਂ ਦੀ ਲੋੜ ਸੀ। ਪੰਜਾਬ ਦੀ ਧਰਤੀ ਨੂੰ ਗੁਰੂ ਸਾਹਿਬਾਨ ਨੇ ਕਰਮਯੋਗੀ ਬਣਾ ਕੇ ਅਣਖੀ ਜੀਵਨ ਜੀਊਣ ਦੀ ਗੁੜ੍ਹਤੀ ਦਿੱਤੀ ਹੋਈ ਹੈ। ਜਦੋਂ ਅੰਗ੍ਰੇਜ਼ੀ ਹਕੂਮਤ ਦੌਰਾਨ ਪੰਜਾਬ ਦੇ ਗੁਰਧਾਮ ਅਯਾਸ਼ ਮਹੰਤਾਂ, ਗੱਦੀਦਾਰਾਂ ਤੇ ਮਤਮਤੀਆਂ ਦੀਆਂ ਆਪ ਹੁਦਰੀਆਂ ਕਾਰਨ ਅਪਵਿੱਤਰ ਹੋ ਚੁੱਕੇ ਸਨ, ਤਾਂ ਸਿੱਖ ਹਿੱਤਾਂ ਲਈ ਜੂਝਣ ਵਾਲੀ ਨਵੀਂ ਬਣੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿੱਚ ਸਿੱਖ ਜਗਤ ਨੇ ਸ਼ਾਂਤਮਈ ਢੰਗ ਨਾਲ ਗੁਰ-ਦੁਆਰਾ ਸੁਧਾਰ ਲਹਿਰ ਵਿੱਚ ਸ਼ਾਮਿਲ ਹੋ ਕੇ ਤਸੀਹੇ ਝੱਲਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਦਿਨ ਵਿੱਚ ਹੀ ਸਿੱਖ ਸ਼ਹਾਦਤਾਂ ਅਤੇ ਗ੍ਰਿਫਤਾਰੀਆਂ ਦੇ ਦੌਰ ਦੌਰਾਨ ਅਕਾਲੀਆਂ ਵਿੱਚੋਂ ਹੀ ਇਕ ਗਰਮ ਦਲ ਤਿਆਰ ਹੋ ਗਿਆ। ਇਸ ਲਹਿਰ ਨੂੰ ਬੱਬਰ ਅਕਾਲੀ ਲਹਿਰ ਦਾ ਨਾਂਅ ਦਿੱਤਾ ਗਿਆ। ਇਨ੍ਹਾਂ ਬੱਬਰ ਅਕਾਲੀਆਂ ਦਾ ਟੀਚਾ ਹਥਿਆਰਬੰਦ ਸੰਘਰਸ਼ ਵਿੱਚ ਅੰਗ੍ਰੇਜ਼ ਅਫ਼ਸਰਾਂ, ਝੋਲੀ ਚੁੱਕਾਂ, ਸੂਹੀਆਂ ਨੂੰ ਸਬਕ ਸਿਖਾਉਣਾ ਸੀ।

19 ਅਤੇ 21 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਤੋਂ ਛੇਤੀ ਪਿੱਛੋਂ ਹੁਸ਼ਿਆਰਪੁਰ ਵਿਖੇ ਸਿੱਖ ਐਜੂਕੇਸ਼ਨਲ ਕਾਨਫਰੰਸ ਦੌਰਾਨ ਮਾਸਟਰ ਮੋਤਾ ਸਿੰਘ ਪਤਾਰਾ ਅਤੇ ਜਲੰਧਰ ਸ਼ਹਿਰ ਦੀ ਬੁੱਕਲ ਵਿੱਚ ਵੱਸੇ ਪਿੰਡ ਬੜਿੰਗ ਦੇ ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਵਿੱਚ ਇਨ੍ਹਾਂ ਜਾਨ ਤਲੀ 'ਤੇ ਰੱਖ ਕੇ ਜੂਝਣ ਵਾਲੇ ਗਰਮ ਦਲੀਏ ਮਰਜੀਵੜਿਆਂ ਦੀ ਇਕ ਖੁਫੀਆ ਮੀਟਿੰਗ ਹੋਈ। ਇਸ ਮੀਟਿੰਗ ਦੌਰਾਨ ਗੁ: ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਸੋਧਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਥੋੜ੍ਹੇ ਦਿਨਾਂ ਪਿੱਛੋਂ ਇਨ੍ਹਾਂ ਮਰਜੀਵੜਿਆਂ ਵਿੱਚੋਂ, ਜਿਨ੍ਹਾਂ ਨੂੰ ਇਹ ਕੰਮ ਸੌਂਪਿਆ ਗਿਆ ਸੀ, 23 ਮਈ, 1921 ਨੂੰ ਖੁਫੀਆ ਏਜੰਸੀ ਦੀ ਸੂਹ ਨਾਲ ਗ੍ਰਿਫਤਾਰ ਕਰ ਲਿਆ ਗਿਆ। ਇਸ ਦੌਰਾਨ ਮਾਸਟਰ ਮੋਤਾ ਸਿੰਘ ਅਤੇ ਸ: ਕਿਸ਼ਨ ਸਿੰਘ ਗੜਗੱਜ ਰੂਪੋਸ਼ ਹੋ ਗਏ। ਇਸ ਗੁਪਤਵਾਸ ਦੌਰਾਨ ਜਥੇਦਾਰ ਕਿਸ਼ਨ ਸਿੰਘ ਗੜਗੱਜ ਨੇ ਆਪਣਾ ਇਕ ਗੁਪਤ ਜਥਾ ਤਿਆਰ ਕੀਤਾ। ਇਸੇ ਦਾ ਨਾਂਅ ਚੱਕਰਵਰਤੀ ਜੱਥਾ ਰੱਖਿਆ ਗਿਆ। ਇਸ ਜਥੇ ਦਾ ਕੰਮ ਪਿੰਡਾਂ ਦੇ ਲੋਕਾਂ ਵਿੱਚ ਅੰਗ੍ਰੇਜ਼ ਸ਼ਾਸਕਾਂ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਨਾ ਸੀ। ਹੁਸ਼ਿਆਰਪੁਰ ਵਿੱਚ ਜਥੇਦਾਰ ਕਰਮ ਸਿੰਘ ਦੌਲਤਪੁਰੀਏ ਨੇ ਵੀ ਇਸੇ ਲੀਹ 'ਤੇ ਚੱਲਦਿਆਂ ਆਪਣਾ ਜਥਾ ਤਿਆਰ ਕੀਤਾ। ਹੁਣ ਜਥੇ ਦਾ ਨਾਂਅ ਬੱਬਰ ਅਕਾਲੀ ਜਥਾ ਰੱਖ ਦਿੱਤਾ ਗਿਆ।

ਇਸੇ ਦੌਰਾਨ ਅੰਗ੍ਰੇਜ਼ ਹਕੂਮਤ ਵੱਲੋਂ ਬੱਬਰ ਅਕਾਲੀਆਂ ਨੂੰ ਗ੍ਰਿਫਤਾਰ ਕਰਵਾਉਣ ਲਈ ਇਨਾਮ ਵੀ ਐਲਾਨੇ ਗਏ। ਸਰਕਾਰ ਦੀ ਸਖਤੀ ਕਾਰਨ ਅੰਦੋਲਨਕਾਰੀ ਸਿੱਖ ਨੌਜਵਾਨਾਂ ਲਈ ਸਖਤੀ ਕਾਰਨ ਅੰਦੋਲਨ ਚਲਾਉਣਾ ਔਖਾ ਹੋ ਰਿਹਾ ਸੀ। 1922 ਤੇ 23 ਦੌਰਾਨ ਅਨੇਕਾਂ ਗੱਦਾਰਾਂ ਤੇ ਸਰਕਾਰ ਪੱਖੀ ਲੋਕਾਂ ਨੂੰ ਸੋਧਿਆ ਗਿਆ। ਜੂਨ 1924 ਵਿੱਚ ਲਾਇਲਪੁਰ (ਪਾਕਿਸਤਾਨ) ਹੁਣ ਫੈਸਲਾਬਾਦ ਜ਼ਿਲ੍ਹੇ ਵਿੱਚ ਵਰਿਆਮ ਸਿੰਘ ਦੀ ਸ਼ਹਾਦਤ ਪਿੱਛੋਂ ਸਮੁੱਚੇ ਪੰਜਾਬ ਵਿੱਚੋਂ ਬੱਬਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਗੁਪਤ ਜਥੇਬੰਦੀ ਹੋਣ ਕਰਕੇ ਇਹ ਸਾਰੇ ਸਿੱਖ ਜੁਝਾਰੂ ਮਰਿਯਾਦਾ ਦਾ ਪਾਲਨ ਕਰਨ ਵਾਲੇ ਅਤੇ ਨਿਤਨੇਮ ਵਿੱਚ ਪਰਪੱਕ ਸਨ। ਅੰਗ੍ਰੇਜ਼ ਸਰਕਾਰ ਮੁਤਾਬਿਕ ਇਨ੍ਹਾਂ ਜੁਝਾਰੂਆਂ ਦੀ ਗਿਣਤੀ ਦੋ ਸੌ ਦੇ ਲਗਪਗ ਸੀ। ਇਨ੍ਹਾਂ ਦਾ ਕੰਮ ਹਥਿਆਰ ਇੱਕਠੇ ਕਰਨੇ, ਫੌਜੀਆਂ ਨੂੰ ਸਰਕਾਰ ਵਿਰੁੱਧ ਉਕਸਾਉਣਾ ਅਤੇ ਨੌਜਵਾਨਾਂ ਨੂੰ ਸੰਘਰਸ਼ ਲਈ ਤਿਆਰ ਕਰਨਾ ਸੀ। ਇਸ ਜਥੇਬੰਦੀ ਤੋਂ ਅੰਗ੍ਰੇਜ਼ ਹਕੂਮਤ ਇੰਨਾ ਘਬਰਾਈ ਕਿ ਪੁਲਸ ਦੀ ਮਦਦ ਲਈ ਫੌਜ ਵੀ ਤਾਇਨਾਤ ਕੀਤੀ ਗਈ। ਸਰਕਾਰ ਨੇ ਸਖਤੀ ਦਾ ਦੌਰ ਸ਼ੁਰੂ ਕੀਤਾ। 98 ਬੱਬਰ ਅਕਾਲੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਲਾਹੌਰ ਸੈਂਟਰਲ ਜੇਲ੍ਹ ਵਿੱਚ ਮੁਕੱਦਮਾ ਸ਼ੁਰੂ ਹੋਇਆ। ਦੋ ਤਫ਼ਤੀਸ਼ ਦੌਰਾਨ ਸ਼ਹੀਦ ਹੋ ਗਏ। ਬਾਕੀਆਂ ਨੂੰ ਸੈਸ਼ਨ ਸਪੁਰਦ ਕੀਤਾ ਗਿਆ। 28 ਫਰਵਰੀ 1925 ਨੂੰ ਫੈਸਲਾ ਹੋਇਆ 34 ਬੱਬਰਾਂ ਨੂੰ ਛੱਡ ਦਿੱਤਾ ਗਿਆ। 49 ਨੂੰ ਉਮਰ ਕੈਦ ਤੇ ਸਖਤ ਸਜ਼ਾਵਾਂ ਦਿੱਤੀਆਂ ਗਈਆਂ। 6 ਬੱਬਰ ਅਕਾਲੀਆਂ ਨੂੰ 27 ਫਰਵਰੀ, 1926 ਨੂੰ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ। ਇਨ੍ਹਾਂ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿੱਚ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬਾਪੂ ਸੰਤਾ ਸਿੰਘ ਛੋਟੀ ਹਰਿਉ, ਭਾਈ ਦਲੀਪ ਸਿੰਘ ਧਾਮੀਆਂ, ਭਾਈ ਕਰਮ ਸਿੰਘ ਹਰੀਪੁਰ, ਭਾਈ ਨੰਦ ਸਿੰਘ ਘੁੜਿਆਲ, ਭਾਈ ਧਰਮ ਸਿੰਘ ਹਯਾਤਪੁਰ ਸ਼ਾਮਿਲ ਸਨ। ਇਨ੍ਹਾਂ ਮਹਾਨ ਮਰਜੀਵੜਿਆਂ ਨੇ ਆਪਣੀ ਕੁਰ-ਬਾਨੀ ਦੇ ਕੇ ਅੰਗ੍ਰੇਜ਼ ਸਰਕਾਰ ਵਿਰੁੱਧ ਚੱਲ ਰਹੇ ਸੰਘਰਸ਼ ਵਿੱਚ ਆਪਣੀਆਂ ਜਵਾਨੀਆਂ ਦੀ ਅਹੂਤੀ ਦਿੱਤੀ। ਇਨ੍ਹਾਂ ਮਹਾਨ ਸ਼ਹੀਦਾਂ ਦਾ ਸੰਸਕਾਰ ਲਾਹੌਰ ਵਿਖੇ ਰਾਵੀ ਦਰਿਆ ਦੇ ਕਿਨਾਰੇ ਕੀਤਾ ਗਿਆ। ਇਨ੍ਹਾਂ ਕੌਮੀ ਸ਼ਹੀਦਾਂ ਨੂੰ ਪ੍ਰਣਾਮ।

*ਪਿੰਡ ਜੌਹਲ ਡਾ: ਬੋਲੀਨਾ ਦੁਆਬਾ*
*ਜਲੰਧਰ 144101,*
*ਮੋਬਾਈਲ: 98143 24040*

**ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਮਾਨਚੈਸਟਰ ਵਿਖੇ 3 ਗ੍ਰੰਥੀ ਸਿੰਘਾਂ (ਰਾਗੀ ਜਥੇ) ਦੀ ਲੋੜ**

**ਮੁੱਖ ਕੰਮ:-** ਸ਼੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਐਜੂਕੇਸ਼ਨਲ ਐਂਡ ਕਲਚਰਲ ਸੈਂਟਰ ਮਾਨਚੈਸਟਰ ਵਿਖੇ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਅਤੇ ਅਖੰਡ ਪਾਠ ਅਤੇ ਮੁੱਖ ਗ੍ਰੰਥੀ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਲੋੜੀਂਦੀਆਂ ਸੇਵਾਵਾਂ ਵਿੱਚ ਮਦਦ ਕਰਨੀ।
**ਸਮਾਂ:-** ਛੇ ਮਹੀਨਿਆਂ ਤੋਂ ਲੈ ਕੇ ਇੱਕ ਸਾਲ ਲਈ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ ਅਤੇ ਗੁਰਦੁਆਰਾ ਸਾਹਿਬ ਵਿਖੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਲੰਗਰ ਦੀਆਂ ਸੇਵਾਵਾਂ ਵੀ ਨਿਭਾਅ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਪੱਕਾ ਰਹਿੰਦਾ ਹੋਵੇ ਤਾਂ ਉਸ ਨੂੰ ਪਹਿਲ ਦਿੱਤੀ ਜਾਵੇਗੀ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਬਿਨੈਕਾਰ ਆਪਣੀਆਂ ਅਰਜ਼ੀਆਂ 6 ਮਾਰਚ 2026 ਤੋਂ ਪਹਿਲਾਂ ਭੇਜਣ

**JOB TITLE: KEERTANI JATHA OF 3 REQUIRED at Sri Guru Gobind Singh Gurdwara Manchester, U.K.**

Keertani Jatha of 3 people required to work in a busy and demanding Manchester Gurdwara Sahib with a minimum weekly congregation of up to 650 people.
**Duties:** Should be able to perform Kirtan and carry out other religious activities as listed in main duties, as; Parkash of Sri Guru Granth Sahib, Nitnem, Sukhmani Sahib, Sehaj Paath, Recite Katha Vichar in the morning and evening, Rehras Sahib, Sukhasan Sahib etc.
**Requirements:** Must have Previous experience is essential, Vast knowledge of Sri Guru Granth Sahib and Sikh history, fluent in writing, reading and speaking Punjabi. Must have clean character and able to provide references of previous experience.
**Duration:** Fixed term contract, 6 months to 1 year.
**Benefits:** Excellent salary, Accommodation will be provided and Access to Gurdwara Sahib's food pantry.
**Must have right to work in U.K.**
Please contact: Parkash Singh on 07909 517494 or Tel: 0161 2267233

Closing Date : Please Apply before 6th March 2026

SRI GURU GOBIND SINGH GURDWARA Educational & Cultural Centre,
57 UPPER CHORLTON ROAD, WHALLEY RANGE, MANCHESTER, M16 7RQ.
www.manchestergurdwara.co.uk - Email:info@manchestergurdwara.co.uk
Charity Registration No. 1104110

**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।
ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388


ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 60

# ਇੱਕ ਮੇਰੀ ਅੱਖ ਕਾਸ਼ਣੀ...

**ਉਸ ਨੇ 'ਗੂਗਲ ਬਾਬੇ' ਉਪਰ 'ਸਰਚ' ਸ਼ੁਰੂ ਕਰ ਦਿੱਤੀ। ਬੇਜੋੜ ਜੋੜਿਆਂ ਬਾਰੇ ਮੱਦਦ। ਫਿਰ ਉਸ ਦੇ ਮਨ 'ਚ ਆਈ ਕਿ ਜੇ ਮੇਰੇ ਸਹੁਰੇ ਨੇ ਮੁੜ ਮੈਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹਿਆ ਤਾਂ ਮੈਂ ਪੁਲੀਸ ਨੂੰ ਫ਼ੋਨ ਕਰ ਦਿਊਂਗੀ...। ਪੁਲੀਸ ਆਪੇ ਗ੍ਰਿਫ਼ਤਾਰ ਕਰ ਕੇ ਲੈਜੂਗੀ...। ਇੱਕ ਦੁੱਖ ਤੋਂ ਖਹਿੜਾ ਤਾਂ ਛੁੱਟੂ...? ਪਰ ਪੁਲੀਸ ਸਬੂਤ ਮੰਗੂਗੀ ਤੇ ਵੀਹ ਸਿਆਪੇ ਕਰੂਗੀ...। ਮੈਂ ਇੱਕ ਅਖ਼ਬਾਰ ਵਿੱਚ ਪੜ੍ਹਿਆ ਸੀ ਕਿ ਔਰਤ ਇੱਕ ਵਾਰ ਤਾਂ ਬਲਾਤਕਾਰ ਦੀ ਪੀੜਤ ਹੁੰਦੀ ਹੈ, ਤੇ ਫਿਰ ਉਸ ਨੂੰ ਵਾਰ-ਵਾਰ ਅਦਾਲਤਾਂ ਵਿੱਚ "ਸ਼ਬਦੀ ਬਲਾਤਕਾਰਾਂ" ਦਾ ਸਾਹ-ਮਣਾ ਕਰਨਾ ਪੈਂਦੈ, ਜੋ ਵਕੀਲਾਂ ਵੱਲੋਂ ਵਾਰ-ਵਾਰ ਪੁੱਛੇ ਜਾਂਦੇ ਨੇ...। ਕਮਜ਼ੋਰ ਔਰਤ ਤਾਂ ਜ਼ਲੀਲ ਹੋਣ ਤੋਂ ਡਰਦੀ ਮੁਕੱਦਮਾਂ ਹੀ ਛੱਡ ਕੇ ਤੁਰ ਜਾਂਦੀ ਐ...।**




## ਕਾਂਡ 26

-"ਪੀਜ਼ਾ ਖਾਣੈ...?" ਉਸ ਨੇ ਮਾਣੋਂ ਨੂੰ ਪੁੱਛਿਆ।

-".........।" ਪਰ ਮਾਣੋਂ ਨੇ ਕੋਈ ਉੱਤਰ ਨਾ ਦਿੱਤਾ।

ਉਸ ਦਾ ਦਿਲ ਕੀਤਾ ਹੈਰੀ ਦੇ ਮੂੰਹ 'ਤੇ ਚੁਪੇੜ ਮਾਰੇ। ਪਰ ਉਹ ਮਾਰ ਨਾ ਸਕੀ। ਪਤਾ ਨਹੀਂ ਕਿਉਂ, ਉਸ ਦਾ ਹੀਆਂ ਨਾ ਪਿਆ। ਗੁੱਸਾ ਉਸ ਨੂੰ ਉਸ 'ਤੇ ਬਥੇਰਾ ਆਉਂਦਾ ਸੀ। ਪਰ ਉਸ ਨੂੰ ਇਸ ਪ੍ਰੀਵਾਰ ਦੇ ਕਿਸੇ ਜੀਅ ਦਾ ਭੇਦ ਨਹੀਂ ਆਇਆ ਸੀ। ਹਰ ਕੋਈ ਆਪਣਾ ਇੱਕ ਅਜੀਬ ਜਿਹਾ ਰੋਲ ਨਿਭਾਅ ਰਿਹਾ ਸੀ।

ਉਸ ਨੇ 'ਗੂਗਲ ਬਾਬੇ' ਉਪਰ 'ਸਰਚ' ਸ਼ੁਰੂ ਕਰ ਦਿੱਤੀ। ਬੇਜੋੜ ਜੋੜਿਆਂ ਬਾਰੇ ਮੱਦਦ। ਫਿਰ ਉਸ ਦੇ ਮਨ 'ਚ ਆਈ ਕਿ ਜੇ ਮੇਰੇ ਸਹੁਰੇ ਨੇ ਮੁੜ ਮੈਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹਿਆ ਤਾਂ ਮੈਂ ਪੁਲੀਸ ਨੂੰ ਫ਼ੋਨ ਕਰ ਦਿਊਂਗੀ...। ਪੁਲੀਸ ਆਪੇ ਗ੍ਰਿਫ਼ਤਾਰ ਕਰ ਕੇ ਲੈਜੂਗੀ...। ਇੱਕ ਦੁੱਖ ਤੋਂ ਖਹਿੜਾ ਤਾਂ ਛੁੱਟੂ...? ਪਰ ਪੁਲੀਸ ਸਬੂਤ ਮੰਗੂਗੀ ਤੇ ਵੀਹ ਸਿਆਪੇ ਕਰੂਗੀ...। ਮੈਂ ਇੱਕ ਅਖ਼ਬਾਰ ਵਿੱਚ ਪੜ੍ਹਿਆ ਸੀ ਕਿ ਔਰਤ ਇੱਕ ਵਾਰ ਤਾਂ ਬਲਾਤਕਾਰ ਦੀ ਪੀੜਤ ਹੁੰਦੀ ਹੈ, ਤੇ ਫਿਰ ਉਸ ਨੂੰ ਵਾਰ-ਵਾਰ ਅਦਾਲਤਾਂ ਵਿੱਚ "ਸ਼ਬਦੀ ਬਲਾਤਕਾਰਾਂ" ਦਾ ਸਾਹਮਣਾ ਕਰਨਾ ਪੈਂਦੈ, ਜੋ ਵਕੀਲਾਂ ਵੱਲੋਂ ਵਾਰ-ਵਾਰ ਪੁੱਛੇ ਜਾਂਦੇ ਨੇ...। ਕਮਜ਼ੋਰ ਔਰਤ ਤਾਂ ਜ਼ਲੀਲ ਹੋਣ ਤੋਂ ਡਰਦੀ ਮੁਕੱਦਮਾਂ ਹੀ ਛੱਡ ਕੇ ਤੁਰ ਜਾਂਦੀ ਐ...। ਕਈਆਂ ਨੇ ਤਾਂ ਇਸ ਦੁੱਖੋਂ ਆਤਮ ਹੱਤਿਆਵਾਂ ਵੀ ਕੀਤੀਆਂ ਨੇ...। ਜਦ ਉਹਨਾਂ ਨੂੰ ਵਾਰ-ਵਾਰ ਤਰ੍ਹਾਂ-ਤਰ੍ਹਾਂ ਦੇ ਅਸ਼ਲੀਲ ਸੁਆਲ ਪੁੱਛ ਕੇ ਅਦਾਲਤ ਵਿੱਚ 'ਨੰਗਾ' ਕੀਤਾ ਜਾਂਦਾ, ਤਾਂ ਉਹਨਾਂ ਕੋਲ ਨਮੋਸ਼ੀ ਵਿੱਚ ਆ ਕੇ ਮਰਨ ਤੋਂ ਇਲਾਵਾ ਕੋਈ ਰਸਤਾ ਹੀ ਨਹੀਂ ਬਚਦਾ ਸੀ...। ਪਰ ਮੈਂ ਮਰਨ ਵਾਲ਼ਾ ਨਹੀਂ, ਜਿਉਣ ਵਾਲ਼ਾ ਰਸਤਾ ਚੁਣਨਾ ਹੈ...। ਸਾਡੇ ਲੋਕ ਬੰਦੇ ਨੂੰ ਡੁੱਬ ਮਰਨ ਦੀ ਸਿੱਖਿਆ ਤਾਂ ਦਿੰਦੇ ਨੇ, ਪਰ ਜਿਉਣ ਦਾ ਰਾਹ ਦਸੇਰਾ ਕੋਈ ਨਹੀਂ ਬਣਦਾ...। ਕੋਈ ਅਣਖ਼ ਦੀ ਖਾਤਰ ਆਪਣੀ ਧੀ ਮਾਰ ਕੇ ਉਮਰ ਭਰ ਲਈ ਜੇਲ੍ਹ ਚਲਿਆ ਜਾਂਦਾ ਹੈ...। ਇੱਕ ਦੀ ਜਾਨ ਗਈ, ਦੂਜਾ ਉਮਰ ਭਰ ਲਈ ਸੀਖਾਂ ਪਿੱਛੇ ਧੱਕ ਦਿੱਤਾ ਗਿਆ, ਕੀ ਖੱਟਿਆ....? ਅਦਾਲਤਾਂ ਦੀ ਖੱਜਲ਼ ਖ਼ੁਆਰੀ ਅਤੇ ਪੈਸੇ ਦੀ ਬਰਬਾਦੀ ਵੱਖਰੀ...। ਕਿਉਂ ਨਹੀਂ ਸਾਡੇ ਲੋਕ ਢੰਗ ਨਾਲ਼ ਜਿਉਣਾ ਸਿੱਖਦੇ...? ਕਿਉਂ ਨਹੀਂ ਸਾਡੇ ਬੱਚਿਆਂ ਨੂੰ ਜੀਓ ਅਤੇ ਜਿਉਣ ਦਿਓ ਦੀ ਸਿੱਖਿਆ ਦਿੱਤੀ ਜਾਂਦੀ...? ਅੰਗਰੇਜ਼ ਲੋਕ ਕਹਿੰਦੇ ਹਨ ਕਿ ਬੀਤ ਗਏ ਦਾ ਝੋਰਾ ਨਾ ਕਰੋ, ਆਉਣ ਵਾਲ਼ੇ ਸਮੇਂ ਦਾ ਫ਼ਿਕਰ ਨਾ ਕਰੋ, ਆਪਣਾ ਵਰਤਮਾਨ ਮਾਣੋਂ ਅਤੇ ਜੀਵੋ....! ਸਾਨੂੰ ਅਜਿਹੀ ਸਿੱਖਿਆ ਦੇਣ ਵਾਲ਼ਾ ਕਿਉਂ ਨਹੀਂ ਕੋਈ...?

ਫਿਰ ਉਸ ਨੂੰ ਇੱਕ ਹੋਰ ਸੋਚ ਨੇ ਘੇਰ ਲਿਆ...। ... ਮੈਂ ਔਰਤਾਂ ਦੀ "ਮੱਦਦਗਾਰ ਸੰਸਥਾ" ਨਾਲ਼ ਰਾਬਤਾ ਕਾਇਮ ਕਰੂੰਗੀ....। ਉਹਨਾਂ ਨੂੰ ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਦੱਸ ਕੇ ਮੱਦਦ ਦੀ ਗੁਹਾਰ ਲਾਊਂਗੀ...। ਕੈਨੇਡਾ ਵਰਗੇ ਦੇਸ਼ ਵਿੱਚ ਤਾਂ ਕਹਿੰਦੇ ਲੋਕ ਬੜੀ ਇਮਾਨਦਾਰੀ ਨਾਲ਼ ਕੰਮ ਕਰਦੇ ਹਨ, ਦੋਸ਼ੀ ਨੂੰ ਸਜ਼ਾ ਅਤੇ ਪੀੜਤ ਨੂੰ ਇਨਸਾਫ਼ ਮਿਲ਼ਦਾ ਹੈ...। ...ਅਸੀਂ ਚੁੱਪ ਹੋ ਜਾਂਦੇ ਹਾਂ, ਸਿਰਫ਼ ਇਹ ਸੋਚ ਕੇ ਕਿ ਗੱਲ ਨਹੀਂ ਵਧਾਉਣੀ, ਪਰ ਦੂਜਿਆਂ ਨੂੰ ਲੱਗਦੈ ਕਿ ਅਸੀਂ ਗਲਤੀ ਕੀਤੀ ਹੈ, ਇਸ ਲਈ ਚੁੱਪ ਹਾਂ...। ਪ੍ਰੋਫ਼ੈਸਰ ਦੀ ਆਖੀ ਗੱਲ ਸੋਚ ਕੇ ਉਸ ਨੇ ਮੁੜ 'ਸਰਚ' ਮਾਰਨੀ ਸ਼ੁਰੂ ਕਰ ਦਿੱਤੀ। ਜੋ ਕੁਛ ਮਿਲ਼ਿਆ, ਉਸ ਨੇ ਫ਼ੋਨ ਨੰਬਰ ਅਤੇ ਐਡਰੈੱਸ ਇੱਕ ਕਾਗਜ਼ ਉਪਰ ਨੋਟ ਕਰਨੇ ਸ਼ੁਰੂ ਕਰ ਦਿੱਤੇ।

ਮਾਣੋਂ ਅਤੇ ਹੈਰੀ ਟੈਲੀ ਦੇਖ ਰਹੇ ਸਨ।

ਮਾਣੋਂ ਦੀ ਬਿਰਤੀ ਗ਼ੈਰਹਾਜ਼ਰ ਸੀ।

ਅਚਾਨਕ ਉਸ ਦਾ ਸਹੁਰਾ ਬਘੇਲ ਸਿਉਂ ਜਿੰਨ ਵਾਂਗ ਆ ਵੱਜਿਆ।

ਉਸ ਦੇ ਹੱਥ ਵਿੱਚ ਇੱਕ ਛੋਟਾ ਬੈਗ ਫੜਿਆ ਹੋਇਆ ਸੀ। ਇੰਜ ਜਾਪਦਾ ਸੀ, ਜਿਵੇਂ ਉਹ ਕਿਤੋਂ ਹਵਾਈ ਸਫ਼ਰ ਕਰ ਕੇ ਆਇਆ ਸੀ। ਉਹ ਮਾਣੋਂ ਵੱਲ ਦੇਖ ਕੇ ਇਉਂ ਝਾਕਿਆ ਜਿਵੇਂ ਭੁੱਖੀ ਇੱਲ੍ਹ ਕੁਕੜੀ ਵੱਲ ਝਾਕਦੀ ਹੈ। ਉਸ ਨੇ ਨਜ਼ਦੀਕ ਆ ਕੇ ਮਾਣੋਂ ਨੂੰ ਇਉਂ ਤਾੜਿਆ, ਜਿਵੇਂ ਝਟਕਈ ਬੱਕਰੇ ਨੂੰ ਪੂਛੋਂ ਫੜ ਕੇ ਜੋਂਹਦੈ। ਮਾਣੋਂ ਬੱਕਰੀ ਦੇ ਮੇਮਣੇ ਵਾਂਗ ਮੁੱਠ ਕੁ ਦੀ ਬਣੀ ਬੈਠੀ ਸੀ।

ਬਘੇਲ ਸਿਉਂ ਨੇ ਡਰਾਇੰਗ ਰੂਮ ਵਿੱਚ ਭਲਵਾਨੀ ਜਿਹਾ ਗੇੜਾ ਦਿੱਤਾ ਅਤੇ ਫ਼ਿਰ ਮਾਣੋਂ ਅਤੇ ਹੈਰੀ ਦੇ ਸਾਹਮਣੇ ਬੈਠ ਗਿਆ। ਟਾਟਾਂ ਨਾਲ਼ ਰੱਜੇ ਬੋਤੇ ਵਾਂਗ ਉਹ ਭਾਰੇ-ਭਾਰੇ ਸਾਹ ਲੈਂਦਾ ਸੀ।

-"ਕੁਛ ਖਾਧਾ ਪੀਤਾ...?" ਉਸ ਨੇ ਬੇਥਵਾ ਜਿਹਾ ਸੁਆਲ ਕੀਤਾ।

-"ਮੈਂ ਤਾਂ ਪੀਜ਼ਾ ਤੇ ਬਰਗਰ ਖਾ ਲਏ...।" ਹੈਰੀ ਮਸ਼ੀਨ ਵਾਂਗ ਬੋਲਿਆ ਅਤੇ ਰਿਮੋਟ ਲੈ ਕੇ ਚੈਨਲ ਬਦਲਣ ਲੱਗ ਪਿਆ।

-"ਪੈੱਗ ਸ਼ੈੱਗ ਨੀ ਲਾਇਆ...?"

-"ਨਹੀਂ, ਅੱਜ ਦਿਲ ਨੀ ਕਰਦਾ ਇਆ...।" ਉਸ ਨੇ 'ਕੈਨੇਡੀਅਨ ਪੰਜਾਬੀ' ਵਿੱਚ ਕਿਹਾ।

-"............।" ਬਘੇਲ ਸਿਉਂ ਚੁੱਪ ਵੱਟ ਗਿਆ ਅਤੇ ਰਹੱਸਮਈ ਨਜ਼ਰ ਨਾਲ਼ ਮਾਣੋਂ ਵੱਲ ਝਾਕਿਆ। ਉਸ ਦੇ ਦਿਲ ਵਿੱਚ ਸੀ ਕਿ ਸ਼ਾਇਦ ਮਾਣੋਂ ਨੇ ਹੀ ਨਾ ਉਸ ਨੂੰ ਪੀਣ ਤੋਂ ਰੋਕ ਦਿੱਤਾ ਹੋਵੇ...? ਪਰ ਇਹ ਸਾਲ਼ਾ ਬਿੱਜੂ ਤਾਂ ਮੇਰਾ ਰੋਕਿਆ ਨੀ ਰੁਕਦਾ, ਇਹਦੇ ਛੀਂਟਕੀ ਜਿਹੀ ਦੇ ਆਖੇ ਤਾਂ ਕੀ ਲੱਗੂ...? ਅੱਜ ਪਤਾ ਨਹੀਂ ਪੀਣ ਤੋਂ ਕਿਉਂ ਨਾਂਹ ਕਰੀ ਜਾਂਦੈ...? ਜੇ ਇਹਨੇ ਨਾ ਪੀਤੀ, ਤਾਂ ਇਹਨੇ ਸਵੇਰ ਦੇ ਚਾਰ ਵਜੇ ਤੱਕ ਸੌਣਾ ਨਹੀਂ, ਸਾਲ਼ਾ ਟੀ.ਵੀ. ਦੇਖੀ ਜਾਊ...। ਤੇ ਮੈਂ ਮਾਣੋਂ 'ਤੇ ਕਿਵੇਂ ਦਾਅ ਲਾਊਂਗਾ...? ਬਘੇਲ ਸਿਉਂ ਸੋਚ ਰਿਹਾ ਸੀ। .... ਉਹ ਵੀ ਸਾਲ਼ੀ 'ਮੁਤਰ – ਮੁਤਰ' ਝਾਕੀ ਜਾਂਦੀ ਐ...। ਮੈਂ ਆਪ ਪੈੱਗ ਲਾਊਨੈ ਇੱਕ, ਤੇ ਇੱਕ ਦਿੰਨੈ ਹੈਰੀ ਨੂੰ...! ਜਦੋਂ ਇੱਕ ਪੈੱਗ ਇਹਦੇ ਅੰਦਰ ਚਲਿਆ ਗਿਆ, ਫ਼ੇਰ ਇਹਨੂੰ ਪੀਣ ਦਾ ਹਲ਼ਕ ਛੁੱਟ ਪੈਣੈ...। ਇੱਕ ਪੈੱਗ ਤੋਂ ਸਟਾਰਟ ਹੋਇਆ, ਫ਼ੇਰ ਬੋਤਲ ਦਾ ਥੱਲਾ ਦੇਖ ਕੇ ਪਊ...। ਤੇ ਫੇਰ ਸਾਡੀ ਚਾਂਦੀ...।

ਬਘੇਲ ਸਿਉਂ ਕਾਣੇਂ ਬੋਕ ਵਾਂਗ ਕੁੜੀ ਵੱਲ ਝਾਕਿਆ ਅਤੇ ਆਪਣੀ ਬਣਾਈ ਹੋਈ ਬੀਅਰ ਬਾਰ ਵਿੱਚ ਜਾ ਵੜਿਆ। ਉਸ ਨੇ ਲੰਡਾ ਪੈੱਗ ਅੰਦਰ ਸੁੱਟਿਆ ਅਤੇ ਕਾਫ਼ੀ ਦੇਰ ਬੈਠਾ ਰਿਹਾ। ਕੁਝ ਸੋਚਦਾ ਰਿਹਾ। ਜਾਂ ਸ਼ਾਇਦ ਕੋਈ ਗੋਂਦ ਗੁੰਦਦਾ ਰਿਹਾ।

ਉਸ ਨੇ ਇੱਕ ਪੈੱਗ ਹੋਰ ਪਾਇਆ ਅਤੇ ਅੰਦਰ ਸੁੱਟ ਲਿਆ।

ਉਸ ਦੀਆਂ ਡਰਾਉਣੀਆਂ ਜਿਹੀਆਂ ਅੱਖਾਂ ਦਾ ਰੰਗ ਬਦਲ ਗਿਆ ਸੀ।

ਲਾਲ ਡੋਰੇ ਅੱਖਾਂ ਵਿੱਚ ਕਿਸੇ ਦੁਸ਼ਮਣ ਵਾਂਗ ਤਣ ਗਏ ਸਨ।

ਉਸ ਦੇ ਮਨ ਵਿੱਚ ਕੋਈ ਸੰਘੱਟ ਆਇਆ ਹੋਇਆ ਸੀ। ਪਤਾ ਨਹੀਂ ਉਸ ਨੂੰ ਕਿਸ ਉਪਰ ਰਹਿ-ਰਹਿ ਕੇ ਗੁੱਸਾ ਆ ਰਿਹਾ ਸੀ। ਪਰ ਉਹ ਚੁੱਪ ਸੀ। ਉਸ ਨੇ ਇੱਕ ਪੈੱਗ ਬਣਾਇਆ, ਵਿੱਚ ਬਰਫ਼ ਪਾਈ ਅਤੇ ਟੈਲੀ ਅੱਗੇ ਬੁੱਤ ਜਿਹੇ ਬਣੇ ਹੈਰੀ ਅੱਗੇ ਲਿਜਾ ਰੱਖਿਆ।

-"ਲੈ, ਕਰ ਪੁੱਤ ਚੀਅਰਸ...। ਕਰ ਦਿਆ ਕਰ ਬਾਪੂ ਦਾ ਦਿਲ ਖ਼ੁਸ਼ ਕਦੇ...!" ਉਸ ਨੇ ਆਪਣਾ ਗਿਲਾਸ ਉਸ ਅੱਗੇ ਕੀਤਾ।

-"ਮੈਂ ਕਿਹਾ ਇਆ, ਬਈ ਮੈਂ ਨਹੀਂ ਪੀਣੀ...।" ਉਹ ਪੀਜ਼ੇ ਨੂੰ ਬੁਰਕ ਜਿਹਾ ਮਾਰਦਾ ਬੋਲਿਆ, "ਲੋਕ ਤਾਂ ਪੁੱਤ ਨੂੰ ਦਾਰੂ ਤੋਂ ਰੋਕਦੇ ਆ, ਤੇ ਤੂੰ ਮੈਨੂੰ ਪਿਆਈ ਜਾਨਾ ਇਆਂ...। ਕਿਹੋ ਜਿਆ ਬਾਪ ਹੈਂ ਤੂੰ...?" ਉਹ ਸ਼ਿਵ ਜੀ ਮਹਾਰਾਜ ਵਾਂਗ ਸਿੱਧਾ ਸਲੋਟ ਹੀ ਬੈਠਾ ਸੀ।

-"..............।" ਚੁੱਪ ਬੈਠੀ ਮਾਣੋਂ ਨੂੰ ਲੱਜਤ ਜਿਹੀ ਆ ਗਈ। ਸ਼ਾਇਦ ਹੈਰੀ ਨੇ ਪਹਿਲੀ ਵਾਰ ਕੋਈ ਚੰਗਾ ਕੰਮ ਕੀਤਾ ਸੀ। ਕਠੋਰ ਬਾਪੂ ਨੂੰ ਤੋੜ ਕੇ ਜਵਾਬ ਦਿੱਤਾ ਸੀ ਅਤੇ ਲਾਹ ਕੇ ਸੁੱਟਿਆ ਸੀ।

-"ਅੱਜ ਕੋਈ ਆਪਣੇ ਘਰੇ ਆਇਆ ਸੀ...?"

-"................।" ਹੈਰੀ ਚੁੱਪ ਰਿਹਾ।

-"ਮੈਂ ਕੀ ਪੁੱਛਿਐ ਓਏ ਸਾਲ਼ਿਆ ਤੁੰਬੜਾ ਜਿਆ...? ਮੇਰੀ ਗੱਲ ਦਾ ਉੱਤਰ ਕਿਉਂ ਨੀ ਦਿੰਦਾ...?" ਬਘੇਲ ਸਿਉਂ ਪੂਰਾ ਤਪ ਉਠਿਆ।

-"ਮੰਮ ਤੇ ਡਾਲੀ ਆਏ ਸੀ...।" ਉਸ ਨੇ ਮੁੜ ਚਲਾਵਾਂ ਉੱਤਰ ਮੋੜਿਆ।

-"ਕੀ ਕਰਨ ਆਈਆਂ ਸੀ...?"

-"ਕਾਲ ਕਰ ਕੇ ਪੁੱਛ ਲੈ, ਮੈਨੂੰ ਕੀ ਪਤੈ...?"

-"ਤੂੰ ਬੋਲਦਾ ਕਿਵੇਂ ਐਂ ਅੱਜ...?"

-"ਮੈਂ ਤਾਂ ਇਉਂ ਈ ਬੋਲਣਾ ਇਆਂ...। ਤੂੰ ਰੋਕਲੇਂਗਾ ਮੈਨੂੰ...?" ਹੈਰੀ ਔਤੜ ਬੋਲਿਆ ਤਾਂ ਬਘੇਲ ਸਿਉਂ ਕਰੋਧ ਨਾਲ਼ ਸੜ ਉਠਿਆ। ਉਸ ਨੇ "ਠਾਹ" ਕਰਦਾ ਥੱਪੜ ਮੁੰਡੇ ਦੇ ਮੂੰਹ 'ਤੇ ਮਾਰਿਆ। ਗਿੱਲੇ ਕੱਪੜੇ ਉਪਰ ਥਾਪੀ ਵੱਜਣ ਵਾਂਗ ਖੜਕਾ ਹੋਇਆ।

ਹੈਰੀ ਨੂੰ ਵੀ ਚੰਡਾਲ਼ ਚੜ੍ਹ ਗਿਆ।

ਉਸ ਨੇ ਕੋਕ ਦੀ ਬੋਤਲ ਚੁੱਕੀ ਅਤੇ ਮਾਰ ਕੇ ਬਘੇਲ ਸਿਉਂ ਦਾ ਬੁਥਾੜਾ ਸੇਕ ਦਿੱਤਾ। ਕੱਚ ਦੀ ਬੋਤਲ ਵੱਜਣ ਨਾਲ਼ ਬਘੇਲ ਸਿਉਂ ਦਾ ਪਾਸਾ ਸੁੰਨ ਹੋ ਗਿਆ ਅਤੇ ਉਹ ਡੁੱਬੀਆਂ ਅੱਖਾਂ ਨਾਲ਼ ਪ੍ਰੇਤ ਬਣੇ ਹੈਰੀ ਵੱਲ ਝਾਕ ਰਿਹਾ ਸੀ। ਕੱਚ ਦੀ ਬੋਤਲ ਅਜੇ ਵੀ ਹੈਰੀ ਦੇ ਹੱਥ ਵਿੱਚ ਫੜੀ ਹੋਈ ਸੀ। ਬਘੇਲ ਸਿਉਂ ਦੀ ਮਾਣੋਂ ਸਾਹਮਣੇ ਬੇਇੱਜ਼ਤੀ ਹੋ ਗਈ ਸੀ। ਉਹ ਫਿਰ ਹਾਰੇ ਹੁੱਟੇ ਸਾਹਣ ਵਾਂਗ ਹੱਲਾ ਜਿਹਾ ਕਰ ਕੇ ਆਇਆ। ਹੈਰੀ ਨੇ ਇੱਕ ਭਰਵਾਂ ਵਾਰ ਹੋਰ ਕਰ ਦਿੱਤਾ। ਬਘੇਲ ਸਿਉਂ ਦੇ ਮੱਥੇ 'ਚੋਂ ਬਿੱਲੀ ਦੀ ਪੂਛ ਵਰਗੀ ਲਹੂ ਦੀ ਧਾਰ ਆਈ। ਉਸ ਨੇ ਮੱਥਾ ਫੜ ਲਿਆ। ਇੱਕ ਵਾਰ ਹੈਰੀ ਨੇ ਹੋਰ ਕੀਤਾ ਅਤੇ ਬਘੇਲ ਸਿਉਂ ਰੇਲ ਦੇ ਕੰਨ ਵਾਂਗ ਧਰਤੀ 'ਤੇ ਜਾ ਡਿੱਗਿਆ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਕ੍ਰਾਂਤੀਕਾਰੀ ਸਿੱਖ ਆਗੂ - ਮਾਸਟਰ ਮੋਤਾ ਸਿੰਘ ਨੂੰ ਯਾਦ ਕਰਦਿਆਂ

**28 ਫ਼ਰਵਰੀ ਜਨਮ ਦਿਨ 'ਤੇ ਵਿਸ਼ੇਸ਼**


**ਭਗਵਾਨ ਸਿੰਘ ਜੌਹਲ**

ਕੌਮੀ ਸੇਵਾ ਤੇ ਦੇਸ਼ ਭਗਤੀ ਨੂੰ ਜੀਵਨ ਮਨੋਰਥ ਜਾਨਣ ਵਾਲੇ ਵਿਰਲੇ ਇਨਸਾਨ ਮਿਲਦੇ ਹਨ। ਮਾਸਟਰ ਮੋਤਾ ਸਿੰਘ ਦਾ ਸਮੁੱਚਾ ਜੀਵਨ ਦੇਸ਼ ਸੇਵਾ ਨੂੰ ਸਮਰਪਿਤ ਸੀ, ਇਸੇ ਕਰਕੇ ਉਸ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀਆਂ ਅੱਖਾਂ ਵਿੱਚ ਰੜਕਦੇ ਰਹੇ। ਉਨ੍ਹਾਂ ਦੀ ਖਾਹਿਸ਼ ਸੀ ਕਿ ਦੇਸ਼ ਦੀ ਆਜ਼ਾਦੀ ਅਤੇ ਸਿੱਖਾਂ ਦੇ ਭਵਿੱਖ ਨੂੰ ਸੰਵਾਰਨ ਲਈ ਹਰ ਨੌਜਵਾਨ ਦੇਸ਼-ਭਗਤੀ ਦੇ ਰੰਗ ਵਿੱਚ ਰੰਗਿਆ ਹੋਣਾ ਚਾਹੀਦਾ। ਸ਼ਾਇਦ ਇਸੇ ਕਰਕੇ ਉਹ ਅਜਿਹੇ ਸਿੱਖ ਆਗੂ ਸਨ, ਜਿਨ੍ਹਾਂ ਤਾਅ ਉਮਰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਗ੍ਰਹਿਸਥ ਜੀਵਨ ਵਿੱਚ ਪ੍ਰਵੇਸ਼ ਹੀ ਨਹੀਂ ਕੀਤਾ। ਉਸ ਸਮੇਂ ਪੰਜਾਬ ਦੇ ਬਹੁਤੇ ਪਰਿਵਾਰ ਅਨਪੜ੍ਹਤਾ ਤੇ ਗਰੀਬੀ ਕਾਰਨ ਬੜੀ ਤੰਗੀ ਤੁਰਸ਼ੀ ਵਾਲਾ ਜੀਵਨ ਪ੍ਰਾਪਤ ਕਰ ਰਹੇ ਸਨ। ਮਾਸਟਰ ਮੋਤਾ ਸਿੰਘ ਦੇ ਮਾਤਾ-ਪਿਤਾ ਜੀ ਨੇ ਸਿੱਖਿਆ ਪ੍ਰਾਪਤੀ ਲਈ ਹਰ ਸੰਭਵ ਯਤਨ ਕੀਤਾ। ਇਸ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸਿੱਖ ਆਗੂ ਦਾ ਜਨਮ ਜ਼ਿਲ੍ਹਾ ਤੇ ਤਹਿਸੀਲ ਜਲੰਧਰ ਦੇ ਵੱਡੇ ਪਿੰਡ ਪਤਾਰਾ ਵਿਖੇ 28 ਫ਼ਰਵਰੀ, 1888 ਈ: ਨੂੰ ਸ. ਗੋਪਾਲ ਸਿੰਘ ਦੇ ਗ੍ਰਹਿ ਵਿਖੇ ਹੋਇਆ। ਮੈਟ੍ਰਿਕ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਆਪ ਜੂਨੀਅਰ ਵਰਨੈਕੂਲਰ ਟੀਚਰ ਟ੍ਰੇਨਿੰਗ ਪ੍ਰਾਪਤ ਕਰਕੇ ਵੱਖ-ਵੱਖ ਸਕੂਲਾਂ ਵਿੱਚ ਤਾਇਨਾਤ ਰਹੇ। ਇਸ ਤੋਂ ਪਿੱਛੋਂ ਗਿਆਨੀ, ਮੁਨਸ਼ੀ ਫਾਜ਼ਿਲ ਅਤੇ ਬੀ.ਏ. ਪਾਸ ਕਰਕੇ ਅੰਮ੍ਰਿਤਸਰ ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਸੰਤ ਸਿੰਘ ਸੁੱਖਾ ਸਿੰਘ ਖ਼ਾਲਸਾ ਸਕੂਲ ਵਿਖੇ ਅਤੇ ਉਸ ਤੋਂ ਬਾਅਦ ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ) ਦੇ ਖ਼ਾਲਸਾ ਸਕੂਲ, ਅਕਾਲ ਕਾਲਜ ਮਸਤੂਆਣਾ ਵਿਖੇ ਵੀ ਅਧਿਆਪਕ ਦਾ ਕਾਰਜ ਕੀਤਾ।

ਕੌਮੀ ਦਰਦ ਦੇ ਜਜ਼ਬੇ ਅਧੀਨ ਉਹ ਚਾਹੁੰਦੇ ਸਨ, ਹਰ ਪੰਜਾਬੀ ਸਿੱਖਿਆ ਦੇ ਖੇਤਰ ਵਿੱਚ ਨਿਪੁੰਨ ਹੋਵੇ, ਇਸੇ ਕਰਕੇ ਮਾਸਟਰ ਮੋਤਾ ਸਿੰਘ ਨੇ ਮਾਝਾ ਖ਼ਾਲਸਾ ਦੀਵਾਨ ਨਾਲ ਮਿਲ ਕੇ ਕਈ ਥਾਵਾਂ 'ਤੇ ਲੜਕਿਆਂ ਲਈ ਖ਼ਾਲਸਾ ਸਕੂਲ ਸਥਾਪਤ ਕੀਤੇ। ਇਸ ਤੋਂ ਪਿੱਛੋਂ ਆਪਣੇ ਪਿੰਡ ਪਤਾਰਾ (ਜਲੰਧਰ) ਵਿਖੇ ਵੀ ਪਬਲਿਕ ਸਕੂਲ ਦੀ ਸਥਾਪਨਾ ਕੀਤੀ। ਜੋ ਹੁਣ ਸਰਕਾਰੀ ਸਕੂਲ ਵਜੋਂ ਸੇਵਾ ਨਿਭਾ ਰਿਹਾ ਹੈ। ਛੇਤੀ ਹੀ ਸਿੱਖਿਆ ਦੇ ਖੇਤਰ ਤੋਂ ਵਿਹਲੇ ਹੋ ਕੇ ਅੰਗ੍ਰੇਜ਼ ਹਕੂਮਤ ਨੂੰ ਦੇਸ਼ ਵਿੱਚੋਂ ਕੱਢਣ ਲਈ ਸੰਘਰਸ਼ ਵਿੱਚ ਕੁੱਦ ਪਏ। ਰਾਜਨੀਤਿਕ ਖੇਤਰ ਵਿੱਚ ਆ ਕੇ ਰਾਤ-ਦਿਨ ਇਕ ਕਰ ਦਿੱਤਾ। ਆਪ ਜੀ ਦੇ ਸਫ਼ਲ ਬੁਲਾਰੇ ਵਜੋਂ ਤੇ ਇਤਿਹਾਸਕ ਜਾਣਕਾਰੀ ਦੀ ਹਰ ਸਰੋਤਾ ਪ੍ਰਸ਼ੰਸਾ ਕਰਦਾ ਸੀ।

11 ਅਪ੍ਰੈਲ 1919 ਨੂੰ ਸ਼ਾਹੀ ਮਸਜਿਦ ਲਾਹੌਰ ਵਿੱਚ ਅੰਗ੍ਰੇਜ਼ ਸਰਕਾਰ ਵਿਰੋਧੀ ਤਕਰੀਰ ਕਰਨ ਤੋਂ ਬਾਅਦ ਮਾਰਸ਼ਲ ਲਾਅ ਅਧੀਨ ਗ੍ਰਿਫਤਾਰ ਕਰ ਲਿਆ ਗਿਆ। ਜੇਲ੍ਹ ਵਿੱਚ ਹਰ ਕੈਦੀ ਨੂੰ ਦਸਤਾਰ ਸਜਾਉਣ ਦੀ ਆਗਿਆ ਨਹੀਂ ਸੀ। ਇਸ ਪਾਬੰਦੀ ਦੇ ਵਿਰੋਧ ਵਿੱਚ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ। ਸਰਕਾਰ ਨੂੰ ਮਜ਼ਬੂਰ ਹੋ ਕੇ ਦਸਤਾਰ 'ਤੇ ਲਾਈ ਪਾਬੰਦੀ ਵਾਪਸ ਲੈਣੀ ਪਈ। ਦਸੰਬਰ, 1919 ਵਿੱਚ ਜੇਲ੍ਹ ਤੋਂ ਰਿਹਾਅ ਕੀਤਾ ਗਿਆ।

ਇਨ੍ਹਾਂ ਦਿਨਾਂ ਵਿੱਚ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੁੰਦਾ ਹੈ। ਆਪ ਇਸ ਲਹਿਰ ਵਿੱਚ ਸਰਗਰਮ ਹੋ ਗਏ। ਪਰ ਸਿੱਖਾਂ ਦੀ ਨਵੀਂ ਬਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਸ਼ਾਂਤ ਮਈ ਅੰਦੋਲਨ ਨਾਲ ਆਪ ਸਹਿਮਤ ਨਹੀਂ ਸੀ। ਉਨ੍ਹਾਂ ਦੀ ਰਾਏ ਸੀ ਸਿੱਧੀ ਉਂਗਲ ਨਾਲ ਘਿਉ ਨਹੀਂ



ਨਿਕਲਣਾ, ਅੰਗ੍ਰੇਜ਼ ਹਕੂਮਤ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਦੋ ਹੱਥ ਕਰਨੇ ਹੀ ਪੈਣਗੇ। ਇਸੇ ਸਮੇਂ ਦੌਰਾਨ ਸ੍ਰੀ ਤਰਨ-ਤਾਰਨ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕਿਆਂ ਨੇ ਧੁਰ ਅੰਦਰੋਂ ਝੰਜੋੜ ਕੇ ਰੱਖ ਦਿੱਤਾ। ਨਨਕਾਣਾ ਸਾਹਿਬ ਦੇ ਇਸ ਖ਼ੂਨੀ ਸਾਕੇ ਤੋਂ ਥੋੜ੍ਹੇ ਦਿਨਾਂ ਬਾਅਦ 19 ਤੋਂ 21 ਮਾਰਚ, 1921 ਨੂੰ ਹੁਸ਼ਿਆਰਪੁਰ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਸਮੇਂ ਇਨ੍ਹਾਂ ਬੱਬਰ ਅਕਾਲੀ ਲਹਿਰ ਦੇ ਪ੍ਰਮੁੱਖ ਆਗੂ ਜਥੇਦਾਰ ਕਿਸ਼ਨ ਸਿੰਘ ਗੜਗੱਜ ਨਾਲ ਮਿਲ ਕੇ ਇਕ ਖ਼ੁਫ਼ੀਆ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਨਾਲ ਉਨ੍ਹਾਂ ਸਾਰੇ ਗੁਰੂ ਦੋਖੀਆਂ ਨੂੰ ਮਾਰ ਮੁਕਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਸਬੰਧੀ ਬੱਬਰ ਅਕਾਲੀ ਲਹਿਰ ਲਈ ਨਿੱਠ ਕੇ ਪ੍ਰਚਾਰ ਵਿੱਚ ਰੁੱਝ ਗਏ। ਰਾਤ ਦਿਨ ਜੁਝਾਰੂ ਨੌਜਵਾਨ ਸਿੱਖ ਆਗੂਆਂ ਨੂੰ ਪ੍ਰਚਾਰ ਤੇ ਪ੍ਰਸਾਰ ਲਈ ਇਕੱਠੇ ਕਰਕੇ ਬੱਬਰ ਅਕਾਲੀ ਲਹਿਰ ਨੂੰ ਹੁਲਾਰਾ ਦਿੱਤਾ। ਇਸ ਲਹਿਰ ਨਾਲ ਸੰਬੰਧਿਤ ਕਾਰਜ ਲਈ ਅਫ਼ਗਾਨਿਸਤਾਨ ਦੇ ਸ਼ਹਿਰ ਕਾਬਲ ਦਾ ਦੌਰਾ ਵੀ ਕੀਤਾ। ਬੱਬਰ ਅਕਾਲੀ ਲਹਿਰ ਦੇ ਸਰਗਰਮ ਆਗੂ ਹੋਣ ਕਰਕੇ, ਖ਼ਾਸ ਕਰਕੇ ਹਕੂਮਤ ਦੇ ਬਾਗੀ ਖਾੜਕੂ ਆਗੂ ਵਜੋਂ 15 ਜੂਨ, 1922 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲਗਾਤਾਰ ਸੱਤ ਸਾਲ ਸਾਂਝੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਸਖ਼ਤ ਕੈਦ ਭੁਗਤੀ।

ਹੁਣ ਫਿਰ ਜੇਲ੍ਹ ਤੋਂ ਬਾਹਰ ਆਉਣ ਤੋਂ ਪਿੱਛੋਂ ਵਾਰ-ਵਾਰ ਗ੍ਰਿਫ਼ਤਾਰ ਕਰਕੇ ਵੱਖ-ਵੱਖ ਜੁਰਮਾਂ ਅਧੀਨ ਸਰਕਾਰ ਦੇ ਖ਼ਤਰਨਾਕ ਬਾਗੀ ਵਜੋਂ ਜੇਲ੍ਹਾਂ ਵਿੱਚ ਰੱਖਿਆ ਗਿਆ। ਦੇਸ਼ ਦੀ ਅਜ਼ਾਦੀ ਲਈ ਕਾਲ ਕੋਠੜੀਆਂ ਮਾਸਟਰ ਮੋਤਾ ਸਿੰਘ ਨੂੰ ਆਪਣੇ ਅਕੀਦੇ ਤੇ ਉਦੇਸ਼ ਤੋਂ ਡੁਲਾ ਨਾ ਸਕੀਆਂ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਵਿੱਚ ਹੋਈ ਵਿਧਾਨ ਸਭਾ ਦੀ ਚੋਣ ਵਿੱਚ ਵਿਧਾਇਕ ਚੁਣ ਲਏ ਗਏ। ਪਰ ਅੰਦਰਲਾ ਦੇਸ਼ ਭਗਤ ਤੇ ਲੋਕ-ਸੇਵਕ ਵਾਰ-ਵਾਰ ਦੁੱਖੀ ਲੋਕਾਂ ਦੀ ਸੇਵਾ ਲਈ ਵੰਗਾਰਦਾ ਰਿਹਾ। ਛੇਤੀ ਹੀ ਵਿਧਾਇਕ ਵਜੋਂ ਅਸਤੀਫ਼ਾ ਦੇ ਕੇ ਵਿਧਾਇਕ ਦੀ ਪਦਵੀ ਤੋਂ ਵਿਹਲੇ ਹੋ ਕੇ ਕਿਸਾਨ ਲਹਿਰ ਵਿੱਚ ਸ਼ਾਮਿਲ ਹੋ ਗਏ।

ਮਾਸਟਰ ਮੋਤਾ ਸਿੰਘ ਬੇਦਾਗ਼ ਤੇ ਨਿਧੜਕ ਸਿੱਖ ਆਗੂ ਸਨ, ਉਨ੍ਹਾਂ ਤਾਅ ਜ਼ਿੰਦਗੀ ਕੋਈ ਜਾਇਦਾਦ ਨਹੀਂ ਬਣਾਈ। ਨਾ ਹੀ ਰਿਸ਼ਤੇਦਾਰੀਆਂ ਦੇ ਮੋਹ ਵਿੱਚ ਫ਼ਸੇ, ਜੇ ਪਿਆਰ ਕੀਤਾ ਤਾਂ ਕੇਵਲ ਸਿੱਖ ਕੌਮ ਤੇ ਦੇਸ਼ ਨਾਲ ਹੀ ਕੀਤਾ। ਜਲੰਧਰ ਸ਼ਹਿਰ ਦੇ ਮੌਜੂਦਾ ਬੱਸ-ਅੱਡੇ ਦੇ ਨਾਲ ਹੀ ਇਨ੍ਹਾਂ ਦੇ ਨਾਂਅ 'ਤੇ ਬਣਿਆ ਮਾਸਟਰ ਮੋਤਾ ਸਿੰਘ ਨਗਰ ਇਨ੍ਹਾਂ ਦੀ ਦੇਸ਼-ਭਗਤੀ ਨੂੰ ਸਮਰਪਿਤ ਕੀਤਾ ਗਿਆ ਹੈ। 9 ਫ਼ਰਵਰੀ, 1960 ਈ: ਨੂੰ ਆਪ ਇਸ ਫ਼ਾਨੀ ਸੰਸਾਰ ਤੋਂ ਹਮੇਸ਼ਾ ਲਈ ਵਿਦਾ ਹੋ ਗਏ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

* * * ***

# ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਮਹਾਨ ਤਪੱਸਵੀ ਸ੍ਰੀ ਮਾਨ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਪਾਵਨ ਜਨਮ ਦਿਹਾੜਾ ਲੈਸਟਰ ਦੇ ਗੁਰਦੁਆਰਾ ਸ੍ਰੀ ਰਾਮਗੜੀਆ ਸਾਹਿਬ, ਰਾਮਦਾਸ ਵੇਅ ਵਿਖੇ ਬੜੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਗੁਰਬਾਣੀ ਕੀਰਤਨ ਅਤੇ ਕਥਾ ਦਾ ਆਨੰਦ ਮਾਣਿਆ ਗਿਆ।



ਨਾਭ ਕੰਵਲ ਰਾਜਾ ਸਾਹਿਬ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਲੈਸਟਰ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਮੌਕੇ ਹਾਜ਼ਿਰ ਸੰਗਤਾਂ।

ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਤੋਂ ਬਾਅਦ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਨਾਮ-ਸਿਮਰਨ ਨਾਲ ਜੋੜਿਆ ਗਿਆ। ਕਥਾਵਾਚਕਾਂ ਨੇ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਜੀਵਨ, ਉਨ੍ਹਾਂ ਦੀ ਆਤਮਕ ਉੱਚਾਈ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਕੀਤੀਆਂ ਸੇਵਾਵਾਂ 'ਤੇ ਵਿਸਥਾਰ ਨਾਲ ਰੌਸ਼ਨੀ ਪਾਈ। ਉਨ੍ਹਾਂ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਅਸੀਂ ਵੀ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਗੁਰਮਤਿ ਜੀਵਨ ਅਪਣਾਈਏ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਾਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਇਤਿਹਾਸ ਨਾਲ ਜਾਣੂ ਕਰਾਉਂਦੇ ਹਨ। ਇਸ ਮੌਕੇ ਤੇ ਲਈ ਦੇ ਰਹੇ ਹੋ ਸਿੱਖ ਆਗੂ ਸੁਰਿੰਦਰ ਪਾਲ ਸਿੰਘ ਨੇ ਨਾਭ ਕਮਲ ਰਾਜਾ ਸਾਹਿਬ ਜੀ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ।

ਇਸ ਮੌਕੇ ਵੱਖ ਵੱਖ ਪ੍ਰਕਾਰ ਦੇ ਲੰਗਰ ਦੀ ਸੇਵਾ ਨਿਰੰਤਰ ਜਾਰੀ ਰਹੀ ਅਤੇ ਸੰਗਤਾਂ ਨੇ ਪ੍ਰੇਮ ਨਾਲ ਲੰਗਰ ਛਕਿਆ। ਪ੍ਰਬੰਧਕਾਂ ਨੇ ਕਿਹਾ ਕਿ ਸਮੂਹ ਸੇਵਾਦਾਰਾਂ ਦੇ ਸਹਿਯੋਗ ਨਾਲ ਇਹ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ।

ਇਸ ਮੌਕੇ ਤੇ ਰਾਜਾ ਸਾਹਿਬ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਰਿਆਇਤ, ਵਾਈਸ ਪ੍ਰਧਾਨ ਜਗਜੀਵਨ ਸਿੰਘ, ਕਰਤਾਰ ਸਿੰਘ, ਕੁਲਵੰਤ ਸਿੰਘ, ਪ੍ਰਦੀਪ ਖੰਨਾ, ਰੋਕੀ ਸਿੰਘ, ਕੁਲਵਿੰਦਰ ਸਿੰਘ,ਜਸਵੀਰ ਸਿੰਘ, ਲੱਖਾ ਸਿੰਘ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਸਮੂਹ ਸੇਵਾਦਾਰਾਂ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਤਿੰਨੇ ਦਿਨ ਗੁਰੂ ਕੇ ਅਤੁੱਟ ਲੰਗਰ ਦੀ ਸੇਵਾ ਕੀਤੀ।

ਅੰਤ ਵਿੱਚ ਅਰਦਾਸ ਉਪਰੰਤ ਸਮੂਹ ਸੰਗਤ ਨੇ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਚਰਨਾਂ ਵਿੱਚ ਸ਼ਰਧਾ ਭਾਵ ਪ੍ਰਗਟ ਕਰਦਿਆਂ ਚੜ੍ਹਦੀ ਕਲਾ ਦੀ ਅਰਦਾਸ ਕੀਤੀ।

# ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਕਿਉਂ ਹੋਇਆ

**ਡਾ. ਰੂਪ ਸਿੰਘ**



ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ 'ਧਰਮ ਹੇਤ ਸਾਕਾ' ਕਿਹਾ ਹੈ, ਜਿਸ ਤੋਂ ਸਾਕਾ ਸ਼ਬਦ ਸਿੱਖ ਸ਼ਬਦਾਵਲੀ ਦਾ ਅਟੁੱਟ ਹਿੱਸਾ ਬਣ ਗਿਆ। ਸਾਕੇ ਦਾ ਅਰਥ ਹੈ, ਕੋਈ ਐਸਾ ਕਰਮ ਜੋ ਇਤਿਹਾਸ ਵਿਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਪੱਸ਼ਟ ਹੈ ਕਿ ਇਹ ਸ਼ਬਦ ਭਾਰੀ ਦੁਖਾਂਤਕ ਘਟਨਾ ਵਾਸਤੇ ਵਰਤਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਨੂੰ ਇਸ ਅਰਥ ਭਾਵ ਵਾਲੇ ਸਾਕਿਆਂ ਦੇ ਸਨਮੁਖ ਹੋਣਾ ਪਿਆ। ਜੱਲ੍ਹਿਆਂਵਾਲਾ ਬਾਗ ਦਾ ਸਾਕਾ, ਨਨਕਾਣਾ ਸਾਹਿਬ ਦਾ ਸਾਕਾ, ਪੰਜਾ ਸਾਹਿਬ ਦਾ ਸਾਕਾ, ਸਾਕਾ ਗੁਰੂ ਕਾ ਬਾਗ ਆਦਿ। ਅੰਗਰੇਜ਼ੀ ਸ਼ਾਸਕਾਂ ਦੀ ਸ਼ਹਿ 'ਤੇ ਮਹੰਤਾਂ ਦੇ ਜਬਰ ਦੀ ਦਰਦਨਾਕ ਕਹਾਣੀ ਨੂੰ ਸਾਕਾ ਨਨਕਾਣਾ ਸਾਹਿਬ ਰੂਪਮਾਨ ਕਰਦਾ ਹੈ। ਇਨ੍ਹਾਂ ਸਾਕਿਆਂ ਨੂੰ ਢਾਡੀ ਬੀਰ ਰਸੀ ਵਾਰਾਂ ਰਾਹੀਂ ਪ੍ਰਗਟ ਕਰਨ ਲਈ 'ਸਾਕਾ ਕਾਵਿ' ਰੂਪ ਪ੍ਰਚਲਿਤ ਹੋਇਆ।

ਨਨਕਾਣਾ ਸਾਹਿਬ, ਨਾਨਕਿਆਣਾ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਨਾਨਕ ਆਯਨ - ਗੁਰੂ ਨਾਨਕ ਦੇਵ ਜੀ ਦਾ ਆਯਨ ਭਾਵ ਘਰ। ਇਸ ਧਰਤ-ਸੁਹਾਵੀ ਦਾ ਪਹਿਲਾ ਨਾਂ ਰਾਇਪੁਰ ਫਿਰ ਤਲਵੰਡੀ ਰਾਇ ਭੋਇ ਤੇ ਸਦੀਵੀ ਨਾਉਂ ਨਨਕਾਣਾ ਸਾਹਿਬ ਪ੍ਰਚੱਲਿਤ ਹੋਇਆ। ਨਨਕਾਣਾ ਸਾਹਿਬ ਦੀ ਧਰਤੀ 'ਤੇ ਗੁਰੂ ਨਾਨਕ ਸਾਹਿਬ ਨੇ ਅਨੇਕਾਂ ਅਲੌਕਿਕ ਚੋਜ ਕੀਤੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ 'ਤੇ 1613 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਮਨ ਨਾਲ ਯਾਦਗਾਰੀ ਅਸਥਾਨ ਸਥਾਪਤ ਹੋਇਆ, ਜੋ ਸਮੇਂ ਦੇ ਬੀਤਣ ਨਾਲ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੋਇਆ। ਉਦਾਸੀ ਸੰਪਰਦਾ ਦੇ ਮੁਖੀ ਬਾਬਾ ਅਲਮਸਤ ਜੀ ਨੂੰ ਗੁਰਦੁਆਰਾ ਜਨਮ ਅਸਥਾਨ ਦੀ ਸੇਵਾ-ਸੰਭਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਸੌਂਪੀ ਸੀ। ਇਸ ਤਰ੍ਹਾਂ ਆਰੰਭ ਤੋਂ ਹੀ ਇਸ ਪਵਿੱਤਰ ਅਸਥਾਨ ਦਾ ਪ੍ਰਬੰਧ ਉਦਾਸੀ ਸੰਪਰਦਾ ਦੇ ਮਹੰਤ-ਪੁਜਾਰੀ ਹੀ ਕਰਦੇ ਰਹੇ।

ਸਿੱਖ ਰਾਜ ਸਮੇਂ ਗੁਰਦੁਆਰਿਆਂ ਦੇ ਨਾਂ ਲੱਗੀਆਂ ਬੇਸ਼ੁਮਾਰ ਜਾਗੀਰਾਂ-ਜਾਇਦਾਦਾਂ ਨੇ ਮਹੰਤਾਂ ਨੂੰ ਆਲਸੀ-ਅਯਾਸ਼ ਤੇ ਭ੍ਰਿਸ਼ਟ-ਕੁਕਰਮੀ ਕਰ ਦਿੱਤਾ। ਸਿੱਖ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਮਹੰਤਾਂ-ਪੁਜਾਰੀਆਂ ਨੇ ਅੰਗਰੇਜ਼ ਭਗਤ ਬਣ ਐਸ਼-ਪ੍ਰਸਤੀ ਕਰਨੀ ਸ਼ੁਰੂ ਕਰ ਦਿੱਤੀ। ਮਹੰਤ-ਪੁਜਾਰੀ ਗੁਰਦੁਆਰਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਨੂੰ ਆਪਣੀ ਨਿੱਜੀ ਪਿਤਾ-ਪੁਰਖੀ ਮਾਲਕੀ ਮਹਿਸੂਸ ਕਰਨ ਲੱਗੇ। ਮਹੰਤਾਂ-ਪੁਜਾਰੀਆਂ ਨੇ ਗੁਰਦੁਆਰਿਆਂ ਨੂੰ ਐਸ਼-ਪ੍ਰਸਤੀ ਦੇ ਡੇਰੇ (ਅੱਡੇ) ਬਣਾ ਲਿਆ। ਜਦ ਸਿੱਖਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ 'ਤੇ ਸਨ, ਤਦ ਵੀ ਗੁਰਦੁਆਰਾ ਪ੍ਰਬੰਧ ਆਮ ਕਰਕੇ ਪਿਤਾ ਪੁਰਖੀ ਮਹੰਤਾਂ- ਉਦਾਸੀਆਂ ਤੇ ਨਿਰਮਲਿਆਂ ਕੋਲ ਹੀ ਸੀ। ਗੁਰੂ-ਘਰ ਦਾ ਪ੍ਰਬੰਧ ਉਸ ਸਮੇਂ ਤਕ ਠੀਕ ਚਲਦਾ ਰਿਹਾ, ਜਦੋਂ ਤਕ ਸਿੱਖ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਸਰ ਕਰਦੇ ਰਹੇ। ਪਰ ਜਦ ਵੀ ਮਹੰਤਾਂ-ਪੁਜਾਰੀਆਂ, ਧਰਮੀ ਸਦਵਾਉਣ ਵਾਲਿਆਂ ਦਾ ਜੀਵਨ 'ਕਰਤੂਤਿ ਪਸੂ ਕੀ ਮਾਨਸ ਜਾਤਿ' ਵਾਲਾ ਹੋ ਜਾਵੇਗਾ ਤਾਂ ਗਿਰਾਵਟ ਆਉਣੀ ਪੱਕੀ ਹੈ। ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦਾ ਸ਼ਰਾਬ ਪੀ ਕੇ ਆਈ ਸੰਗਤ ਦੀ ਬੇਇੱਜ਼ਤੀ ਕਰਨਾ, ਬੀਬੀਆਂ ਦੀ ਅਜ਼ਮਤ ਨੂੰ ਹੱਥ ਪਾਉਣਾ ਨਿੱਤ ਦਾ ਕੰਮ ਬਣ ਗਿਆ ਸੀ। ਮਹੰਤਾਂ ਦੇ ਕੁਕਰਮਾਂ-ਦੁਰਾਚਾਰਾਂ ਦੇ ਦਾਗ ਧੋਣ ਵਾਸਤੇ ਪਵਿੱਤਰ ਖੂਨ ਦੀ ਜ਼ਰੂਰਤ ਸੀ ਜਿਸ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਪੂਰਾ ਕੀਤਾ।



ਇਸ ਸਮੇਂ ਸਿੱਖ ਸਮਾਜ ਵਿਚ ਸਿੱਖ ਜਾਗ੍ਰਿਤੀ ਵਜੋਂ ਸਿੰਘ ਸਭਾ ਲਹਿਰ ਚਲ ਰਹੀ ਸੀ। ਚੇਤੰਨ ਗੁਰਸਿੱਖਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਪਰਿਵਾਰਕ ਪ੍ਰਬੰਧ ਤੋਂ ਪੰਥਕ ਪ੍ਰਬੰਧ 'ਚ ਲਿਆਉਣ ਲਈ ਕਮਰਕੱਸੇ ਕਰ ਲਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਆਜ਼ਾਦ ਕਰਵਾਉਣ ਲਈ ਗੁਰਸਿੱਖ ਮਰਜੀਵੜਿਆਂ ਦਾ ਸ਼ਾਂਤਮਈ ਜਥਾ ਫਰਵਰੀ, 1920 ਨੂੰ ਦਰਸ਼ਨੀ ਡਿਉੜੀ ਰਸਤੇ ਅੰਦਰ ਦਾਖਲ ਹੋਇਆ, ਜਿੱਥੇ ਇਨ੍ਹਾਂ ਨਾਨਕ ਨਾਮ ਲੇਵਾ ਗੁਰਸਿੱਖਾਂ ਦਾ 'ਸਵਾਗਤ' ਮਹੰਤ ਨੇ ਗੋਲੀਆਂ, ਡਾਂਗਾਂ, ਬਰਛੀਆਂ, ਤਲਵਾਰਾਂ ਆਦਿ ਮਾਰੂ ਹਥਿਆਰਾਂ ਨਾਲ ਕੀਤਾ। ਗੁਰੂ ਘਰ ਦੀ ਪਵਿੱਤਰਤਾ ਕਾਇਮ ਰੱਖਣ ਖਾਤਰ ਗੁਰੂ ਕੇ ਲਾਲ ਸ਼ਾਂਤਮਈ ਰਹਿ ਕੇ ਸ਼ਹਾਦਤ ਪ੍ਰਾਪਤ ਕਰ ਗਏ।

ਸਾਕਾ ਨਨਕਾਣਾ ਸਾਹਿਬ ਵਾਪਰਨ ਸਮੇਂ ਕੁਝ ਭੱਟੀ ਮੁਸਲਮਾਨਾਂ, ਬਾਬਾ ਕਰਤਾਰ ਸਿੰਘ (ਬੇਦੀ), ਮੰਗਲ ਸਿੰਘ ਕੂਕਾ ਆਦਿ ਨੇ ਵੀ ਕੁਕਰਮੀ ਮਹੰਤਾਂ ਦਾ ਸਾਥ ਦਿੱਤਾ। ਮਹੰਤ ਨਰੈਣ ਦਾਸ ਤੇ ਮਿਸਟਰ ਕਰੀ ਡੀ.ਸੀ ਅਤੇ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਡਿਵੀਜ਼ਨ ਦੀ ਸ਼ਹਿ 'ਤੇ ਨਨਕਾਣਾ ਸਾਹਿਬ ਦੀ ਪਵਿੱਤਰ ਧਰਤੀ ਖੂਨ ਨਾਲ ਲਾਲ ਹੋ ਗਈ। ਬਾਬਾ ਕਰਤਾਰ ਸਿੰਘ (ਬੇਦੀ) ਨੂੰ ਕੁਝ ਸਮੇਂ ਬਾਅਦ ਪੰਥ ਨਾਲ ਕੀਤੀ ਗਦਾਰੀ ਦਾ ਅਹਿਸਾਸ ਹੋਇਆ ਤਾਂ ਉਹ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਇਆ, ਜਿਸ 'ਤੇ ਉਸ ਨੂੰ ਹੁਣ ਤਕ ਦੀ ਸਭ ਤੋਂ ਸਖ਼ਤ ਤਨਖਾਹ ਲਾਈ ਗਈ।

ਇਹ ਦੁਖਾਂਤਕ ਸਾਕਾ ਗੁਰੂ ਨਾਨਕ ਦੇ ਘਰ ਨੂੰ ਕਪਟੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਗਏ ਗੁਰਸਿੱਖਾਂ ਨਾਲ ਵਾਪਰਿਆ, ਇਸ ਤੋਂ ਵੱਧ ਦਰਦਨਾਕ ਘਟਨਾ ਕੀ ਹੋ ਸਕਦੀ ਹੈ। ਹਰ ਸਿੱਖ ਵਾਸਤੇ ਨਨਕਾਣਾ ਸਾਹਿਬ ਪਵਿੱਤਰ ਧਰਤੀ ਹੈ। ਇੱਥੋਂ ਦਾ ਮਹੰਤ ਨਰੈਣ ਦਾਸ ਸਭ ਤੋਂ ਵੱਡਾ ਗੁਰੂ ਘਰ ਦਾ ਦੋਖੀ ਸਾਬਤ ਹੋਇਆ। ਇਹ ਕੁਕਰਮੀ ਬਣ ਚੁੱਕਾ ਸੀ। ਧਰਮ-ਕਰਮ ਇਸ ਵਿੱਚੋਂ ਗਾਇਬ ਹੋ ਚੁੱਕਾ ਸੀ। ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਨੂੰ ਅਜਿਹੇ ਹੀ ਕਪਟੀ ਮਹੰਤਾਂ ਤੋਂ ਆਜ਼ਾਦ ਕਰਵਾ ਕੇ ਸੰਗਤੀ ਪ੍ਰਬੰਧ 'ਚ ਲਿਆਉਣ ਲਈ ਗੁਰਸਿੱਖਾਂ ਨੇ ਗੁਰਦੁਆਰਾ ਸੁਧਾਰ ਲਹਿਰ ਆਰੰਭ ਕੀਤੀ। ਇਸ ਤਹਿਤ ਸਭ ਤੋਂ ਪਹਿਲਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਕਤੂਬਰ, 1920 ਨੂੰ ਪੰਥਕ ਪ੍ਰਬੰਧ 'ਚ ਲਿਆ ਗਿਆ। ਫਿਰ ਅਕਤੂਬਰ, 1920 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ 'ਚ ਆਇਆ।

ਸ਼ਾਂਤਮਈ ਸਿੱਖ ਸੇਵਕਾਂ ਦੇ ਖੂਨ ਨਾਲ ਮਹੰਤ ਨਰੈਣ ਦਾਸ ਨੇ ਗੁਰਦੁਆਰਾ ਜਨਮ ਅਸਥਾਨ ਨੂੰ ਲੱਥਪਥ ਕਰ ਦਿੱਤਾ। ਇਹ ਗੁਰਦੁਆਰਾ ਸਾਹਿਬਾਨ ਦੀ ਸੁਤੰਤਰਤਾ, ਆਜ਼ਾਦੀ ਲਈ ਕੀਤਾ ਗਿਆ ਸੱਤਿਆਗ੍ਰਹਿ ਸੀ। ਜਬਰ-ਜ਼ੁਲਮ ਤੇ ਅਤਿਆਚਾਰ ਖ਼ਿਲਾਫ਼ ਸਤਿ-ਸੰਤੋਖ, ਸਬਰ ਦੇ ਧਾਰਨੀ ਹੋ ਸ਼ਾਂਤਮਈ ਰਹਿ ਕੇ ਕੀਤਾ ਗਿਆ, ਵਿਦਰੋਹ, ਰੋਸ ਤੇ ਰੋਹ ਸੀ।

ਮਹੰਤ ਨਰੈਣ ਦਾਸ ਦੇ ਬਦਮਾਸ਼ਾਂ ਦੇ ਜਬਰ-ਜ਼ੁਲਮ ਦੀ ਇੰਤਹਾ ਦੇਖੋ ਕਿ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠਾ ਗ੍ਰੰਥੀ ਸਿੰਘ ਵੀ ਸ਼ਹੀਦ ਹੋ ਗਿਆ ਤੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ 'ਚ ਵੀ ਗੋਲੀਆਂ ਲੱਗੀਆਂ, ਜਿਸ ਨੂੰ 'ਸ਼ਹੀਦੀ ਬੀੜ' ਕਿਹਾ ਜਾਂਦਾ ਹੈ। ਨਨਕਾਣਾ ਸਾਹਿਬ ਦੇ ਸਾਕੇ ਸਮੇਂ ਗੁਰਸਿੱਖਾਂ ਦੇ ਸਤਿ-ਸਿਦਕ, ਸਬਰ ਦੀ ਪਰਖ ਹੋਈ। ਗੁਰੂ ਕੇ ਲਾਲਾਂ ਨੇ 'ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥' ਦੇ ਮਹਾਂਵਾਕ ਨੂੰ ਪ੍ਰਤੱਖ ਕਰ ਦਿਖਾਇਆ। ਇਹ ਸ਼ਹੀਦਾਂ ਦੇ ਪਵਿੱਤਰ ਖੂਨ ਸਦਕਾ ਹੀ ਅੰਗਰੇਜ਼ ਰਾਜ ਕਾਲ ਸਮੇਂ ਸੁਤੰਤਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਹੋਂਦ 'ਚ ਆਈ, ਜਿਸ ਨੂੰ ਸਿੱਖ ਪਾਰਲੀਮੈਂਟ ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਇਸ ਦੁਖਾਂਤਕ ਸਾਕੇ ਨੂੰ ਸ਼ਬਦੀ ਰੂਪ ਨਹੀਂ ਦਿੱਤਾ ਜਾ ਸਕਦਾ। ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੇ ਆਪਣੇ ਪਵਿੱਤਰ ਖੂਨ ਨਾਲ ਮਹੰਤਾਂ ਦੇ ਪਾਪਾਂ ਨਾਲ ਗੰਧਲੀ ਹੋਈ ਧਰਤੀ ਨੂੰ ਧੋ ਕੇ ਪਵਿੱਤਰ ਕਰ ਦਿੱਤਾ।

ਕਿੰਨੇ ਸਬਰ, ਸਹਿਜ ਸੀਤਲਤਾ ਦੇ ਧਾਰਨੀ ਹੋਣਗੇ ਗੁਰਸਿੱਖ ਜਿਨ੍ਹਾਂ ਨੂੰ ਜਿਊਂਦਾ ਜੰਡ ਨਾਲ ਬੰਨ੍ਹ, ਭੱਠ ਵਿਚ ਸੁੱਟ ਸਾੜਿਆ ਗਿਆ ਪਰ ਕਿਸੇ ਨੇ ਸੀ ਨਹੀਂ ਉਚਾਰੀ। ਗੁਰਦੁਆਰਾ ਜਨਮ ਅਸਥਾਨ ਦੇ ਨਜ਼ਦੀਕ ਸਥਿਤ ਸ਼ਹੀਦੀ ਖੂਹ ਤੇ ਜੰਡ ਦਾ ਦਰੱਖਤ ਸ਼ਹੀਦਾਂ ਦੀ ਸ਼ਹੀਦੀ ਦਾਸਤਾਨ ਬਿਆਨ ਕਰਦਾ ਹੈ। ਜੰਡ ਦੇ ਦਰੱਖਤ ਦੀ ਸਾਂਭ-ਸੰਭਾਲ ਹੋਣੀ ਜ਼ਰੂਰੀ ਹੈ। ਅਪਰੈਲ 1921 'ਚ ਮਹੰਤ ਨਰੈਣ ਦਾਸ ਤੇ ਹੋਰਾਂ ਖ਼ਿਲਾਫ਼ ਮੁਕੱਦਮਾ ਚਲਣਾ ਸ਼ੁਰੂ ਹੋਇਆ। 12 ਅਕਤੂਬਰ, 1921 ਨੂੰ ਮਹੰਤ ਨਰੈਣ ਦਾਸ ਤੇ ਉਸ ਦੇ 7 ਸਾਥੀਆਂ ਨੂੰ ਮੌਤ ਦੀ ਸਜ਼ਾ, 8 ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਪਰ ਹਾਈ ਕੋਰਟ ਨੇ ਮਹੰਤ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰ ਦਿੱਤੀ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਇਤਿਹਾਸਿਕ ਇਮਾਰਤ, ਵਿਸ਼ਾਲ ਦਰਸ਼ਨੀ ਡਿਓੜੀ ਤੇ ਖੁੱਲ੍ਹਾ ਵਿਹੜਾ ਸਮੇਂ-ਸਥਾਨ ਤੋਂ ਸੁਤੰਤਰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਜ ਵੀ ਰੂਪਮਾਨ ਕਰਦੇ ਹਨ।

ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ 'ਚ ਸਥਾਪਿਤ ਕੀਤਾ ਅਤੇ ਸ਼ਹੀਦੀ ਜੀਵਨ ਪੁਸਤਕ ਉਚੇਚੇ ਤੌਰ 'ਤੇ ਲਿਖਵਾਈ, ਜਿਸ ਵਿਚ 86 ਸ਼ਹੀਦਾਂ ਦਾ ਜੀਵਨ ਵਰਣਨ ਕੀਤਾ ਗਿਆ। ਦੇਸ਼ ਵੰਡ ਸਮੇਂ ਤਕ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਰਹੀ ਪਰ ਦੇਸ਼ ਦੀ ਵੰਡ ਨਾਲ ਜਿੱਥੇ ਸਿੱਖਾਂ ਦਾ ਬੇਸ਼ੁਮਾਰ ਜਾਨੀ ਤੇ ਮਾਲੀ ਨੁਕਸਾਨ ਹੋਇਆ, ਉਸ ਦੇ ਨਾਲ ਜਿੰਦ-ਜਾਨ ਤੋਂ ਪਿਆਰੇ ਗੁਰਦੁਆਰੇ-ਗੁਰਧਾਮਾਂ ਤੋਂ ਵੀ ਸਿੱਖ ਵਿਛੜ ਗਏ। ਵਿਛੋੜੇ ਦੇ ਨਾਸੂਰ ਨੂੰ ਭਰਨ ਵਾਸਤੇ ਹਰ ਸਿੱਖ ਸਵੇਰੇ-ਸ਼ਾਮ ਇਨ੍ਹਾਂ ਗੁਰਦੁਆਰਿਆਂ-ਗੁਰਧਾਮਾਂ ਦੇ ਦਰਸ਼ਨ-ਦੀਦਾਰ ਲਈ ਅਰਜ਼ੋਈ-ਜੋਦੜੀ ਕਰਦਾ ਹੈ। ਜਿਸ ਧਰਤ ਸੁਹਾਵੀ ਤੋਂ 'ਨਾਨਕ ਨਿਰਮਲ ਪੰਥ' ਦਾ ਆਗਾਜ਼ ਹੋਇਆ, ਉਸ ਧਰਤੀ ਦੇ ਜ਼ਰੇ-ਜ਼ਰੇ ਨਾਲ ਹਰ ਨਾਨਕ ਨਾਮ ਲੇਵਾ ਦੀ ਮੁਹੱਬਤ ਹੋਣੀ ਲਾਜ਼ਮੀ ਹੈ।

# ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ ਜੈਤੋ ਦਾ ਮੋਰਚਾ

ਹਰਦਮ ਮਾਨ



ਜੈਤੋ ਦੇ ਮੋਰਚੇ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦਾ ਇਹ ਸ਼ਾਂਤਮਈ ਮੋਰਚਾ ਪੌਣੇ ਦੋ ਸਾਲ ਤੋਂ ਵੀ ਵੱਧ ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜਬੂਰ ਹੋਣਾ ਪਿਆ। ਇਸ ਮੋਰਚੇ ਦਾ ਆਰੰਭ 8 ਜੂਨ 1923 ਨੂੰ ਉਸ ਵੇਲੇ ਹੋਇਆ ਜਦੋਂ ਅੰਗਰੇਜ਼ੀ ਹਕੂਮਤ ਨੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਜਬਰੀ ਲਾਹ ਕੇ ਰਿਆਸਤ ਵਿੱਚੋਂ ਕੱਢ ਦਿੱਤਾ। ਇਸ ਘਟਨਾ ਵਿਰੁੱਧ ਸਾਰੇ ਸਿੱਖ ਜਗਤ ਵਿੱਚ ਰੋਸ ਦੀ ਲਹਿਰ ਫੈਲਣੀ ਕੁਦਰਤੀ ਸੀ ਕਿਉਂਕਿ ਮਹਾਰਾਜਾ ਨਾਭਾ ਸਿੱਖਾਂ ਵਿੱਚ ਬਹੁਤ ਹਰਮਨ ਪਿਆਰੇ ਹੋ ਚੁੱਕੇ ਸਨ। ਸਿੱਖਾਂ ਵੱਲੋਂ ਉਨ੍ਹਾਂ ਦੀ ਬਰਤਰਫੀ ਦਾ ਵਿਰੋਧ ਕੀਤਾ ਜਾਣ ਲੱਗਿਆ। ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਵਿਰੁੱਧ ਰੋਸ ਪ੍ਰਗਟ ਕਰਨ ਲਈ 5 ਅਗਸਤ 1923 ਨੂੰ ਅੰਮ੍ਰਿਤਸਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਹੋਈ ਜਿਸ ਵਿੱਚ ਮਹਾਰਾਜਾ ਰਿਪੁਦਮਨ ਸਿੰਘ ਪ੍ਰਤੀ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ 9 ਸਤੰਬਰ ਨੂੰ ਮਹਾਰਾਜੇ ਦੇ ਹੱਕ ਵਿੱਚ ਨਾਭਾ ਦਿਵਸ ਮਨਾਉਣ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੁਦਮਨ ਦੇ ਸਬੰਧ ਵਿੱਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ 9 ਸਤੰਬਰ ਨੂੰ ਪੰਜਾਬ ਭਰ ਵਿੱਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜੇ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿੱਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ। ਸਿੱਖਾਂ ਦੇ ਇਸ ਰੋਸ ਤੋਂ ਅੰਗਰੇਜ਼ੀ ਹਕੂਮਤ ਬੇਹੱਦ ਖਫ਼ਾ ਹੋਈ। ਜੈਤੋ ਵਿਖੇ ਅਖੰਡ ਪਾਠਾਂ ਦੀ ਲੜੀ ਨੂੰ ਹਕੂਮਤ ਨੇ ਵੱਡੀ ਬਗਾਵਤ ਵਜੋਂ ਲਿਆ। 14 ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿੱਚ ਦੀਵਾਨ ਸਜਿਆ ਹੋਇਆ ਸੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਖੰਡ ਪਾਠ ਚੱਲ ਰਿਹਾ ਸੀ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰੇ ਅੰਦਰ ਦਾਖਲ ਹੋ ਕੇ ਉੱਥੇ ਇਕੱਤਰ ਹੋਏ ਲੋਕਾਂ ਅਤੇ ਸੇਵਾਦਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਗੁਰੂ ਦੀ ਤਾਬਿਆ 'ਚੋਂ ਬਾਹਰ ਖਿੱਚ ਲਿਆਂਦਾ। ਇਸ ਤਰ੍ਹਾਂ ਅਖੰਡ ਪਾਠ ਨੂੰ ਖੰਡਿਤ ਕਰ ਦਿੱਤਾ ਗਿਆ। ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖਾਂ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਘਟਨਾ ਨੇ ਮਹਾਰਾਜੇ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਇਸ ਤਰ੍ਹਾਂ ਜੈਤੋ ਮੋਰਚੇ ਦਾ ਆਰੰਭ ਹੋਇਆ ਜਿਸ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿੱਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਹਰ ਰੋਜ਼ 25-25 ਸਿੰਘਾਂ ਦੇ ਜਥੇ ਜੈਤੋ ਵੱਲ ਭੇਜਣੇ ਆਰੰਭ ਕਰ ਦਿੱਤੇ। 25 ਸਿੰਘਾਂ ਦਾ ਇੱਕ ਜਥਾ ਹਰ ਰੋਜ਼ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਇਨ੍ਹਾਂ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਅਤੇ ਜੰਗਲਾਂ ਵਿੱਚ ਲਿਜਾ ਕੇ ਛੱਡ ਦਿੱਤਾ ਜਾਂਦਾ। ਇਸ ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਦਿੱਲੀ ਵਿੱਚ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਸਮਾਗਮ ਵਿੱਚ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੇ ਜਾਣ ਬਾਰੇ ਅਤੇ ਜੈਤੋ ਦੇ ਧਾਰਮਿਕ ਮੋਰਚੇ ਬਾਰੇ ਕਾਂਗਰਸ ਵੱਲੋਂ ਹਮਦਰਦੀ ਪ੍ਰਗਟ ਕੀਤੀ ਗਈ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਨੂੰ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਇਨ੍ਹਾਂ ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇੱਕ ਰਾਤ ਜੈਤੋ ਕਿਲ੍ਹੇ ਦੀ ਇੱਕ ਕੋਠੜੀ ਵਿੱਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿੱਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਹਰ ਰੋਜ਼ 25-25 ਸਿੰਘਾਂ ਦੇ ਜਥੇ ਭੇਜਣ ਨਾਲ ਕੋਈ ਤਸੱਲੀਬਖ਼ਸ਼ ਸਿੱਟਾ ਨਿਕਲਦਾ ਨਾ ਵੇਖ ਕੇ ਇਸ ਨੂੰ ਹੋਰ ਤੇਜ਼ ਕਰਨ ਦਾ ਫ਼ੈਸਲਾ ਕੀਤਾ ਗਿਆ ਜਿਸ ਤਹਿਤ 500-500 ਸਿੰਘਾਂ ਦਾ ਜਥੇ ਭੇਜਣ ਦਾ ਫ਼ੈਸਲਾ ਕੀਤਾ ਗਿਆ। 500 ਸਿੰਘਾਂ ਦੇ ਪਹਿਲੇ ਜਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਗੰਗਸਰ ਸਾਹਿਬ ਨੂੰ ਕਬਜ਼ੇ ਵਿੱਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ। ਇਹ ਵਿਸ਼ਾਲ ਜਥਾ ਨਾਭਾ, ਪਟਿਆਲਾ, ਫ਼ਰੀਦਕੋਟ ਅਤੇ ਸੰਗਰੂਰ ਰਾਜਾਂ ਦੇ ਪਿੰਡਾਂ ਵਿੱਚ ਪੜਾਅ ਤੈਅ ਕਰਦਾ ਹੋਇਆ 20 ਫਰਵਰੀ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜਥਾ ਜੈਤੋ ਵੱਲ ਕੂਚ ਕਰਨ ਲੱਗਿਆ ਤਾਂ ਜਥੇ ਦੇ 500 ਸਿੰਘਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਵੀ ਸ਼ਰਧਾਵਸ ਜਥੇ ਦੇ ਨਾਲ ਚੱਲ ਰਹੀ ਸੀ ਅਤੇ ਵੱਡੀ ਗਿਣਤੀ ਵਿੱਚ ਦਰਸ਼ਕ ਵੀ ਸਨ ਜਿਨ੍ਹਾਂ ਵਿੱਚ ਬੀਬੀਆਂ ਵੀ ਸ਼ਾਮਲ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧ ਮਿਸਟਰ ਜ਼ਿੰਮਦ ਕਾਰ ਵਿੱਚ ਸਵਾਰ ਹੋ ਕੇ ਜਥੇ ਦੇ ਨਾਲ-ਨਾਲ ਚੱਲ ਰਹੇ ਸਨ, ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ। ਜਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਗਜ਼ ਕੁ ਦੀ ਵਿੱਥ 'ਤੇ ਰੋਕਿਆ ਅਤੇ ਚਿਤਾਵਨੀ ਦਿੱਤੀ ਗਈ ਕਿ ਜੇਕਰ ਅਗਾਂਹ ਵਧੇ ਤਾਂ ਗੋਲੀ ਚਲਾ ਦਿੱਤੀ ਜਾਵੇਗੀ, ਪਰ ਜਥਾ ਸਭ ਕੁਝ ਅਣਸੁਣਿਆ ਕਰ ਕੇ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲੀਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। (ਸ਼੍ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿੱਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ ਜਿਨ੍ਹਾਂ ਵਿੱਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਗੁੱਸਾ ਭਰ ਦਿੱਤਾ ਅਤੇ ਉਨ੍ਹਾਂ ਵਿੱਚ ਇਸ ਮੋਰਚੇ ਵਿੱਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜਥਿਆਂ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਲੱਗੇ। ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬਾ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿੱਚ ਰੋਹ ਤੇ ਜੋਸ਼ ਦਾ ਵਾਧਾ ਹੋਇਆ। ਦੂਜਾ 500 ਸਿੰਘਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫਰਵਰੀ, 1924 ਨੂੰ ਰਵਾਨਾ ਹੋਇਆ। ਤੀਜਾ ਜਥਾ 22 ਮਾਰਚ 1924 ਨੂੰ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 7 ਅਪਰੈਲ, 1924 ਨੂੰ ਜੈਤੋ ਪਹੁੰਚਿਆ ਜਿੱਥੇ ਫ਼ੌਜ ਅਤੇ ਪੁਲੀਸ ਵੱਲੋਂ ਇਨ੍ਹਾਂ ਸਿੰਘਾਂ ਨੂੰ ਹੱਥਕੜੀਆਂ ਲਾ ਕੇ ਅਤੇ ਰੱਸਿਆਂ ਨਾਲ ਜਕੜ ਕੇ ਜੈਤੋ ਕਿਲ੍ਹੇ ਅੰਦਰ ਡੱਕ ਦਿੱਤਾ ਗਿਆ ਅਤੇ ਮਗਰੋਂ ਨਾਭਾ ਬੀੜ ਜੇਲ੍ਹ ਵਿੱਚ ਭੇਜ ਦਿੱਤੇ ਗਏ। ਪੰਜਵਾਂ ਸ਼ਹੀਦੀ ਜਥਾ ਲਾਇਲਪੁਰ ਤੋਂ 12 ਅਪਰੈਲ, 1924 ਨੂੰ ਪੈਦਲ ਰਵਾਨਾ ਹੋਇਆ ਤੇ ਅਕਾਲ ਤਖ਼ਤ ਉੱਤੇ ਹਾਜ਼ਰ ਹੋਣ ਮਗਰੋਂ ਜੈਤੋ ਵੱਲ ਚੱਲ ਪਿਆ। 29 ਜੂਨ, 1924 ਨੂੰ ਬੰਗਾਲ ਦੇ 100 ਸਿੰਘਾਂ ਦਾ ਜਥਾ ਕਲਕੱਤੇ ਤੋਂ ਚੱਲਿਆ। ਕੈਨੇਡਾ ਤੋਂ 11 ਸਿੱਖਾਂ ਦਾ ਜਥਾ 17 ਜੁਲਾਈ 1924 ਨੂੰ ਚੱਲ ਕੇ ਸਮੁੰਦਰੀ ਜਹਾਜ਼ ਰਾਹੀਂ 14 ਸਤੰਬਰ ਨੂੰ ਕਲਕੱਤੇ ਪੁੱਜਿਆ ਅਤੇ 28 ਸਤੰਬਰ ਨੂੰ ਅੰਮ੍ਰਿਤਸਰ ਪਹੁੰਚਿਆ ਅਤੇ 2 ਜਨਵਰੀ, 1925 ਨੂੰ ਜੈਤੋ ਵੱਲ ਚੱਲ ਪਿਆ। ਸਿੱਖ ਜਗਤ ਦੇ ਰੋਸ ਤੇ ਰੋਹ ਅੱਗੇ ਅੰਤ ਅੰਗਰੇਜ਼ੀ ਹਕੂਮਤ ਨੂੰ ਝੁਕਣਾ ਪਿਆ।

ਹਕੂਮਤ ਵੱਲੋਂ ਜੈਤੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ 'ਤੇ ਲਾਈ ਪਾਬੰਦੀ 21 ਜੁਲਾਈ 1925 ਨੂੰ ਵਾਪਸ ਲੈ ਲਈ ਗਈ। ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲਣ ਉਪਰੰਤ ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਅਖੰਡ ਪਾਠ ਸ਼ੁਰੂ ਕਰ ਕੇ ਭੋਗ ਪਾਏ ਗਏ। ਸ਼ਹੀਦੀ ਜਥੇ ਉੱਪਰ ਜਿਸ ਸਥਾਨ 'ਤੇ ਗੋਲੀ ਚਲਾਈ ਗਈ ਸੀ, ਉਸ ਜਗ੍ਹਾ ਉੱਪਰ ਗੁਰਦੁਆਰਾ ਟਿੱਬੀ ਸਾਹਿਬ ਉਸਾਰਿਆ ਗਿਆ ਹੈ। 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ ਜਿਸ ਵਿੱਚ ਸ਼ਾਮਲ ਹੋ ਕੇ ਸੰਗਤਾਂ ਸ਼ਹੀਦਾਂ ਨੂੰ ਨਤਮਸਤਕ ਹੁੰਦੀਆਂ ਹਨ।

# ਰਾਜਨੇਤਾ ਰਾਜਾ-ਭਿਖਾਰੀ ਜਨਤਾ

**ਸੰਦੀਪ ਕੁਮਾਰ**
7009807121



ਅੱਜ ਦੇ ਸਮੇਂ ਵਿੱਚ ਭਾਰਤੀ ਰਾਜਨੀਤੀ ਨੂੰ ਵੇਖ ਕੇ ਅਕਸਰ ਅਜਿਹਾ ਲੱਗਦਾ ਹੈ ਜਿਵੇਂ ਇੱਕ ਵੱਡਾ ਡਰਾਮਾ ਚੱਲ ਰਿਹਾ ਹੋਵੇ, ਜਿੱਥੇ ਰਾਜਨੇਤਾ ਰਾਜੇ ਬਣ ਜਾਂਦੇ ਹਨ ਅਤੇ ਆਮ ਜਨਤਾ ਨੂੰ ਭਿਖਾਰੀ ਵਾਂਗ ਬੇਸਹਾਰਾ ਛੱਡ ਦਿੱਤਾ ਜਾਂਦਾ ਹੈ। ਇਹ ਸਿਰਲੇਖ "ਰਾਜਨੇਤਾ ਰਾਜਾ-ਭਿਖਾਰੀ ਜਨਤਾ" ਬਹੁਤ ਹੀ ਆਤਮਕ ਅਤੇ ਵਿਅੰਗਾਤਮਕ ਹੈ, ਜੋ ਸਾਡੇ ਦੇਸ਼ ਦੀ ਮੌਜੂਦਾ ਰਾਜਨੀਤਿਕ ਵਿਵਸਥਾ ਨੂੰ ਨੰਗਾ ਕਰਦਾ ਹੈ। ਇਸ ਵਿੱਚ ਇਹ ਵਿਚਾਰ ਛਿਪਿਆ ਹੈ ਕਿ ਜਿਹੜੇ ਲੋਕ ਰਾਜਨੀਤੀ ਵਿੱਚ ਆਉਂਦੇ ਹਨ, ਉਹ ਚੋਣਾਂ ਤੋਂ ਪਹਿਲਾਂ ਤਾਂ ਆਮ ਨਾਗਰਿਕਾਂ ਨੂੰ ਵੱਡੇ-ਵੱਡੇ ਸੁਪਨੇ ਵਿਖਾਉਂਦੇ ਹਨ, ਪਰ ਜਿੱਤਣ ਉਪਰੰਤ ਉਹ ਆਪਣੇ ਆਪ ਨੂੰ ਰਾਜੇ ਸਮਝਣ ਲੱਗ ਪੈਂਦੇ ਹਨ ਅਤੇ ਜਨਤਾ ਨੂੰ ਉਨ੍ਹਾਂ ਦੇ ਰਹਿਮੋ-ਕਰਮ ਤੇ ਨਿਰਭਰ ਭਿਖਾਰੀ ਬਣਾ ਦਿੰਦੇ ਹਨ। ਇਹ ਲੇਖ ਇਸੇ ਵਿਸ਼ੇ ਤੇ ਚਾਨਣਾ ਪਾਉਂਦਾ ਹੈ ਕਿ ਕਿਵੇਂ ਸਾਡੀ ਰਾਜਨੀਤੀ ਨੇ ਸਮਾਜ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ, ਇੱਕ ਪਾਸੇ ਅਮੀਰ ਅਤੇ ਸੱਤਾਧਾਰੀ ਰਾਜਨੇਤਾ ਅਤੇ ਦੂਜੇ ਪਾਸੇ ਬੇਬਸ ਅਤੇ ਗਰੀਬ ਜਨਤਾ।

ਰਾਜਨੀਤੀ ਵਿੱਚ ਪ੍ਰਵੇਸ਼ ਕਰਨ ਵਾਲੇ ਵਿਅਕਤੀ ਨੂੰ ਵੇਖ ਕੇ ਸ਼ੁਰੂ ਵਿੱਚ ਅਜਿਹਾ ਲੱਗਦਾ ਹੈ ਜਿਵੇਂ ਉਹ ਇੱਕ ਪਵਿੱਤਰ ਸੰਤ ਹੋਵੇ। ਚੋਣਾਂ ਤੋਂ ਪਹਿਲਾਂ ਉਹ ਵੱਡੇ-ਵੱਡੇ ਵਾਅਦੇ ਕਰਦੇ ਹਨ, ਗਰੀਬੀ ਹਟਾਉਣਾ, ਰੁਜ਼ਗਾਰ ਵਧਾਉਣਾ, ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ। ਉਨ੍ਹਾਂ ਦੇ ਮੂੰਹੋਂ ਨਿਕਲਦੇ ਸ਼ਬਦ ਅਜਿਹੇ ਹੁੰਦੇ ਹਨ ਜਿਵੇਂ ਉਹ ਸੱਚੇ ਸਮਾਜ ਸੇਵਕ ਹੋਣ ਅਤੇ ਦੇਸ਼ ਦੀ ਭਲਾਈ ਲਈ ਜੀਵਨ ਸਮਰਪਿਤ ਕਰਨ ਵਾਲੇ ਹੋਣ।

ਆਮ ਲੋਕ ਉਨ੍ਹਾਂ ਦੇ ਇਨ੍ਹਾਂ ਵਾਅਦਿਆਂ ਤੇ ਵਿਸ਼ਵਾਸ ਕਰ ਲੈਂਦੇ ਹਨ ਅਤੇ ਵੋਟਾਂ ਪਾ ਕੇ ਉਨ੍ਹਾਂ ਨੂੰ ਜਿੱਤਾਉਂਦੇ ਹਨ। ਪਰ ਇਹ ਵਿਸ਼ਵਾਸ ਕਿੰਨਾ ਨਾਜ਼ੁਕ ਹੁੰਦਾ ਹੈ, ਇਹ ਚੋਣਾਂ ਜਿੱਤਣ ਉਪਰੰਤ ਪਤਾ ਲੱਗ ਜਾਂਦਾ ਹੈ। ਜਿੱਤਦੇ ਹੀ ਉਹ ਵਿਅਕਤੀ ਆਪਣਾ ਅਸਲ ਰੂਪ ਵਿਖਾ ਦਿੰਦਾ ਹੈ। ਗਿਰਗਟ ਵਾਂਗ ਰੰਗ ਬਦਲਣ ਵਾਲੇ ਇਹ ਰਾਜਨੇਤਾ ਆਪਣੇ ਆਲੇ-ਦੁਆਲੇ ਨੂੰ ਵੀ ਅਜਿਹਾ ਬਣਾ ਲੈਂਦੇ ਹਨ ਕਿ ਉਨ੍ਹਾਂ ਦੇ ਲੱਕੜ ਬੱਗਿਆਂ ਵਰਗੇ ਚੇਲੇ-ਚਪਾਟੇ ਵੀ ਆਮ ਜਨਤਾ ਨੂੰ ਕੀੜੇ-ਮਕੌੜੇ ਵਾਂਗ ਸਮਝਣ ਲੱਗ ਪੈਂਦੇ ਹਨ। ਉਹ ਲੋਕ ਜਿਨ੍ਹਾਂ ਨੇ ਵੋਟਾਂ ਨਾਲ ਇਨ੍ਹਾਂ ਨੂੰ ਰਾਜੇ ਬਣਾਇਆ ਹੁੰਦਾ ਹੈ, ਉਨ੍ਹਾਂ ਨੂੰ ਹੀ ਭਿਖਾਰੀ ਵਾਂਗ ਟ੍ਰੀਟ ਕੀਤਾ ਜਾਂਦਾ ਹੈ।



ਇਹ ਵਿਵਹਾਰ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਬਹੁਤ ਵੱਖਰਾ ਹੁੰਦਾ ਹੈ। ਚੋਣਾਂ ਤੋਂ ਪਹਿਲਾਂ ਰਾਜਨੇਤਾ ਆਮ ਲੋਕਾਂ ਨੂੰ ਹੱਥ ਜੋੜ ਕੇ ਮਿਲਦੇ ਹਨ, ਉਨ੍ਹਾਂ ਨਾਲ ਗਲੇ ਮਿਲਦੇ ਹਨ, ਉਨ੍ਹਾਂ ਦੇ ਘਰਾਂ ਵਿੱਚ ਜਾ ਕੇ ਚਾਹ ਪੀਂਦੇ ਹਨ ਅਤੇ ਵੱਡੇ-ਵੱਡੇ ਵਾਅਦੇ ਕਰਦੇ ਹਨ। ਉਹ ਅਜਿਹਾ ਬੋਲਦੇ ਹਨ ਜਿਵੇਂ ਉਹ ਲੋਕਾਂ ਦੇ ਸੱਚੇ ਹਮਦਰਦ ਹੋਣ। ਪਰ ਜਿੱਤਣ ਉਪਰੰਤ ਇਹੀ ਰਾਜਨੇਤਾ ਬਦਲ ਜਾਂਦੇ ਹਨ। ਉਨ੍ਹਾਂ ਨੂੰ ਮਿਲਣ ਲਈ ਆਮ ਨਾਗਰਿਕ ਨੂੰ ਦਫ਼ਤਰਾਂ ਵਿੱਚ ਘੰਟੇ ਬਿਤਾਉਣੇ ਪੈਂਦੇ ਹਨ, ਸਕਿਉਰਿਟੀ ਵਾਲੇ ਉਨ੍ਹਾਂ ਨੂੰ ਰੋਕਦੇ ਹਨ ਅਤੇ ਅਖੀਰ ਵਿੱਚ ਵੀ ਇਹ ਯਕੀਨੀ ਨਹੀਂ ਹੁੰਦਾ ਕਿ ਮੇਲ ਹੋਵੇਗਾ ਜਾਂ ਨਹੀਂ.... ਕੰਮ ਪੂਰਾ ਹੋਣ ਦੀ ਗੱਲ ਤਾਂ ਬਹੁਤ ਦੂਰ ਦੀ ਹੈ।

ਇਹ ਰਾਜਨੇਤਾ ਸਰਕਾਰੀ ਬੰਗਲਿਆਂ ਵਿੱਚ ਰਹਿੰਦੇ ਹਨ, ਵੀਆਈਪੀ ਸਹੂਲਤਾਂ ਦਾ ਆਨੰਦ ਮਾਣਦੇ ਹਨ ਅਤੇ ਆਮ ਜਨਤਾ ਲਈ ਨੀਤੀਆਂ ਬਣਾਉਂਦੇ ਹਨ ਜੋ ਅਕਸਰ ਉਨ੍ਹਾਂ ਦੇ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਉਹ ਆਪਣੇ ਆਲੇ-ਦੁਆਲੇ ਨੂੰ ਚਾਪਲੂਸਾਂ ਨਾਲ ਘੇਰ ਲੈਂਦੇ ਹਨ ਜੋ ਆਮ ਲੋਕਾਂ ਨੂੰ ਦੂਰ ਰੱਖਦੇ ਹਨ। ਇਸ ਨਾਲ ਜਨਤਾ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਭਿਖਾਰੀ ਵਾਂਗ ਹਨ ਜੋ ਰਾਜੇ ਦੇ ਰਹਿਮ ਤੇ ਨਿਰਭਰ ਹਨ।

ਇੱਕ ਵੱਡੀ ਵਿਡੰਬਨਾ ਇਹ ਵੀ ਹੈ ਕਿ ਜਦੋਂ ਇਹ ਰਾਜਨੇਤਾ ਕਿਸੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਦੇ ਹਨ ਜਾਂ ਉਸ ਨੂੰ ਪੂਰਾ ਕਰ ਕੇ ਉਦਘਾਟਨ ਕਰਦੇ ਹਨ, ਤਾਂ ਆਲੇ-ਦੁਆਲੇ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਨਾਮ ਦੇ ਜ਼ਿੰਦਾਬਾਦ ਨਾਰੇ ਲਗਾਉਣੇ ਪੈਂਦੇ ਹਨ ਅਤੇ ਧੰਨਵਾਦ ਕਰਨਾ ਪੈਂਦਾ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਧੰਨਵਾਦ ਕਿਸ ਗੱਲ ਲਈ? ਇਹ ਤਾਂ ਉਨ੍ਹਾਂ ਦਾ ਕੰਮ ਹੈ। ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਨਾਲ ਚੁਣਿਆ ਹੈ ਤਾਂ ਜੋ ਉਹ ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਨ। ਰਸਤੇ ਬਣਾਉਣਾ, ਹਸਪਤਾਲ ਖੋਲ੍ਹਣਾ, ਸਕੂਲ ਬਣਾਉਣਾ, ਰੋਜ਼ਗਾਰ ਦੇ ਮੌਕੇ ਪੈਦਾ ਕਰਨਾ, ਇਹ ਸਭ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਪਰ ਭਾਰਤ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਰਾਜਨੇਤਾ ਇਨ੍ਹਾਂ ਕੰਮਾਂ ਨੂੰ ਆਪਣੀ ਮਿਹਰਬਾਨੀ ਵਾਂਗ ਪੇਸ਼ ਕਰਦੇ ਹਨ ਅਤੇ ਜਨਤਾ ਨੂੰ ਉਨ੍ਹਾਂ ਦੇ ਅਹਿਸਾਨਮੰਦ ਬਣਨ ਲਈ ਮਜਬੂਰ ਕਰਦੇ ਹਨ। ਇਹ ਵਿਵਹਾਰ ਜਨਤਾ ਨੂੰ ਭਿਖਾਰੀ ਵਾਂਗ ਮਹਿਸੂਸ ਕਰਵਾਉਂਦਾ ਹੈ ਜੋ ਰਾਜੇ ਦੇ ਟੁੱਕੜਾਂ ਤੇ ਜੀਅ ਰਹੀ ਹੈ।

ਭਾਰਤੀ ਰਾਜਨੀਤੀ ਦੀ ਇਸ ਵਿਵਸਥਾ ਨੇ ਸਮਾਜ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇੱਕ ਵਾਰ ਰਾਜਨੀਤੀ ਵਿੱਚ ਵੜਨ ਵਾਲੇ ਵਿਅਕਤੀ ਦੀ ਜ਼ਿੰਦਗੀ ਬਦਲ ਜਾਂਦੀ ਹੈ। ਉਸ ਨੂੰ ਵੱਡੇ ਬੰਗਲੇ, ਕਾਰਾਂ, ਸਕਿਉਰਿਟੀ ਅਤੇ ਅਨੇਕਾਂ ਸਹੂਲਤਾਂ ਮਿਲ ਜਾਂਦੀਆਂ ਹਨ। ਉਹ ਅਮੀਰ ਬਣ ਜਾਂਦੇ ਹਨ, ਉਨ੍ਹਾਂ ਦੇ ਬੈਂਕ ਬੈਲੇਂਸ ਵਧ ਜਾਂਦੇ ਹਨ ਅਤੇ ਉਹ ਆਪਣੇ ਪਰਿਵਾਰ ਨੂੰ ਵੀ ਉੱਚੇ ਅਹੁਦਿਆਂ ਤੇ ਬਿਠਾ ਲੈਂਦੇ ਹਨ। ਪਰ ਆਮ ਜਨਤਾ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ। ਗਰੀਬੀ ਵਧ ਰਹੀ ਹੈ, ਬੇਰੁਜ਼ਗਾਰੀ ਨੌਜਵਾਨਾਂ ਨੂੰ ਖਾ ਰਹੀ ਹੈ, ਸਿਹਤ ਅਤੇ ਸਿੱਖਿਆ ਵਿਵਸਥਾ ਬੁਰੀ ਹਾਲਤ ਵਿੱਚ ਹੈ। ਰਾਜਨੇਤਾ ਆਪਣੇ ਹਿੱਤਾਂ ਲਈ ਨੀਤੀਆਂ ਬਣਾਉਂਦੇ ਹਨ ਜੋ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬਾਂ ਨੂੰ ਹੋਰ ਗਰੀਬ ਬਣਾਉਂਦੀਆਂ ਹਨ। ਵੋਟ ਬੈਂਕ ਨੂੰ ਮਜਬੂਤ ਕਰਨ ਲਈ ਵਿਸ਼ੇਸ਼ ਵਰਗਾਂ ਲਈ ਇੱਕ ਤਰਫਾ ਪੱਖ-ਪਾਤੀ ਨਿਯਮ ਭਾਵ ਕਾਨੂੰਨਾਂ ਦਾ ਨਿਰਮਾਣ ਕਰ ਕੀਤਾ ਜਾਂਦਾ ਹੈ। ਉਹ ਪਾਰਲੀਮੈਂਟ ਵਿੱਚ ਬੈਠ ਕੇ ਝਗੜੇ ਕਰਦੇ ਹਨ, ਬਿੱਲ ਪਾਸ ਕਰਦੇ ਹਨ ਜੋ ਉਨ੍ਹਾਂ ਦੇ ਨਿੱਜੀ ਲਾਭ ਲਈ ਹੁੰਦੇ ਹਨ ਅਤੇ ਜਨਤਾ ਨੂੰ ਭੁੱਲ ਜਾਂਦੇ ਹਨ।

ਇਸ ਵਿਵਸਥਾ ਨੇ ਸਮਾਜ ਵਿੱਚ ਅਸਮਾਨਤਾ ਵਧਾ ਦਿੱਤੀ ਹੈ। ਅੱਜ ਨੌਜਵਾਨ ਰਾਜਨੀਤੀ ਵੱਲ ਨਫ਼ਰਤ ਨਾਲ ਵੇਖਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਹ ਇੱਕ ਅਜਿਹੀ ਖੇਡ ਹੈ ਜਿੱਥੇ ਸਿਰਫ਼ ਅਮੀਰ ਅਤੇ ਸੱਤਾਧਾਰੀ ਜਿੱਤਦੇ ਹਨ। ਆਮ ਆਦਮੀ ਨੂੰ ਵੋਟਾਂ ਵੇਲੇ ਯਾਦ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਭੁੱਲ ਜਾਂਦਾ ਹੈ। ਰਾਜਨੇਤਾ ਆਪਣੇ ਆਲੇ-ਦੁਆਲੇ ਨੂੰ ਚਾਪਲੂਸਾਂ ਅਤੇ ਬ੍ਰੋਕਰਾਂ ਨਾਲ ਘੇਰ ਲੈਂਦੇ ਹਨ ਜੋ ਆਮ ਲੋਕਾਂ ਨੂੰ ਲੁੱਟਦੇ ਹਨ। ਕੰਮ ਕਰਵਾਉਣ ਲਈ ਰਿਸ਼ਵਤ ਦੇਣੀ ਪੈਂਦੀ ਹੈ, ਗੇੜੀਆਂ ਲਾਉਣੀਆਂ ਪੈਂਦੀਆਂ ਹਨ ਅਤੇ ਅਖੀਰ ਵਿੱਚ ਵੀ ਨਤੀਜਾ ਜ਼ੀਰੋ ਹੁੰਦਾ ਹੈ। ਇਹ ਵਿਵਹਾਰ ਜਨਤਾ ਨੂੰ ਨਿਰਾਸ਼ ਕਰਦਾ ਹੈ ਅਤੇ ਉਹ ਆਪਣੇ ਆਪ ਨੂੰ ਬੇਬਸ ਮਹਿਸੂਸ ਕਰਦੀ ਹੈ। ਰਾਜਨੀਤੀ ਜੋ ਕਿ ਜਨਤਾ ਦੀ ਸੇਵਾ ਲਈ ਹੋਣੀ ਚਾਹੀਦੀ ਹੈ, ਉਹ ਹੁਣ ਸੱਤਾ ਅਤੇ ਪੈਸੇ ਦੀ ਖੇਡ ਬਣ ਗਈ ਹੈ।

ਇਸ ਸਥਿਤੀ ਨੂੰ ਬਦਲਣ ਲਈ ਜਨਤਾ ਨੂੰ ਜਾਗਰੂਕ ਹੋਣਾ ਪਵੇਗਾ। ਵੋਟਾਂ ਵੇਲੇ ਵੱਡੇ ਵਾਅਦਿਆਂ ਤੇ ਨਹੀਂ ਬਲਕਿ ਪਿਛਲੇ ਕੰਮਾਂ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਰਾਜਨੇਤਾਵਾਂ ਨੂੰ ਜਵਾਬਦੇਹ ਬਣਾਉਣ ਲਈ ਨਿਯਮ ਅਤੇ ਕਾਨੂੰਨ ਬਣਾਉਣੇ ਚਾਹੀਦੇ ਹਨ। ਮੀਡੀਆ ਅਤੇ ਸਮਾਜ ਨੂੰ ਉਨ੍ਹਾਂ ਦੇ ਕੰਮਾਂ ਤੇ ਨਿਗਰਾਨੀ ਰੱਖਣੀ ਚਾਹੀਦੀ ਹੈ। ਜੇਕਰ ਅਸੀਂ ਇਸ ਵਿਵਸਥਾ ਨੂੰ ਨਹੀਂ ਬਦਲਾਂਗੇ ਤਾਂ ਰਾਜਨੇਤਾ ਰਾਜੇ ਬਣੇ ਰਹਿਣਗੇ ਅਤੇ ਜਨਤਾ ਭਿਖਾਰੀ ਵਾਂਗ ਤੜਫਦੀ ਰਹੇਗੀ। ਇਹ ਲੇਖ ਇਸੇ ਉਦੇਸ਼ ਨਾਲ ਲਿਖਿਆ ਗਿਆ ਹੈ ਕਿ ਲੋਕ ਜਾਗਰੂਕ ਹੋਣ ਅਤੇ ਵੋਟਾਂ ਵੇਲੇ ਵੱਡੇ ਵਾਅਦਿਆਂ ਤੇ ਨਹੀਂ ਬਲਕਿ ਪਿਛਲੇ ਕੰਮਾਂ ਤੇ ਵਿਸ਼ਵਾਸ ਕਰਨਾ। ਭਾਰਤ ਨੂੰ ਇੱਕ ਅਜਿਹੀ ਰਾਜਨੀਤੀ ਦੀ ਲੋੜ ਹੈ ਜਿੱਥੇ ਰਾਜਨੇਤਾ ਸੇਵਕ ਹੋਣ ਨਾ ਕਿ ਰਾਜੇ ਅਤੇ ਜਨਤਾ ਮਾਲਕ ਹੋਵੇ ਨਾ ਕਿ ਭਿਖਾਰੀ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com



ਲੋਕਾਂ ਨੇ ਸਿਆਸਤਦਾਨਾਂ ਨੂੰ ਵੋਟਾਂ ਨਾਲ ਚੁਣਿਆ ਹੈ ਤਾਂ ਜੋ ਉਹ ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਨ। ਰਸਤੇ ਬਣਾਉਣਾ, ਹਸਪਤਾਲ ਖੋਲ੍ਹਣਾ, ਸਕੂਲ ਬਣਾਉਣਾ, ਰੋਜ਼ਗਾਰ ਦੇ ਮੌਕੇ ਪੈਦਾ ਕਰਨਾ, ਇਹ ਸਭ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਪਰ ਭਾਰਤ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਰਾਜਨੇਤਾ ਇਨ੍ਹਾਂ ਕੰਮਾਂ ਨੂੰ ਆਪਣੀ ਮਿਹਰਬਾਨੀ ਵਾਂਗ ਪੇਸ਼ ਕਰਦੇ ਹਨ ਅਤੇ ਜਨਤਾ ਨੂੰ ਉਨ੍ਹਾਂ ਦੇ ਅਹਿਸਾਨਮੰਦ ਬਣਨ ਲਈ ਮਜਬੂਰ ਕਰਦੇ ਹਨ। ਇਹ ਵਿਵਹਾਰ ਜਨਤਾ ਨੂੰ ਭਿਖਾਰੀ ਵਾਂਗ ਮਹਿਸੂਸ ਕਰਵਾਉਂਦਾ ਹੈ ਜੋ ਰਾਜੇ ਦੇ ਟੁੱਕੜਾਂ ਤੇ ਜੀਅ ਰਹੀ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ

# ਜਨਰਲ ਬਾਡੀ ਮੀਟਿੰਗ

## ਗੁਰਦੁਆਰਾ ਸਾਹਿਬ, ਪਾਰਕ ਐਵੇਨਿਊ, ਸਾਊਥਾਲ ਵਿਖੇ ਐਤਵਾਰ 8 ਮਾਰਚ 2026 ਸ਼ਾਮ 4 ਵਜੇ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਭਾ ਦੇ ਸੰਵਿਧਾਨ ਦੇ ਅਨੁਸਾਰ, ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਜਨਰਲ ਬਾਡੀ ਮੀਟਿੰਗ ਐਤਵਾਰ 8 ਮਾਰਚ 2026 ਨੂੰ ਸ਼ਾਮ 4 ਵਜੇ (ਹੇਠਾਂ ਮੁੱਖ ਹਾਲ ਵਿੱਚ) ਪਾਰਕ ਐਵੇਨਿਊ ਸਥਿਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ। ਕਿਰਪਾ ਕਰਕੇ ਆਪਣਾ ਮੈਂਬਰਸ਼ਿਪ ਕਾਰਡ ਨਾਲ ਲਿਆਓ।

### ਏ. ਜੀ. ਐਮ. ਦਾ ਏਜੰਡਾ

1. ਕੋਰਮ ਦੀ ਪੁਸ਼ਟੀ
2. ਸ਼ੁਰੂਆਤੀ ਅਰਦਾਸ
3. ਪ੍ਰਧਾਨ ਜੀ ਵੱਲੋਂ ਸਵਾਗਤ
4. ਜਨਰਲ ਸਕੱਤਰ ਦੀ ਰਿਪੋਰਟ
5. ਖਜ਼ਾਨਚੀ ਦੀ ਰਿਪੋਰਟ
6. ਜੋ ਮੈਂਬਰ ਸਿਰਫ ਜਨਰਲ ਸਕੱਤਰ ਅਤੇ ਖਜ਼ਾਨਚੀ ਦੀਆਂ ਰਿਪੋਰਟਾਂ ਬਾਰੇ ਬੋਲਣਾ ਚਾਹੁੰਦੇ ਹਨ, ਉਹ ਸ਼ਨੀਵਾਰ 28 ਫਰਵਰੀ 2026 ਸ਼ਾਮ 5 ਵਜੇ ਤੱਕ ਜਨਰਲ ਸਕੱਤਰ ਨੂੰ **gensec@sgsss.org** ’ਤੇ ਈਮੇਲ ਕਰਨ। ਜਾਂ ਫਿਰ ਪਾਰਕ ਐਵੇਨਿਊ ਜਾਂ ਗੁਰੂ ਨਾਨਕ ਰੋਡ ਸਥਿਤ ਗੁਰਦੁਆਰੇ ਦੇ ਰਿਸੈਪਸ਼ਨ ਸਟਾਫ਼ ਨੂੰ ਆਪਣੇ ਨਾਮ ਅਤੇ ਜਿਸ ਰਿਪੋਰਟ ਬਾਰੇ ਬੋਲਣਾ ਹੈ, ਉਸ ਦੀ ਜਾਣਕਾਰੀ ਦੇ ਕੇ ਜਨਰਲ ਸਕੱਤਰ ਨੂੰ ਈਮੇਲ ਭੇਜਣ ਲਈ ਕਹਿ ਸਕਦੇ ਹਨ।
7. ਪ੍ਰਧਾਨ ਅਤੇ/ਜਾਂ ਉਪ-ਪ੍ਰਧਾਨ, ਜਨਰਲ ਸਕੱਤਰ, ਸਟੇਜ ਸਕੱਤਰ ਵੱਲੋਂ ਸਮਾਪਤੀ ਸੰਬੋਧਨ।

### ਅਨੁਸ਼ਾਸਨ ਅਤੇ ਪਾਲਣਾ

ਇਹ ਮੀਟਿੰਗ ਚੈਰਿਟੀ ਦੇ ਸੰਵਿਧਾਨਕ ਦਸਤਾਵੇਜ਼ਾਂ ਦੇ ਸਖ਼ਤ ਪਾਲਣ ਅਨੁਸਾਰ ਬੁਲਾਈ ਗਈ ਹੈ। ਏਜੰਡੇ ਤੋਂ ਬਾਹਰ ਕਿਸੇ ਵੀ ਵਿਸ਼ੇ ’ਤੇ ਚਰਚਾ ਦੀ ਇਜਾਜ਼ਤ ਨਹੀਂ ਹੋਵੇਗੀ।

ਮੀਟਿੰਗ ਦੇ ਪ੍ਰਧਾਨ/ਚੇਅਰ ਨੂੰ ਹੱਕ ਹੈ ਕਿ ਜੇਕਰ ਕਾਨੂੰਨ ਜਾਂ ਅਨੁਸ਼ਾਸਨ ਕਾਇਮ ਨਾ ਰਹੇ ਤਾਂ ਮੀਟਿੰਗ ਨੂੰ ਮੁਲਤਵੀ ਕਰ ਸਕਦੇ ਹਨ।

**ਸਦਾ ਦੀ ਤਰ੍ਹਾਂ ਸ੍ਰੇਸ਼ਟਮ ਪੰਜਾਬੀ ਸ਼ੁਭ ਕਾਮਨਾਵਾਂ ਨਾਲ,**

ਸ਼ਰਨਬੀਰ ਸਿੰਘ ਸੰਘਾ

ਜਨਰਲ ਸਕੱਤਰ, ਕਾਰਜਕਾਰੀ ਕਮੇਟੀ

### ਮਹੱਤਵਪੂਰਣ ਪ੍ਰਬੰਧਕੀ ਸੂਚਨਾ

ਚੈਰਿਟੀ ਇਸ ਸਮੇਂ 18/02/2024 ਨੂੰ ਕੀਤੀਆਂ ਗਈਆਂ ਅਸੰਵਿਧਾਨਕ (1) ਸੰਸ਼ੋਧਨਾਂ ਅਤੇ (2) ਟਰਸਟੀ ਨਿਯੁਕਤੀਆਂ ਸਬੰਧੀ ਅੰਦਰੂਨੀ ਪ੍ਰਬੰਧਕੀ ਵਿਵਾਦ ਦੇ ਅਧੀਨ ਹੈ। ਇਹ ਮਾਮਲਾ ਚੈਰਿਟੀ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਸਲਾਹ ਨਾਲ ਇਸ ਨੂੰ ਵਿਧੀਵਤ ਢੰਗ ਨਾਲ ਨਿਪਟਾਇਆ ਜਾ ਰਿਹਾ ਹੈ।

ਇਸ ਲਈ ਇਹ ਏ.ਜੀ.ਐਮ. ਕੇਵਲ ਕਾਨੂੰਨੀ ਅਤੇ ਪ੍ਰਸ਼ਾਸਕੀ ਉਦੇਸ਼ਾਂ ਲਈ ਬੁਲਾਈ ਗਈ ਹੈ।

**ਹੇਠ ਲਿਖੇ ਮਾਮਲਿਆਂ ’ਤੇ ਚਰਚਾ ਦੀ ਇਜਾਜ਼ਤ ਨਹੀਂ ਹੋਵੇਗੀ:**

* ਸੰਵਿਧਾਨ ਵਿੱਚ ਸੰਸ਼ੋਧਨ
* ਸੰਪਤੀ ਸੰਭਾਲਣ ਵਾਲੇ ਟਰਸਟੀਆਂ ਦੀ ਨਿਯੁਕਤੀ ਜਾਂ ਹਟਾਉਣਾ
* ਪ੍ਰਬੰਧਕੀ ਢਾਂਚੇ ਵਿੱਚ ਬਦਲਾਓ

ਇਹਨਾਂ ਮਾਮਲਿਆਂ ’ਤੇ ਚਰਚਾ ਕਾਨੂੰਨੀ ਅਤੇ ਨਿਯਮਤ ਸਪਸ਼ਟੀਕਰਨ ਤੋਂ ਬਾਅਦ ਹੀ ਕੀਤੀ ਜਾਵੇਗੀ।

# GURDWARA SRI GURU SINGH SABHA SOUTHALL

# GENERAL BODY MEETING on 8th March 2026

Waheguru Ji Ka Khalsa. Waheguru Ji Ki Fateh.

### GENERAL BODY MEETING

In accordance with the Constitution of the Sabha, members please note, a General Body Meeting of the Sabha will be held on **Sunday 8th March 2026 at 4 pm (downstairs Main Hall)** at the **Gurdwara in Park Avenue**.

***Please ensure you have your membership card.***

### AGENDA OF THE AGM

1. Confirmation of Quorum
2. Opening Ardas
3. Welcome by the President
4. General Secretary Report
5. Treasurer's Report
6. Any member wishing to speak only on General Secretary and Treasurer Reports must email General Secretary on gensec@sgsss.org by 5 pm Saturday 28 February 2026, or request reception staff at either Gurdwara (Park Avenue or Guru Nanak Road) by 5 pm Saturday 28 February 2026 to email the General Secretary providing their name and the report they wish to speak on.
7. Closing remarks by the President and/or Vice-President, General Secretary, Stage Secretary.

### CONDUCT AND COMPLIANCE

This meeting is convened in strict compliance with the Charity's governing document. Any attempt to discuss matters outside the stated agenda will be ruled out of order. The President / Chair of the meeting reserves the right to adjourn the meeting if order or legality cannot be maintained.

***Best Panjabi Wishes as Always***

Sharnbir Singh Sangha

General Secretary, Executive Committee

### *Important Governance Notice*

The Charity is currently subject to an internal governance dispute concerning earlier (18/02/2024) unconstitutional (1) amendments and (2) trustee appointments. The matter has been notified to the Charity Commission and is in the process of being formally regularised with their advice.

This AGM is therefore convened solely for statutory and operational purposes.

**No discussions concerning:**

* constitutional amendments,
* appointment or removal of property-holding trustees, or
* changes to governance structure,

**will be allowed at this meeting.**

Any such matters will be dealt with only after legal and regulatory clarification has been obtained.

**2-8 Park Avenue, Southall, Middlesex, UB1 3AG**
**Tel: 020 8574 8901 Fax: 020 8574 8902**

**Guru Nanak Road, Southall, Middlesex, UB2 4NP**
**Tel: 020 8574 4311 Fax: 020 8574 8902**

# ਭਾਰਤੀ ਸੰਸਦ ਅਖਾੜਾ, ਦੰਗਲ ਜਾਂ ਲੋਕਤੰਤਰ

ਗੁਰਮੀਤ ਸਿੰਘ ਪਲਾਹੀ
9815802070



ਦੇਸ਼ ਦੀ ਸੰਸਦ ਦੇ ਬਜਟ ਇਜਲਾਸ ਵਿੱਚ ਇਹਨਾਂ ਦਿਨਾਂ ਵਿੱਚ ਵੱਡੇ ਹੰਗਾਮੇ ਹੋਏ। ਸੱਤਾਧਾਰੀ ਅਤੇ ਵਿਰੋਧੀ ਪੱਖ ਵਿੱਚ ਵੱਡਾ ਦੰਗਲ ਵੇਖਣ ਨੂੰ ਮਿਲਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਮਤੇ ਉੱਤੇ ਵਿਰੋਧੀ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ। ਲੋਕ ਸਭਾ ਵਿੱਚ ਇੰਨਾ ਹੰਗਾਮਾ ਹੋਇਆ ਕਿ ਕਾਂਗਰਸ ਦੇ ਅੱਠ ਲੋਕ ਸਭਾ ਮੈਂਬਰ ਮੁਅੱਤਲ ਕਰ ਦਿੱਤੇ ਗਏ। ਸਪੀਕਰ ਬਿਰਲਾ ਨੇ ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਕਰਦੇ ਮਤੇ ਤੇ ਬਹਿਸ ਦਾ ਜਵਾਬ ਦੇਣ ਲਈ ਸਦਨ ਵਿੱਚ ਨਾ ਆਉਣ ਦੀ ਬੇਨਤੀ ਕੀਤੀ। ਲੋਕਤੰਤਰ ਦਾ ਇਹ ਵਿਸ਼ੇਸ਼ ਨਮੂਨਾ ਅੱਜ-ਕੱਲ ਦੇਸ਼ ਦੇ ਹਿੱਸੇ ਆ ਰਿਹਾ ਹੈ।

ਲੋਕ ਸਭਾ ਵਿੱਚ ਵਿਰੋਧੀ ਸੰਸਦ ਮੈਂਬਰਾਂ ਨੇ ਭਾਰਤ-ਅਮਰੀਕਾ ਵਪਾਰਕ ਢਾਂਚੇ 'ਤੇ ਚਰਚਾ ਦੀ ਮੰਗ ਕੀਤੀ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਮੱਲਿਕਾਰਜੁਨ ਖੜਗੇ ਨੂੰ ਵੀ ਬੋਲਣ ਦੀ ਆਗਿਆ ਨਹੀਂ ਦਿੱਤੀ ਗਈ। ਲੋਕ ਸਭਾ ਅਤੇ ਰਾਜ ਸਭਾ ਵਿੱਚ ਸੱਤਾ ਤੇ ਵਿਰੋਧੀ ਧਿਰ ਆਪਸ ਵਿੱਚ ਬੁਰੀ ਤਰ੍ਹਾਂ ਉਲਝੀ ਰਹੀ। ਲੋਕ ਸਭਾ ਵਿੱਚ ਕਾਂਗਰਸ ਦੀਆਂ ਮਹਿਲਾ ਮੈਂਬਰਾਂ ਨੇ ਸਪੀਕਰ ਬਿਰਲਾ ਤੇ ਦੋਸ਼ ਲਗਾਇਆ ਕਿ ਉਹ ਪ੍ਰਧਾਨ ਮੰਤਰੀ ਦੇ ਸਦਨ ਵਿੱਚੋਂ ਗ਼ਾਇਬ ਰਹਿਣ ਨੂੰ ਦਰੁਸਤ ਠਹਿਰਾਅ ਰਹੇ ਹਨ, ਜੋ ਸੰਵਿਧਾਨਕ ਕਦਰਾਂ-ਕੀਮਤਾਂ ਦੇ ਉਲਟ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸਦਨ ਵਿੱਚੋਂ ਮੈਂਬਰਾਂ ਵੱਲੋਂ ਕਿਸੇ ਖ਼ਤਰੇ ਕਰਕੇ ਗ਼ੈਰਹਾਜ਼ਰ ਨਹੀਂ ਹੋਏ, ਸਗੋਂ ਡਰ ਕਰਕੇ ਗ਼ੈਰਹਾਜ਼ਰ ਹੋਏ ਹਨ। ਕੀ ਇਹ ਰਾਜਾਸ਼ਾਹੀ ਦਾ ਸੰਕੇਤ ਤਾਂ ਨਹੀਂ?

ਅਮਰੀਕੀ ਯੌਨ ਸ਼ੋਸ਼ਣ ਅਪਰਾਧੀ ਜੈਫ਼ਰੀ ਐਪਸਟਿਨ ਨਾਲ ਜੁੜੀਆਂ ਫਾਈਲਾਂ 'ਚ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਮ ਸਾਹਮਣੇ ਆਉਣ ਕਾਰਨ ਵੱਡਾ ਹੰਗਾਮਾ ਅਤੇ ਨਾਅਰੇਬਾਜ਼ੀ ਵੇਖਣ ਨੂੰ ਮਿਲੀ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਗੀਤ 'ਬੰਦੇ ਮਾਤਰਮ' ਦੇ ਛੇ ਬੰਦ ਅਤੇ ਉਸ ਦੇ ਆਦਰ ਲਈ ਤਿੰਨ ਮਿੰਟ ਕੁਝ ਸਕਿੰਟ ਖੜੇ ਰਹਿਣ, ਉਸਦੇ ਬਾਅਦ ਰਾਸ਼ਟਰ ਗਾਣ ਨੂੰ ਜ਼ਰੂਰੀ ਕਰਾਰ ਦਿੱਤੇ ਜਾਣ ਸੰਬੰਧੀ ਸਦਨ ਵਿੱਚ ਵੱਡੀ ਬਹਿਸ ਛਿੜੀ। ਇੱਕ ਪੱਖ ਦਾ ਕਹਿਣਾ ਸੀ ਕਿ ਅਸੀਂ ਤਾਂ ਅੱਲਾਹ ਨੂੰ ਮੰਨਦੇ ਹਾਂ, ਕਿਸੇ ਹੋਰ ਨੂੰ ਨਹੀਂ। ਇੱਕ ਨੇ ਕਿਹਾ ਕਿ ਮੁਸਲਿਮ ਲੀਗ ਨੇ ਇਸ 'ਤੇ ਇਤਰਾਜ਼ ਕੀਤਾ ਸੀ ਤੇ ਇਤਰਾਜ਼ ਮੰਨਿਆ ਗਿਆ ਸੀ। ਇੱਕ ਹੋਰ ਨੇ ਕਿਹਾ ਕਿ ਇਹ ਸੰਪਰਦਾਇਕਤਾ ਫੈਲਾਉਣ ਦੀ ਕੋਸ਼ਿਸ਼ ਹੈ, ਜਦਕਿ ਦੂਜੇ ਨੇ ਕਿਹਾ ਕਿ ਇਹ ਦੇਸ਼ ਭਗਤੀ ਦਾ ਗੀਤ ਹੈ।

ਲੋਕਤੰਤਰ ਦੇ ਅਖਾੜੇ ਸੰਸਦ 'ਚ ਬਜਟ ਉੱਤੇ ਬਹਿਸ ਦਰਕਾਰ ਸੀ। ਸੰਸਦ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਬਣਾਉਟੀ ਬੁੱਧੀਮਤਾ (ਏ.ਆਈ.) ਕਾਰਨ ਆ ਰਹੀਆਂ ਚੁਣੌਤੀਆਂ, ਅਮਰੀਕਾ-ਭਾਰਤ ਸਮਝੌਤੇ ਬਾਰੇ ਵਿਸ਼ੇਸ਼ ਚਰਚਾ ਲੋੜੀਂਦੀ ਸੀ। ਚਰਚਾ ਤਾਂ ਦਿੱਲੀ ਦੇ ਪ੍ਰਦਰਸ਼ਨ ਉੱਤੇ, ਮਨੀਪੁਰ ਦੇ ਬਲਾਤਕਾਰਾਂ ਅਤੇ ਕਈ ਥਾਵਾਂ 'ਤੇ ਗੰਦੇ ਪਾਣੀ ਪੀਣ ਕਾਰਨ ਹੋਈਆਂ ਮੌਤਾਂ ਬਾਰੇ ਵੀ ਲੋੜੀਂਦੀ ਸੀ, ਪਰ ਇਹਨਾਂ ਚਰਚਾਵਾਂ ਲਈ ਸਦਨ ਦੇ ਮਾਣਯੋਗ ਮੈਂਬਰ ਸਮਾਂ ਹੀ ਨਹੀਂ ਕੱਢ ਸਕੇ। ਸਮਾਂ ਨਹੀਂ ਕੱਢ ਸਕੇ, ਦੇਸ਼ ਦੇ ਕਾਨੂੰਨਦਾਨ, ਇਸ ਗੱਲ ਲਈ ਚਰਚਾ ਕਰਨ ਵਾਸਤੇ ਕਿ ਪਿਛਲੇ 10 ਸਾਲਾਂ ਵਿੱਚ ਜੱਜਾਂ ਦੇ ਖ਼ਿਲਾਫ ਭ੍ਰਿਸ਼ਟਾਚਾਰ, ਯੌਨ ਦੁਰਾਚਾਰ ਅਤੇ ਹੋਰ ਗੰਭੀਰ 8639 ਸ਼ਿਕਾਇਤਾਂ ਕਿਉਂ ਆ ਗਈਆਂ? ਕੀ ਕਾਰਨ ਹਨ ਇਸਦੇ? ਖ਼ਾਸ ਤੌਰ 'ਤੇ 2024 ਵਿੱਚ ਹੀ 1170 ਸ਼ਿਕਾਇਤਾਂ ਕਿਉਂ ਦਰਜ ਹੋਈਆਂ? ਕਿਵੇਂ ਨੌਜਵਾਨਾਂ ਵਿੱਚ ਬੇਰੁਜ਼ਗਾਰੀ 'ਤੇ ਨਿਰਾਸ਼ਾ ਵੱਧ ਰਹੀ ਹੈ?

ਕਿਉਂ ਨਹੀਂ ਦੇਸ਼ ਦੀ ਸੰਸਦ ਇਸ ਗੱਲ 'ਤੇ ਵਿਚਾਰ ਕਰ ਸਕੀ ਕਿ 28 ਰਾਜਾਂ ਦੇ ਕਿਸਾਨਾਂ ਉੱਤੇ ਔਸਤ ਕਰਜ਼ਾ ਰਕਮ ਵੱਧ ਰਹੀ ਹੈ? ਰਾਸ਼ਟਰੀ ਸੰਖਿਆ ਦਫ਼ਤਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਖੇਤੀ-ਪ੍ਰਧਾਨ ਸੂਬਿਆਂ ਆਂਧਰਾ ਪ੍ਰਦੇਸ਼, ਕੇਰਲ, ਪੰਜਾਬ, ਹਰਿਆਣਾ, ਤੇਲੰਗਾਨਾ ਦੇ ਕਿਸਾਨਾਂ ਉੱਤੇ ਪ੍ਰਤੀ ਸਾਲ ਪ੍ਰਤੀ ਕਿਸਾਨ ਕਰਜ਼ਾ ਵੱਧ ਰਿਹਾ ਹੈ। ਆਂਧਰਾ ਪ੍ਰਦੇਸ਼ ਵਿੱਚ ਪ੍ਰਤੀ ਕਿਸਾਨ ਪ੍ਰਤੀ ਪਰਿਵਾਰ ਔਸਤ ਕਰਜ਼ਾ 2,45,554 ਰੁਪਏ, ਕੇਰਲ ਵਿੱਚ 2,42,482 ਰੁਪਏ, ਪੰਜਾਬ ਵਿੱਚ 2,03,249 ਰੁਪਏ, ਜਦਕਿ ਹਰਿਆਣਾ ਵਿੱਚ ਇਹ ਕਰਜ਼ਾ 1,82,922 ਰੁਪਏ ਹੈ।

ਇਹ ਜਾਣਦਿਆਂ ਵੀ ਕਿ ਕਿਸਾਨ ਦੀ ਆਮਦਨ ਘੱਟ ਰਹੀ ਹੈ, ਉਸ ਨੂੰ ਆਧੁਨਿਕ ਮਸ਼ੀਨਰੀ ਅਤੇ ਟਰੈਕਟਰ ਆਦਿ ਖਰੀਦਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ। ਉਸ ਲਈ ਸਰਕਾਰ ਵੱਲੋਂ ਉਸ ਅਹਿਮ ਖੇਤਰ ਲਈ ਸਬਸਿਡੀਆਂ ਮੁਹੱਈਆ ਕਰਨ ਦੀ ਲੋੜ ਹੈ, ਤਾਂ ਕਿ ਦੇਸ਼ ਦਾ ਅੰਨ ਭੰਡਾਰ ਸੁਰੱਖਿਅਤ ਰਹੇ। ਚਰਚਾ ਤਾਂ ਇਸ ਗੱਲ 'ਤੇ ਵੀ ਕਰਨੀ ਬਣਦੀ ਸੀ ਕਿ ਦੇਸ਼ ਕਣਕ-ਚਾਵਲ ਦੀ ਸੀਮਿਤ ਫ਼ਸਲ ਪ੍ਰਣਾਲੀ 'ਤੇ ਨਿਰਭਰ ਕਿਉਂ ਹੈ? ਦੇਸ਼ ਵਿੱਚ ਜ਼ਮੀਨ ਹੇਠਲਾ ਪਾਣੀ ਘੱਟ ਰਿਹਾ ਹੈ, ਤਾਂ ਕਿਉਂ ਘੱਟ ਰਿਹਾ ਹੈ? ਪਰ ਦੇਸ਼ ਦੇ ਨੇਤਾ ਤਾਂ ਸਿਰਫ਼ ਕੁਰਸੀ-ਯੁੱਧ ਵਿੱਚ ਗਲਤਾਨ ਰਹੇ। ਬਿਨਾਂ ਸ਼ੱਕ ਦੇਸ਼ ਦੀਆਂ ਸੀਮਾਵਾਂ ਨੂੰ ਸੁਰੱਖਿਆ ਚਾਹੀਦੀ ਹੈ। ਦੇਸ਼ ਵਿੱਚ ਸੜਕਾਂ ਦੇ ਜਾਲ ਵਿਛਾਏ ਜਾਣੇ ਚਾਹੀਦੇ ਹਨ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਜ਼ਰੂਰੀ ਹੈ। ਡਿਜ਼ੀਟਲ ਇੰਡੀਆ ਵੀ ਲੋੜੀਂਦਾ ਹੈ। ਪਰ ਬਹਿਸ ਤਾਂ ਇਸ ਗੱਲ 'ਤੇ ਹੋਣੀ ਚਾਹੀਦੀ ਹੈ ਕਿ ਸਰਕਾਰ ਨਿੱਜੀਕਰਨ ਦੇ ਰਾਹ ਪੈ ਕੇ ਦੇਸ਼ ਦਾ ਸਰਮਾਇਆ ਕੁਝ ਧੁਰੰਤਰਾਂ ਨੂੰ ਕਿਉਂ ਲੁਟਾ ਰਹੀ ਹੈ? ਦੇਸ਼ ਦੇ ਹਿੱਤ ਵੱਡੇ ਸਰਮਾਏਦਾਰਾਂ, ਕਾਰਪੋਰੇਟਾਂ ਦੇ ਹੱਥ ਕਿਉਂ ਫੜਾ ਰਹੀ ਹੈ?

ਕਿਉਂ ਚਰਚਾ ਨਹੀਂ ਹੋਈ ਕਿ ਸਰਕਾਰ ਕਿਉਂ ਦਬਾਅ ਵਿੱਚ ਆ ਕੇ ਅਮਰੀਕਾ ਵਰਗੇ ਦੇਸ਼ ਨਾਲ ਟੈਰਿਫ਼ ਸਮਝੌਤਾ ਕਰ ਰਹੀ ਹੈ? ਅਮਰੀਕਾ 18 ਫ਼ੀਸਦੀ ਟੈਰਿਫ਼ ਲਏਗਾ ਅਤੇ ਭਾਰਤ 0 ਫ਼ੀਸਦੀ ਟੈਰਿਫ਼ ਲਵੇਗਾ-ਸਮਾਨਤਾ ਕਿੱਥੇ ਹੈ?

ਅਮਰੀਕੀ ਸਮਝੌਤੇ ਵਿੱਚ ਪਹੇਲੀ ਇਹ ਹੈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਕੀ ਖਰੀਦੇਗਾ? ਕੀ ਭਾਰਤ ਕੋਲ ਅਮਰੀਕਾ ਤੋਂ ਮਹਿੰਗੇ ਜਹਾਜ਼, ਸੈਨਿਕ ਸਮਾਨ ਅਤੇ ਉੱਚੀ ਕੀਮਤ 'ਤੇ ਤੇਲ ਖਰੀਦਣ ਤੋਂ ਬਿਨਾਂ ਹੋਰ ਕੋਈ ਬਦਲ ਹੈ? ਅਮਰੀਕਾ ਕੋਲ ਇਹੋ-ਜਿਹੀਆਂ ਹੋਰ ਕੋਈ ਚੀਜ਼ਾਂ ਨਹੀਂ ਜੋ ਭਾਰਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰ ਸਕਣ।

ਦੇਸ਼ ਦੀ ਸੰਸਦ ਦੇ ਸਿਆਣੇ ਇਸ ਗੱਲ 'ਤੇ ਚਰਚਾ ਤੋਂ ਕਿਉਂ ਕੰਨੀ ਕਤਰਾ ਰਹੇ ਹਨ ਕਿ ਵੋਟਾਂ ਤੋਂ ਪਹਿਲਾਂ ਨਕਦੀ ਟਰਾਂਸਫ਼ਰ ਕਰਕੇ ਸੂਬਿਆਂ 'ਚ ਹਾਕਮ ਧਿਰਾਂ ਵੋਟਾਂ ਪੱਕੀਆਂ ਕਰ ਰਹੀਆਂ ਹਨ। ਮੱਧ ਪ੍ਰਦੇਸ਼ ਵਿੱਚ ਲਾਡਲੀ ਬਹਿਨਾ, ਮਹਾਰਾਸ਼ਟਰ ਵਿੱਚ ਲਾਡਕੀ ਬਹਿਨ, ਕਰਨਾਟਕ ਵਿੱਚ ਗ੍ਰਹਿ ਲਕਸ਼ਮੀ, ਤਮਿਲਨਾਡੂ ਵਿੱਚ ਉਮਰਈ ਥੋਗਈ, ਹਰਿਆਣਾ ਵਿੱਚ ਲਾਡੋ, ਓਡੀਸ਼ਾ ਵਿੱਚ ਸੁਭੱਦਰਾ, ਝਾਰਖੰਡ ਵਿੱਚ ਮਈਆ ਸਨਮਾਨ, ਛੱਤੀਸਗੜ੍ਹ ਵਿੱਚ ਮਹਤਾਰੀ ਬੰਦਨ, ਬੰਗਾਲ ਵਿੱਚ ਲਕਸ਼ਮੀ ਭੰਡਾਰ, ਤੇਲੰਗਾਨਾ ਵਿੱਚ ਮਹਾ ਲਕਸ਼ਮੀ, ਅਸਾਮ ਵਿੱਚ ਔਰਨੋਦੋਈ, ਹਿਮਾਚਲ ਵਿੱਚ ਇੰਦਰਾ ਸਨਮਾਨ ਯੋਜਨਾਵਾਂ ਵਿੱਚ 1500 ਤੋਂ 2500 ਰੁਪਏ ਤੱਕ ਮਹੀਨਾਵਾਰ ਰਕਮ ਔਰਤਾਂ ਲਈ ਦੇ ਕੇ ਖਜ਼ਾਨੇ ਉੱਤੇ ਗੰਭੀਰ ਬੋਝ ਕਿਉਂ ਪਾਇਆ ਜਾ ਰਿਹਾ ਹੈ? ਕਿਉਂ ਨਹੀਂ ਇਸ ਮੁੱਦੇ ਉੱਤੇ ਚਰਚਾ ਹੁੰਦੀ ਕਿ 12 ਰਾਜਾਂ ਦੀਆਂ 12.8 ਕਰੋੜ ਔਰਤਾਂ ਨੂੰ ਹਰ ਸਾਲ 1.9 ਲੱਖ ਕਰੋੜ ਰੁਪਏ ਚੋਣਾਂ ਤੋਂ ਪਹਿਲਾਂ ਹੀ ਕਿਉਂ ਦਿੱਤੇ ਜਾਂਦੇ ਹਨ? ਔਰਤਾਂ ਦੀਆਂ ਵੋਟਾਂ ਖਰੀਦਣ ਲਈ ਲਾਲਚ ਦੇਣ ਦਾ ਰੁਝਾਨ ਕਿਉਂ ਵੱਧ ਰਿਹਾ ਹੈ?

ਮਸਲੇ ਤਾਂ ਦੇਸ਼ ਨੂੰ ਦਰਪੇਸ਼ ਹੋਰ ਵੀ ਬਥੇਰੇ ਹਨ, ਪਰ ਦੇਸ਼ ਦੇ ਨੇਤਾ ਸੰਜੀਦਗੀ ਨਾਲ਼ ਵਿਚਾਰ ਕਰਨ ਦੇ ਰਾਹ ਨਹੀਂ ਪੈ ਰਹੇ। ਵੋਟਾਂ ਖਰੀਦੀਆਂ ਜਾਂਦੀਆਂ ਹਨ। ਆਗੂ ਕਾਨੂੰਨ-ਘੜਨੀ ਸਭਾ ਦੇ ਮੈਂਬਰ ਬਣਦੇ ਹਨ, ਉਹ ਲੋਕ ਵੀ ਇਹਨਾਂ ਸਦਨਾਂ ਦੇ ਮੈਂਬਰ ਬਣ ਜਾਂਦੇ ਹਨ ਜਿਨ੍ਹਾਂ ਉੱਤੇ ਅਪਰਾਧਿਕ ਕੇਸ ਦਰਜ ਹਨ। ਫਿਰ ਸਦਨਾਂ ਵਿੱਚ ਜਾ ਕੇ ਦੇਸ਼-ਹਿੱਤ, ਲੋਕ-ਹਿੱਤ ਦੀ ਗੱਲ ਕਰਨੀ ਸ਼ਾਇਦ ਇਹਨਾਂ ਨੂੰ ਸੁਖਾਵੀਂ ਤੇ ਸਾਰਥਕ ਹੀ ਨਹੀਂ ਜਾਪਦੀ।

ਸੰਸਦ ਵਿੱਚ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਸਾਬਕਾ ਸੈਨਾ ਜਨਰਲ ਮਨੋਜ ਮੁਕੁੰਦ ਨਰਵਾਣੇ ਦੀ ਪੁਸਤਕ ਵਿੱਚ ਜ਼ਿਕਰ ਕੀਤੀਆਂ ਕੁਝ ਘਟਨਾਵਾਂ ਅਤੇ ਫ਼ੈਸਲਿਆਂ ਸੰਬੰਧੀ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੀ ਭੂਮਿਕਾ 'ਤੇ ਸਪਸ਼ਟੀਕਰਨ ਹੋਣਾ ਚਾਹੀਦਾ ਹੈ ਤਾਂ ਸੰਸਦ ਵਿੱਚ ਇੱਕ ਯੁੱਧ ਛਿੜ ਗਿਆ। ਇਸ ਚਰਚਾ ਨੂੰ ਨਿਯਮਾਂ ਵਿਰੁੱਧ ਦੱਸਿਆ ਗਿਆ। ਵਿਸ਼ੇਸ਼ ਅਧਿਕਾਰ ਹਨਨ ਦਾ ਮਤਾ ਪੇਸ਼ ਕਰਨ ਦੀਆਂ ਤਰਕੀਬਾਂ ਸੋਚੀਆਂ ਗਈਆਂ। ਸਪੀਕਰ ਵਿਰੁੱਧ ਅਵਿਸ਼ਵਾਸ ਦਾ ਮਤਾ ਪੇਸ਼ ਹੋਇਆ। ਹਾਏ-ਹਾਏ ਦੇ ਨਾਅਰੇ ਲੱਗੇ।

ਪਰ ਸਦਨ ਦਾ ਇਹ ਸੈਸ਼ਨ ਸੁਸਤ ਬਜਟ ਬਾਰੇ ਚੁੱਪੀ 'ਤੇ ਚੁੱਪ ਰਿਹਾ। ਕੋਈ ਬਹਿਸ ਨਹੀਂ ਕਰ ਸਕਿਆ। ਵੈਸੇ ਇਸ ਸਦਨ ਵਿੱਚ ਬਹਿਸ ਦੀ ਗੁੰਜਾਇਸ਼ ਹੀ ਕਿੱਥੇ ਹੈ? ਵਿਰੋਧੀ ਬੋਲਣ ਲੱਗਦੇ ਹਨ ਤਾਂ ਸੱਤਾਧਾਰੀ ਰੌਲਾ ਪਾਉਂਦੇ ਹਨ। ਅਵਾਜ਼ ਦਬਾ ਦਿੱਤੀ ਜਾਂਦੀ ਹੈ। ਮਸਲੇ ਸਦਨ ਦੇ ਮੈਂਬਰਾਂ ਦੇ ਝੋਲਿਆਂ ਤੋਂ ਬਾਹਰ ਹੀ ਨਹੀਂ ਨਿਕਲਣ ਦਿੱਤੇ ਜਾਂਦੇ।

ਹਾਂ, ਇੱਕ ਕੰਮ ਜ਼ਰੂਰ ਕਰ ਦਿੱਤਾ ਜਾਂਦਾ ਹੈ ਬਹੁਗਿਣਤੀ ਸਰਕਾਰ ਵੱਲੋਂ ਕਿ ਕਿਸਾਨਾਂ-ਮਜ਼ਦੂਰਾਂ ਵਿਰੋਧੀ ਕਾਨੂੰਨ ਇੱਕੋ ਝਟਕੇ ਵਿੱਚ ਪਾਸ ਕਰ ਦਿੱਤੇ ਜਾਂਦੇ ਹਨ। ਮਗਨਰੇਗਾ ਅਤੇ ਮਜ਼ਦੂਰਾਂ ਵਿਰੋਧੀ ਕਾਨੂੰਨਾਂ ਉੱਤੇ ਚਰਚਾ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ।

ਭਾਰਤ ਦੀ ਸੰਸਦ ਲੋਕਤੰਤਰ ਦਾ ਘਰ ਹੈ। ਇਹ ਸਦਨ ਲੋਕਾਂ ਦੀ ਅਵਾਜ਼ ਸੁਣਨ-ਬਣਨ ਲਈ ਬਣਾਏ ਗਏ ਸਨ, ਪਰ ਅੱਜ ਇਹ ਲੋਕਾਂ ਦੀ ਅਵਾਜ਼ ਬੰਦ ਕਰਨ ਲਈ ਵਰਤੇ ਜਾ ਰਹੇ ਹਨ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਸ ਸਦਨ ਵਿੱਚ ਲੋਕ-ਹਿੱਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸੰਸਦ ਵਿੱਚ ਆਪੋ-ਆਪਣੇ ਮਸਲੇ ਪੇਸ਼ ਕਰਨ ਦੀ ਗੱਲ ਗ਼ੈਰਹਾਜ਼ਰ ਹੈ। ਕੇਂਦਰੀਕਰਨ ਦੀ ਰਾਜਨੀਤੀ ਹਾਵੀ ਹੋਣ ਕਾਰਨ ਲੋਕਾਂ ਦੀ ਅਵਾਜ਼ ਜਿਵੇਂ ਪਾਰਟੀ ਪੱਧਰ 'ਤੇ ਦਬਾਈ ਜਾ ਰਹੀ ਹੈ, ਉਵੇਂ ਹੀ ਇਹਨਾਂ ਸਦਨਾਂ 'ਚ ਦੱਬੀ ਜਾ ਰਹੀ ਹੈ। ਸਿੱਟਾ ਆਪਸੀ ਗੁੱਟਬਾਜ਼ੀ ਤੇ ਲੜਾਈ ਵਿੱਚ ਨਿਕਲ ਰਿਹਾ ਹੈ।

ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ-ਕੀ ਸਦਨ ਚਿੰਤਤ ਹੈ? ਦੇਸ਼ ਬੇਰੁਜ਼ਗਾਰੀ ਦਾ ਮਾਰਿਆ ਪਿਆ ਹੈ-ਕੀ ਸਦਨ ਮੈਂਬਰਾਂ ਨੂੰ ਫ਼ਿਕਰ ਹੈ? ਦੇਸ਼ ਵਿੱਚ ਕਾਲੇ ਕਾਨੂੰਨ ਬਣ ਰਹੇ ਹਨ, ਕਿਸਾਨ-ਮਜ਼ਦੂਰ ਵਿਰੋਧੀ-ਕੀ ਵਿਰੋਧੀ-ਸੱਤਾਧਾਰੀ ਮੈਂਬਰਾਂ ਨੂੰ ਇਸ ਸੰਬੰਧੀ ਜਾਣਕਾਰੀ ਹੈ? ਦੇਸ਼ ਅੱਜ ਧਰਮ ਦੇ ਨਾਮ 'ਤੇ ਵੰਡਿਆ ਜਾ ਰਿਹਾ ਹੈ। ਫ਼ਿਰਕਾਪ੍ਰਸਤੀ ਵੱਧ ਰਹੀ ਹੈ। ਕੀ ਦੇਸ਼ ਦੀ ਸੰਸਦ ਵਿੱਚ ਇਸ ਸੰਬੰਧੀ ਕਿਸੇ ਚਰਚਾ ਕੀਤੀ ਹੈ? ਬੁਲਡੋਜ਼ਰ ਦੀ ਨੀਤੀ ਭਾਰੂ ਹੋ ਰਹੀ ਹੈ। ਨੇਤਾ-ਸ਼ਾਸਕ ਆਪੇ ਜੱਜ ਬਣ ਰਹੇ ਹਨ। ਕੀ ਸਦਨ ਦੇ ਮੈਂਬਰ ਇਸ ਸੰਬੰਧੀ ਸੁਚੇਤ ਹਨ? ਕੀ ਦੇਸ਼ ਦੇ ਕੁਦਰਤੀ ਸਾਧਨ ਕਾਰਪੋਰੇਟਾਂ ਹੱਥ ਗਿਰਵੀ ਕੀਤੇ ਜਾ ਰਹੇ ਹਨ-ਇਸ ਸੰਬੰਧੀ ਕਦੇ ਸੰਸਦ ਵਿੱਚ ਕੁਝ ਤੱਥ 'ਤੇ ਵਿਚਾਰ ਕਿਸੇ ਮੈਂਬਰ ਨੇ ਰੱਖੇ ਹਨ?

ਲੋਕਤੰਤਰ ਦਾ ਦਰਵਾਜ਼ਾ ਭਾਰਤੀ ਸਦਨ ਰੂਹ ਦੇ ਪੱਖੋਂ ਖਾਮੋਸ਼ ਹੈ, ਇਹ ਬੜਬੋਲੀ ਤੇ ਹਮਲਾਵਰ ਹੋਈ ਜ਼ਰੂਰ ਦਿਖਦੀ ਹੈ। "ਵਿਸ਼ੇਸ਼ ਅਧਿਕਾਰ ਹਨ" ਲਿਆਉਣ ਦੇ ਮਾਮਲੇ 'ਤੇ ਦੇਸ਼ ਦਾ ਵਿਰੋਧੀ ਧਿਰ ਨੇਤਾ ਇਹ ਤਾਂ ਕਹਿੰਦਾ ਹੈ, "ਮੈਨੂੰ ਪਾਰਲੀਮੈਂਟ ਵਿੱਚੋਂ ਕੱਢ ਦਿਓ, ਮੈਂ ਡਰਨ ਵਾਲਾ ਨਹੀਂ ਹਾਂ। ਮੈਂ ਸੱਚ ਦੇ ਨਾਲ਼ ਖੜਾ ਹਾਂ। ਮੈਂ ਕਿਸਾਨ ਦੇ ਨਾਲ਼ ਖੜਾ ਹਾਂ। ਮੈਂ ਮਜ਼ਦੂਰ ਦੇ ਨਾਲ਼ ਖੜਾ ਹਾਂ।" ਪਰ ਕੀ ਇਹ ਸ਼ਹੀਦ ਦਾ ਦਰਜਾ ਪ੍ਰਾਪਤ ਕਰਨ ਦਾ ਯਤਨ ਤਾਂ ਨਹੀਂ?

ਸੰਸਦ ਦੇ ਸਮਾਗਮਾਂ 'ਤੇ ਕਰੋੜਾਂ ਰੁਪਏ ਪ੍ਰਤੀ ਦਿਨ ਦਾ ਖ਼ਰਚ ਹੈ। ਪਾਰਲੀਮੈਂਟ ਸਦਨ ਲੋਕਾਂ ਦੇ ਦਿੱਤੇ ਟੈਕਸ ਦੇ ਪੈਸਿਆਂ ਦੀ ਦੁਰਵਰਤੋਂ ਦਾ ਸਥਾਨ ਬਣ ਚੁੱਕੇ ਹਨ, ਜਿਹੜੇ ਆਮ ਲੋਕਾਂ ਨੂੰ ਕੋਈ ਰਾਹਤ ਜਾਂ ਚੈਨ ਨਹੀਂ ਦੇ ਰਹੇ। ਲੋਕਤੰਤਰ ਦਾ ਪਵਿੱਤਰ ਥਾਂ ਬਣਨ ਦੀ ਥਾਂ ਦੰਗਲ ਦਾ ਅਖਾੜਾ ਬਣ ਰਹੇ ਹਨ। ਇਹ ਸੱਚਮੁੱਚ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹੈ।

# 'ਮੇਰੀ ਛਿਪੇ ਰਹਿਣ ਦੀ ਚਾਹ, ਤੇ ਛਿਪ ਟੁਰ ਜਾਣ ਦੀ'
# ਸਾਦਗੀ, ਨਿਮਰਤਾ ਤੇ ਮਾਨਵਤਾ ਦੇ ਸੇਵਕ: ਭਾਈ ਸਾਹਿਬ ਡਾ. ਦਲੀਪ ਸਿੰਘ ਜੀ


ਪੇਸ਼ਕਸ਼-
ਪ੍ਰਿਤਪਾਲ ਸਿੰਘ
ਸ਼ਾਹਕੋਟ
ਮੋਬਾ: 9888120180




ਗੁਰੂ ਸਾਹਿਬਾਨ ਦੀ ਪਾਵਨ ਧਰਤੀ 'ਤੇ ਸਮੇਂ-ਸਮੇਂ 'ਤੇ ਅਜਿਹੀਆਂ ਰੂਹਾਂ ਜਨਮ ਲੈਂਦੀਆਂ ਹਨ, ਜੋ ਆਪਣੇ ਜੀਵਨ ਦਾ ਹਰ ਸੁਆਸ ਮਾਨਵਤਾ ਦੀ ਸੇਵਾ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਬਤੀਤ ਕਰਦੀਆਂ ਹਨ। ਅਜੋਕੇ ਪਦਾਰਥਵਾਦੀ ਯੁੱਗ ਵਿੱਚ, ਜਿੱਥੇ ਹਰ ਪਾਸੇ 'ਮੈਂ-ਮੇਰੀ' ਦਾ ਸ਼ੋਰ ਹੈ, ਉੱਥੇ 'ਤੂੰ-ਤੂੰ' ਕਰਨ ਵਾਲੀਆਂ ਰੂਹਾਂ ਵਿਰਲੀਆਂ ਹੀ ਮਿਲਦੀਆਂ ਹਨ। ਅਜਿਹੀ ਹੀ ਇਕ ਮਹਾਨ, ਸ਼ਾਂਤ ਅਤੇ ਰੱਬੀ ਰੰਗ ਵਿੱਚ ਰੰਗੀ ਹੋਈ ਸ਼ਖਸੀਅਤ ਸਨ ਭਾਈ ਸਾਹਿਬ ਡਾ. ਦਲੀਪ ਸਿੰਘ ਜੀ। ਉਨ੍ਹਾਂ ਦਾ ਸਮੁੱਚਾ ਜੀਵਨ ਸਾਦਗੀ, ਸੇਵਾ, ਸਿਮਰਨ ਅਤੇ ਗੁਰੂ-ਘਰ ਦੇ ਅਦਬ-ਸਤਿਕਾਰ ਦੀ ਇੱਕ ਅਜਿਹੀ ਮਿਸਾਲ ਹੈ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਸੇਧ ਲੈਂਦੀਆਂ ਰਹਿਣਗੀਆਂ। ਅੱਜ ਜਦੋਂ ਉਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਨੂੰ ਸਰੀਰਕ ਵਿਛੋੜਾ ਦੇ ਗਏ ਹਨ, ਤਾਂ ਸਮੁੱਚਾ ਪੰਥ ਇਕ ਅਜਿਹੇ ਦਰਵੇਸ਼ ਦੀ ਘਾਟ ਮਹਿਸੂਸ ਕਰ ਰਿਹਾ ਹੈ, ਜਿਸ ਨੇ ਕਦੇ ਆਪਣਾ ਆਪ ਨਹੀਂ ਜਤਾਇਆ।

ਭਾਈ ਸਾਹਿਬ ਡਾ. ਦਲੀਪ ਸਿੰਘ ਜੀ ਦਾ ਜਨਮ 14 ਮਈ 1948 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ 'ਤੇ ਪਿਤਾ ਅਜੀਤ ਸਿੰਘ ਦੇ ਗ੍ਰਹਿ ਅਤੇ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਮਾਤਾ-ਪਿਤਾ ਵੱਲੋਂ ਮਿਲੀ ਗੁੜ੍ਹਤੀ ਅਤੇ ਧਾਰਮਿਕ ਸੰਸਕਾਰਾਂ ਕਰਕੇ ਉਹ ਬਚਪਨ ਤੋਂ ਹੀ ਗੰਭੀਰ ਅਤੇ ਧਾਰਮਿਕ ਬਿਰਤੀ ਦੇ ਮਾਲਕ ਸਨ। ਭਾਈ ਸਾਹਿਬ ਜੀ ਸਿਰਫ ਅਧਿਆਤਮਿਕ ਤੌਰ 'ਤੇ ਹੀ ਬੁਲੰਦ ਨਹੀਂ ਸਨ, ਸਗੋਂ ਦੁਨਿਆਵੀ ਵਿੱਦਿਆ ਵਿੱਚ ਵੀ ਉਨ੍ਹਾਂ ਨੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਉਨ੍ਹਾਂ ਨੇ ਫਾਰਮੇਸੀ ਦੀ ਪੜ੍ਹਾਈ ਚੁਣੀ ਅਤੇ ਆਪਣੀ ਮਿਹਨਤ ਤੇ ਲਗਨ ਸਦਕਾ ਉਸ ਸਮੇਂ ਦੇ ਸੰਯੁਕਤ ਪੰਜਾਬ (ਜਿਸ ਵਿੱਚ ਅਜੋਕਾ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸ਼ਾਮਲ ਸਨ) ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਪੜ੍ਹਾਈ ਮੁਕੰਮਲ ਕਰਨ ਉਪਰੰਤ, ਉਨ੍ਹਾਂ ਨੇ ਨਕੋਦਰ ਇਲਾਕੇ ਨੂੰ ਆਪਣੀ ਕਰਮ ਭੂਮੀ ਬਣਾਇਆ। ਮਹਿਤਪੁਰ ਤੇ ਮੱਲ੍ਹੀਆਂ ਕਲਾਂ ਵਿਖੇ ਬਤੌਰ ਫਾਰਮਾਸਿਸਟ ਨੌਕਰੀ ਕਰਦਿਆਂ ਉਨ੍ਹਾਂ ਨੇ ਇਸ ਕਿੱਤੇ ਨੂੰ ਸਿਰਫ ਰੋਜ਼ੀ-ਰੋਟੀ ਦਾ ਸਾਧਨ ਨਹੀਂ ਸਮਝਿਆ, ਸਗੋਂ ਇਸ ਨੂੰ 'ਦੁਖ ਭੰਜਨ ਤੇਰਾ ਨਾਮ' ਦੇ ਸੰਕਲਪ ਨਾਲ ਜੋੜਿਆ। ਉਨ੍ਹਾਂ ਲਈ ਮਰੀਜ਼ਾਂ ਦੀ ਸੇਵਾ ਹੀ ਰੱਬ ਦੀ ਸੇਵਾ ਸੀ। ਉਹ ਅਕਸਰ ਲੋੜਵੰਦਾਂ ਨੂੰ ਮੁਫਤ ਦਵਾਈਆਂ ਦਿੰਦੇ ਅਤੇ ਸਮੇਂ-ਸਮੇਂ 'ਤੇ ਫ੍ਰੀ ਮੈਡੀਕਲ ਕੈਂਪ ਲਗਾਉਂਦੇ। ਉਨ੍ਹਾਂ ਕੋਲ ਆ ਕੇ ਮਰੀਜ ਦਵਾਈ ਦੇ ਨਾਲ-ਨਾਲ ਉਨ੍ਹਾਂ ਦੇ ਮਿੱਠੇ ਬੋਲਾਂ ਅਤੇ ਅਰਦਾਸ ਨਾਲ ਹੀ ਠੀਕ ਹੋ ਜਾਂਦਾ ਸੀ।

ਪੰਥਕ ਸਫਾਂ ਵਿਚ ਵਿਚਰਦਿਆਂ ਜਦੋਂ ਉਨ੍ਹਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦੇਖਿਆ ਕਿ ਕੁਝ ਦੁਕਾਨਦਾਰਾਂ ਅਤੇ ਪ੍ਰਕਾਸ਼ਕਾਂ ਨੇ 'ਜਾਗਤ ਜੋਤ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਕੇਵਲ ਵਪਾਰ ਅਤੇ ਮੁਨਾਫੇ ਦਾ ਜਰੀਆ ਬਣਾਇਆ ਹੋਇਆ ਹੈ ਅਤੇ ਛਪਾਈ ਵਿੱਚ ਅਣਗਹਿਲੀ ਤੇ ਸਰੂਪਾਂ ਦਾ ਬਣਦਾ ਸਤਿਕਾਰ ਨਹੀ ਦਿੱਤਾ ਜਾ ਰਿਹਾ, ਤਾਂ ਇਸ ਗੱਲ ਨੇ ਭਾਈ ਸਾਹਿਬ ਦੇ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਮਹਿਸੂਸ ਕੀਤਾ ਕਿ ਜੋ ਗੁਰੂ ਸਾਡੇ ਲਈ 'ਪ੍ਰਗਟ ਗੁਰਾਂ ਕੀ ਦੇਹ' ਹਨ, ਉਸ ਦਾ ਇਹ ਨਿਰਾਦਰ ਇੱਕ ਸਿੱਖ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਇਸ ਪੀੜਾ ਵਿੱਚੋਂ ਇਕ ਮਹਾਨ ਸੰਕਲਪ ਦਾ ਜਨਮ ਹੋਇਆ। ਉਨ੍ਹਾਂ ਅਕਾਲ ਪੁਰਖ ਦਾ ਓਟ ਆਸਰਾ ਲੈਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕਾਰਜ ਪੂਰਨ ਮਰਿਆਦਾ ਅਤੇ ਸਤਿਕਾਰ ਨਾਲ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਪਵਿੱਤਰ ਕਾਰਜ ਲਈ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਮਾਲੜੀ ਸਾਹਿਬ ਨੂੰ ਚੁਣਿਆ। ਇਹ ਕਾਰਜ ਆਸਾਨ ਨਹੀਂ ਸੀ, ਪਰ ਭਾਈ ਸਾਹਿਬ ਦਾ ਭਰੋਸਾ ਅਕਾਲ ਪੁਰਖ 'ਤੇ ਸੀ। ਉਨ੍ਹਾਂ ਨੇ ਉੱਥੇ ਅਤਿ-ਆਧੁਨਿਕ ਪਰ ਮਰਿਆਦਾ ਅਨੁਸਾਰ ਪ੍ਰੈੱਸ ਲਗਾਈ। ਉਹ ਯਕੀਨੀ ਬਣਾਉਂਦੇ ਸਨ ਕਿ ਛਪਾਈ ਦੌਰਾਨ ਹਰ ਸੇਵਾਦਾਰ ਸੁੱਚਮਤਾ ਵਿੱਚ ਹੋਵੇ ਤੇ ਹਰ ਸਮੇਂ ਨਾਮ ਦਾ ਜਾਪ ਕਰੇ। ਉਨ੍ਹਾਂ ਗੁਰੂ ਸਾਹਿਬ ਦੇ ਸਤਿਕਾਰ ਤੇ ਸ਼ਰਧਾ ਨੂੰ ਹਮੇਸ਼ਾ ਮੁੱਖ ਰੱਖਿਆ। ਸਮੇਂ ਦੇ ਨਾਲ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਛਪਾਈ ਬੰਦ ਕਰਨ ਦੇ ਸਭ ਨੂੰ ਹੁਕਮ ਹੋਏ ਤਾਂ ਉਨ੍ਹਾਂ ਉੱਥੇ ਹੀ ਸਾਰਾ ਕਾਰਜ ਬੰਦ ਕਰ ਦਿੱਤਾ।

ਭਾਈ ਸਾਹਿਬ ਜੀ ਜਾਣਦੇ ਸਨ ਕਿ ਸਮਾਜ ਨੂੰ ਸਹੀ ਸੇਧ ਦੇਣ ਲਈ ਸਿੱਖਿਆ ਸਭ ਤੋਂ ਵੱਡਾ ਹਥਿਆਰ ਹੈ, ਪਰ ਉਹ ਸਿੱਖਿਆ ਜੋ ਸਿਰਫ ਕਿਤਾਬੀ ਗਿਆਨ ਹੀ ਨਾ ਦੇਵੇ ਸਗੋਂ ਬੱਚਿਆਂ ਨੂੰ ਚੰਗੇ ਇਨਸਾਨ ਵੀ ਬਣਾਵੇ। ਇਸੇ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਨ੍ਹਾਂ ਨੇ ਹੋਰ ਗੁਰਮੁਖ ਸਿੰਘਾਂ ਨਾਲ ਰਲ ਕੇ 'ਸੇਵਕ ਚੈਰੀਟੇਬਲ ਟਰੱਸਟ' ਦੀ ਸਥਾਪਨਾ ਕੀਤੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ 400 ਸਾਲਾ ਸਥਾਪਨਾ ਦਿਵਸ ਮੌਕੇ ਸੰਨ 1988 ਵਿਚ ਸੇਵਕ ਪਬਲਿਕ ਹਾਈ ਸਕੂਲ, ਨਕੋਦਰ ਦੀ ਨੀਂਹ ਰੱਖੀ। ਇਹ ਸਕੂਲ ਸਿਰਫ ਇੱਕ ਇਮਾਰਤ ਨਹੀਂ, ਸਗੋਂ ਸੰਸਕਾਰਾਂ ਦੀ ਇੱਕ ਟਕਸਾਲ ਬਣ ਗਿਆ। ਭਾਈ ਸਾਹਿਬ ਜੀ ਦਾ ਸੁਪਨਾ ਸੀ ਕਿ ਇੱਥੇ ਪੜ੍ਹਨ ਵਾਲਾ ਹਰ ਬੱਚਾ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਨਾਲ ਵੀ ਜੁੜੇ। ਉਹ ਖੁਦ ਸਕੂਲ ਦੀਆਂ ਗਤੀਵਿਧੀਆਂ ਵਿੱਚ ਦਿਲਚਸਪੀ ਲੈਂਦੇ ਅਤੇ ਬੱਚਿਆਂ ਨੂੰ ਸਾਦਗੀ ਤੇ ਸੱਚਾਈ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਦਿੰਦੇ। ਅੱਜ ਇਸ ਸਕੂਲ ਤੋਂ ਪੜ੍ਹੇ ਹਜ਼ਾਰਾਂ ਵਿਦਿਆਰਥੀ ਦੇਸ਼-ਵਿਦੇਸ਼ ਵਿਚ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹਨ, ਜਿਨ੍ਹਾਂ ਦੀ ਸਫਲਤਾ ਦੀ ਨੀਂਹ ਵਿੱਚ ਭਾਈ ਸਾਹਿਬ ਜੀ ਦੀ ਸੋਚ ਕੰਮ ਕਰ ਰਹੀ ਹੈ।

ਭਾਈ ਸਾਹਿਬ ਡਾ.ਦਲੀਪ ਸਿੰਘ ਜੀ ਦਾ ਸਬੰਧ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਤੇ ਮਹਾਨ ਗੁਰਸਿੱਖ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪਰਿਵਾਰ ਨਾਲ ਸੀ। ਆਪ ਜੀ ਨੇ ਵੀ ਕਈ ਧਾਰਮਿਕ ਪੁਸਤਕਾਂ ਪੰਥ ਦੀ ਝੋਲੀ



ਭਾਈ ਸਾਹਿਬ ਡਾ. ਦਲੀਪ ਸਿੰਘ ਜੀ

ਵਿਚ ਪਾਈਆਂ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਪੁਸਤਕ ਉੱਤੇ ਆਪਣਾ ਨਾਮ ਨਹੀਂ ਲਿਖਿਆ। ਭਾਈ ਵੀਰ ਸਿੰਘ ਜੀ ਵਾਂਗ ਹੀ ਉਨ੍ਹਾਂ ਦੇ ਮਨ ਦੀ ਅਵਸਥਾ ਵੀ ਇਹੋ ਸੀ ਕਿ 'ਮੇਰੀ ਛਿਪੇ ਰਹਿਣ ਦੀ ਚਾਹ, ਤੇ ਛਿਪ ਟੁਰ ਜਾਣ ਦੀ।' ਉਨ੍ਹਾਂ ਦਾ ਮੰਨਣਾ ਸੀ ਕਿ ਇਹ ਲਿਖਣ ਦੀ ਦਾਤ ਗੁਰੂ ਦੀ ਹੈ ਤਾਂ ਫਿਰ ਮੈਂ ਆਪਣਾ ਨਾਮ ਕਿਉਂ ਛਾਪਾਂ? ਉਹ ਚਾਹੁੰਦੇ ਸਨ ਕਿ ਪਾਠਕ ਲਿਖਾਰੀ ਨਾਲ ਜੁੜਨ ਦੀ ਬਜਾਏ, ਲਿਖਤ ਵਿੱਚਲੇ ਗਿਆਨ ਅਤੇ ਗੁਰੂ ਨਾਲ ਜੁੜਨ। ਉਹ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਵੀ ਤਤਪਰ ਸਨ ਅਤੇ ਆਪ ਪਿੰਡ-ਪਿੰਡ ਜਾ ਕੇ ਕਥਾ ਕਰਦੇ ਸਨ ਤੇ ਸੰਗਤਾਂ ਨੂੰ ਧਾਰਮਿਕ ਸਾਹਿਤ ਅਤੇ ਪੁਸਤਕਾਂ ਵੰਡਿਆ ਕਰਦੇ ਸਨ ਤਾਂ ਜੋ ਆਮ ਲੋਕਾਈ ਗੁਰੂ ਦੇ ਸ਼ਬਦ ਅਤੇ ਗਿਆਨ ਨਾਲ ਜੁੜ ਸਕੇ।

ਗੁਰਬਾਣੀ ਦਾ ਫੁਰਮਾਨ ਹੈ:

'ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥'

ਉਨ੍ਹਾਂ ਜੀਵਨ ਭਰ ਅਨੇਕਾਂ ਮਹਾਨ ਕਾਰਜ ਕੀਤੇ, ਪਰ ਕਦੇ ਵੀ ਅਖਬਾਰਾਂ ਦੀਆਂ ਸੁਰਖੀਆਂ ਜਾਂ ਸਟੇਜਾਂ ਦਾ ਸ਼ਿੰਗਾਰ ਬਣਨ ਦੀ ਇੱਛਾ ਨਹੀਂ ਰੱਖੀ। ਉਨ੍ਹਾਂ ਦੀ ਆਤਮਿਕ ਅਵਸਥਾ ਇੰਨੀ ਬੁਲੰਦ ਸੀ ਕਿ ਵੱਡੀਆਂ-ਵੱਡੀਆਂ ਸ਼ਖਸੀਅਤਾਂ, ਪੰਥ ਦੇ ਜਥੇਦਾਰ ਤੇ ਵਿਦਵਾਨ ਉਨ੍ਹਾਂ ਪਾਸੋਂ ਗੁੰਝਲਦਾਰ ਮਸਲਿਆਂ 'ਤੇ ਸਲਾਹ ਲੈਣ ਲਈ ਆਉਂਦੇ ਸਨ। ਪਰ ਉਹ ਹਮੇਸ਼ਾ ਨਿਮਰਤਾ ਦੇ ਪੁਜਾਰੀ ਬਣੇ ਰਹੇ।

ਇੱਕ ਵਾਰ ਦੀ ਘਟਨਾ ਉਨ੍ਹਾਂ ਦੀ ਨਿਰਮਾਣਤਾ ਦੀ ਸਿਖਰ ਨੂੰ ਬਿਆਨ ਕਰਦੀ ਹੈ। ਤਖਤ ਸ੍ਰੀ ਪਟਨਾ ਸਾਹਿਬ ਦੇ ਤਤਕਾਲੀ ਜਥੇਦਾਰ, ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਭਾਈ ਸਾਹਿਬ ਜੀ ਦੀ ਜੀਵਨ ਸ਼ੈਲੀ, ਨਾਮ-ਅਭਿਆਸ ਅਤੇ ਪੰਥਕ ਸੇਵਾਵਾਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਭਾਈ ਸਾਹਿਬ ਨੂੰ 'ਸੰਤ' ਦੀ ਉਪਾਧੀ ਦਿੱਤੀ। ਪਰ 'ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ' ਦੇ ਧਾਰਨੀ ਭਾਈ ਸਾਹਿਬ ਨੇ ਬੜੀ ਨਿਮਰਤਾ ਨਾਲ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਗੁਰੂ ਦੇ 'ਸਿੱਖ' ਅਤੇ 'ਸੇਵਕ' ਹੀ ਰਹਿਣ ਦਿੱਤਾ ਜਾਵੇ। ਉਨ੍ਹਾਂ ਨੇ ਇਸ ਗੱਲ ਨੂੰ ਕਦੇ ਵੀ ਜਨਤਕ ਨਹੀਂ ਹੋਣ ਦਿੱਤਾ ਅਤੇ ਨਾ ਹੀ ਇਸ

ਭਾਈ ਸਾਹਿਬ ਜੀ ਜਾਣਦੇ ਸਨ ਕਿ ਸਮਾਜ ਨੂੰ ਸਹੀ ਸੇਧ ਦੇਣ ਲਈ ਸਿੱਖਿਆ ਸਭ ਤੋਂ ਵੱਡਾ ਹਥਿਆਰ ਹੈ, ਪਰ ਉਹ ਸਿੱਖਿਆ ਜੋ ਸਿਰਫ ਕਿਤਾਬੀ ਗਿਆਨ ਹੀ ਨਾ ਦੇਵੇ ਸਗੋਂ ਬੱਚਿਆਂ ਨੂੰ ਚੰਗੇ ਇਨਸਾਨ ਵੀ ਬਣਾਵੇ। ਇਸੇ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਨ੍ਹਾਂ ਨੇ ਹੋਰ ਗੁਰਮੁਖ ਸਿੰਘਾਂ ਨਾਲ ਰਲ ਕੇ 'ਸੇਵਕ ਚੈਰੀਟੇਬਲ ਟਰੱਸਟ' ਦੀ ਸਥਾਪਨਾ ਕੀਤੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ 400 ਸਾਲਾ ਸਥਾਪਨਾ ਦਿਵਸ ਮੌਕੇ ਸੰਨ 1988 ਵਿਚ ਸੇਵਕ ਪਬਲਿਕ ਹਾਈ ਸਕੂਲ, ਨਕੋਦਰ ਦੀ ਨੀਂਹ ਰੱਖੀ। ਇਹ ਸਕੂਲ ਸਿਰਫ ਇੱਕ ਇਮਾਰਤ ਨਹੀਂ, ਸਗੋਂ ਸੰਸਕਾਰਾਂ ਦੀ ਇੱਕ ਟਕਸਾਲ ਬਣ ਗਿਆ।

ਦਾ ਕੋਈ ਪ੍ਰਚਾਰ ਕੀਤਾ। ਉਹ ਜਾਣਦੇ ਸਨ ਕਿ ਅਸਲ ਸਨਮਾਨ ਦੁਨੀਆ ਤੋਂ ਨਹੀਂ, ਸਗੋਂ ਦਰਗਾਹ ਵਿੱਚੋਂ ਮਿਲਦਾ ਹੈ।

ਭਾਈ ਸਾਹਿਬ ਜੀ ਦਾ ਨਿੱਤ-ਜੀਵਨ ਨਾਮ-ਬਾਣੀ ਵਿੱਚ ਗੜੁੱਚ ਸੀ। ਉਨ੍ਹਾਂ ਦੇ ਚਿਹਰੇ 'ਤੇ ਹਮੇਸ਼ਾ ਇੱਕ ਅਲੌਕਿਕ ਨੂਰ ਰਹਿੰਦਾ ਸੀ। ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲਾ ਹਰ ਵਿਅਕਤੀ ਉਨ੍ਹਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿੰਦਾ। ਉਹ ਚੱਲਦੇ-ਫਿਰਦੇ, ਕਾਰਜ ਕਰਦੇ ਹੋਏ ਵੀ ਸੁਰਤ ਕਰਕੇ ਸ਼ਬਦ ਨਾਲ ਜੁੜੇ ਰਹਿੰਦੇ ਸਨ। ਅੰਤ, ਕੁਦਰਤ ਦੇ ਨਿਯਮ ਅਨੁਸਾਰ, ਜੋ ਆਇਆ ਹੈ ਉਸ ਨੇ ਜਾਣਾ ਹੈ। ਕੁਝ ਦਿਨ ਸਰੀਰਕ ਤੌਰ 'ਤੇ ਅਸਵਸਥ ਰਹਿਣ ਉਪਰੰਤ, ਉਹ ਆਪਣੀ ਸਵਾਸਾਂ ਦੀ ਪੂੰਜੀ ਨੂੰ ਸਫਲ ਕਰਦਿਆਂ, ਅਕਾਲ ਪੁਰਖ ਦੇ ਹੁਕਮ ਵਿਚ 12 ਫਰਵਰੀ 2026 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦਾ ਵਿਛੋੜਾ ਸਮੁੱਚੇ ਪੰਥ, ਪਰਿਵਾਰ ਤੇ ਸੇਵਕ ਟਰੱਸਟ ਲਈ ਇਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਭਾਈ ਸਾਹਿਬ ਡਾ. ਦਲੀਪ ਸਿੰਘ ਜੀ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਹੇ, ਪਰ ਉਨ੍ਹਾਂ ਦੁਆਰਾ ਆਰੰਭੇ ਕਾਰਜ, ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦਾ ਸਾਦਗੀ ਭਰਿਆ ਜੀਵਨ ਹਮੇਸ਼ਾ ਸਾਨੂੰ ਪ੍ਰੇਰਨਾ ਦਿੰਦਾ ਰਹੇਗਾ। ਵਿੱਦਿਆ ਦੇ ਖੇਤਰ ਵਿਚ ਭਾਈ ਸਾਹਿਬ ਜੀ ਵੱਲੋਂ ਸੇਵਕ ਸਕੂਲ ਦੇ ਰੂਪ ਵਿਚ ਲਾਇਆ ਗਿਆ ਬੂਟਾ ਸਦਾ ਉਨ੍ਹਾਂ ਦੀ ਯਾਦ ਦਿਵਾਉਂਦਾ ਰਹੇਗਾ। 22 ਫਰਵਰੀ 2026 ਦਿਨ ਐਤਵਾਰ ਨੂੰ ਉਨ੍ਹਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ ਸੇਵਕ ਪਬਲਿਕ ਹਾਈ ਸਕੂਲ ਨਕੋਦਰ ਵਿਖੇ ਸਵੇਰੇ 7 ਵਜੇ ਤੋਂ ਦੁਪਹਿਰ 1 ਵਜੇ ਤਕ ਹੋਵੇਗੀ। ਭਾਈ ਸਾਹਿਬ ਜੀ ਨੂੰ ਸੱਚੀ ਸਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਦਰਸਾਏ ਸਾਦਗੀ, ਸੇਵਾ ਅਤੇ ਸਿਮਰਨ ਦੇ ਮਾਰਗ 'ਤੇ ਚੱਲੀਏ ਅਤੇ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤਤਪਰ ਰਹੀਏ। ਭਾਈ ਸਾਹਿਬ ਜੀ ਦਾ ਜੀਵਨ ਸਾਡੇ ਲਈ ਹਮੇਸ਼ਾ ਇੱਕ ਚਾਨਣ-ਮੁਨਾਰਾ ਬਣਿਆ ਰਹੇਗਾ।

## ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼


-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਸੁਲਤਾਨਪੁਰ ਲੋਧੀ

## ਸੁਲਤਾਨਪੁਰ ਲੋਧੀ

**(ਸ) ਗੁਰਦੁਆਰਾ ਗੁਰੂ ਕਾ ਬਾਗ:**
ਇਹ ਗੁਰਦੁਆਰਾ ਸ਼ਹਿਰ ਦੇ ਅੰਦਰ ਹੈ। ਇਮਾਰਤ ਅੰਦਰ ਇਕ ਵੱਡਾ ਹਾਲ ਹੈ। ਇਹ ਉਹ ਥਾਂ ਹੈ, ਜਿਥੇ ਗੁਰੂ ਨਾਨਕ ਸਾਹਿਬ ਆਪਣੀ ਧਰਮ ਪਤਨੀ ਅਤੇ ਬੱਚਿਆਂ ਨਾਲ ਸੁਲਤਾਨਪੁਰ ਠਹਿਰਨ ਸਮੇਂ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਹਾਲ ਵਿੱਚ ਬੜ੍ਹੇ 'ਤੇ ਹੁੰਦਾ ਹੈ। ਇਕ ਤੰਗ ਖੂਹ ਉਸ ਸਮੇਂ ਦੀ ਯਾਦ ਵਿੱਚ ਅਜੇ ਵੀ ਸੁਰੱਖਿਅਤ ਹੈ। ਗੁਰਦੁਆਰੇ ਨਾਲ 13 ਏਕੜ ਜ਼ਮੀਨ ਲੱਗੀ ਹੋਈ ਹੈ। ਇਸ ਗੁਰ-ਦੁਆਰੇ ਵਿੱਚ ਬਾਬਾ ਸ੍ਰੀਚੰਦ ਜੀ ਦੀ ਇਕ ਬੈਰਾਗਣ ਹੈ।

**ਹ) ਗੁਰਦੁਆਰਾ ਕੋਠੜੀ ਸਾਹਿਬ:**
ਇਹ ਛੋਟਾ ਜਿਹਾ ਘਰ-ਨੁਮਾ ਗੁਰਦੁਆਰਾ ਹੈ, ਜੋ ਮਹੱਲਾ ਵਦੀਆਂ ਵਿੱਚ ਹੈ। ਇਸ ਥਾਂ ਗੁਰੂ ਸਾਹਿਬ ਦਾ ਲੇਖਾ ਨਵਾਬ ਦੇ ਮੁਨਸ਼ੀਆਂ ਲਿਆ ਸੀ। ਇਨ੍ਹਾਂ ਦੋ ਛੋਟੇ ਕਮਰਿਆਂ ਵਿੱਚੋਂ ਇਕ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਗੁਰਦੁਆਰੇ ਨਾਲ 3 ਏਕੜ ਜ਼ਮੀਨ ਲੱਗੀ ਹੋਈ ਹੈ।

**(ਕ) ਗੁਰਦੁਆਰਾ ਬੇਬੇ ਨਾਨਕੀ ਜੀ:**
ਇਹ ਗੁਰਦੁਆਰਾ ਸਾਹਿਬ 1970 ਵਿੱਚ ਬੇਬੇ ਨਾਨਕੀ ਦੀ ਯਾਦ ਵਿੱਚ ਬਣਿਆ ਹੈ, ਜੋ ਗੁਰੂ ਨਾਨਕ ਸਾਹਿਬ ਦੀ ਵੱਡੀ ਭੈਣ ਸੀ। ਅਸਲੀ ਘਰ, ਤਿੰਨ ਮੰਜ਼ਲੀ ਪੁਰਾਣੀ ਇਮਾਰਤ ਹੈ, ਜਿਥੇ ਬੇਬੇ ਨਾਨਕੀ ਆਪਣੇ ਪਤੀ ਭਾਈ ਜੈ ਰਾਮ ਜੀ ਨਾਲ ਰਹਿੰਦੇ ਸਨ। ਉਹ ਪੁਰਾਣੇ ਸ਼ਹਿਰ ਦੇ ਮਹੱਲਾ ਚਿਬੀਆਂ ਵਿੱਚ ਸੀ, ਪਰ ਉਹ ਨਿੱਜੀ ਅਧਿਕਾਰ ਵਿੱਚ ਸੀ। ਇਸ ਗੁਰਦੁਆਰੇ ਦੀ ਨੀਂਹ 13 ਨਵੰਬਰ 1970 ਨੂੰ ਬੇਬੇ ਨਾਨਕੀ ਇਸਤਰੀ ਸਤਿਸੰਗ ਟਰੱਸਟ ਦੀ ਚੇਅਰਮੈਨਸ਼ਿਪ ਹੇਠ ਬੀਬੀ ਬਲਵੰਤ ਕੌਰ ਬਰਮਿੰਘਮ (ਯੂ.ਕੇ.) ਨੇ ਰੱਖਿਆ। ਇਸ ਗੁਰਦੁਆਰੇ ਵਿੱਚ ਇਕ ਕੇਂਦਰੀ ਹਾਲ ਅਤੇ ਇਕ ਨੁੱਕਰ ਵਿੱਚ ਚਿੱਟੀ ਸੰਗਮਰਮਰ ਦੀ ਪਾਲਕੀ ਬਣੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਨਾਲ ਵਾਲੇ ਕਮਰੇ ਵਿੱਚ ਵੀ ਹੈ, ਜਿਥੇ ਬੇਬੇ ਨਾਨਕੀ ਦਾ ਸਮਾਨ ਪਿਆ ਹੈ। ਪ੍ਰਕਾਸ਼ ਅਸਥਾਨ ਉਪਰ, ਇਕ ਮੁਰੱਬਾ ਗੁੰਬਦਨੁਮਾ ਕਮਰਾ ਹੈ, ਜਿਸ ਦੇ ਉਪਰ ਗੁੰਬਦ ਹਾਲ ਦੀ ਛੱਤ ਉਪਰ ਕਿਨਾਰਿਆਂ 'ਤੇ ਕਈ ਗੋਲ ਆਕਾਰੀ ਛੋਟੇ ਗੁੰਬਦ ਨਜ਼ਰੀਂ ਪੈਂਦੇ ਹਨ।

**(ਖ) ਗੁਰਦੁਆਰਾ ਸਿਹਰਾ ਸਾਹਿਬ:**
ਇਹ ਗੁਰਦੁਆਰਾ ਗੁਰੂ ਅਰਜਨ ਸਾਹਿਬ ਦੀ ਯਾਦ ਵਿੱਚ ਹੈ, ਜਦੋਂ ਗੁਰੂ ਸਾਹਿਬ 1604 ਨੂੰ ਡੱਲਾ ਆਪਣੇ ਬੇਟੇ (ਗੁਰੂ) ਹਰਿਗੋਬਿੰਦ ਸਾਹਿਬ ਦੇ ਵਿਆਹ ਸਮੇਂ ਸੁਲਤਾਨਪੁਰ ਵਿੱਚੋਂ ਗੁਜ਼ਰੇ ਸਨ। ਇਹ ਗੁਰਦੁਆਰਾ ਕੋਠੜੀ ਸਾਹਿਬ ਦੇ ਨਜ਼ਦੀਕ ਹੈ।

ਰਿਵਾਇਤ ਅਨੁਸਾਰ ਜੰਝ ਇਕ ਰਾਤ, ਇਥੇ ਠਹਿਰੀ ਸੀ ਅਤੇ ਇਥੇ ਹੀ (ਗੁਰੂ) ਹਰਿਗੋਬਿੰਦ ਸਾਹਿਬ ਨੇ ਸਿਹਰਾ ਬੰਨ੍ਹਿਆ ਸੀ। ਗੁਰਦੁਆਰਾ ਚਾਰ ਦੀਵਾਰੀ ਅਹਾਤੇ ਵਿੱਚ ਅੱਠ ਕੋਨਾਂ ਵਾਲਾ ਗੁੰਬਦ ਨੁਮਾ ਹੈ, ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

**(ਗ) ਗੁਰਦੁਆਰਾ ਸੰਤ ਘਾਟ:**
ਇਹ ਵੇਈਂ ਨਦੀ ਦੇ ਕੰਢੇ ਸੁਸ਼ੋਭਿਤ ਹੈ। ਇਸ ਥਾਂ ਗੁਰੂ ਸਾਹਿਬ ਤੀਜੇ ਦਿਨ ਨਦੀ ਤੋਂ ਬਾਹਰ ਆਏ ਸਨ। ਗੁਰੂ ਸਾਹਿਬ ਜਿਸ ਥਾਂ ਅਲੋਪ ਹੋਏ ਸਨ ਨਦੀ ਵਿੱਚ, ਉਸ ਥਾਂ ਗੁਰਦੁਆਰਾ ਬੇਰ ਸਾਹਿਬ, ਨਦੀ ਵੇਈਂ ਦੇ ਕੋਲ ਹੀ ਹੈ। ਇਸ ਗੁਰਦੁਆਰੇ ਨਾਲ ਪੰਜ ਏਕੜ ਜ਼ਮੀਨ ਰਿਆਸਤ ਵੱਲੋਂ ਲੱਗੀ ਹੈ।

ਸੁਲਤਾਨਪੁਰ ਲੋਧੀ ਵਿੱਚ ਸਾਰੇ ਗੁਰਦੁਆਰਿਆਂ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਮੈਨੇਜਰ ਰਾਹੀਂ ਕਰਦੀ ਹੈ। ਇਹ ਗੁਰ-ਅਸਥਾਨ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹਨ।

**ਪੁਸਤਕ ਸੂਚੀ:-**


1.ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3.ਠਾਕਰ ਸਿੰਘ- ਸ੍ਰੀ ਗੁਰਦੁਆਰਾ ਦਰਸ਼ਨ, ਅੰਮ੍ਰਿਤਸਰ, 1923
4.ਕੋਹਲੀ, ਸੁਰਿੰਦਰ ਸਿੰਘ- ਟ੍ਰੈਵਲਜ਼ ਆਫ਼ ਗੁਰੂ ਨਾਨਕ, ਚੰਡੀਗੜ੍ਹ, 1969
5.ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ-ਰਹਿਤ।
6.ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998


## ਸੂਰਪੁਰ

ਰਾਜਸਥਾਨ ਰਿਆਸਤ ਵਿੱਚ ਇਕ ਪਿੰਡ ਸੂਰਪੁਰ ਹੈ, ਜੋ ਨੋਹਰ ਤੋਂ ਅੱਠ ਕਿਲੋਮੀਟਰ ਦੂਰ ਹੈ। ਗੁਰੂ ਗੋਬਿੰਦ ਸਿੰਘ ਨੋਹਰ ਤੋਂ ਸੁਹੇਵੇ ਜਾਂਦੇ ਸਮੇਂ ਇਸ ਪਿੰਡ ਆਏ ਸਨ। ਇਹ 1706 ਦੀ ਤਾਰੀਖ ਸੀ। ਮਹਾਨ ਕੋਸ਼ ਦੇ ਕਰਤਾ ਅਨੁਸਾਰ ਗੁਰਦੁਆਰਾ ਨਹੀਂ ਬਣਿਆ।

## ਸੂਲੀਸਰ (ਕੋਟ ਧਰਮੂ)

ਸੂਲੀਸਰ ਪਿੰਡ, ਜ਼ਿਲ੍ਹਾ ਮਾਨਸਾ ਵਿੱਚ ਜਿਸ ਨੂੰ ਪਹਿਲਾਂ ਧਰਮ ਦਾ ਕੋਟ ਜਾਂ ਕੋਟ ਧਰਮੂ ਆਖਿਆ ਜਾਂਦਾ ਸੀ, ਰੇਲਵੇ ਸਟੇਸ਼ਨ ਮਾਨਸਾ ਤੋਂ 10 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਪਵਿੱਤਰ ਕਦਮ ਪਏ ਹਨ। ਇਥੇ ਗੁਰੂ ਸਾਹਿਬ ਦੇ ਘੋੜੇ ਦਾ ਚੋਰ ਆਪਣੀ ਕਰਨੀ 'ਤੇ ਪਛਤਾਉਂਦਾ ਹੋਇਆ, ਜੰਡ ਬਿਰਛ ਦੇ ਸੁੱਕੇ ਡਾਹਣੇ ਨਾਲ ਆਪਣਾ ਪੇਟ ਪਾੜ ਕੇ ਮੋਇਆ ਸੀ, ਜਿਸ ਕਰਕੇ ਨਾਂ ਸੂਲੀਸਰ ਪ੍ਰਸਿੱਧ ਹੋ ਗਿਆ। ਇਸ ਗੁਰਦੁਆਰੇ ਨਾਲ ਰਿਆਸਤ ਵੱਲੋਂ 125 ਏਕੜ ਜ਼ਮੀਨ ਮੁਆਫ਼ ਹੈ। ਮਾਨਸਾ ਤੋਂ ਇਹ ਦੱਖਣ ਦਿਸ਼ਾ ਵੱਲ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-


1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990


## ਸੂਲ੍ਹਰ (ਸੂਲਰ)

ਹਰਿਆਣਾ ਦੇ ਸ਼ਹਿਰ ਅੰਬਾਲਾ ਵਿੱਚ ਪਿੰਡ ਸੂਲ੍ਹਰ ਆਉਂਦਾ ਹੈ। ਅੰਬਾਲਾ ਦਾ ਅਕਸ਼ਾਂਸ਼ 300-23 ਅਤੇ ਰੇਖਾਂਸ਼ ਦੇਸ਼ਾਂਤਰ 760-47 ਹੈ। ਇਹ ਪਿੰਡ ਅੰਬਾਲਾ ਸ਼ਹਿਰ ਤੋਂ 10 ਕਿਲੋਮੀਟਰ ਦੂਰ ਦੱਖਣ-ਪੱਛਮ ਵੱਲ ਹੈ। ਇਸ ਪਿੰਡ ਵਿੱਚ, ਗੁਰੂ ਗੋਬਿੰਦ ਸਿੰਘ ਸਾਹਿਬ 1670-71 ਵਿੱਚ ਲਖਨੌਰ ਠਹਿਰਨ ਸਮੇਂ ਆਏ ਸਨ। ਗੁਰਦੁਆਰਾ ਪਾਤਸ਼ਾਹੀ ਦਸਵੀਂ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੈ। ਇਹ ਗੁਰਦੁਆਰਾ ਡੂੰਘੇ ਤਾਲਾਬ ਦੇ ਕਿਨਾਰੇ, ਉਚੀ ਥਾਂ 'ਤੇ ਪਿੰਡ ਦੇ ਉਤਰ-ਪੱਛਮ ਵੱਲ ਹੈ। 1951 ਵਿੱਚ, ਇਸ ਦੋ ਮਜ਼ਲੀ ਗੁੰਬਦੀ ਇਮਾਰਤ ਵਿੱਚ ਇਕ ਵੱਡੇ ਹਾਲ ਦਾ ਵਿਸਥਾਰ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਪ੍ਰਬੰਧ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-


1. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ
।3. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990


## ਸੋਹਵਾਨ

ਸਿੰਧ (ਪਾਕਿਸਤਾਨ) ਵਿੱਚ ਜ਼ਿਲ੍ਹਾ ਜੈਕਬਆਬਾਦ ਆਉਂਦਾ ਹੈ, ਜਿਸ ਦੀ ਤਹਿਸੀਲ ਕੰਧਕੋਟ ਹੈ। ਇਹ ਪਵਿੱਤਰ ਅਸਥਾਨ ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਹੈ। ਇਹ ਅਸਥਾਨ ਅੱਜ ਕੱਲ੍ਹ ਸੁਨਿਆਰ ਬਾਜ਼ਾਰ ਅੰਦਰ ਸਥਿਤ ਹੈ। ਇਸ ਮੁਹੱਲੇ ਨੂੰ ਨਾਨਕਵਾੜਾ ਵੀ ਆਖਿਆ ਜਾਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਨੂੰ ਜ਼ਿਲ੍ਹਾ ਲਾਰਕਾਨਾ ਦਾ ਇਕ ਨਗਰ ਲਿਖਿਆ ਹੈ, ਜੋ ਰੋਹੜੀ ਰੇਲਵੇ ਜੰਕਸ਼ਨ ਤੋਂ 142 ਮੀਲ ਦੀ ਦੂਰੀ 'ਤੇ ਪੁਰਾਣੇ ਜ਼ਿਲ੍ਹੇ ਅੰਦਰ ਗੁਰੂ ਨਾਨਕ ਸਾਹਿਬ ਦਾ ਪਵਿੱਤਰ ਅਸਥਾਨ ਨਾਨਕਵਾੜਾ ਦੱਸਿਆ ਹੈ। ਇਸ ਨੂੰ ਹਿੰਦੂ ਮੁਸਲਮਾਨ ਪੂਜਦੇ ਹਨ। ਗੁਰੂ ਨਾਨਕ ਸਾਹਿਬ ਸਿੰਧ ਦੀ ਯਾਤਰਾ ਕਰਦੇ ਇਸ ਨਗਰ ਪਧਾਰੇ ਸਨ। ਕਰਨਲ ਟਾਡ ਨੇ ਆਪਣੀ ਕਿਤਾਬ ਹਿਸਟਰੀ ਆਫ਼ ਰਾਜਸਥਾਨ ਵਿੱਚ ਇਸ ਗੁਰਦੁਆਰੇ ਦਾ ਜ਼ਿਕਰ ਕੀਤਾ ਹੈ।

ਅੱਜ ਕੱਲ੍ਹ ਇਸ ਅਸਥਾਨ ਨੂੰ ਨਾਨਕ ਦਰਬਾਰ ਕਰਕੇ ਯਾਦ ਕੀਤਾ ਜਾਂਦਾ ਹੈ। ਪੁਜਾਰੀ ਧੰਨਾ ਸਿੰਘ ਜੀ ਹਨ। ਦਰਬਾਰ ਦੇ ਨਾਲ ਹੀ ਹਿੰਦੂਆਂ ਦੇ ਤਿੰਨ ਮੰਦਿਰ ਹਨ। ਇਨ੍ਹਾਂ ਸਾਰੀਆਂ ਥਾਵਾਂ 'ਤੇ ਪੂਜਾ ਹੁੰਦੀ ਹੈ। ਮੂਰਤੀਆਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਹੁੰਦਾ ਹੈ। ਦੀਵਾਲੀ, ਵਿਸਾਖੀ, ਜਨਮ ਅਸ਼ਟਮੀ ਅਤੇ ਗੁਰਪੁਰਬ ਗੁਰੂ ਨਾਨਕ ਸਾਹਿਬ ਦੇ ਸਮੇਂ ਭਾਰੀ ਜੋੜ-ਮੇਲਾ ਹੁੰਦਾ ਹੈ। ਇਥੇ ਸੰਗਤਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ। ਦਰਬਾਰ ਦੋ ਮੰਜ਼ਲਾ ਸੁੰਦਰ ਬਣਿਆ ਹੋਇਆ ਹੈ। ਗੁਰਦੁਆਰੇ ਦੀ ਇਮਾਰਤ 23 ਮਾਰਚ 1966 ਨੂੰ ਬਣੀ ਹੈ, ਜਿਵੇਂ ਕਿ ਮੁੱਖ ਦਰਵਾਜ਼ੇ ਦੇ ਮੱਥੇ 'ਤੇ ਲਿਖਿਆ ਹੈ। ਦਰਵਾਜ਼ੇ ਦੇ ਉਪਰ ਚਿੱਤਰਕਾਰੀ ਹੋਈ ਹੈ ਅਤੇ ਲਾਲ, ਪੀਲੇ ਅਤੇ ਨੀਲੇ ਰੰਗ ਦੀ ਦਰਵਾਜ਼ੇ ਨੂੰ ਸਜਾਵਟ ਹੋਈ ਹੈ। ਇਸ ਦਰਵਾਜ਼ੇ ਉਪਰ ਅੰਗ੍ਰੇਜ਼ੀ ਵਿੱਚ ਇੰਝ ਲਿਖਿਆ ਹੈ: 23 March 1966, Guru Nanak, Darbar-k-kot

ਪੁਸਤਕ ਸੂਚੀ:-


1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998


ਬਾਕੀ ਅਗਲੇ ਹਫ਼ਤੇ ਪੜ੍ਹੋ

– ਲੇਖਕ –
ਗਿਆਨੀ ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-30

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਪਦਾ ਕਤ ਜਾਈਐ ਰੇ, ਘਰ ਲਾਗੋ ਰੰਗੁ। ਹਿੰਦੀ ਹੱਥ ਲਿਖਤਾਂ ਵਿੱਚ ਜਿਸ ਤਰ੍ਹਾਂ ਲਿਖਿਆ ਹੈ, ਉਹ ਅਣਸੋਧਿਆ ਰੂਪ ਹੈ। ਗੁਰੂ ਗ੍ਰੰਥ ਸਾਹਿਬ ਵਿੱਚਲੇ ਪਦੇ ਸਾਹਮਣੇ ਉਹ ਪ੍ਰਤੱਖ ਹੀ ਅਸ਼ੁੱਧ ਲੱਗਦਾ ਹੈ, ਉੱਪਰ ਦਿੱਤੇ ਪਦਿਆਂ ਦੇ ਰੂਪ ਵਿੱਚ ਰਾਗ ਸੋਰਠ ਵਿੱਚਲਾ ਪਦਾ ਵੀ ਰਾਮਾਨੰਦ ਜੀ ਕੀ ਹਿੰਦੀ ਰਚਨਾਏਂ ਗ੍ਰੰਥ ਵਿੱਚ ਛਾਪਿਆ ਗਿਆ ਹੈ।**

**ਜੋ ਜੋਧਪੁਰ ਪੁਰਾਤਤ੍ਵ ਪ੍ਰਤਿਸ਼ਠਾਨ ਵਿੱਚ (ਸਫ਼ਾ 45-85) ਪਏ ਹੱਥ ਲਿਖਤ ਗ੍ਰੰਥ ਤੋਂ 1972 ਵਿੱਚ ਹੋਰਨਾਂ ਭਗਤਾਂ ਦੀਆਂ ਰਚਨਾਵਾਂ ਦੇ ਨਾਲ ਨਕਲ ਕਰਕੇ ਲੇਖਕ ਨੇ ਲਿਆਂਦਾ ਸੀ, ਉਸ ਗ੍ਰੰਥ ਦੇ ਪੰਨਾ 83-84 ਤੋਂ ਨਕਲ ਕੀਤਾ ਹੈ। ਇਸ ਤੋਂ ਅੱਗੇ ਰਾਮਾਨੰਦ ਜੀ ਦੇ 12 ਚੇਲਿਆਂ ਵਿੱਚੋਂ, ਸੁਖਾ ਨੰਦ ਜੀ ਦੀ ਰਚਨਾ ਹੈ। ਇਕ ਪਦਾ ਹੈ, ਕੋਊ ਰਸਕ ਰਾਮ ਰਸ ਪੀਵੈ। ਅੱਗੇ ਹੋਰਨਾਂ ਭਗਤਾਂ ਦੀ ਬਾਣੀ ਚਲਦੀ ਹੈ।**

ਬ੍ਰੈਕਟਾਂ ਵਿੱਚ ਦਿੱਤੇ ਪਾਠ ਨਾਗਰੀ ਪ੍ਰਚਾਰਣੀ ਸਭਾ ਦੀ ਪਤ੍ਰੀ ਤੋਂ ਨਕਲ ਕੀਤੇ ਭਾਗ ਵਿੱਚੋਂ ਹਨ, ਜੋ, ਰਾਮਾਨੰਦ ਕੀ ਹਿੰਦੀ ਰਚਨਾਏਂ ਪੁਸਤਕ, ਸੰਪਾਦਕ ਡਾ. ਪੀਤਾਂਬਰ ਦੱਤ ਬੜਥਵਾਲ ਲਿਖਤ ਹੈ। ਕੁਝ ਪਾਠ ਜੋਧਪੁਰ ਵਾਲੀ ਪੋਥੀ ਨਾਲ ਮੇਲਕੇ ਦਿੱਤੇ ਹਨ। ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ ਨੇ ਇਸ ਗ੍ਰੰਥ ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਭਿੰਨ ਭਿੰਨ ਗ੍ਰੰਥਾਂ ਤੋਂ ਇਹ ਰਚਨਾ ਡਾ. ਬੜਥਵਾਲ ਦੇ ਚਲਾਣੇ ਪਿੱਛੋਂ ਸੰਚਿਤ ਕੀਤੀ ਗਈ ਹੈ। ਇਸ ਵਿੱਚ ਇਕ ਰਚਨਾ (ਪੰਚ ਮਾਤਰਾ) ਜੋ ਰਾਮਾਨੰਦ ਜੀ ਦੇ ਗੁਰੂ ਰਾਘਵਾ ਨੰਦ ਜੀ ਦੇ ਨਾਮ ਉੱਤੇ ਪ੍ਰਚੱਲਤ ਸੀ ਉਹ ਭੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਪਦਾ ਕਤ ਜਾਈਐ ਰੇ, ਘਰ ਲਾਗੋ ਰੰਗੁ। ਹਿੰਦੀ ਹੱਥ ਲਿਖਤਾਂ ਵਿੱਚ ਜਿਸ ਤਰ੍ਹਾਂ ਲਿਖਿਆ ਹੈ, ਉਹ ਅਣਸੋਧਿਆ ਰੂਪ ਹੈ। ਗੁਰੂ ਗ੍ਰੰਥ ਸਾਹਿਬ ਵਿੱਚਲੇ ਪਦੇ ਸਾਹਮਣੇ ਉਹ ਪ੍ਰਤੱਖ ਹੀ ਅਸ਼ੁੱਧ ਲੱਗਦਾ ਹੈ, ਉੱਪਰ ਦਿੱਤੇ ਪਦਿਆਂ ਦੇ ਰੂਪ ਵਿੱਚ ਰਾਗ ਸੋਰਠ ਵਿੱਚਲਾ ਪਦਾ ਵੀ ਰਾਮਾਨੰਦ ਜੀ ਕੀ ਹਿੰਦੀ ਰਚਨਾਏਂ ਗ੍ਰੰਥ ਵਿੱਚ ਛਾਪਿਆ ਗਿਆ ਹੈ।

ਜੋ ਜੋਧਪੁਰ ਪੁਰਾਤਤ੍ਵ ਪ੍ਰਤਿਸ਼ਠਾਨ ਵਿੱਚ (ਸਫ਼ਾ 45-85) ਪਏ ਹੱਥ ਲਿਖਤ ਗ੍ਰੰਥ ਤੋਂ 1972 ਵਿੱਚ ਹੋਰਨਾਂ ਭਗਤਾਂ ਦੀਆਂ ਰਚਨਾਵਾਂ ਦੇ ਨਾਲ ਨਕਲ ਕਰਕੇ ਲੇਖਕ ਨੇ ਲਿਆਂਦਾ ਸੀ, ਉਸ ਗ੍ਰੰਥ ਦੇ ਪੰਨਾ 83-84 ਤੋਂ ਨਕਲ ਕੀਤਾ ਹੈ। ਇਸ ਤੋਂ ਅੱਗੇ ਰਾਮਾਨੰਦ ਜੀ ਦੇ 12 ਚੇਲਿਆਂ ਵਿੱਚੋਂ, ਸੁਖਾ ਨੰਦ ਜੀ ਦੀ ਰਚਨਾ ਹੈ। ਇਕ ਪਦਾ ਹੈ, ਕੋਊ ਰਸਕ ਰਾਮ ਰਸ ਪੀਵੈ। ਅੱਗੇ ਹੋਰਨਾਂ ਭਗਤਾਂ ਦੀ ਬਾਣੀ ਚਲਦੀ ਹੈ।

ਰਾਮਾਨੰਦ ਜੀ ਦੇ ਪਦੇ ਦੇ ਅਰਥ ਜਿਨ੍ਹਾਂ ਵਿਦਵਾਨਾਂ ਨੇ ਕੀਤੇ ਹਨ, ਉਨ੍ਹਾਂ ਟੀਕਾਕਾਰਾਂ ਵਿੱਚੋਂ ਪ੍ਰਸੰਗ ਅਨੁਸਾਰ ਠੀਕ ਅਰਥ-ਪਿਛੋਕੜ ਤੋਂ ਜਾਣੂ ਹੋਣ ਕਾਰਨ-ਸੰਤ ਸੰਪੂਰਨ ਸਿੰਘ ਜੀ ਦੇ ਭਗਤ ਬਾਣੀ ਦੇ ਮਰਮ ਬੋਧਨੀ ਟੀਕੇ ਵਿੱਚ (ਸੰ.ਬਿ. 1988 ਸਫ਼ਾ 390) ਕੀਤੇ ਹੋਏ ਵਧੇਰੇ ਢੁੱਕਵੇਂ ਹਨ:

ਬਸੰਤ ਰਾਮਾਨੰਦ ਜੀ ਘਰੁ ।1।
ੴ ਸਤਿਗੁਰ ਪ੍ਰਸਾਦਿ॥
ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥1॥ ਰਹਾਉ॥ (ਬਸੰਤ ਰਾਮਾਨੰਦ-1195)

ਵੀਰੋ! (ਹੁਣ) ਕਿੱਧਰ ਜਾਈਏ। ਘਰ (ਅੰਦਰ) ਹੀ ਰੰਗ ਲਗ ਪਿਆ ਹੈ (ਪਰਮਾਰਥ) ਅਨੁਭਵੀ ਮੌਜ ਖਿੜ ਆਈ ਹੈ! ਮੇਰਾ ਚਿੱਤ ਫੁਰਦਾ ਹੀ ਨਹੀਂ (ਠਾਕੁਰ ਦਵਾਰੇ ਆਦਿ ਲਈ) ਸਨ (ਵੀ ਸੰਕਲਪ ਉਠਣੋ) ਪਿੰਗਲਾ (ਲੂਲਾ) ਹੋ ਗਿਆ ਹੈ॥1॥ ਰਹਾਉ॥

ਏਕ ਦਿਵਸ ਮਨ ਭਈ ਉਮੰਗ।
ਘਸਿ ਚੰਦਨ ਚੋਆ ਬਹੁ ਸੁਗੰਧ॥
ਪੂਜਨ ਚਾਲੀ ਬ੍ਰਹਮ ਠਾਇ।
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥1॥

ਇਕ ਦਿਨ ਮਨ ਅੰਦਰ ਤਰੰਗ (ਲਾਲਸਾ) ਉੱਠੀ। ਚੰਨਣ (ਕੇਸਰ ਆਦਿ) ਰਗੜ ਕੇ ਬਹੁਤ ਸੁਗੰਧਾਂ (ਖੁਸ਼ਬੂਆਂ) ਚੋਏ (ਅਤਰ ਅਬੀਰ ਸਮੇਤ) ਲੈ ਕੇ ਪੂਜਾ। ਪੂਜਾ ਕਰਣ ਲਈ ਉਠ ਤੁਰੇ ਮੰਦਿਰ ਵੱਲ (ਪਰ ਅੱਗੋਂ ਮਿਲ ਪਏ) ਸ੍ਰੀ ਗੁਰੁ* (ਨਾਨਕ ਦੇਵ) ਤਾਂ ਉਨ੍ਹਾਂ ਨੇ ਸਮਝਾ ਦਿੱਤਾ ਉਸ ਬ੍ਰਹਮ ਨੂੰ ਜੋ ਆਪਣੇ (ਮਨ) ਅੰਦਰ ਹੀ ਹੈ॥1॥

ਜਹਾਂ ਜਾਈਐ ਤਹ ਜਲ ਪਖਾਨ।
ਤੂ ਪੂਰਿ ਰਹਿਓ ਹੈ ਸਭ ਸਮਾਨ॥
ਬੇਦ ਪੁਰਾਨ ਸਭ ਦੇਖੇ ਜੋਇ।
ਉਹਾ ਤਉ ਜਾਈਐ ਜਉ ਈਹਾਂ ਨਾ ਹੋਇ॥2॥

ਜਿਸ ਦੇ ਸਾਖਯਾਤ ਅਨੁਭਵ ਨੂੰ ਪਾਕੇ ਜਦ ਤੱਕਿਆ ਤਾਂ ਇਉਂ ਭਾਸਿਆ) ਜਿਥੇ ਭੀ ਜਾਈਏ ਉਥੇ ਹੀ ਜਲ (ਸਰ ਸਰਿਤਾ ਸਾਗਰ ਸਰੂਪੀ ਤੀਰਥ) ਹੈ ਤੇ ਉਥੇ ਹੀ ਪੱਥਰ ਹੈ (ਸ਼ਿਵਲਿੰਗ ਵਾ ਸਾਲਿਗ੍ਰਾਮ) ਆਦਿਕ। (ਅੰਤਰ ਆਤਮਾ ਰੂਪ ਹੋਇਆ ਇਸ ਭਾਂਤ) ਸਰਬ ਠੌਰ ਇਕ ਰਸ ਪੂਰਿਆ ਪਿਆ ਹੈ। (ਇਵੇਂ ਹੀ ਮੁੜ) ਬੇਦਾਂ ਪੁਰਾਣਾਂ ਵੱਲ ਦੇਖਿਆ (ਤਾਂ ਇਹ ਪਤਾ ਲੱਗਾ ਕਿ) ਮੰਦਰ ਆਦਿ ਵਿਖੇ ਤਦ (ਉਥੇ) ਜਾਈਏ ਜੇਕਰ ਈਹਾਂ (ਏਥੇ, ਅੰਦਰ ਆਤਮਾ, ਵਿਖੇ) ਨਾ ਹੋਵੇ॥

ਸਤਿਗੁਰ ਮੈ ਬਲਿਹਾਰੀ ਤੋਰ।
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥
(ਬਸੰਤ ਰਾਮਾਨੰਦ - 1195)


ਹੇ ਸਤਿਗੁਰ! ਮੈਂ ਤੁਹਾਡੇ ਕੁਰਬਾਨ ਜਾਂਦਾ ਹਾਂ। ਜਿਨ੍ਹਾਂ (ਆਪ) ਨੇ ਮੇਰੇ ਸਾਰੇ ਹੀ ਬਿਆਕੁਲ (ਬੇਚੈਨ) ਕਰਣਹਾਰੇ ਭਰਮ ਦੂਰ ਕਰ ਦਿੱਤੇ ਹਨ। ਮੈਂ ਰਾਮਾਨੰਦ (ਜਿਸਨੂੰ ਲੋਕ ਆਖਦੇ ਹਨ) ਸੁਆਮੀ (ਹੁਣ) ਬ੍ਰਹਮ ਸਰੂਪ ਵਿਖੇ ਅੰਦਰ ਹੀ (ਅੰਤਰ ਆਤਮੇ ਰਾਹੀਂ) ਰਮ ਰਿਹਾ (ਲਿਵ ਦਾ ਰਸ ਮਾਣ ਰਿਹਾ) ਹਾਂ। ਗੁਰੂ ਮਹਾਰਾਜ ਦੇ ਸ਼ਬਦ (ਉਪਦੇਸ) ਨੇ ਤਾਂ ਮੇਰੇ ਕ੍ਰੋੜਾਂ ਹੀ ਕਰਮ (ਜਨਮ ਜਨਮਾਂਤਰਾਂ) ਦੇ ਕੱਟ ਸੁੱਟੇ ਹਨ-ਭਾਵ ਨਿੱਤ ਮੁਕਤ ਬਣਾ ਦਿੱਤਾ ਹੈ (ਅਸਲ ਸੁਆਮੀ) (ਭਗਤ ਬਾਣੀ ਸਟੀਕ ਸੰਤ ਸੰਪੂਰਣ ਸਿੰਘ ਜੀ ਸਫ਼ਾ 390)

ਗੁਰਬਾਣੀ ਦੇ ਵਿਆਖਿਆਕਾਰਾਂ ਜਾਂ ਟੀਕਾ ਕਰਨ ਵਾਲਿਆਂ ਨੇ ਇਸ ਸ਼ਬਦ ਦੇ ਅਰਥ ਏਸੇ ਭਾਂਤ ਦੀ ਭਾਵਨਾ ਪ੍ਰਗਟ ਕਰਨ ਵੇਲੇ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚੋਂ ਇਸ ਸ਼ਬਦ ਦੀ ਵਿਆਖਿਆ ਦਾ ਸਾਰ ਅੱਗੇ ਦਿੱਤਾ ਜਾ ਰਿਹਾ ਹੈ:

* ਬਿਕ੍ਰਮੀ ਕੀ ਚੌਧਵੀਂ ਸ਼ਤਾਬਦੀ ਕੇ ਅੰਤ ਮੇਂ ਵੈਸ਼ਣਵੋਂ ਕੀ ਸ੍ਰੀ ਸੰਪ੍ਰਦਾਇ ਕੇ ਪ੍ਰਧਾਨ ਅਚਾਰਯ ਸ੍ਰੀ ਰਾਘਵਾਨੰਦ ਜੀ ਕਾਂਸ਼ੀ ਮੇਂ ਰਹਿਤੇ ਥੇ......... ਰਾਘਵਾ ਨੰਦ ਜੀ ਰਾਮਾਨੰਦ ਕੋ ਦੀਖਸ਼ਾ ਪ੍ਰਕਾਸ਼ ਕਰ ਨਿਸ਼ਚਿੰਤ ਹੁਏ। (ਰਾਮ ਚੰਦ੍ਰ ਸ਼ੁਕਲ ਹਿੰਦੀ ਸਾਹਿਤ ਕਾ ਇਤਿਹਾਸ)

ਹੇ ਭਾਈ! ਹੋਰ ਕਿਥੇ ਜਾਈਏ? (ਹੁਣ) ਹਿਰਦੇ ਘਰ ਵਿੱਚ ਹੀ ਮੌਜ ਬਣ ਗਈ ਹੈ, ਮੇਰਾ ਮਨ ਹੁਣ ਡੋਲਦਾ ਨਹੀਂ ਥਿਰ ਹੋ ਗਿਆ ਹੈ। 1 । ਰਹਾਉ।

ਇਕ ਦਿਨ ਮੇਰੇ ਮਨ ਵਿੱਚ ਭੀ ਤਾਂਘ ਪੈਦਾ ਹੋਈ ਸੀ, ਮੈਂ ਚੰਦਨ ਘਸਾ ਕੇ ਅਤਰ ਤੇ ਹੋਰ ਕਈ ਸੁਗੰਧੀਆਂ ਲਾ ਕੇ ਮੰਦਰ ਵਿੱਚ ਪੂਜਾ ਕਰਨ ਲਈ ਤੁਰ ਪਿਆ। ਪਰ ਹੁਣ ਤਾਂ ਮੈਨੂੰ ਉਹ ਪ੍ਰਮਾਤਮਾ (ਜਿਸ ਨੂੰ ਮੈਂ ਮੰਦਰ ਵਿੱਚ ਰਹਿੰਦਾ ਸਮਝਦਾ ਹਾਂ) ਮੇਰੇ ਗੁਰੂ ਨੇ ਮੇਰੇ ਮਨ ਵਿੱਚ ਵੱਸਦਾ ਹੀ ਵਿਖਾ




ਦਿੱਤਾ ਹੈ।

(ਤੀਰਥ ਉੱਤੇ ਜਾਈਏ ਚਾਹੇ ਮੰਦਰਾਂ ਵਿੱਚ ਜਾਈਏ) ਜਿਥੇ ਭੀ ਜਾਈਏ ਉਥੇ ਪਾਣੀ ਹੈ ਜਾਂ ਪੱਥਰ ਹਨ। ਹੇ ਪ੍ਰਭੂ! ਤੂੰ ਹਰ ਥਾਂ ਇਕੋ ਜਿਹਾ ਭਰਪੂਰ ਹੈ, ਵੇਦ ਪੁਰਾਣ ਆਦਿਕ ਧਰਮ ਪੁਸਤਕਾਂ ਭੀ ਖੋਜ ਕੇ ਵੇਖ ਲਈਆਂ ਹਨ। ਸੋ ਤੀਰਥਾਂ ਤੇ ਮੰਦਰਾਂ ਵਿੱਚ ਵੀ ਤਦੇ ਹੀ ਜਾਣ ਦੀ ਲੋੜ ਪਏ ਜੇ ਪ੍ਰਮਾਤਮਾ ਇਥੇ ਮੇਰੇ ਮਨ ਵਿੱਚ ਨਾਂਹ ਵੱਸਦਾ ਹੋਵੇ।

ਹੇ ਸਤਿਗੁਰੂ! ਮੈਂ ਤੈਥੋਂ ਸਦਕੇ ਹਾਂ, ਜਿਸ ਨੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ। ਰਾਮਾਨੰਦ ਦਾ ਮਾਲਕ ਪ੍ਰਭੂ ਹਰ ਥਾਂ ਮੌਜੂਦ ਹੈ (ਤੇ, ਗੁਰੂ ਦੀ ਰਾਹੀਂ ਮਿਲਦਾ ਹੈ, ਕਿਉਂਕਿ) ਗੁਰੂ ਦਾ ਸ਼ਬਦ ਕ੍ਰੋੜਾਂ (ਕੀਤੇ ਮੰਦੇ) ਕਰਮਾਂ ਦਾ ਨਾਸ ਕਰ ਦੇਂਦਾ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਸਫ਼ਾ 536)

ਆਪਜੀ ਦੀ ਵਿਆਖਿਆ ਭਾਵੇਂ ਭਗਤ ਬਾਣੀ ਵਿਰੋਧੀਆਂ ਦੇ ਜਵਾਬ ਦੇਣ ਵੱਲ ਵਧੇਰੇ ਉਲਾਰ ਰਹਿੰਦੀ ਹੈ। ਫਿਰ ਵੀ ਏਥੇ ਦਰਪਣ ਅਨੁਸਾਰ ਅਰਥ ਤੇ ਵਿਆਖਿਆ ਕਰਨ ਵਾਲੇ ਘੇਰੇ ਤੋਂ ਬਾਹਰ ਨਹੀਂ ਗਏ। ਆਪ ਦਾ ਇਹ ਭੀ ਲੇਖ ਹੈ:

ਭਗਤ ਰਾਮਾਨੰਦ ਜੀ ਕਦੇ ਵੈਰਾਗੀ ਮੱਤ ਦੇ ਹੋਣਗੇ, ਤਿਲਕ ਜੰਞੂ ਵਰਤਦੇ ਹੋਣਗੇ। ਛੂਤ-ਛਾਤ ਦੇ ਭੀ ਹਾਮੀ ਹੋਣਗੇ, ਹੋਰ ਭੀ ਕਈ ਗੱਲਾਂ ਆਖ ਲਈਆਂ ਜਾਣ। ਪਰ ਅਸਾਂ ਇਹ ਵੇਖਣਾ ਹੈ ਕਿ ਗੁਰੂ ਦੇ ਦਰ 'ਤੇ ਆਕੇ ਭਗਤ ਰਾਮਾਨੰਦ ਜੀ ਕੀ ਬਣ ਗਏ? ਉਹ ਆਪ ਆਖਦੇ ਹਨ -
(ੳ) ਸੋ ਬ੍ਰਹਮ ਬਤਾਇਓ ਗੁਰ ਮਨ ਹੀ ਮਾਹਿ (ਅ) ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ (ੲ) ਗੁਰ ਕਾ ਸ਼ਬਦ ਕਾਟੈ ਕੋਟਿ ਕਰਮ।

ਸੋ ਜਿਵੇਂ ਬਾਬਾ ਲਹਿਣਾ ਜੀ ਤੇ (ਗੁਰੂ) ਅਮਰਦਾਸ ਜੀ ਦਾ ਜੀਵਨ ਗੁਰੂ ਦਰ 'ਤੇ ਆ ਕੇ ਅਨੁਕੂਲ ਹੋ ਗਿਆ, ਤਿਵੇਂ ਰਾਮਾਨੰਦ ਜੀ ਦਾ ਜੀਵਨ ਗੁਰੂ ਪਾਸ ਆ ਕੇ ਗੁਰਮਤਿ ਦੇ ਅਨੁਸਾਰ ਹੋ ਗਿਆ। (ਗੁਰੂ ਗ੍ਰੰਥ ਸਾਹਿਬ ਦਰਪਣ ਸਫ਼ਾ 641)

ਕਿਸ ਗੁਰੂ ਦੇ ਦਰ 'ਤੇ ਆਕੇ ਰਾਮਾਨੰਦ ਜੀ ਕੀ ਬਣੇ? ਇਸ ਦਾ ਪਿੱਛਾ ਲੱਭਣ ਲਈ ਰਾਮਾਨੰਦ ਜੀ ਬਾਰੇ ਉੱਪਰ ਦਿੱਤੀ ਚਰਚਾ ਲਾਭਵੰਦੀ ਰਹੇਗੀ। ਜਿਸ ਗੁਰੂ ਦੇ ਦਰ 'ਤੇ ਆ ਕੇ ਹੋਰ ਤੋਂ ਹੋਰ ਬਣੇ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਸਨ।

ਚਲਦਾ......

# ਅਮਰੀਕੀ ਫ਼ੌਜ ਦੀ ਵੱਡੀ ਕਾਰਵਾਈ



**✪ ਨਸ਼ਾ ਤਸਕਰਾਂ ਦੀਆਂ 3 ਕਿਸ਼ਤੀਆਂ ਤਬਾਹ, 11 ਦੀ ਮੌਤ**

ਨਿਊਯਾਰਕ-ਅਮਰੀਕੀ ਫ਼ੌਜ ਨੇ ਲਾਤੀਨੀ ਅਮਰੀਕੀ ਸਮੁੰਦਰੀ ਖੇਤਰ ਵਿੱਚ ਨਸ਼ਾ ਤਸਕਰੀ ਵਿਰੁੱਧ ਇੱਕ ਵੱਡਾ ਆਪਰੇਸ਼ਨ ਚਲਾਇਆ ਹੈ। ਬੀਤੇ ਦਿਨੀਂ ਹੋਈ ਇਸ ਕਾਰਵਾਈ ਵਿੱਚ ਤਿੰਨ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਵਿੱਚ 11 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਇਹ ਹਮਲੇ ਪੂਰਬੀ ਪ੍ਰਸ਼ਾਂਤ ਮਹਾਂਸਾਗਰ ਅਤੇ ਕੈਰੇਬੀਅਨ ਸਾਗਰ ਵਿੱਚ ਕੀਤੇ ਗਏ। ਦੋ ਕਿਸ਼ਤੀਆਂ ਪ੍ਰਸ਼ਾਂਤ ਮਹਾਂਸਾਗਰ ਵਿੱਚ ਅਤੇ ਇੱਕ ਕੈਰੇਬੀਅਨ ਸਾਗਰ ਵਿੱਚ ਤਬਾਹ ਕੀਤੀ ਗਈ। ਇਸ ਕਾਰਵਾਈ ਨੂੰ ਟਰੰਪ ਪ੍ਰਸ਼ਾਸਨ ਦੀ ਹੁਣ ਤੱਕ ਦੀ ਸਭ ਤੋਂ ਘਾਤਕ ਕਾਰਵਾਈ ਮੰਨਿਆ ਜਾ ਰਿਹਾ ਹੈ। ਸਤੰਬਰ ਤੋਂ ਹੁਣ ਤੱਕ ਅਮਰੀਕੀ ਫ਼ੌਜ ਵੱਲੋਂ ਕੀਤੇ ਗਏ ਅਜਿਹੇ 42 ਹਮਲਿਆਂ ਵਿੱਚ ਕੁੱਲ 145 ਲੋਕ ਮਾਰੇ ਜਾ ਚੁੱਕੇ ਹਨ।

# ਪਾਠਕਾਂ ਦੇ ਪੱਤਰ

TO, H. S. Mander
Editor, Panjab Times,
24 Cotton Brook Road,
Derby DE23 8YJ, UK.

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਸੰਵਿਧਾਨ ਦੇ ਮੁਤਾਬਿਕ ਹਰੇਕ ਅੰਮ੍ਰਿਤਧਾਰੀ ਸਿੱਖ ਨੂੰ ਕਕਾਰ ਪਹਿਨਣ ਦਾ ਅਧਿਕਾਰ ਮਿਲਿਆ ਹੋਇਆ ਹੈ

ਪਿਆਰੇ ਸੰਪਾਦਕ ਜੀਉ,

ਗੁਰ ਫ਼ਤਿਹ ਜੀ,

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਭਾਰਤ ਵਿਚ ਕਈ ਸਕੂਲਾਂ ਕਾਲਜਾਂ ਵਿਚ ਇਮਤਿਹਾਨਾਂ ਦੇ ਸਮੇਂ ਸਿੱਖ ਨੌਜਵਾਨ ਬੱਚੇ ਬੱਚੀਆਂ ਨੂੰ ਕਕਾਰ ਉਤਾਰਨ ਲਈ ਮਜਬੂਰ ਕੀਤਾ ਜਾਂਦਾ ਹੈ। ਤੂੰ ਤੂੰ ਮੈਂ ਮੈਂ ਹੁੰਦੀ ਹੈ, ਸਥਾਨਕ ਸਿੱਖ ਜਥੇਬੰਦੀਆਂ ਅੱਗੇ ਆਉਂਦੀਆਂ ਹਨ ਤੇ ਮਸਲਾ ਹੱਲ ਹੋ ਜਾਂਦਾ ਹੈ। ਪਰ ਕੀ ਕਦੀ ਸੋਚਿਆ ਹੈ ਕਿਸੇ ਨੇ ਕਿ ਬੱਚਿਆਂ ਦੇ ਮਨ 'ਤੇ ਕੀ ਬੀਤਦੀ ਹੈ? ਕੀ ਉਹ ਅਜਿਹੀ ਹਾਲਤ ਵਿਚ ਇਮਤਿਹ-ਾਨ ਦੇ ਸਕਣਗੇ ਚੰਗੀ ਤਰ੍ਹਾਂ? ਕੀ ਇਕ ਸਾਜ਼ਿਸ਼ ਰਾਹੀ ਉਨ੍ਹਾਂ ਦੇ ਭਵਿੱਖ ਨਾਲ ਨਹੀਂ ਖੇਡਿਆ ਜਾ ਰਿਹਾ? ਵੱਡੀਆਂ ਜਥੇਬੰਦੀਆਂ ਦੇ ਲੀਡਰ 'ਨਿਖੇਧੀ' ਦੇ ਬਿਆਨ ਦੇਣ ਤੱਕ ਹੀ ਸੀਮਤ ਰਹਿੰਦੇ ਹਨ। ਅੱਜ ਤੱਕ ਹਜ਼ਾਰਾਂ ਘਟਨਾਵਾਂ ਹੋ ਚੁੱਕੀਆਂ ਹਨ। ਕੀ ਕਿਸੇ ਜਥੇਬੰਦੀ ਨੇ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਹੈ ਕਿ ਜਦ ਸੰਵਿਧਾਨ ਦੇ ਮੁਤਾਬਿਕ ਹਰੇਕ ਅੰਮ੍ਰਿਤਧਾਰੀ ਸਿੱਖ ਨੂੰ ਕਕਾਰ ਪਹਿਨਣ ਦਾ ਅਧਿਕਾਰ ਮਿਲਿਆ ਹੋਇਆ ਹੈ ਫੇਰ ਵਾਰ ਵਾਰ ਇਹ ਅਜਿਹਾ ਕਿਉਂ ਕੀਤਾ ਜਾਂਦਾ ਹੈ। ਅਜੇ ਹੁਣੇ ਹੀ ਅਜਿਹੀ ਇਕ ਘਟਨਾ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਨੇ ਗੁਰਦੁਆਰਾ ਸਾਹਿਬ 'ਚ ਜਾ ਕੇ ਮੁਆਫ਼ੀ ਮੰਗੀ ਹੈ। ਕੀ ਇਸ ਨਾਲ ਮਸਲੇ ਦਾ ਹੱਲ ਹੋ ਜਾਵੇਗਾ? ਨਹੀਂ! ਕੱਲ੍ਹ ਨੂੰ ਅਜਿਹੀ ਵਾਰਦਾਤ ਕਿਸੇ ਹੋਰ ਜਗ੍ਹਾ ਵਾਪਰ ਜਾਵੇਗੀ। ਸਿੱਖ ਕੌਮ ਨੂੰ ਅੱਜ ਤੱਕ ਇਸ ਗੱਲ ਦੀ ਸਮਝ ਨਹੀਂ ਆਈ ਕਿ ਵਾਰ ਵਾਰ ਅਜਿਹਾ ਕਿਉਂ ਹੁੰਦਾ ਹੈ। ਅੱਜ ਦੇ ਸੋਸ਼ਲ ਮੀਡੀਆ ਦੇ ਯੁਗ ਵਿਚ ਕਿਸੇ ਥਾਂ 'ਤੇ ਹੋਈ ਅਜਿਹੀ ਘਟਨਾ ਦੀ ਚਾਰੇ ਪਾਸੇ ਚਰਚਾ ਹੋ ਜਾਂਦੀ ਹੈ ਵਿਸ਼ੇਸ਼ ਕਰ ਵਿਦਿਅਕ ਸੰਸਥਾਵਾਂ ਵਿਚ। ਸਵਾਲ ਇਹ ਪੈਦਾ ਹੁੰਦਾ ਹੈ ਕਿ ਅਜਿਹਾ ਵਾਰ ਵਾਰ ਕਿਉਂ ਹੁੰਦਾ ਹੈ? ਦਾਸ ਇਕ ਸਾਜ਼ਿਸ਼ ਦਾ ਜ਼ਿਕਰ ਉੱਪਰ ਕਰ ਚੁੱਕਿਆ ਹੈ ਤੇ ਦੂਜੀ ਵੱਡੀ ਸਾਜਿਸ਼ ਹੈ ਸਿੱਖ ਬੱਚਿਆਂ ਨੂੰ ਸਿੱਖੀ ਨਾਲੋਂ ਤੋੜਨਾ। ਕੀ ਸਿੱਖ ਕੌਮ ਨੇ ਕਦੇ ਵਿਚਾਰਿਆ ਹੈ ਕਿ ਉਨ੍ਹਾਂ ਅੰਮ੍ਰਿਤਧਾਰੀ ਨੌਜਵਾਨ ਬੱਚੇ ਬੱਚੀਆਂ ਦੀ ਕਿੰਨੀ ਗਿਣਤੀ ਹੋਵੇਗੀ ਜਿਨ੍ਹਾਂ ਨੇ ਅਜਿਹੇ ਵਿਵਾਦ ਵਿਚ ਪੈਣ ਦੀ ਬਜਾਇ ਪਹਿਲਾਂ ਹੀ ਕਕਾਰ ਤਿਆਗ ਦਿਤੇ। ਇਹ ਨੇ ਕਾਰਨ ਜਿਨ੍ਹਾਂ ਕਰ ਕੇ ਇਹ ਵਾਰਦਾਤਾਂ ਵਾਰ ਵਾਰ ਵਾਪਰਦੀਆਂ ਹਨ ਤੇ ਸਿੱਖੀ ਦੇ ਦੋਖੀ ਸਿੱਖ ਕੌਮ ਦੀਆਂ ਜੜ੍ਹਾਂ 'ਚ ਤੇਲ ਦੇਈ ਜਾ ਰਹੇ ਹਨ ਤੇ ਸਾਡੇ ਬੱਚਿਆਂ ਦਾ ਭਵਿੱਖ ਖ਼ਰਾਬ ਕਰ ਰਹੇ ਹਨ ਤੇ ਅਸੀਂ ਇਨ੍ਹਾਂ ਸਾਜ਼ਿਸ਼ਕਰਤਾਵਾਂ ਵਲੋਂ ਮਾਫ਼ੀ ਮੰਗ ਲੈਣ 'ਤੇ ਹੀ ਖ਼ੁਸ਼ ਹੋ ਲੈਂਦੇ ਹਾਂ।

ਸਿੱਖ ਜਥੇਬੰਦੀਆਂ ਨੂੰ ਅਪੀਲ ਹੈ ਇਸ ਮਸਲੇ ਦਾ ਕੋਈ ਸਥਾਈ ਹੱਲ ਲੱਭੋ, ਨਹੀਂ ਤਾਂ ਤੁਹਾਡੀ ਪਨੀਰੀ ਪੁੱਟੀ ਜਾਣਗੇ ਅਗਲੇ।



*ਭੁੱਲ ਚੁੱਕ ਦੀ ਖਿਮਾਂ*

*ਨਿਰਮਲ ਸਿੰਘ ਕੰਧਾਲਵੀ*

## ਰਾਵਿੰਦਰ ਸਿੰਘ ਕੁੰਦਰਾ ਦੀ ਕਵਿਤਾਵਾਂ ਦੀ ਕਿਤਾਬ 'ਜੇ ਰੁਕੇ ਨਾ ਮੇਰੀ ਕਲਮ' ਛਪ ਕੇ ਤਿਆਰ ਹੈ

'ਜੇ ਰੁਕੇ ਨਾ ਮੇਰੀ ਕਲਮ' ਰਾਵਿੰਦਰ ਸਿੰਘ ਕੁੰਦਰਾ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਪਿਛਲੇ ਕਈ ਸਾਲਾਂ ਤੋਂ ਉਸ ਦੀਆਂ ਕਵਿਤਾਵਾਂ ਵਿਭਿੰਨ ਅਖ਼ਬਾਰਾਂ, ਰਿਸਾਲਿਆਂ ਅਤੇ ਸੋਸ਼ਲ ਮੀਡੀਆ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। ਸੱਜਣ ਮਿੱਤਰ ਉਸ 'ਤੇ ਕਈ ਦੇਰ ਤੋਂ ਜ਼ੋਰ ਪਾ ਰਹੇ ਸਨ ਕਿ ਇਨ੍ਹਾਂ ਨੂੰ ਕਿਤਾਬੀ ਰੂਪ ਦਿਤਾ ਜਾਵੇ ਤਾਂ ਕਿ ਇਹ ਲੰਬੇ ਸਮੇਂ ਲਈ ਸਾਂਭੀਆਂ ਜਾ ਸਕਣ। ਰਵਿੰਦਰ ਸਿੰਘ ਕੁੰਦਰਾ ਦੀ ਸ਼ਾਇਰੀ ਸਮਾਜ ਦੇ ਵਿਭਿੰਨ ਮਸਲਿਆਂ ਨੂੰ ਪ੍ਰਤੀਬਿੰਬਤ ਕਰਦੀ ਹੈ, ਮਿਸਾਲ ਦੇ ਤੌਰ 'ਤੇ ਲੁੱਟੇ ਜਾ ਰਹੇ ਲੋਕਾਂ ਲਈ ਹਾਅ ਦਾ ਨਾਅਰਾ ਮਾਰਦੀ ਹੈ ਤੇ ਅਤੇ ਲੋਟੂ ਹਾਕਮਾਂ ਦੇ ਚਿਹਰੇ ਨੰਗੇ ਕਰਦੀ ਹੈ। ਧਾਰਮਕ ਪਾਖੰਡਾਂ ਅਤੇ ਸਿਆਸੀ ਬੇਈਮਾਨੀਆਂ 'ਤੇ ਵਿਅੰਗ ਦੀ ਨਸ਼ਤਰ ਨਾਲ ਤਿੱਖੇ ਵਾਰ ਕਰਦੀ ਹੈ। ਸਮਾਜਕ ਰਿਸ਼ਤਿਆਂ ਦੀਆਂ ਉਲਝਣਾਂ ਦੀ ਬਾਤ ਪਾਉਂਦੀ ਹੈ ਅਤੇ ਹੋਰ ਬਹੁਤ ਕੁਝ ਸਮਾਜ ਨਾਲ ਬਾਵਸਤਾ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਸਮਾਜ ਦੇ ਅਨੇਕ ਮਸਲੇ ਉਸ ਦੀ ਕਲਮ ਦੀ ਜ਼ੁੰਬਸ਼ ਦੀ ਪਕੜ ਵਿਚ ਆਉਂਦੇ ਹਨ। ਆਸ਼ਾ ਹੈ ਪਾਠਕ ਰਵਿੰਦਰ ਸਿੰਘ ਕੁੰਦਰਾ ਦੇ ਇਸ ਉਪਰਾਲੇ ਨੂੰ ਜ਼ਰੂਰ ਭਰਪੂਰ ਸਹਿਯੋਗ ਦੇਣਗੇ। ਕਿਤਾਬ ਪ੍ਰਾਪਤ ਕਰਨ ਲਈ ਇਸ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ:-07748772308




## ਗਲਾਸਗੋ ਦੇ ਪੱਬਾਂ ਨੂੰ ਫੁੱਟਬਾਲ ਵਿਸ਼ਵ ਕੱਪ ਦੇ ਸਾਰੇ ਮੈਚਾਂ ਲਈ ਰਾਤ ਭਰ ਖੁੱਲ੍ਹਣ ਦਾ ਲਾਇਸੰਸ ਮਿਲਿਆ



ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ) - ਇਸ ਸਾਲ ਫ਼ੀਫ਼ਾ ਫੁੱਟਬਾਲ ਵਿਸ਼ਵ ਕੱਪ 11 ਜੂਨ ਤੋਂ 19 ਜੁਲਾਈ ਤੱਕ ਅਮਰੀਕਾ, ਕਨੇਡਾ ਅਤੇ ਮੈਕਸੀਕੋ ਵਿੱਚ ਹੋ ਰਿਹਾ ਹੈ। ਸਕਾਟਲੈਂਡ ਦੀ ਫੁੱਟਬਾਲ ਟੀਮ ਨੇ ਇਸ ਵਾਰ 28 ਸਾਲ ਬਾਅਦ ਫੁੱਟਬਾਲ ਵਿਸ਼ਵ ਕੱਪ ਲਈ ਕੁਆਲੀਫਾਈ ਕੀਤਾ ਹੈ। ਸਕਾਟਲੈਂਡ ਦੇ ਲੋਕਾਂ ਵਿੱਚ ਵਿਸ਼ਵ ਕੱਪ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਪਰ ਅਮਰੀਕਾ ਕਨੇਡਾ ਨਾਲੋਂ ਯੂਕੇ ਸਮਾਂ ਅੱਗੇ ਹੋਣ ਕਾਰਨ ਯੂਕੇ ਵਿੱਚ ਮੈਚ ਦੇਰ ਰਾਤ ਜਾਂ ਸਵੇਰੇ ਤੱਕ ਹੋਣਗੇ। ਇਸੇ ਸੰਦਰਭ ਵਿੱਚ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਗਲਾਸਗੋ ਸ਼ਹਿਰ ਦੇ ਲਾਇਸੈਂਸਿੰਗ ਬੋਰਡ ਨੇ ਟੂਰਨਾਮੈਂਟ ਦੌਰਾਨ ਸਾਰੇ ਮੈਚਾਂ ਲਈ ਪੱਬਾਂ ਦੇ ਖੁੱਲਣ ਦਾ ਸਮਾਂ ਮੈਚਾਂ ਦੇ ਖ਼ਤਮ ਹੋਣ ਦੇ ਬਾਅਦ 30 ਮਿੰਟ ਤੱਕ ਹੋਰ ਖੁੱਲਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਮਨਜ਼ੂਰੀ ਨਾਲ ਵਿਸ਼ਵ ਕੱਪ ਫੁੱਟਬਾਲ ਮੈਚਾਂ ਲਈ ਗਲਾਸਗੋ ਵਿੱਚ ਪੱਬ ਅਤੇ ਬਾਰ ਰਾਤ ਭਰ ਖੁੱਲ੍ਹੇ ਰਹਿ ਸਕਣਗੇ। ਸਕਾਟਲੈਂਡ ਦਾ ਮੁਕਾਬਲੇ ਦਾ ਪਹਿਲਾ ਮੈਚ 14 ਜੂਨ ਨੂੰ ਹੈਤੀ ਦੇ ਖਿਲਾਫ ਹੈ, ਜੋ ਕਿ ਯੂਕੇ ਦੇ ਸਮੇਂ ਮੁਤਾਬਕ ਰਾਤ 02:00 ਵਜੇ ਸ਼ੁਰੂ ਹੋਵੇਗਾ , ਭਾਵ ਪੱਬ ਉਸ ਦਿਨ ਸਵੇਰੇ 04:15 ਤੱਕ ਖੁੱਲ੍ਹੇ ਰਹਿ ਸਕਦੇ ਹਨ। ਜੋ ਕਿ ਆਮ ਤੌਰ 'ਤੇ ਇੱਕ ਵਜੇ ਬੰਦ ਹੋ ਜਾਂਦੇ ਹਨ। ਪੱਬ ਅਤੇ ਬਾਰ ਖੁੱਲਣ ਦਾ ਇਹ ਸਮਾਂ ਵਾਧਾ 11 ਜੂਨ ਨੂੰ ਟੂਰਨਾਮੈਂਟ ਦੇ ਪਹਿਲੇ ਦਿਨ ਤੋਂ ਲੈ ਕੇ 19 ਜੁਲਾਈ ਨੂੰ ਫਾਈਨਲ ਤੱਕ ਚੱਲੇਗਾ। ਸਕਾਟਲੈਂਡ ਦੇ ਤਿੰਨ ਮੈਚ ਹੈਤੀ ਦੇ ਵਿਰੁੱਧ ਰਾਤ 02:00 ਵਜੇ, 19 ਜੂਨ ਨੂੰ ਮੋਰੱਕੋ ਦੇ ਵਿਰੁੱਧ ਰਾਤ 23:00 ਵਜੇ ਅਤੇ 24 ਜੂਨ ਨੂੰ ਬ੍ਰਾਜ਼ੀਲ ਦੇ ਵਿਰੁੱਧ 23:00 ਵਜੇ ਸ਼ੁਰੂ ਹੋਣਗੇ। ਟੂਰਨਾਮੈਂਟ ਦੌਰਾਨ ਹੋਰ ਮੈਚਾਂ ਦੀ ਗਿਣਤੀ ਸਵੇਰੇ 03:00 ਅਤੇ 05:00 ਵਜੇ ਸ਼ੁਰੂ ਹੋਵੇਗੀ, ਜਿਸਦਾ ਮਤਲਬ ਹੈ ਕਿ ਪੱਬ ਅਤੇ ਬਾਰ ਸਵੇਰੇ 07:00 ਵਜੇ ਤੱਕ ਖੁੱਲ੍ਹੇ ਰਹਿ ਸਕਦੇ ਹਨ।

## ਬਰਤਾਨੀਆ ਨੇ ਰਸਾਇਣਕ ਹਥਿਆਰਾਂ ਦੀ ਵਰਤੋਂ ਲਈ ਰੂਸ ਦੀ ਕੀਤੀ ਨਿੰਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਸਰਕਾਰ ਨੇ ਰੂਸ ਦੀ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਲਈ ਨਿੰਦਾ ਕੀਤੀ ਹੈ, ਜਿਵੇਂ ਕਿ ਘਾਤਕ ਡੱਡੂ ਜ਼ਹਿਰ ਜੋ ਕਥਿਤ ਤੌਰ 'ਤੇ ਪ੍ਰਮੁੱਖ ਰੂਸੀ ਕਾਰਕੁਨ ਅਲੈਕਸੀ ਨਵਲਨੀ ਦੇ ਵਿਰੁੱਧ ਵਰਤਿਆ ਗਿਆ ਸੀ, ਜਿਸਦੀ ਦੋ ਸਾਲ ਪਹਿਲਾਂ ਸਾਇਬੇਰੀਅਨ ਜੇਲ੍ਹ ਵਿੱਚ ਮੌਤ ਹੋ ਗਈ ਸੀ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਵਿਰੋਧੀ ਨਵਲਨੀ ਦੀ ਮੌਤ ਫਰਵਰੀ 2024 ਵਿੱਚ ਸਾਇਬੇਰੀਆ ਵਿੱਚ ਕੈਦ ਦੌਰਾਨ ਹੋਈ ਸੀ।

ਬਰਤਾਨੀਆ ਦੀ ਵਿਦੇਸ਼ ਮੰਤਰੀ ਯਵੇਟ ਕੂਪਰ ਨੇ ਕਿਹਾ ਕਿ ਯੂਰਪੀਅਨ ਭਾਈਵਾਲਾਂ ਨਾਲ ਨਿਰੰਤਰ ਅਤੇ ਸਹਿਯੋਗੀ ਪ੍ਰਯੋਗਸ਼ਾਲਾ ਟੈਸਟਾਂ ਨੇ ਪੁਸ਼ਟੀ ਕੀਤੀ ਹੈ ਕਿ "ਐਪੀਬਾਟੀਡੀਨ", ਇੱਕ ਘਾਤਕ ਜ਼ਹਿਰ ਜੋ ਕਿ ਇਕਵਾਡੋਰੀਅਨ ਡਾਰਟ ਡੱਡੂਆਂ ਦੀ ਚਮੜੀ ਵਿੱਚ ਪਾਇਆ ਜਾਂਦਾ ਹੈ, ਜੋ ਨਵਲਨੀ ਦੇ ਸਰੀਰ ਤੋਂ ਲਏ ਗਏ ਨਮੂਨਿਆਂ ਵਿੱਚ ਪਾਇਆ ਗਿਆ ਸੀ ਅਤੇ ਇਹ "ਬਹੁਤ ਸੰਭਾਵਨਾ" ਹੈ ਕਿ ਇਹ ਉਸਦੀ ਮੌਤ ਦਾ ਕਾਰਨ ਹੋਵੇ। ਬਰਤਾਨੀਆ ਨੇ ਕਿਹਾ ਕਿ ਉਸਨੇ ਰੂਸ ਦੇ "ਰਸਾਇਣਕ ਹਥਿਆਰ ਸੰਮੇਲਨ ਦੀ ਸਪੱਸ਼ਟ ਉਲੰਘਣਾ" ਬਾਰੇ ਰਸਾਇਣਕ ਹਥਿਆਰਾਂ ਦੀ ਮਨਾਹੀ ਸੰਗਠਨ ਨੂੰ ਸੂਚਿਤ ਕੀਤਾ ਹੈ।

ਜਰਮਨੀ ਵਿੱਚ ਮਿਊਨਿਖ ਸੁਰੱਖਿਆ ਕਾਨਫਰੰਸ ਤੋਂ ਜਾਰੀ ਇੱਕ ਬਿਆਨ ਵਿੱਚ ਕੂਪਰ ਨੇ ਕਿਹਾ ਕਿ ਜਦੋਂ ਤੋਂ ਯੂਲੀਆ ਨਵਲਨਾਯਾ ਨੇ ਦੋ ਸਾਲ ਪਹਿਲਾਂ ਮਿਊਨਿਖ ਵਿੱਚ ਆਪਣੇ ਪਤੀ ਦੀ ਮੌਤ ਦੀ ਰਿਪੋਰਟ ਦਿੱਤੀ ਸੀ, ਯੂ ਕੇ ਅਲੈਕਸੀ ਨਵਲਨੀ ਦੀ ਮੌਤ ਦੇ ਪਿੱਛੇ ਦੀ ਸੱਚਾਈ ਦਾ ਪਰਦਾਫਾਸ਼ ਕਰਨ ਲਈ ਦ੍ਰਿੜ ਹੈ। ਉਨ੍ਹਾਂ ਕਿਹਾ ਕਿ ਸਿਰਫ ਰੂਸੀ ਸਰਕਾਰ ਕੋਲ ਇਸ ਘਾਤਕ ਜ਼ਹਿਰ ਦੀ ਵਰਤੋਂ ਕਰਨ ਦੀ ਸਮਰੱਥਾ, ਮਨੋਰਥ ਅਤੇ ਮੌਕਾ ਸੀ ਜਦੋਂ ਅਲੈਕਸੀ ਨਵਲਨੀ ਰੂਸ ਵਿੱਚ ਕੈਦ ਸੀ। ਉਨ੍ਹਾਂ ਕਿਹਾ ਕਿ ਰੂਸ ਨੇ ਨਵਲਨੀ ਨੂੰ ਇੱਕ ਖ਼ਤਰੇ ਵਜੋਂ ਦੇਖਿਆ। ਇਸ ਕਿਸਮ ਦੇ ਜ਼ਹਿਰ ਦੀ ਵਰਤੋਂ ਕਰਕੇ ਰੂਸ ਨੇ ਦਿਖਾਇਆ ਕਿ ਉਸ ਕੋਲ ਕਿਸ ਤਰ੍ਹਾਂ ਦੇ ਖਤਰਨਾਕ ਹਥਿਆਰ ਹਨ।

# ਪੰਜਾਬ ਦੀ ਕਬੱਡੀ ਵਿੱਚ ਅਪਰਾਧੀਆਂ, ਗੈਂਗਸਟਰਾਂ ਅਤੇ ਨਸ਼ਿਆਂ ਦੀ ਘੁਸਪੈਠ ਕਿਉਂ ਹੋਈ ?

## ✪ 2020 ਤੋਂ ਹੁਣ ਤੱਕ ਕਬੱਡੀ ਨਾਲ ਜੁੜੇ ਲਗਭਗ 12 ਖਿਡਾਰੀਆਂ ਅਤੇ ਪ੍ਰਮੋਟਰਾਂ ਦੀਆਂ ਹੋ ਚੁਕੀਆਂ ਨੇ ਹੱਤਿਆਵਾਂ

### ਕਵਰ ਸਟੋਰੀ





ਪੰਜਾਬ ਵਿੱਚ ਕਬੱਡੀ ਹਮੇਸ਼ਾ ਪਿੰਡਾਂ ਦੀ ਸ਼ਾਨ ਸੀ। ਖੁੱਲ੍ਹੇ ਮੈਦਾਨਾਂ ਵਿੱਚ ਖੇਡੀ ਜਾਂਦੀ ਇਹ ਖੇਡ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਵੱਡਾ ਸਾਧਨ ਮੰਨੀ ਜਾਂਦੀ ਸੀ। ਪਰਿਵਾਰ ਆਪਣੀ ਜੇਬ ਤੋਂ ਪੈਸੇ ਲਾ ਕੇ ਟੂਰਨਾਮੈਂਟ ਕਰਵਾਉਂਦੇ ਸਨ। ਇਹ ਮਾਣ ਅਤੇ ਸਨਮਾਨ ਦੀ ਗੱਲ ਸੀ, ਨਾ ਕਿ ਪੈਸੇ ਦੀ। 2000 ਦੇ ਦਹਾਕੇ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ ਇਸ ਨੂੰ ਵੱਡਾ ਰੂਪ ਦਿੱਤਾ। ਸੁਖਬੀਰ ਸਿੰਘ ਬਾਦਲ ਦੇ ਅਗਵਾਈ ਹੇਠ ਵਰਲਡ ਕਬੱਡੀ ਕੱਪ ਸ਼ੁਰੂ ਹੋਇਆ, ਵੱਡੇ ਇਨਾਮ ਦਿੱਤੇ ਗਏ, ਸਟੇਡੀਅਮ ਬਣੇ ਅਤੇ ਖਿਡਾਰੀਆਂ ਨੂੰ ਨੌਕਰੀਆਂ ਵੀ ਮਿਲੀਆਂ। ਇਹ ਖੇਡ ਪੰਜਾਬ ਨੂੰ ਵਿਸ਼ਵ ਪੱਧਰ 'ਤੇ ਲੈ ਗਈ। ਪ੍ਰਵਾਸੀ ਪੰਜਾਬੀਆਂ ਨੇ ਵੀ ਢੇਰਾਂ ਪੈਸਾ ਲਾਇਆ, ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਵਿੱਚ ਲੀਗਾਂ ਬਣੀਆਂ। ਯੂਟਿਊਬ 'ਤੇ ਲਾਈਵ ਸਟ੍ਰੀਮਿੰਗ ਨਾਲ ਵੀਡੀਓ ਵਾਇਰਲ ਹੋਣ ਲੱਗੇ। ਪਰ ਇਹ ਸੁਨਹਿਰਾ ਦੌਰ ਲੰਮਾ ਸਮਾਂ ਨਾ ਰਿਹਾ। 2017 ਵਿੱਚ ਕਾਂਗਰਸ ਸਰਕਾਰ ਆਈ ਤਾਂ ਵਰਲਡ ਕੱਪ ਬੰਦ ਹੋ ਗਿਆ। ਸਰਕਾਰੀ ਸਹਿਯੋਗ ਖਤਮ ਹੋਣ ਨਾਲ ਖਾਲੀ ਜਗ੍ਹਾ ਪੈਦਾ ਹੋ ਗਈ। ਇਸ ਖਾਲੀਪਨ ਨੂੰ ਪ੍ਰਾਈਵੇਟ ਆਯੋਜਕਾਂ ਨੇ ਭਰਿਆ, ਪਰ ਬਿਨਾਂ ਕਿਸੇ ਮਜ਼ਬੂਤ ਨਿਯਮਾਂ ਦੇ। ਇੱਥੇ ਹੀ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਮੌਕਾ ਮਿਲ ਗਿਆ। ਵੱਡੀ ਭੀੜ, ਨਕਦੀ ਲੈਣ-ਦੇਣ ਅਤੇ ਘੱਟ ਨਿਗਰਾਨੀ ਵਾਲੇ ਮੈਦਾਨ ਉਨ੍ਹਾਂ ਲਈ ਪਰਫੈਕਟ ਜਗ੍ਹਾ ਬਣ ਗਏ।

### ਗੈਂਗਸਟਰਾਂ ਦੀ ਘੁਸਪੈਠ: ਪੈਸਾ, ਵਸੂਲੀ ਅਤੇ ਦਬਦਬਾ

ਜਦੋਂ ਸਰਕਾਰੀ ਨਿਗਰਾਨੀ ਘੱਟ ਹੋਈ ਤਾਂ ਗੈਂਗਸਟਰਾਂ ਨੇ ਕਬੱਡੀ ਨੂੰ ਆਪਣਾ ਨਵਾਂ ਮੈਦਾਨ ਬਣਾ ਲਿਆ। ਲਾਰੈਂਸ ਬਿਸ਼ਨੋਈ, ਦਵਿੰਦਰ ਬੰਬੀਹਾ, ਜੱਗੂ ਭਗਵਾਨਪੁਰੀਆ ਵਰਗੇ ਗੈਂਗ ਇਸ ਵਿੱਚ ਦਾਖਲ ਹੋ ਗਏ । ਕਾਰਨ ਸਾਫ਼ ਸਨ-ਵੱਡੇ ਇਨਾਮ (ਕਈ ਲੱਖ ਤੋਂ ਕਰੋੜਾਂ ਤੱਕ), ਸਪਾਂਸਰਸ਼ਿਪ, ਪ੍ਰਵਾਸੀਆਂ ਪੰਜਾਬੀਆਂ ਦੀ ਫੰਡਿੰਗ ਅਤੇ ਮਨੀ ਲਾਂਡਰਿੰਗ ਦਾ ਮੌਕਾ। ਪ੍ਰਮੋਟਰਾਂ 'ਤੇ ਜਬਰੀ ਵਸੂਲੀ ਸ਼ੁਰੂ ਹੋਈ। ਜੋ ਨਾ ਦਿੰਦਾ ਜਾਂ ਵਿਰੋਧ ਕਰਦਾ, ਉਹ



ਨਿਸ਼ਾਨਾ ਬਣ ਜਾਂਦਾ। ਟੂਰਨਾਮੈਂਟ ਕੰਟਰੋਲ ਕਰਨ ਨਾਲ ਗੈਂਗ ਨੂੰ ਇਲਾਕੇ 'ਤੇ ਦਬਦਬਾ, ਪ੍ਰੋਟੈਕਸ਼ਨ ਮਨੀ ਅਤੇ ਪ੍ਰਭਾਵ ਮਿਲਦਾ। ਇਹ ਖੇਡ ਹੁਣ ਈਗੋ, ਪੈਸੇ ਅਤੇ ਦੁਸ਼ਮਣੀ ਦਾ ਅਖਾੜਾ ਬਣ ਗਈ ਹੈ। ਪੁਲਿਸ ਅਧਿਕਾਰੀਆਂ ਅਨੁਸਾਰ, ਜਿੱਥੇ ਪੁਲਿਸ ਦਾ ਦਬਾਅ ਵਧਦਾ, ਉੱਥੇ ਗੈਂਗ ਨਸ਼ੇ, ਹਥਿਆਰਾਂ ਅਤੇ ਹਵਾਲੇ ਦੇ ਨਾਲ ਨਾਲ ਕਬੱਡੀ ਵਿੱਚ ਵੀ ਪੈਸਾ ਭੇਜਣ ਲੱਗੇ। ਨਸ਼ਿਆਂ ਦੇ ਨੈੱਟਵਰਕ ਨੇ ਵੀ ਇਸ ਨੂੰ ਵਧਾਇਆ, ਕਿਉਂਕਿ ਕਬੱਡੀ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਵਾਲੀ ਖੇਡ ਸੀ, ਪਰ ਹੁਣ ਉਹੀ ਮੈਦਾਨ ਨਸ਼ੇ ਅਤੇ ਅਪਰਾਧ ਦੇ ਕੇਂਦਰ ਬਣ ਗਏ। ਗੈਂਗਸਟਰ ਖਿਡਾਰੀਆਂ ਅਤੇ ਪ੍ਰਮੋਟਰਾਂ ਨੂੰ ਆਪਣੇ ਨਾਲ ਜੋੜਨ ਜਾਂ ਖਤਮ ਕਰਨ ਲਈ ਵਰਤਦੇ ਸਨ। ਇਹ ਸਭ ਮੁੰਬਈ ਅੰਡਰਵਰਲਡ ਵਰਗਾ ਪੈਟਰਨ ਬਣ ਗਿਆ, ਜਿੱਥੇ ਸੰਗੀਤ ਅਤੇ ਖੇਡ ਵਰਗੇ ਹਾਈ-ਵਿਜ਼ੀਬਿਲਟੀ ਵਾਲੇ ਖੇਤਰਾਂ 'ਤੇ ਕੰਟਰੋਲ ਚਾਹੁੰਦੇ ਸਨ।

### ਹੱਤਿਆਵਾਂ ਦਾ ਲੰਮਾ ਸਿਲਸਿਲਾ: ਕੌਣ-ਕੌਣ ਸ਼ਿਕਾਰ ਹੋਏ

ਹੱਤਿਆਵਾਂ ਦਾ ਸਿਲਸਿਲਾ 2022 ਤੋਂ ਤੇਜ਼ ਹੋਇਆ। ਮਾਰਚ 2022 ਵਿੱਚ ਜਲੰਧਰ ਦੇ ਮੱਲੀਆਂ ਖੁਰਦ ਵਿੱਚ ਅੰਤਰਰਾਸ਼ਟਰੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਮੈਚ ਦੌਰਾਨ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਇਹ ਕਬੱਡੀ ਐਸੋਸੀਏਸ਼ਨਾਂ ਵਿਚਕਾਰ ਦੁਸ਼ਮਣੀ ਅਤੇ ਲੀਗਾਂ 'ਤੇ ਕੰਟਰੋਲ ਲਈ ਸੀ। ਬੰਬੀਹਾ ਗੈਂਗ ਨੇ ਜ਼ਿੰਮੇਵਾਰੀ ਲਈ। ਫਿਰ



ਨਵੰਬਰ 2024 ਵਿੱਚ ਤਰਨ ਤਾਰਨ ਵਿੱਚ ਸੁਖਵਿੰਦਰ ਸਿੰਘ ਨੂੰ ਲਾਰੈਂਸ ਬਿਸ਼ਨੋਈ ਗੈਂਗ ਨੇ ਮਾਰਿਆ। ਅਕਤੂਬਰ 2025 ਵਿੱਚ ਜਗਰਾਓਂ ਵਿੱਚ ਤੇਜਪਾਲ ਸਿੰਘ ਨੂੰ ਗੋਲੀ ਮਾਰ ਦਿੱਤੀ ਗਈ, ਜਿਸ ਨੂੰ ਪੁਰਾਣੀ ਨਿੱਜੀ ਦੁਸ਼ਮਣੀ ਦੱਸਿਆ ਗਿਆ। ਉਸੇ ਸਾਲ ਨਵੰਬਰ ਵਿੱਚ ਲੁਧਿਆਣਾ ਦੇ ਸਮਰਾਲਾ ਵਿੱਚ ਗੁਰਵਿੰਦਰ ਸਿੰਘ ਨੂੰ ਮਾਰ ਦਿੱਤਾ ਗਿਆ ਅਤੇ ਲਾਰੈਂਸ ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ 'ਤੇ ਜ਼ਿੰਮੇਵਾਰੀ ਲਈ। ਸਭ ਤੋਂ ਤਾਜ਼ਾ ਘਟਨਾ 15 ਦਸੰਬਰ 2025 ਨੂੰ ਮੋਹਾਲੀ ਦੇ ਸੋਹਾਣਾ ਵਿੱਚ ਹੋਈ, ਜਿੱਥੇ ਖਿਡਾਰੀ ਤੇ ਪ੍ਰਮੋਟਰ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਨੂੰ ਸੈਲਫੀ ਲੈਣ ਦੇ ਬਹਾਨੇ ਗੋਲੀ ਮਾਰ ਦਿੱਤੀ ਗਈ। ਉਸ ਦੀ ਸ਼ਾਦੀ ਨੂੰ ਮੁਸ਼ਕਿਲ ਨਾਲ 10 ਦਿਨ ਹੋਏ ਸਨ। ਬੰਬੀਹਾ ਗੈਂਗ ਨੇ ਜ਼ਿੰਮੇਵਾਰੀ ਲਈ ਅਤੇ ਇਸ ਨੂੰ ਸਿਧੂ ਮੂਸੇਵਾਲਾ ਕਤਲ ਦਾ ਬਦਲਾ ਦੱਸਿਆ। ਇਹ ਸਿਲਸਿਲਾ 2022 ਤੋਂ ਚੱਲ ਰਿਹਾ ਹੈ ਅਤੇ ਹੁਣ ਤੱਕ ਕਈ ਹੋਰ ਛੋਟੀਆਂ-ਵੱਡੀਆਂ ਘਟਨਾਵਾਂ ਵੀ ਹੋਈਆਂ।

### ਕਬੱਡੀ ਮੈਦਾਨਾਂ ਉਪਰ ਦਹਿਸ਼ਤ ਦਾ ਪਰਛਾਵਾਂ ਅਤੇ ਭਵਿੱਖ ਦੀ ਚੁਣੌਤੀ

ਅੱਜ ਕਬੱਡੀ ਮੈਦਾਨਾਂ 'ਤੇ ਗੈਂਗਸਟਰਾਂ ਦੇ ਡਰ ਦਾ ਪਰਛਾਵਾਂ ਹੈ। ਮੋਗਾ, ਜਗਰਾਓਂ, ਲੁਧਿਆਣਾ ਵਰਗੇ ਇਲਾਕਿਆਂ ਵਿੱਚ ਭੀੜ ਘੱਟ ਗਈ ਹੈ। ਲੋਕ ਸੂਰਜ ਡੁੱਬਣ ਤੋਂ ਬਾਅਦ ਰੁਕਣ ਤੋਂ ਡਰਦੇ ਹਨ। ਮਾਂਵਾਂ ਆਪਣੇ ਬੱਚਿਆਂ ਨੂੰ ਕਬੱਡੀ ਖੇਡਣ ਨਹੀਂ ਭੇਜਦੀਆਂ। ਰਾਣਾ ਬਲਾਚੌਰੀਆ ਦੇ ਪਿਤਾ ਕਹਿੰਦੇ ਹਨ ਕਿ ਉਹ ਅਕੈਡਮੀ ਬਣਾਉਣਾ ਚਾਹੁੰਦਾ ਸੀ ਤਾਂ ਜੋ ਬੱਚੇ ਨਸ਼ੇ ਤੋਂ ਦੂਰ ਰਹਿਣ। ਤੇਜਪਾਲ ਦੀ ਮਾਂ ਪੁੱਛਦੀ ਹੈ-ਹੁਣ ਬੱਚਿਆਂ ਨੂੰ ਕਿੱਥੇ ਭੇਜੀਏ ? ਪੰਜਾਬ ਸਰਕਾਰ ਨੇ 'ਖੇਡਾਂ ਵਤਨ ਪੰਜਾਬ ਦੀਆਂ' ਵਰਗੀਆਂ ਸਕੀਮਾਂ ਨਾਲ ਵਾਪਸ ਨਿਯੰਤਰਣ ਲੈਣ ਦੀ ਕੋਸ਼ਿਸ਼ ਕੀਤੀ ਹੈ। 3100 ਸਟੇਡੀਅਮ ਠੀਕ ਕਰਨ ਲਈ 1350 ਕਰੋੜ ਖਰਚ ਕਰਨ ਦਾ ਐਲਾਨ ਕੀਤਾ ਹੈ। ਪਰ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਜਲਦੀ ਸੁਧਾਰ ਨਹੀਂ ਆਵੇਗਾ। ਗੈਂਗਸਟਰਾਂ ਦੀ ਵਸੂਲੀ ਅਤੇ ਵਿਦੇਸ਼ੀ ਨੈੱਟਵਰਕ ਅਜੇ ਵੀ ਮੌਜੂਦ ਹਨ। ਕਬੱਡੀ ਨੂੰ ਵਾਪਸ ਉਸ ਪੁਰਾਣੇ ਰੂਪ ਵਿੱਚ ਲਿਆਉਣ ਲਈ ਮਜ਼ਬੂਤ ਨਿਯਮ, ਰਜਿਸਟ੍ਰੇਸ਼ਨ ਅਤੇ ਪੁਲਿਸ ਨਿਗਰਾਨੀ ਦੀ ਲੋੜ ਹੈ। ਨਹੀਂ ਤਾਂ ਇਹ ਖੇਡ, ਜੋ ਕਦੇ ਨਸ਼ੇ ਵਿਰੋਧੀ ਸੀ, ਹੁਣ ਨਸ਼ੇ ਅਤੇ ਖੂਨ-ਖਰਾਬੇ ਦਾ ਹਿੱਸਾ ਬਣ ਜਾਵੇਗੀ। ਪੰਜਾਬ ਦੇ ਨੌਜਵਾਨਾਂ ਦੇ ਸੁਪਨੇ ਫਿਰ ਤੋਂ ਮਿੱਟੀ ਨਾਲ ਜੁੜਨ ਲਈ ਇਹ ਮੈਦਾਨ ਸਾਫ਼ ਹੋਣੇ ਚਾਹੀਦੇ ਹਨ, ਨਾ ਕਿ ਗੋਲੀਆਂ ਦੀ ਦਹਿਸ਼ਤ ਨਾਲ ਜੁੜੇ।

## 49 ਕਰੋੜ ਦੀ ਹੈਰੋਇਨ ਜ਼ਬਤ, ਦੁਬਈ ਨੈੱਟਵਰਕ ਦਾ ਪਰਦਾਫਾਸ਼

ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਅੰਤਰਰਾਸ਼ਟਰੀ ਡਰੱਗ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਕੋਲੋਂ 7 ਕਿੱਲੋ 630 ਗ੍ਰਾਮ ਹੈਰੋਇਨ ਜ਼ਬਤ ਕੀਤੀ। ਇਸ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਅੰਦਾਜ਼ਨ ਕੀਮਤ 49 ਕਰੋੜ ਰੁਪਏ ਹੈ। ਨਾਲ ਹੀ 21,800 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਹੋਈ। ਜਾਂਚ ਦੌਰਾਨ ਪਤਾ ਲੱਗਾ ਕਿ ਇਹ ਨੈੱਟਵਰਕ ਦੁਬਈ ਤੋਂ ਚਲਾਇਆ ਜਾ ਰਿਹਾ ਸੀ। ਗ੍ਰਿਫ਼ਤਾਰ ਮੁਲਜ਼ਮ ਵਰਚੁਅਲ ਨੰਬਰਾਂ ਰਾਹੀਂ ਦੁਬਈ ਸਥਿਤ ਇੱਕ ਹੈਂਡਲਰ ਨਾਲ ਸੰਪਰਕ ਵਿੱਚ ਸਨ। ਉਹ ਹੈਂਡਲਰ ਉਨ੍ਹਾਂ ਨੂੰ ਹੈਰੋਇਨ ਦੀ ਖੇਪ ਚੁੱਕਣ ਦੀ ਥਾਂ ਅਤੇ ਅੱਗੇ ਸਪਲਾਈ ਕਰਨ ਦੇ ਨਿਰਦੇਸ਼ ਦਿੰਦਾ ਸੀ। ਪੁਲਿਸ ਸੂਤਰਾਂ ਅਨੁਸਾਰ ਇਹ ਦੁਬਈ ਹੈਂਡਲਰ ਪਹਿਲਾਂ ਵੀ ਕਈ ਵੱਡੇ ਨਸ਼ਾ ਤਸਕਰੀ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ ਅਤੇ ਉਸ ਦਾ ਨਾਂ 43 ਕਿੱਲੋ ਹੈਰੋਇਨ ਬਰਾਮਦਗੀ ਵਾਲੇ ਕੇਸ ਵਿੱਚ ਵੀ ਸਾਹਮਣੇ ਆ ਚੁੱਕਾ ਹੈ। ਇਸ ਗ੍ਰਿਫ਼ਤਾਰੀ ਨੂੰ ਸਰਹੱਦ ਪਾਰ 'ਨਾਰਕੋ-ਟੈਰਰ' ਨੈੱਟਵਰਕ ਨੂੰ ਤੋੜਨ ਵਿੱਚ ਅਹਿਮ ਕੜੀ ਮੰਨਿਆ ਜਾ ਰਿਹਾ ਹੈ। ਥਾਣਾ ਛੇਹਰਟਾ ਵਿਖੇ ਐਨ.ਡੀ.ਪੀ.ਐਸ. ਐਕਟ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਪੁਲਿਸ ਹੁਣ ਇਹ ਜਾਂਚ ਕਰ ਰਹੀ ਹੈ ਕਿ ਹੈਰੋਇਨ ਦੀ ਖੇਪ ਕਿੱਥੋਂ ਆਈ ਸੀ ਅਤੇ ਅੱਗੇ ਕਿਹੜੇ ਇਲਾਕਿਆਂ ਵਿੱਚ ਸਪਲਾਈ ਹੋਣੀ ਸੀ।

ਜਨਮ ਮਰਣ ਦੁਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥2॥

# ਡਾ: ਦਲੀਪ ਸਿੰਘ ਜੀ ਦੀ ਸ਼ਖਸੀਅਤ ਨੂੰ ਯਾਦ ਕਰਦਿਆਂ



ਡਾ: ਦਲੀਪ ਸਿੰਘ ਜੀ

ਐਸੇ ਜਨ ਵਿਰਲੇ ਸੰਸਾਰੇ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ
ਸਫਲ ਜਨਮੁ ਜਗਿ ਆਇਆ॥11॥

ਸਤਿਕਾਰਯੋਗ, ਨਾਮ ਰਸੀਏ, ਸੇਵਾ ਦੇ ਪੁੰਜ, ਨਿਮਰਤਾ ਦੇ ਧਾਰਨੀ, ਵਿਦਿਅਕ ਮਾਹਿਰ, ਬਹੁ-ਪੱਖੀ ਸ਼ਖ਼ਸੀਅਤ, ਹਰ ਵਕਤ ਸੇਵਾ ਲਈ ਤਤਪਰ, ਦੂਰ-ਅੰਦੇਸ਼ੀ, ਗੁਰੂ-ਪੰਥ ਦੀ ਹਮੇਸ਼ਾ ਚੜ੍ਹਦੀ ਕਲਾ ਲਈ ਸੋਚ ਰੱਖਣ ਵਾਲੇ ਭਾਈ ਸਾਹਿਬ ਜੀ ਡਾਕਟਰ ਦਲੀਪ ਸਿੰਘ ਜੀ ਦਾ ਦਾਸ ਦੇ ਨਾਲ ਮਿਲਾਪ ਸੰਨ 1975 ਵਿੱਚ ਅਕਾਲ ਪੁਰਖ ਜੀ ਨੇ ਕਰਵਾਇਆ। ਦਾਸ ਨੂੰ ਉਨ੍ਹਾਂ ਦੇ ਮਿਲਾਪ ਵਿੱਚੋਂ ਪੁਰਾਤਨ ਗੁਰਸਿੱਖਾਂ ਦੀ ਰਹਿਣੀ, ਕਹਿਣੀ ਅਤੇ ਸਹਿਣੀ ਦੀਆਂ ਝਲਕਾਂ ਦੇਖਣ ਨੂੰ ਮਿਲੀਆਂ। ਅਕਾਲ ਪੁਰਖ ਦੀ ਬਖ਼ਸ਼ਿਸ਼ ਕਰਕੇ ਸਾਨੂੰ ਅਖੀਰਲੇ ਸਮੇਂ ਤੱਕ ਆਪਸ ਵਿੱਚ ਪਿਆਰ ਭਰੀਆਂ ਅਸੀਸਾਂ ਪ੍ਰਾਪਤ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਦਾਸ ਉਸ ਸਮੇਂ ਅਜੇ ਵਿਦਿਆਰਥੀ ਜੀਵਨ ਵਿੱਚ ਸੀ ਉਨ੍ਹਾਂ ਦੀ ਮਿੱਠੜੀ ਬੋਲੀ, ਨਿੱਘੇ ਪਿਆਰ ਨੇ ਵੱਡੇ ਭਰਾ, ਪਿਤਾ ਸਮਾਨ ਆਪਣੀ ਗਲਵਕੜੀ ਵਿੱਚ ਲੈ ਕੇ ਆਪਣੀ ਸੇਵਾ ਵਿੱਚ ਨਾਮ ਬਾਣੀ ਵਿੱਚ ਜੋੜੀ ਰੱਖਿਆ। ਉਨ੍ਹਾਂ ਦੇ ਜੀਵਨ ਵਿੱਚੋਂ ਪਿਆਰ ਦੀਆਂ ਲੋਰੀਆਂ ਹੀ ਮਿਲੀਆਂ। ਦਾਸ ਨੇ ਆਪਣੇ ਜੀਵਨ ਵਿੱਚ ਬਹੁਤ ਵਾਰੀ ਵੇਖਿਆ ਜਿਹੜਾ ਵੀ ਵਿਅਕਤੀ ਇਕ ਵਾਰੀ ਉਨ੍ਹਾਂ ਨਾਲ ਮਿਲਾਪ ਕਰ ਲੈਂਦਾ ਸੀ ਫਿਰ ਉਸ ਦਾ ਵਿਛੜਨ ਨੂੰ ਮਨ ਨਹੀਂ ਕਰਦਾ ਸੀ।

ਸਕੂਲ ਖੁੱਲ੍ਹਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਬੱਚਿਆਂ ਨੂੰ ਫ੍ਰੀ ਟਿਊਸ਼ਨ ਦੀ ਸੇਵਾ, ਉਚੇਰੀ ਵਿੱਦਿਆ ਲਈ ਪ੍ਰੇਰਨਾ ਅਤੇ ਨਾਲ-ਨਾਲ ਧਾਰਮਿਕ ਵਿੱਦਿਆ ਦੀ ਸੇਵਾ ਕਰਨੀ। ਉਨ੍ਹਾਂ ਦੀ ਸੋਚ ਸੀ ਕਿ ਲਾਇਬ੍ਰੇਰੀ ਇਕ ਅਲਮਾਰੀ ਵਿੱਚ ਨਹੀਂ ਹੋਣੀ ਚਾਹੀਦੀ, ਪੁਸਤਕਾਂ ਪਾਠਕਾਂ ਦੇ ਹੱਥਾਂ ਵਿੱਚ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਦੇ ਵਿਚਾਰ ਸਨ ਕਿ ਜੇਕਰ ਪੁਸਤਕ ਪਾਠਕ ਦੀ ਯੋਗਤਾ ਅਨੁਸਾਰ ਉਸ ਨੂੰ ਮਿਲ ਜਾਏ ਤਾਂ ਉਹ ਦੁਬਾਰਾ ਪੁਸਤਕ ਜ਼ਰੂਰ ਮੰਗੇਗਾ। ਧਾਰਮਿਕ ਪੁਸਤਕਾਂ ਦੀ ਸੇਵਾ ਵਾਸਤੇ ਉਹ ਸੰਗਤਾਂ ਨੂੰ ਪ੍ਰੇਰਿਤ ਕਰਦੇ ਰਹਿੰਦੇ ਸਨ, ਜਿਤਨੇ ਵੀ ਸੇਵਾਦਾਰ ਹੋਣ ਉਹ ਪਹਿਲਾਂ ਆਪ ਪੁਸਤਕਾਂ ਪੜ੍ਹਨ ਅਤੇ ਫਿਰ ਪੁਸਤਕਾਂ ਵੰਡਣ ਦੀ ਸੇਵਾ ਕਰਨ। ਉਨ੍ਹਾਂ ਦੇ ਵਿਚਾਰ ਸਨ ਕਿ ਇਕ ਪਿੰਡ ਵਿੱਚੋਂ 5 ਪਾਠਕ ਚੁਣੇ ਜਾਣ, ਉਨ੍ਹਾਂ ਨੂੰ ਇਕ ਟਾਈਟਲ ਦਿੱਤਾ ਜਾਵੇ ਅਤੇ ਦੂਸਰੇ ਪਿੰਡ ਦੂਸਰਾ ਟਾਈਟਲ ਦਿੱਤਾ ਜਾਵੇ, ਦੁਬਾਰਾ ਆਪਸ ਵਿੱਚ ਬਦਲੀਆਂ ਜਾਣ, ਇਸ ਤਰ੍ਹਾਂ ਬੱਚੇ ਕਿਤਾਬਾਂ ਪੜ੍ਹ ਕੇ ਗੁਰੂ-ਸਾਹਿਬਾਂ ਦੇ ਜੀਵਨ, ਪੁਰਾਤਨ ਗੁਰਸਿੱਖਾਂ ਦੇ ਜੀਵਨ ਨਾਲ ਜੁੜ ਸਕਣ।

ਗੁਰਬਾਣੀ ਪੜ੍ਹਨ ਸਬੰਧੀ ਉਨ੍ਹਾਂ ਦੇ ਜੀਵਨ ਵਿੱਚੋਂ ਜੋ ਸਿੱਖਿਆ ਮਿਲੀ ਉਹ ਇਹ ਹੈ ਕਿ ਗੁਰਬਾਣੀ ਜਿੰਨੀ ਪਿਆਰ ਨਾਲ ਸਹਿਜ ਨਾਲ ਵਿਚਾਰ ਕੇ ਪੜ੍ਹੀ ਜਾਵੇ ਓਨਾ ਹੀ ਜ਼ਿਆਦਾ ਲਾਭ ਪ੍ਰਾਪਤ ਹੋਵੇਗਾ। ਦਾਸ ਨੇ ਦੇਖਿਆ ਕਿ ਭਾਈ ਸਾਹਿਬ ਜੀ ਪਾਸੋਂ ਜਦੋਂ ਗੁਰੂ ਸਾਹਿਬ ਜੀ ਗੁਰਬਾਣੀ ਜਾਪ ਦੀ ਸੇਵਾ ਬਖ਼ਸ਼ਿਸ਼ ਕਰਦੇ ਸਨ ਉਸ ਸਮੇਂ ਜਿੰਨੇ ਵੀ ਪ੍ਰਾਣੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਬੈਠੇ ਹੁੰਦੇ ਸਨ ਕਿਸੇ ਦਾ ਮਨ ਉਥੋਂ ਉੱਠਣ ਨੂੰ ਨਹੀਂ ਸੀ ਕਰਦਾ, ਪਿਆਰ ਭਰੇ ਹਿਰਦੇ ਵਿੱਚੋਂ ਅੰਮ੍ਰਿਤ ਮਈ ਵਰਖਾ ਹੁੰਦੀ ਸੀ। ਭਾਈ ਸਾਹਿਬ ਦੱਸਦੇ ਹੁੰਦੇ ਸਨ ਜਿਸ ਤਰ੍ਹਾਂ ਪੰਜਾਬੀ ਦੀ ਇਕ ਲਾਈਨ ਤੋਂ ਬਾਅਦ ਇਕ ਡੰਡੀ ਲਗਾਈਦੀ ਹੈ ਇੰਗਲਿਸ਼ ਦੀ ਇਕ ਲਾਈਨ ਲਿਖਣ ਤੋਂ ਬਾਅਦ ਇਕ ਫੁੱਲ ਸਟਾਪ ਲਾਈਦਾ ਹੈ, ਪਰ ਸੱਚੇ ਪਾਤਸ਼ਾਹ ਜੀ ਨੇ ਗੁਰਬਾਣੀ ਦੀ ਹਰੇਕ ਤੁਕ ਤੋਂ ਬਾਅਦ ਦੋ ਡੰਡੇ ਲਾਏ ਹਨ, ਇਸ ਬਾਰੇ ਕੋਈ ਵਿਚਾਰ ਨਹੀਂ ਕਰਦਾ ਉਹ ਕਹਿੰਦੇ ਸਨ ਮੇਰੇ ਵਿਚਾਰ ਅਨੁਸਾਰ ਗੁਰੂ ਸਾਹਿਬ ਜੋ ਸਾਨੂੰ ਸਮਝਾ ਰਹੇ ਹਨ ਉਸ ਨੂੰ ਸਮਝੀਏ ਅਤੇ ਫਿਰ ਅੱਗੇ ਚੱਲੀਏ।

ਦੁਨਿਆਵੀ ਪੜ੍ਹਾਈ ਕਰਵਾਉਣ ਦਾ ਉਨ੍ਹਾਂ ਦਾ ਆਪਣਾ ਵੱਖਰਾ ਹੀ ਢੰਗ ਸੀ। ਅਕਾਲ ਪੁਰਖ ਦੀ ਕਿਰਪਾ ਨਾਲ ਜੋ ਵੀ ਉਨ੍ਹਾਂ ਨੇ ਆਪਣਾ ਨਿਸ਼ਾਨਾ ਬਣਾਇਆ ਸੀ ਉਸ ਨੂੰ ਤਨ, ਮਨ ਅਤੇ ਧਨ ਦੁਆਰਾ ਅਣਥੱਕ ਸੇਵਾ ਕਰਕੇ ਪੂਰਾ ਕੀਤਾ। ਬੋਰਡ ਕਲਾਸਾਂ ਦਾ ਨਤੀਜਾ ਪਹਿਲੇ ਦਰਜੇ ਵਿੱਚ ਸਾਰੀ ਕਲਾਸ ਲਿਆਂਦੀ। ਸਟਾਫ ਅਤੇ ਬੱਚਿਆਂ ਨੂੰ ਪ੍ਰੇਰਨਾ ਦੇਣ ਲਈ ਆਪਣੇ ਜੀਵਨ ਦੀਆਂ ਕਾਲਜ ਟਾਈਮ ਦੀਆਂ ਉਦਾਹਰਣਾਂ ਦੇ ਕੇ ਦੱਸਦੇ ਸਨ ਮੈਂ ਕਿਸ ਤਰ੍ਹਾਂ ਆਰਟਸ ਦੀ ਪੜ੍ਹਾਈ ਤੋਂ ਮੈਡੀਕਲ ਲਾਈਨ ਵਿੱਚ ਆ ਕੇ ਟਾਪ ਕੀਤਾ ਵਿੱਚ ਅਕਾਲ-ਪੁਰਖ ਦੀ ਕਿਰਪਾ ਅਤੇ ਮਿਹਨਤ ਦਾ ਹੀ ਨਤੀਜਾ ਸੀ। ਮੈਂ ਕਈ ਵਾਰ ਸੋਚਦਾ ਹੁੰਦਾ ਸੀ ਕਿ ਜਿਸ ਤਰ੍ਹਾਂ ਭਾਈ ਸਾਹਿਬ ਜੀ ਅਗਵਾਈ ਕਰਦੇ ਹਨ ਜੇਕਰ ਬੱਚਿਆਂ ਦੇ ਮਾਤਾ-ਪਿਤਾ ਉਸ ਤਰੀਕੇ ਨਾਲ ਕੰਮ ਕਰਨ ਤਾਂ ਸਾਰੀ ਕਲਾਸ ਮੈਰਿਟ ਲਿਸਟ ਵਿੱਚ ਆ ਸਕਦੀ ਹੈ ਪਰ ਸਾਡੀ ਹਉਮੈ ਕੁਝ ਕਰਨ ਨਹੀਂ ਦਿੰਦੀ।

ਮੈਡੀਕਲ ਦੀ ਵੀ ਡਿਸਪੈਂਸਰੀ ਦੀ ਸੇਵਾ ਗਰੀਬ, ਅਮੀਰ ਵਾਸਤੇ ਬਿਨਾਂ ਭੇਦ ਭਾਵ ਤੋਂ ਨਿਭਾਈ। ਪ੍ਰਯੋਗਸ਼ਾਲਾ ਦੀ ਸੇਵਾ ਮੁਫ਼ਤ, ਆਈ ਏ ਐਸ ਅਤੇ ਪੀ ਸੀ ਐਸ ਦੀ ਤਿਆਰੀ ਕਰਨ ਵਾਲਿਆਂ ਨੂੰ ਮੁਫ਼ਤ ਗਾਈਡੈਂਸ ਦੇਣ ਦੀ ਸੇਵਾ ਨਿਭਾਈ। ਦਾਸ ਨੇ ਆਪਣੀ ਜ਼ਿੰਦਗੀ ਵਿੱਚ ਉਨ੍ਹਾਂ ਨੂੰ ਹਮੇਸ਼ਾਂ ਸਕੂਲ ਵਿੱਚ ਹਾਜ਼ਰ ਦੇਖਿਆ। ਸਿਹਤ ਦੀ ਖਰਾਬੀ ਤੋਂ ਬਿਨਾਂ ਉਹਨਾਂ ਨੇ ਸਕੂਲ ਤੋਂ ਬਾਹਰ ਕਦੇ ਰਾਤ ਨਹੀਂ ਕੱਟੀ। ਉਨ੍ਹਾਂ ਦਾ ਕਹਿਣਾ ਸੀ ਕਿ ਕੋਈ ਵੀ ਸੰਸਥਾ ਨੂੰ ਜੇ ਕਾਮਯਾਬ ਕਰਨਾ ਹੈ ਤਾਂ ਇਕ ਜਣੇ ਨੂੰ ਆਪਣੀ ਜ਼ਿੰਦਗੀ ਲਾਉਣੀ ਪਵੇਗੀ।

ਉਨ੍ਹਾਂ ਕੋਲ ਜੋ ਕੋਈ ਵਕੀਲ ਆਇਆ, ਡਾਕਟਰ ਆਇਆ, ਵਿਦਵਾਨ ਆਇਆ, ਇੰਜੀਨੀਅਰ ਆਇਆ ਹਰ ਕੋਈ ਉਥੋਂ ਕੁਝ ਨ ਕੁਝ ਸਿੱਖ ਕੇ ਹੀ ਗਿਆ। ਭਾਈ ਸਾਹਿਬ ਜੀ ਜਾਦੂ (ਮੈਜਿਕ) ਦੇ ਵੀ ਬਹੁਤ ਮਾਹਿਰ ਸਨ। ਬੱਚਿਆਂ ਨੂੰ ਕਈ ਤਰ੍ਹਾਂ ਦੀ ਕਲਾ ਦਿਖਾ ਦਿੰਦੇ ਸਨ। ਭਾਈ ਸਾਹਿਬ ਜੀ ਗੁਣਾਂ ਦੇ ਖਜ਼ਾਨੇ ਸਨ ਪਰ ਗੁਪਤ ਰਹਿੰਦੇ ਸਨ, ਦਾਸ ਦੀ ਤੁੱਛ ਬੁੱਧੀ ਹੋਣ ਕਾਰਣ ਉਨ੍ਹਾਂ ਕੋਲੋਂ ਕੁਝ ਸਿੱਖ ਨਹੀਂ ਸਕਿਆ। ਐਸੇ ਗੁਰਸਿੱਖ ਨੂੰ ਕੋਟਿ ਕੋਟਿ ਨਮਸਕਾਰ ਹੈ ਜੀ। ਗੁਰੂ ਸਾਹਿਬ ਜੀ ਕਿਰਪਾ ਕਰਨ ਉਨ੍ਹਾਂ ਦੀ ਬਖ਼ਸ਼ੀ ਹੋਈ ਅਗਵਾਈ 'ਤੇ ਚੱਲ ਸਕੀਏ ਤਾਂ ਕਿ ਇਸ ਸੰਸਾਰ ਵਿੱਚ ਆਉਣਾ ਸਫਲ ਹੋ ਸਕੇ। ਗੁਰਸਿੱਖਾਂ ਦਾ ਜੀਵਨ ਬਿਆਨ ਕਰਨਾ ਬਹੁਤ ਔਖਾ ਹੈ ਜੀ, ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਭੁੱਲ ਚੁੱਕ ਦੀ ਖਿਮਾਂ ਜੀ।

ਲੇਖਕ: ਅਮਰੀਕ ਸਿੰਘ ਨਕੋਦਰ

# ਬਰਤਾਨਵੀ ਸੰਸਦ ਦੇ ਹਾਊਸ ਆਫ਼ ਲਾਰਡਜ਼ ਵਿਖੇ ਭਾਰਤੀ ਮੂਲ ਦੇ ਲਾਰਡ ਮੇਘਨਾਦ ਦੇਸਾਈ ਦੀ ਯਾਦ 'ਚ ਸਮਾਗਮ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਦਿੱਤੀ ਸ਼ਰਧਾਂਜਲੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਉੱਘੇ ਅਰਥਸ਼ਾਸਤਰੀ ਸਾਬਕਾ ਪ੍ਰੋਫੈਸਰ ਮੇਘਨਾਦ ਦੇਸਾਈ ਦੀ ਯਾਦ ਵਿੱਚ ਬਰਤਾਨੀਆਂ ਦੇ ਉਪਰਲੇ ਸਦਨ ਹਾਊਸ ਆਫ ਲਾਰਡਜ਼ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਲੰਡਨ ਦੇ ਹਾਊਸ ਆਫ਼ ਲਾਰਡਜ਼ ਕੰਪਲੈਕਸ ਵਿਖੇ ਮਰਹੂਮ ਅਰਥਸ਼ਾਸਤਰੀ ਮੇਘਨਾਦ ਦੇਸਾਈ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਨੂੰ ਇੱਕ ਮਹਾਨ ਬੁੱਧੀਜੀਵੀ, ਇੱਕ ਸੰਵੇਦਨਸ਼ੀਲ ਵਿਦਵਾਨ ਅਤੇ ਇੱਕ ਸਮਰਪਿਤ ਜਨਤਕ ਸੇਵਕ ਦੱਸਿਆ।*

ਬਰਤਾਨਵੀ ਸੰਸਦ ਦੇ ਉਪਰਲੇ ਸਦਨ, ਹਾਊਸ ਆਫ ਲਾਰਡਜ਼ ਦੇ ਸਾਬਕਾ ਮੈਂਬਰ, ਦੇਸਾਈ ਦਾ ਪਿਛਲੇ ਸਾਲ 84 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ। ਉਹਨਾਂ ਦੀ ਯਾਦ ਵਿੱਚ ਕਰਵਾਏ ਗਏ ਸਮਾਗਮ ਵਿੱਚ ਉਹਨਾਂ ਦੇ ਸਾਥੀ ਸੰਸਦ ਮੈਂਬਰਾਂ, ਸਹਿਯੋਗੀਆਂ, ਸਿੱਖਿਆ ਸ਼ਾਸਤਰੀਆਂ ਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਦੇ ਸਾਬਕਾ ਵਿਦਿਆਰਥੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਲਾਰਡ ਦੇਸਾਈ ਲੰਡਨ ਸਕੂਲ ਆਫ ਇਕਨਾਮਿਕਸ ਵਿਖੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਸਨ।

ਇਸ ਮੌਕੇ ਲਾਰਡ ਕ੍ਰਿਸ਼ ਰਾਵਲ ਨੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦਾ ਸੁਨੇਹਾ ਪੜ੍ਹਿਆ। ਆਪਣੇ ਸੰਦੇਸ਼ ਵਿੱਚ ਸਟਾਰਮਰ ਨੇ ਕਿਹਾ ਕਿ ਭਾਰਤੀ ਮੂਲ ਦੇ ਪਹਿਲੇ ਲੇਬਰ ਪਾਰਟੀ ਦੇ ਸੰਸਦ ਮੈਂਬਰ, ਲਾਰਡ ਦੇਸਾਈ ਦੀ ਸ਼ਾਨਦਾਰ ਯਾਤਰਾ ਰਹੀ ਹੈ ਉਹਨਾਂ ਨੇ ਅੰਦਰ ਉਤਸੁਕਤਾ ਅਤੇ ਮਨੁੱਖੀ ਸਮਝ ਨੂੰ ਅੱਗੇ ਵਧਾਉਣ ਲਈ ਇੱਕ ਅਟੁੱਟ ਵਚਨਬੱਧਤਾ ਸੀ।

ਰਾਵਲ ਨੇ ਕਿਹਾ ਕਿ ਦੇਸਾਈ ਬਰਤਾਨੀਆਂ




ਮੇਘਨਾਦ ਦੇਸਾਈ

ਅਤੇ ਭਾਰਤ ਵਿਚਕਾਰ ਇੱਕ ਪੁਲ ਵਾਂਗ ਸਨ, ਜਿਨ੍ਹਾਂ ਨੇ ਆਪਣੇ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਅਤੇ ਅਨੁਭਵ ਨਾਲ ਸਾਡੇ ਰਾਸ਼ਟਰੀ ਜੀਵਨ ਨੂੰ ਅਮੀਰ ਬਣਾਇਆ। ਉਹਨਾਂ ਦੀ ਬਦੌਲਤ ਹੀ ਸੰਸਦ ਦੇ ਸਾਹਮਣੇ ਪਾਰਲੀਮੈਂਟ ਸਕੁਏਅਰ ਵਿੱਚ ਮਹਾਤਮਾ ਗਾਂਧੀ ਸਮਾਰਕ ਬਣਿਆ। ਇਹ ਸਮਾਗਮ ਮੇਘਨਾਦ ਦੇਸਾਈ ਦੀ ਪਤਨੀ 'ਲੇਡੀ' ਕਿਸ਼ਵਰ ਦੇਸਾਈ ਦੁਆਰਾ ਆਯੋਜਿਤ ਕੀਤਾ ਗਿਆ ਸੀ।

ਕਿਸ਼ਵਰ ਦੇਸਾਈ ਨੇ ਕਿਹਾ ਕਿ ਇੱਥੇ ਹਰ ਕੋਈ ਮੇਰਾ ਦੁੱਖ ਮਹਿਸੂਸ ਕਰਦਾ ਹੈ, ਪਰ ਖੁਸ਼ੀ ਵੀ ਹੈ ਕਿ ਉਹ ਸਾਡੇ ਨਾਲ ਆਪਣੀਆਂ ਕਿਤਾਬਾਂ, ਆਪਣੇ ਵਿਦਿਆਰਥੀਆਂ ਅਤੇ ਸਾਡੇ ਨਾਲ ਸਾਂਝੇ ਕੀਤੇ ਵਿਚਾਰਾਂ ਰਾਹੀਂ ਹਮੇਸ਼ਾ ਸਾਡੇ ਨਾਲ ਰਹਿਣਗੇ। ਗੁਜਰਾਤ ਵਿੱਚ ਜਨਮੇ, ਮੇਘਨਾਦ ਦੇਸਾਈ ਨੇ ਆਪਣਾ ਜ਼ਿਆਦਾਤਰ ਸਮਾਂ ਲੰਡਨ, ਦਿੱਲੀ ਅਤੇ ਗੋਆ ਵਿੱਚ ਬਿਤਾਇਆ। ਉਨ੍ਹਾਂ ਨੇ ਅਰਥਸ਼ਾਸਤਰ 'ਤੇ ਕਈ ਮਹੱਤਵਪੂਰਨ ਲੇਖ ਲਿਖੇ ਅਤੇ ਕਿਤਾਬਾਂ ਲਿਖੀਆਂ।

# ਮਾਨਚੈਸਟਰ ਯੂਨਾਈਟਿਡ ਦੇ ਸਹਿ-ਮਾਲਕ ਜਿਮ ਰੈਟਕਲਿਫ ਨੇ ਮੰਗੀ ਮੁਆਫ਼ੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਮਸ਼ਹੂਰ ਫੁੱਟਬਾਲ ਕਲੱਬ ਮਾਨਚੈਸਟਰ ਯੂਨਾਈਟਿਡ ਦੇ ਸਹਿ-ਮਾਲਕ ਜਿਮ ਰੈਟਕਲਿਫ ਨੇ ਯੂ ਕੇ ਨੂੰ "ਪ੍ਰਵਾਸੀਆਂ ਦੁਆਰਾ ਬਸਤੀਵਾਦੀ" ਬਣਾਉਣ ਦੀ ਟਿੱਪਣੀ ਦਾ ਵਿਰੋਧ ਹੋਣ ਤੋਂ ਬਾਅਦ ਅੱਜ ਮੁਆਫ਼ੀ ਮੰਗੀ ਹੈ।


ਜਿਮ ਰੈਟਕਲਿਫ

ਸਕਾਈ ਨਿਊਜ਼ ਟੈਲੀਵੀਜ਼ਨ ਨਾਲ ਗੱਲਬਾਤ ਕਰਦੇ ਹੋਏ ਅਰਬਪਤੀ ਕੈਮੀਕਲ ਕੰਪਨੀ ਦੇ ਸੰਸਥਾਪਕ ਨੇ ਇਹ ਵੀ ਗਲਤ ਦਾਅਵਾ ਕੀਤਾ ਕਿ 2020 ਤੋਂ ਯੂ ਕੇ ਦੀ ਆਬਾਦੀ 1 ਕਰੋੜ 20 ਲੱਖ ਵਧੀ ਹੈ। ਜਦ ਇਹ ਅਸਲ ਵਿੱਚ 27 ਲੱਖ ਵਧੀ ਸੀ। ਆਪਣੇ ਬਾਅਦ ਦੇ ਬਿਆਨ ਵਿੱਚ, ਰੈਟਕਲਿਫ ਨੇ ਕਿਹਾ ਕਿ ਇਮੀਗ੍ਰੇਸ਼ਨ ਦੇ ਮੁੱਦੇ ਨੂੰ ਉਠਾਉਣਾ ਅਤੇ ਇੱਕ ਖੁੱਲ੍ਹੀ ਬਹਿਸ ਬਣਾਈ ਰੱਖਣਾ ਮਹੱਤਵਪੂਰਨ ਸੀ। ਪਰ ਸ਼ਬਦਾਂ ਦੀ ਗਲਤ ਚੋਣ ਲਈ ਉਹਨਾਂ ਮੁਆਫ਼ੀ ਮੰਗੀ।ਐਫ ਏ ਵੀ ਇਸ ਗੱਲ ਦੀ ਜਾਂਚ ਕਰ ਰਿਹਾ ਹੈ ਕਿ ਕੀ ਰੈਟਕਲਿਫ ਦੀਆਂ ਟਿੱਪਣੀਆਂ ਨੇ ਫੁੱਟਬਾਲ ਖੇਡ ਨੂੰ ਬਦਨਾਮ ਕੀਤਾ ਹੈ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਰੈਟਕਲਿਫ ਦੀਆਂ ਟਿੱਪਣੀਆਂ ਨੂੰ ਅਪਮਾਨਜਨਕ ਅਤੇ ਗਲਤ ਕਰਾਰ ਦਿੱਤਾ। ਉਹਨਾਂ ਕਿਹਾ ਕਿ ਬਰਤਾਨੀਆ ਨੂੰ ਬਣਾਉਣ ਲਈ ਵਿਸ਼ਵ ਭਰ ਦੇ ਲੋਕਾਂ ਦਾ ਯੋਗਦਾਨ ਰਿਹਾ ਹੈ। ਰੈਟਕਲਿਫ ਦੇ ਵਿਚਾਰਾਂ ਦਾ ਵਿਰੋਧੀ ਪਾਰਟੀਆਂ ਅਤੇ ਫੁੱਟਬਾਲ ਸਮੂਹਾਂ ਦੁਆਰਾ ਵੀ ਆਲੋਚਨਾ ਕੀਤੀ ਗਈ। ਪਰ ਰਿਫਾਰਮ ਯੂ ਕੇ ਦੇ ਨੇਤਾ ਨਾਈਜਲ ਫੈਰਾਜ ਨੇ ਰੈਟਕਲਿਫ ਦੀਆਂ ਟਿੱਪਣੀਆਂ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਮੀਗ੍ਰੇਸ਼ਨ ਨੇ ਸਾਡੇ ਦੇਸ਼ ਦੇ ਬਹੁਤ ਸਾਰੇ ਖੇਤਰਾਂ ਦੇ ਢਾਂਚੇ ਨੂੰ ਹੀ ਬਦਲ ਦਿੱਤਾ ਹੈ।

# ਡੰਗ ਮਨਚੰਦੇ ਦੇ


ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਞ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES, Bridle Gate Lane, Alvaston, Derby, DE24 0QW, U.K.**
**Email:panjabtimes@gmail.com, www.panjabtimes.uk**
**WhatsApp No. 07966 388 388**

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Can you construct more two letter Mukta words with the following letters? Write at least 10 words.

ਪ, ਫ, ਬ, ਭ, ਮ

ਸਿੱਖਿਆ - ਗੁਰਮੁਖੀ Page 55 Level I

# ਮਾਂ ਨੀ ਰਹਿਗੀ ਮਾਂ ਓ ਦੁਨੀਆਂ ਵਾਲਿਓ

ਇਹ ਦਿਨੋ ਦਿਨ ਸੁੱਕਦੀ ਜਾਵੇ॥
ਡਾਇਟਿੰਗ ਕਰ ਕਰ ਮੁੱਕਦੀ ਜਾਵੇ॥
ਘਰ ਬਣਿਆ ਨਾ ਭੋਜਨ ਖਾਵੇ॥
ਪੀਜ਼ੇ ਬਰਗਰ ਘਰੇ ਮੰਗਾਵੇ॥
ਕਰ ਲਿਆ ਸਰੀਰ ਤਬਾਹ॥
ਓ ਦੁਨੀਆਂ ਵਾਲਿਓ...॥

ਕਈ ਪਾਸੇ ਇਹ ਚੈਟਿੰਗ ਕਰਦੀ॥
ਮਾਂ ਪਿਓ ਨਾ ਭਰਾਵਾਂ ਤੋਂ ਡਰਦੀ॥
ਕਹਿੰਦੀ ਮੇਰੀ ਆਪਣੀ ਜ਼ਿੰਦਗੀ॥
ਕੋਈ ਨੀ ਹੁੰਦੀ ਹੁਣ ਸ਼ਰਮਿੰਦਗੀ॥
ਕੋਈ ਰੋਕੇ ਨਾ ਮੇਰਾ ਰਾਹ॥
ਓ ਦੁਨੀਆਂ ਵਾਲਿਓ....॥

ਵਿਆਹ ਕਹਿੰਦੀ ਮੈਂ ਆਪੇ ਕਰਾਉਣਾ॥
ਆਪਣਾ ਲੱਭੋਂ ਆਪੇ ਪ੍ਰਾਹੁਣਾ॥
ਕਿਸੇ ਤੋਂ ਨਹਿਓਂ ਘੋਖ ਕਰਾਉਂਣੀ॥
ਵਟਸ ਐਪ ਤੇ ਚੱਲਦੀ ਚੈਟਿੰਗ ਸੋਹਣੀ॥
ਵਿਚੋਲਿਆਂ ਨੂੰ ਕਰੋ ਦਫਾ। ।
ਓ ਦੁਨੀਆਂ ਵਾਲਿਓ....॥

ਵਿਆਹ ਲਈ ਕਹਿੰਦੀ ਪੈਲਿਸ ਵੱਡਾ॥
ਨੋਟਾਂ ਦਾ ਭਾਂਵੇ ਲੱਗ ਜੇ ਗੱਡਾ॥
ਪਾਣੀ ਵਾਂਗੂੰ ਸ਼ਰਾਬ ਵੀ ਡੁੱਲੇ
ਨੱਚ ਨੱਚ ਕੇ ਅਸੀਂ ਲੁਟੀਏ ਬੁੱਲੇ॥
ਭਾਵੇਂ ਬਾਪੂ ਲੈ ਲਵੇ ਫਾਹ॥
ਓ ਦੁਨੀਆਂ ਵਾਲਿਓ...॥

ਦਾਜ ਮੈਂ ਕਹਿੰਦੀ ਬਹੁਤ ਹੈ ਖੜਨਾ॥
ਤਾਂ ਹੀ ਸਹੁਰੇ ਘਰ ਕਿਸੇ ਨੀ ਲੜਨਾ॥
ਸਾਰਿਆਂ ਤੇ ਮੇਰਾ ਰੋਹਬ ਚੱਲੂ॥
ਸਭ ਤੋਂ ਵੱਡਾ ਕਮਰਾ ਮੱਲੂੰ॥
ਸੱਸ ਸਹੁਰੇ ਨੂੰ ਦਿਊਂ ਕਢਾ॥
ਓ ਦੁਨੀਆਂ ਵਾਲਿਓ..॥

ਜੁਆਇੰਟ ਫੈਮਲੀ ਪਸੰਦ ਨਾ ਕਰਦੀ॥
ਬਹੁਤੇ ਮੈਂਬਰਾਂ ਤੋਂ ਮੈਂ ਡਰਦੀ॥
ਏਨਾਂ ਭੋਜਨ ਕਿੰਝ ਹੈ ਬਣਨਾ॥
ਰਸੋਈ ਵਿੱਚ ਮੇਰਾ ਹੋਜੂ ਮਰਣਾ॥
ਮੈਗੀ ਲਊਂ ਮੈਂ ਖਾ॥
ਓ ਦੁਨੀਆਂ ਵਾਲਿਓ..॥

ਕੇਬਲ ਟੀ ਵੀ ਬਿਨਾਂ ਨਹੀਂ ਸਰਨਾ॥
ਨਹੀਂ ਤਾਂ ਮੇਰਾ ਹੋਜੂ ਮਰਨਾ॥
ਕੇਬਲ ਜੇ ਕਦੇ ਹੋ ਗਈ ਬੰਦ॥
ਮੋਬਾਇਲ ਵਾਲਾ ਮੈਂ ਵਰਤੂੰ ਸ਼ੰਦ॥
ਜੀਓ ਠੜ ਲਊਂ ਲਗਾ॥
ਓ ਦੁਨੀਆਂ ਵਾਲਿਓ..॥

ਪੇਕੇ ਜਾਣ ਲਈ ਮੈਂ ਨੀ ਪੁੱਛਣਾ॥
ਜਿਹੜਾ ਰੋਕੇ ਉਸ ਤੇ ਖੁਸ਼ ਨਾ।।
ਨੋਟਾਂ ਨਾਲ ਮੇਰਾ ਪਰਸ ਭਰਾਇਓ॥
ਕਾਰ ਚ ਮੈਨੂੰ ਛੱਡ ਕੇ ਆਇਓ॥
ਕਦ ਮੁੜਣਾ ਦੱਸਣਾ ਨਾ॥
ਓ ਦੁਨੀਆਂ ਵਾਲਿਓ ..॥

ਬੱਚਿਆਂ ਨੂੰ ਇਹ ਕੋਕ ਪਿਉਂਦੀ॥
ਕੁਰਕਰੇ ਨਾਲੇ ਲੇਜ ਖਵਾਉਂਦੀ॥
ਲੋਰੀ ਹੁਣ ਨਹੀਂ ਇਸਨੂੰ ਆਉਂਦੀ॥
ਮੋਬਾਇਲ ਬੱਚਿਆਂ ਹੱਥ ਫੜਾਂਉਦੀ॥
ਭਾਵੇਂ ਹੋ ਜੇ ਨਜਰ ਤਬਾਹ॥
ਓ ਦੁਨੀਆਂ ਵਾਲਿਓ...॥

ਪਿਆਰ ਮੁਹੱਬਤ ਮੁਕਦੇ ਜਾਂਦੇ॥
ਦੂਰ ਬੈਠ ਰਹੀਏ ਪਛਤਾਂਦੇ॥
ਪੰਚਾਇਤ ਫੈਸਲੇ ਆਣ ਕਰਾਂਦੀ॥
ਗੱਲ ਕਚਿਹਰੀ ਪਹੁੰਚ ਹੈ ਜਾਂਦੀ॥
ਲਿਖੇ ਬਗੀਚਾ ਤਾਂ ॥
ਓ ਦੁਨੀਆਂ ਵਾਲਿਓ..॥



ਬਗੀਚਾ ਸਿੰਘ ਖਡੂਰ ਸਾਹਿਬ
(ਸਰੀ)

# ਕਾਵਿ-ਕਿਆਰੀ

## ਗੀਤ



ਡਾ. ਮੁਹਿੰਦਰ ਸਿੰਘ ਰਾਏ

ਬਣਨਾ ਚਾਹਿਆ ਸੀ ਖਿਡਾਰੀ ਪਰ ਅਸੀਂ ਬਣ ਕੇ ਖਿਡੌਣੇ ਰਿਹ ਗਏ।
ਖੇਡ ਪ੍ਰੇਮ ਦੀ ਨਾ ਗਈ ਖੇਡੀ, ਤੇ ਪੱਲੇ ਉਮਰਾਂ ਦੇ ਰੋਣੇ ਰਹਿ ਗਏ।
ਅਸੀਂ ਜਿਹਨਾਂ ਸੰਗ ਲਾਈਆਂ, ਉਹ ਸਨ ਸੱਤ ਪੱਤਣਾਂ ਦੇ ਤਾਰੂ।
ਸਾਡੇ ਉੱਤੇ ਤਾਂ ਪੈਂਦਾ ਸੀ, ਪਾਣੀ ਤਲਾਬਾਂ ਦਾ ਵੀ ਭਾਰੂ।
ਪਿਆਰਾਂ ਦੇ ਪਤੰਗ ਉੱਚੇ, ਸਾਡੇ ਤੋਂ ਉਡਾਉਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ, ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ।
ਨੇ ਭਰਮ ਪਾਲਦੇ ਖਿਡੌਣੇ, ਹੱਥ ਦੂਜਿਆਂ ਦੇ ਵਿੱਚ ਖੁਸ਼ੀ ਪਾਣ ਦਾ।
ਨਾ ਰੱਖਿਆ ਸੀ ਡਰ ਕਦੇ, ਦਿਲ ਆਪਣੇ ਦੇ ਟੁੱਟ ਜਾਣ ਦਾ।
ਹੋਇਆ ਕੰਡਿਆਂ ਤੇ ਵਾਸਾ, ਕਿੱਥੇ ਸੇਜਾਂ ਤੇ ਵਿਛਾਉਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ, ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ।
ਸੁਪਨੇ ਸੀ ਜੋ ਅੱਖਾਂ 'ਚ ਸਜਾਏ, ਉਹ ਨਾ ਸੱਚ ਨਿਕਲੇ।
ਜਿਹਨਾਂ ਨੂੰ ਸਮਝਿਆ ਸੀ ਹੀਰੇ, ਉਹ ਨਿਰਾ ਕੱਚ ਨਿਕਲੇ।
ਕੁੱਝ ਹੋਰ ਨਹੀਂ ਤਾਂ, ਪੱਲੇ ਯਾਦਾਂ ਦੇ ਗੀਤ ਗਾਉਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ,ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ।
ਹੱਸਦੇ ਚਿਹਰੇ ਦੇ ਪਿੱਛੇ, ਬਹੁਤੇ ਦਰਦ ਛੁਪਾਏ ਬੈਠੇ ਹਾਂ।
ਦਿਸਦੇ ਹਾਂ ਖਮੋਸ਼, ਪਰ ਅੰਦਰ ਤੁਫ਼ਾਨ ਸਮਾਏ ਬੈਠੇ ਹਾਂ।
ਲੰਮੀ ਉਮਰ ਸੀ ਹੰਢਾਉਣੀ, 'ਰਾਏ' ਹੋ ਕੇ ਚਾਰ ਦਿਨਾਂ ਦੇ ਪ੍ਰਾਹੁਣੇ ਰਹਿ ਗਏ।
ਬਣਨਾ ਚਾਹਿਆ ਸੀ ਖਿਡਾਰੀ, ਪਰ ਅਸੀਂ ਬਣ ਕੇ ਖਿਡੌਣੇ ਰਹਿ ਗਏ ।
ਖੇਡ ਪ੍ਰੇਮ ਦੀ ਨਾ ਗਈ ਖੇਡੀ ਤੇ ਪੱਲੇ ਉਮਰਾਂ ਦੇ ਰੋਣੇ ਰਹਿ ਗਏ।

## ਭ੍ਰਿਸ਼ਟ ਇਨਸਾਫ

ਸੱਥਾਂ ਨੂੰ ਪਈਆਂ ਦੰਦਲਾਂ, ਖਾਮੋਸ਼ ਨੇ ਸਭ ਅਦਾਲਤਾਂ,
ਕੇਸਾਂ ਦੇ ਲੱਗੇ ਢੇਰਾਂ ਪਿੱਛੇ, ਲੁਕੀਆਂ ਨੇ ਸ਼ਰਾਰਤਾਂ।

ਕਾਨੂੰਨ ਕਿਤਾਬ ਵਿੱਚ ਤੜਫਦਾ, ਸਫੇ ਖੁੱਲ੍ਹਣ ਨੂੰ ਲੋਚਦੇ,
ਗ਼ਰਦ ਦੀਆਂ ਪਰਤਾਂ ਦੇ ਵਿੱਚ, ਤੜਪ ਰਹੀਆਂ ਨੇ ਖਾਹਿਸ਼ਾਂ।

ਰਿਸ਼ਵਤਾਂ ਦੀ ਤੇਜ਼ ਗੋਲੀ, ਚੀਰਦੀ ਹੈ ਹਰ ਦੀਵਾਰ,
ਇਨਸਾਫ ਦੀ ਉਡੀਕ ਵਿੱਚ, ਹਨ ਕਈ ਜੇਲ੍ਹਾਂ 'ਤੇ ਬੈਰਕਾਂ।

ਮੁਨਸਫੀ ਗੋਦਾਮਾਂ ਵਿੱਚ, ਧਨ ਦੀਆਂ ਧਾਂਕਾਂ ਅਥਾਹ,
ਸਾੜ ਨਾ ਸਕੀਆਂ ਸਾੜ ਕੇ ਵੀ, ਬੇਵੱਸ, ਲਾਚਾਰ ਆਤਿਸ਼ਾਂ।

ਪੇਟਾਂ ਵਿੱਚ ਪਲ ਰਿਹਾਂ ਨੂੰ, ਅਦਾਲਤਾਂ ਉਡੀਕਣ ਨਿੱਤ,
ਪੈਰ ਪੈਰ 'ਤੇ ਘੜੀਆਂ ਜਾਣ, ਰੋਜ਼ ਨਵੀਆਂ ਸਾਜ਼ਿਸ਼ਾਂ।

ਇਨਸਾਫ਼ ਨੂੰ ਦਮ ਤੋੜਦੇ ਹੋਏ, ਦੇਖ ਕੇ ਨੇ ਹਸਦੀਆਂ,
ਬੇ ਕਿਰਕ 'ਤੇ ਖ਼ੌਫ਼ਨਾਕ, ਨਿੱਤ ਅਦਾਲਤੀ ਮਹਿਫਲਾਂ।

ਇਨਸਾਨ ਦੀ ਇਨਸਾਨੀਅਤ ਨੂੰ, ਹੋਰ ਖੁਰਨੋ ਰੋਕਣ ਲਈ,
ਆਓ ਰਲ ਕਰ ਦੇਖੀਏ, ਕਾਮਯਾਬ ਆਪਣੀਆਂ ਆਜਿਜ਼ਾਂ।

ਰਸਤੇ ਭਾਵੇਂ ਹੋਣ ਬਿਖੜੇ, 'ਤੇ ਮੰਜ਼ਿਲਾਂ ਭਾਵੇਂ ਹੋਣ ਦੂਰ,
ਪਰ ਸਰ ਕਰਨ ਲਈ ਇਹ ਨਹੀਂ, ਕੋਈ ਐਸੀਆਂ ਵੀ ਕਹਿਕਸ਼ਾਂ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ
ਯੂ ਕੇ



## ਹਾਕਮ ਦਾ ਹਥਿਆਰ



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਰਲ਼ਿਆ 'ਖੋਟ' ਜਦ ਸੋਨੇ 'ਚੋਂ ਕੱਢਦਾ ਏ
'ਸੇਕ ਅੱਗ' ਦਾ ਦੇਵੇ ਸੁਨਿਆਰ ਮੀਆਂ।
ਕੱਢੇ 'ਚਿੱਬ' ਜਦ ਪਿੱਤਲ ਦੇ ਭਾਂਡਿਆਂ 'ਚੋਂ
ਸੱਟ ਮਾਰਦਾ 'ਠਾਹ' ਠਠਿਆਰ ਮੀਆਂ।
'ਵਿੰਗੀ' ਇੱਟ ਨੂੰ ਕੰਧ ਵਿੱਚ ਚਿਣਨ ਵੇਲੇ
'ਤੇਸੀ' ਮਾਰਦਾ ਜਿਉਂ ਦਸਤਕਾਰ ਮੀਆਂ।
ਹਲ ਵਾਹੁੰਦਿਆਂ ਬਲ਼ਦ ਜੇ ਸਿਆੜ ਭੰਨੇਂ
ਪੁੜੇ ਉੱਪਰ ਝੱਟ ਪੈਂਦੀ ਏ 'ਆਰ' ਮੀਆਂ।
ਫੜ੍ਹਾਂ ਫੋਕੀਆਂ ਮਾਰਨ ਤੋਂ ਕਾਇਰ ਹਟਦੇ
ਸੁਣਕੇ 'ਸੂਰਮੇਂ' ਵਾਲ਼ੀ ਲਲਕਾਰ ਮੀਆਂ।
ਵਿੰਗਾ ਹੋ ਰਿਹਾ ਸਿੱਧਾ 'ਕੋਈ' ਕਰਨ ਵੇਲੇ
ਹਾਕਮ ਵਰਤਦੇ 'ਈਡੀ' ਹਥਿਆਰ ਮੀਆਂ!
-ਤਰਲੋਚਨ ਸਿੰਘ ਦੁਪਾਲ ਪੁਰ

## ਮਿੰਨੀ ਕਹਾਣੀ

## ਪਲਾਸਟਿਕ ਦਾ ਮੱਘ

ਕਈ ਦਿਨਾਂ ਤੋਂ ਮੇਰੀ ਪਤਨੀ ਮੈਨੂੰ ਨਹਾਉਣ ਵਾਸਤੇ ਪਲਾਸਟਿਕ ਦੀ ਬਾਲਟੀ ਤੇ ਮੱਘ ਸ਼ਹਿਰ ਤੋਂ ਲਿਆਉਣ ਲਈ ਕਹਿ ਰਹੀ ਸੀ। ਮੈਨੂੰ ਹੀ ਵਕਤ ਨਹੀਂ ਸੀ ਮਿਲ ਰਿਹਾ। ਅੱਜ ਮੈਨੂੰ ਥੋੜ੍ਹਾ ਵਕਤ ਮਿਲਿਆ, ਤਾਂ ਮੈਂ ਸ਼ਹਿਰ ਤੋਂ ਇਹ ਦੋਵੇਂ ਚੀਜ਼ਾਂ ਲਿਆਉਣ ਲਈ ਸਕੂਟਰੀ ਤੇ ਤੁਰ ਪਿਆ। ਸ਼ਹਿਰ ਪਹੁੰਚ ਕੇ ਮੈਂ ਆਪਣੀ ਸਕੂਟਰੀ ਜੇ ਪੀ ਪਲਾਸਟਿਕ ਹਾਉਸਹੋਲਡ ਗੁੱਡਜ ਦੇ ਬਾਹਰ ਖੜ੍ਹੀ ਕਰ ਲਈ। ਦੁਕਾਨ ਦੇ ਅੰਦਰ ਜਾ ਕੇ ਦੁਕਾਨਦਾਰ ਨੂੰ ਆਖਿਆ, 'ਪਲਾਸਟਿਕ ਦੀ ਬਾਲਟੀ ਤੇ ਮੱਘ ਦਿਖਾਇਓ।'

ਦੁਕਾਨਦਾਰ ਨੇ ਦੁਕਾਨ ਤੇ ਕੰਮ ਕਰਨ ਵਾਲੇ ਮੁੰਡੇ ਨੂੰ ਆਖਿਆ, 'ਓਏ ਜੀਤੇ,ਬਾਬੂ ਜੀ ਲਈ ਇਕ ਪਲਾਸਟਿਕ ਦੀ ਬਾਲਟੀ ਤੇ ਇਕ ਮੱਘ ਲੈ ਕੇ ਆ।'

ਜੀਤਾ ਪਲਾਸਟਿਕ ਦੀ ਬਾਲਟੀ ਤੇ ਮੱਘ ਲੈ ਆਇਆ। ਇਨ੍ਹਾਂ ਦੋਹਾਂ ਚੀਜ਼ਾਂ ਨੂੰ ਮੇਰੇ ਅੱਗੇ ਕਰਦਿਆਂ ਦੁਕਾਨਦਾਰ ਨੇ ਆਖਿਆ, 'ਲਉ ਬਾਬੂ ਜੀ ਬਾਲਟੀ ਤੇ ਮੱਘ। ਬਾਲਟੀ 'ਚ ਪੱਚੀ ਲਿਟਰ ਤੇ ਮੱਘ 'ਚ ਇਕ ਲਿਟਰ ਪਾਣੀ ਪੈਂਦਾ ਆ। ਬਾਲਟੀ 250 ਰੁਪਏ ਦੀ ਤੇ ਮੱਘ 60 ਰੁਪਏ ਦਾ ਆ।'

'ਬਾਲਟੀ ਤਾਂ ਠੀਕ ਆ, ਪਰ ਮੱਘ ਮੈਨੂੰ ਉਹ ਦਿਉ ਜਿਸ ਵਿਚ ਅੱਧਾ ਲਿਟਰ ਪਾਣੀ ਪੈਂਦਾ ਹੋਵੇ।' ਮੈਂ ਆਖਿਆ।

'ਬਾਬੂ ਜੀ ਉਸ ਮੱਘ ਨੂੰ ਕੋਈ ਨ੍ਹੀ ਲੈਂਦਾ। ਸਾਰੇ ਇਹੀ ਮੱਘ ਲੈ ਕੇ ਜਾਂਦੇ ਆ।'

'ਮੈਨੂੰ ਸਾਰਿਆਂ ਨਾਲ ਕੀ ਆ? ਇਸ ਮੱਘ ਨਾਲ ਨਹਾਣ ਨਾਲ ਪਾਣੀ ਜ਼ਿਆਦਾ ਵੇਸਟ ਹੋਣਾ। ਅੱਧੇ ਲਿਟਰ ਵਾਲੇ ਮੱਘ ਨਾਲ ਨਹਾਣ ਨਾਲ ਅੱਧਾ ਪਾਣੀ ਬਚ ਜਾਣਾ।'

'ਤੁਸੀਂ ਪਹਿਲੇ ਗਾਹਕ ਹੋ, ਜਿਹੜੇ ਅੱਧਾ ਲਿਟਰ ਵਾਲੇ ਮੱਘ ਦੀ ਮੰਗ ਕਰ ਰਹੇ ਹੋ। ਲੋਕ ਪਾਣੀ ਬਚਾਣ ਬਾਰੇ ਤਾਂ ਕਦੇ ਸੋਚਦੇ ਈ ਨਹੀਂ। ਜੇ ਸਾਰੇ ਤੁਹਾਡੇ ਵਾਂਗ ਸੋਚਣ ਲੱਗ ਪੈਣ, ਤਾਂ ਕਾਫੀ ਪਾਣੀ ਬਚ ਸਕਦੈ।'

ਦੁਕਾਨਦਾਰ ਨੇ ਜੀਤੇ ਨੂੰ ਕਹਿ ਕੇ ਅੱਧੇ ਲਿਟਰ ਵਾਲਾ ਮੱਘ ਮੰਗਾ ਕੇ ਮੈਨੂੰ ਦੇ ਦਿੱਤਾ। ਮੈਂ ਬਾਲਟੀ ਤੇ ਮੱਘ ਦੇ ਪੈਸੇ ਦੇ ਕੇ ਦੁਕਾਨ ਤੋਂ ਬਾਹਰ ਆ ਗਿਆ।

ਮਹਿੰਦਰ ਸਿੰਘ

# ਬ੍ਰਿਟਿਸ਼ ਪੀਐੱਮ ਕੀਰ ਸਟਾਰਮਰ ਦੀ ਚੇਤਾਵਨੀ: ਯੂਰਪ ਨੂੰ ਜੰਗ ਲਈ ਤਿਆਰ ਰਹਿਣਾ ਪਵੇਗਾ


**✪ ਅਮਰੀਕਾ 'ਤੇ ਨਿਰਭਰਤਾ ਘੱਟਾਓ, ਵਧੇਰੇ ਯੂਰਪੀ ਨਾਟੋ ਬਣਾਓ: ਸਟਾਰਮਰ ਦਾ ਸੱਦਾ ✪ ਰੂਸ ਨੇ ਬਿਆਨ ਨੂੰ 'ਖੌਫ' ਪੈਦਾ ਕਰਨ ਵਾਲਾ' ਦੱਸ ਕੇ ਨਿੰਦਾ ਕੀਤੀ**

ਲੰਡਨ-ਰੂਸ ਅਤੇ ਯੂਰਪ ਵਿਚਕਾਰ ਯੁੱਧ ਛਿੜਨ ਦੀ ਸੰਭਾਵਨਾ ਬਾਰੇ ਵਧਦੇ ਸਵਾਲਾਂ ਵਿਚਕਾਰ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਮਿਊਨਿਖ ਸੁਰੱਖਿਆ ਕਾਨਫਰੰਸ ਵਿੱਚ ਯੂਰਪੀ ਦੇਸ਼ਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਯੂਰਪ ਨੂੰ ਹੁਣ ਆਪਣੀ ਰੱਖਿਆ ਲਈ ਖੁਦ ਨੂੰ ਮਜ਼ਬੂਤ ਕਰਨਾ ਪਵੇਗਾ ਅਤੇ ਜੇ ਲੋੜ ਪਈ ਤਾਂ ਜੰਗ ਲੜਨ ਲਈ ਵੀ ਤਿਆਰ ਰਹਿਣਾ ਹੋਵੇਗਾ। ਇਸ ਬਿਆਨ ਨੇ ਪੂਰੇ ਵਿਸ਼ਵ ਵਿੱਚ ਹਲਚਲ ਮਚਾ ਦਿੱਤੀ ਹੈ ਅਤੇ ਅੰਤਰਰਾਸ਼ਟਰੀ ਅਖ਼ਬਾਰਾਂ ਵਿੱਚ ਇਸ ਨੂੰ ਵੱਡੇ ਪੱਧਰ 'ਤੇ ਛਾਪਿਆ ਜਾ ਰਿਹਾ ਹੈ।

ਸਟਾਰਮਰ ਨੇ ਆਪਣੇ ਭਾਸ਼ਣ ਵਿੱਚ ਸਾਫ਼ ਕਿਹਾ ਕਿ ਰੂਸ ਨੇ ਯੂਕ੍ਰੇਨ ਵਿੱਚ ਜੰਗ ਨਾਲ ਆਪਣੀ ਹਮਲਾਵਰ ਮਨਸ਼ਾ ਸਾਬਤ ਕਰ ਦਿੱਤੀ ਹੈ। ਨਾਟੋ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਦਹਾਕੇ ਦੇ ਅੰਤ ਤੱਕ ਰੂਸ ਨਾਟੋ ਵਿਰੁੱਧ ਫੌਜੀ ਤਾਕਤ ਵਰਤਣ ਲਈ ਤਿਆਰ ਹੋ ਸਕਦਾ ਹੈ। ਯੂਕ੍ਰੇਨ ਵਿੱਚ ਸੰਭਾਵਿਤ ਸ਼ਾਂਤੀ ਸਮਝੌਤੇ ਤੋਂ ਬਾਅਦ ਵੀ ਰੂਸ ਦੀ ਫੌਜੀ ਮਜ਼ਬੂਤੀ ਵਧੇਗੀ ਅਤੇ ਯੂਰਪ ਲਈ ਖ਼ਤਰਾ ਵਧ ਜਾਵੇਗਾ। ਇਸ ਲਈ ਯੂਰਪ ਨੂੰ "ਹਾਰਡ ਪਾਵਰ" ਭਾਵ ਫੌਜੀ ਤਾਕਤ ਨੂੰ ਮਜ਼ਬੂਤ ਕਰਨਾ ਪਵੇਗਾ, ਕਿਉਂਕਿ ਇਹ ਸਮੇਂ ਦੀ ਮੁਦਰਾ ਬਣ ਚੁੱਕੀ ਹੈ। ਉਨ੍ਹਾਂ ਕਿਹਾ, "ਸਾਨੂੰ ਹਮਲੇ ਨੂੰ ਰੋਕਣਾ ਪਵੇਗਾ ਅਤੇ ਜੇ ਲੋੜ ਪਈ ਤਾਂ ਲੜਨ ਲਈ ਵੀ ਤਿਆਰ ਰਹਿਣਾ ਹੋਵੇਗਾ ਤਾਂ ਜੋ ਆਪਣੇ ਨਾਗਰਿਕਾਂ, ਕਦਰਾਂ-ਕੀਮਤਾਂ ਅਤੇ ਜੀਵਨ ਸ਼ੈਲੀ ਦੀ ਰੱਖਿਆ ਕੀਤੀ ਜਾ ਸਕੇ।"

ਬ੍ਰਿਟਿਸ਼ ਪੀਐੱਮ ਨੇ ਯੂਰਪ ਨੂੰ "ਸਲੀਪਿੰਗ ਜਾਇੰਟ" ਦੱਸਿਆ, ਜਿਸ ਦੀ ਸਾਂਝੀ ਆਰਥਿਕਤਾ ਰੂਸ ਨਾਲੋਂ 10 ਗੁਣਾ ਵੱਡੀ ਹੈ ਪਰ ਫੌਜੀ ਤੌਰ 'ਤੇ ਇਹ ਵੱਖ-ਵੱਖ ਅਤੇ ਕਮਜ਼ੋਰ ਹੈ। ਉਨ੍ਹਾਂ ਇੱਕ ਵਧੇਰੇ ਯੂਰਪੀ ਨਾਟੋ ਬਣਾਉਣ ਦਾ ਸੱਦਾ ਦਿੱਤਾ ਤਾਂ ਜੋ ਅਮਰੀਕਾ 'ਤੇ ਜ਼ਿਆਦਾ ਨਿਰਭਰਤਾ ਘੱਟ ਕੀਤੀ ਜਾ ਸਕੇ ਅਤੇ ਆਪਣੀ ਤਾਕਤ 'ਤੇ ਭਰੋਸਾ ਕੀਤਾ ਜਾ ਸਕੇ। ਉਨ੍ਹਾਂ ਅਮਰੀਕਾ ਨੂੰ ਲਾਜ਼ਮੀ ਸਹਿਯੋਗੀ ਦੱਸਿਆ ਪਰ ਬਦਲਦੇ ਹਾਲਾਤਾਂ ਵਿੱਚ ਯੂਰਪ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਪਵੇਗਾ। ਇਸ ਲਈ ਯੂਰਪੀ ਦੇਸ਼ਾਂ ਨੂੰ ਆਪਣੇ ਰੱਖਿਆ ਖਰਚੇ ਵਧਾਉਣੇ ਪੈਣਗੇ ਅਤੇ ਫੌਜੀ ਸਮਰੱਥਾ ਨੂੰ ਤੇਜ਼ੀ ਨਾਲ ਵਧਾਉਣਾ ਹੋਵੇਗਾ।

ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਵੀ ਸਟਾਰਮਰ ਦੇ ਬਿਆਨ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਯੂਰਪ ਨੂੰ ਇੱਕ ਮਜ਼ਬੂਤ ਭੂ-ਰਾਜਨੀਤਿਕ ਸ਼ਕਤੀ ਵਜੋਂ ਉਭਰਨਾ ਚਾਹੀਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਨਾਟੋ ਦੇਸ਼ਾਂ 'ਤੇ ਰੱਖਿਆ



ਬਜਟ ਜੀਡੀਪੀ ਦੇ 5 ਫੀਸਦੀ ਤੱਕ ਵਧਾਉਣ ਦੀ ਮੰਗ ਅਤੇ ਹੋਰ ਮੁੱਦਿਆਂ ਕਾਰਨ ਅਮਰੀਕਾ-ਯੂਰਪ ਵਿਚਕਾਰ ਤਣਾਅ ਵਧ ਰਿਹਾ ਹੈ। ਇਸ ਨੇ ਯੂਰਪ ਨੂੰ ਆਪਣੀ ਰੱਖਿਆ ਲਈ ਜ਼ਿਆਦਾ ਜ਼ਿੰਮੇਵਾਰੀ ਲੈਣ ਲਈ ਮਜਬੂਰ ਕੀਤਾ ਹੈ।

ਦੂਜੇ ਪਾਸੇ ਰੂਸ ਨੇ ਇਨ੍ਹਾਂ ਬਿਆਨਾਂ ਨੂੰ "ਖੌਫ ਪੈਦਾ ਕਰਨ ਵਾਲਾ" ਦੱਸਿਆ ਹੈ। ਮਾਸਕੋ ਨੇ ਕਿਹਾ ਕਿ ਯੂਰਪ ਵਿੱਚ ਫੌਜੀਕਰਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਪਰ ਰੂਸ ਦਾ ਕਿਸੇ ਵੀ ਦੇਸ਼ 'ਤੇ ਹਮਲਾ ਕਰਨ ਦਾ ਕੋਈ ਇਰਾਦਾ ਨਹੀਂ ਹੈ। ਰੂਸੀ ਅਧਿਕਾਰੀਆਂ ਨੇ ਇਸ ਨੂੰ ਪੱਛਮੀ ਦੇਸ਼ਾਂ ਵੱਲੋਂ ਰੂਸ ਵਿਰੁੱਧ ਪ੍ਰੋਪੇਗੰਡਾ ਦੱਸਿਆ।

ਅੰਤਰਰਾਸ਼ਟਰੀ ਅਖ਼ਬਾਰਾਂ ਜਿਵੇਂ ਬੀਬੀਸੀ, ਰਾਇਟਰਜ਼, ਦਿ ਗਾਰਡੀਅਨ ਅਤੇ ਆਈਟੀਵੀ ਨੇ ਇਸ ਭਾਸ਼ਣ ਨੂੰ ਵੱਡੇ ਪੱਧਰ 'ਤੇ ਕਵਰ ਕੀਤਾ ਹੈ। ਬੀਬੀਸੀ ਨੇ ਲਿਖਿਆ ਕਿ ਸਟਾਰਮਰ ਨੇ ਯੂਰਪ ਨੂੰ ਜੰਗ ਲਈ ਤਿਆਰ ਰਹਿਣ ਦੀ ਅਪੀਲ ਕੀਤੀ ਹੈ ਜਦਕਿ ਰਾਇਟਰਜ਼ ਨੇ ਯੂਰਪੀ ਰੱਖਿਆ ਸਹਿਯੋਗ ਵਧਾਉਣ 'ਤੇ ਜ਼ੋਰ ਦਿੱਤਾ। ਇਹ ਬਿਆਨ ਯੂਕ੍ਰੇਨ ਜੰਗ ਦੇ ਲੰਬੇ ਚੱਲ ਰਹੇ ਸੰਕਟ ਅਤੇ ਅਮਰੀਕੀ ਨੀਤੀਆਂ ਵਿੱਚ ਬਦਲਾਅ ਦੇ ਸੰਦਰਭ ਵਿੱਚ ਆਇਆ ਹੈ ਜਿਸ ਨਾਲ ਯੂਰਪੀ ਸੁਰੱਖਿਆ ਨੂੰ ਨਵੇਂ ਸਿਰੇ ਨਾਲ ਵੇਖਣਾ ਪੈ ਰਿਹਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਤਣਾਅ ਵਧਣ ਨਾਲ ਰੂਸ ਅਤੇ ਯੂਰਪ ਵਿਚਕਾਰ ਸਿੱਧੇ ਟਕਰਾਅ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਯੂਰਪੀ ਨੇਤਾਵਾਂ ਨੂੰ ਹੁਣ ਫੈਸਲਾਕੁੰਨ ਕਦਮ ਚੁੱਕਣੇ ਪੈਣਗੇ ਤਾਂ ਜੋ ਸ਼ਾਂਤੀ ਬਣਾਈ ਰੱਖੀ ਜਾ ਸਕੇ ਅਤੇ ਖਤਰੇ ਨੂੰ ਰੋਕਿਆ ਜਾ ਸਕੇ।

**-ਮਾਮਲਾ ਮੋਗਾ ਭਈਆ ਕਤਲੇਆਮ ਗੋਲੀਬਾਰੀ ਕਾਂਡ ਦਾ-**

# ਸਰਪੰਚ ਸਮੇਤ 4 ਗ੍ਰਿਫਤਾਰ, ਵਿਦੇਸ਼ੀ ਸਾਜ਼ਿਸ਼ ਦਾ ਪਰਦਾਫਾਸ਼

ਮੋਗਾ-ਮੋਗਾ ਦੇ ਪਿੰਡ ਖੋਸਾ ਜਲਾਲ ਨੇੜੇ 10 ਫਰਵਰੀ ਨੂੰ ਪ੍ਰਵਾਸੀ ਮਜ਼ਦੂਰਾਂ 'ਤੇ ਹੋਏ ਅੰਨ੍ਹੇਵਾਹ ਗੋਲੀਬਾਰੀ ਦੇ ਮਾਮਲੇ ਵਿੱਚ ਪੁਲਿਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ ਅਨੁਸਾਰ, ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ, ਸਗੋਂ ਵਿਦੇਸ਼ ਵਿੱਚ ਬੈਠੇ ਗੈਂਗਸਟਰਾਂ ਦੇ ਇਸ਼ਾਰੇ 'ਤੇ ਰਚੀ ਗਈ ਇੱਕ ਡੂੰਘੀ ਸਾਜ਼ਿਸ਼ ਸੀ। ਇਸ ਮਾਮਲੇ ਵਿੱਚ ਪੁਲਿਸ ਨੇ ਫਿਰੋਜ਼ਪੁਰ ਦੇ ਪਿੰਡ ਭਗਾਲੀ ਦੇ ਸਰਪੰਚ ਲਖਵਿੰਦਰ ਸਿੰਘ ਅਤੇ ਉਸ ਦੇ ਸਾਥੀ ਸੁਖਵੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੇ ਹਮਲਾਵਰਾਂ ਨੂੰ ਹਥਿਆਰ ਮੁਹੱਈਆ ਕਰਵਾਏ ਸਨ। ਇਸ ਤੋਂ ਇਲਾਵਾ, ਪੁਲਿਸ ਮੁਕਾਬਲੇ ਦੌਰਾਨ ਦੋ ਸ਼ੂਟਰਾਂ, ਜੋਬਨਪ੍ਰੀਤ ਸਿੰਘ ਅਤੇ ਆਕਾਸ਼ਦੀਪ ਸਿੰਘ ਨੂੰ ਵੀ ਜ਼ਖਮੀ ਹਾਲਤ ਵਿੱਚ ਕਾਬੂ ਕਰ ਲਿਆ ਗਿਆ ਹੈ।

## ਬੰਬੀਹਾ ਗੈਂਗ ਦਾ ਨਾਮ ਅਤੇ ਸੋਸ਼ਲ ਮੀਡੀਆ 'ਤੇ ਨਫ਼ਰਤ ਭਰੀ ਵੀਡੀਓ

ਇਸ ਵਾਰਦਾਤ ਤੋਂ ਤੁਰੰਤ ਬਾਅਦ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਹਮਲਾਵਰਾਂ ਨੇ ਖੁਦ ਨੂੰ ਦਵਿੰਦਰ ਬੰਬੀਹਾ ਗੈਂਗ ਨਾਲ ਜੁੜਿਆ ਦੱਸਿਆ। ਵੀਡੀਓ ਵਿੱਚ ਨਿਰਵੈਰ ਸਿੰਘ ਅਤੇ ਲਾਡੀ ਭਲਵਾਨ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਸਿੱਧੀ



ਚੇਤਾਵਨੀ ਦਿੱਤੀ ਕਿ ਉਹ ਪੰਜਾਬ ਨੂੰ ਆਪਣੀ ਪੁਸ਼ਤੈਨੀ ਜਗ੍ਹਾ ਨਾ ਸਮਝਣ। ਹਮਲਾਵਰਾਂ ਨੇ ਪਿੰਡਾਂ ਦੇ ਸਰਪੰਚਾਂ ਨੂੰ ਵੀ ਧਮਕਾਇਆ ਕਿ ਜੇਕਰ ਉਨ੍ਹਾਂ ਨੇ ਪ੍ਰਵਾਸੀਆਂ ਦੇ ਆਧਾਰ ਕਾਰਡ ਬਣਵਾਉਣ ਜਾਂ ਉਨ੍ਹਾਂ ਨੂੰ ਵੋਟ ਦਾ ਅਧਿਕਾਰ ਦਿਵਾਉਣ ਵਿੱਚ ਮਦਦ ਕੀਤੀ, ਤਾਂ ਉਨ੍ਹਾਂ ਦਾ ਅੰਜਾਮ ਮਾੜਾ ਹੋਵੇਗਾ। ਇਹ ਵੀਡੀਓ ਪੰਜਾਬ ਵਿੱਚ ਫਿਰਕੂ ਅਤੇ ਸਮਾਜਿਕ ਤਣਾਅ ਪੈਦਾ ਕਰਨ ਦੀ ਇੱਕ ਕੋਸ਼ਿਸ਼ ਵਜੋਂ ਦੇਖੀ ਜਾ ਰਹੀ ਹੈ।

## ਸਿਆਸੀ ਘਮਾਸਾਨ: ਵਿਰੋਧੀ ਧਿਰਾਂ ਵੱਲੋਂ 'ਆਪ' ਸਰਕਾਰ 'ਤੇ ਨਿਸ਼ਾਨਾ

ਇਸ ਘਟਨਾ ਨੇ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਦਿਆਂ ਕਿਹਾ ਕਿ ਸੂਬੇ ਵਿੱਚ 'ਗੈਂਗਸਟਰ ਰਾਜ' ਸਿਖਰਾਂ 'ਤੇ ਹੈ ਅਤੇ ਹੁਣ ਪ੍ਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾ ਕੇ ਪੰਜਾਬ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਇਸ ਨੂੰ 'ਪੰਜਾਬੀਅਤ' ਦੇ ਫਲਸਫੇ ਦੇ ਖਿਲਾਫ ਦੱਸਿਆ। ਉਨ੍ਹਾਂ ਕਿਹਾ ਕਿ ਪ੍ਰਵਾਸੀ ਮਜ਼ਦੂਰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ 'ਤੇ ਹਮਲਾ ਕਰਨਾ ਸੂਬੇ ਦੇ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਨੂੰ ਸੱਟ ਮਾਰਨਾ ਹੈ।

## ਪੰਜਾਬ ਦੀ ਆਰਥਿਕਤਾ ਅਤੇ ਸਥਾਨਕ ਸਰੋਕਾਰਾਂ ਵਿਚਾਲੇ ਤਣਾਅ

ਇਹ ਘਟਨਾ ਪੰਜਾਬ ਵਿੱਚ ਇੱਕ ਪੁਰਾਣੀ ਬਹਿਸ ਨੂੰ ਮੁੜ ਸੁਰਜੀਤ ਕਰ ਗਈ ਹੈ। ਇੱਕ ਪਾਸੇ ਜਿੱਥੇ ਸੁਖਪਾਲ ਸਿੰਘ ਖਹਿਰਾ ਵਰਗੇ ਆਗੂ ਪ੍ਰਵਾਸੀਆਂ ਵੱਲੋਂ ਜ਼ਮੀਨਾਂ ਖਰੀਦਣ 'ਤੇ ਪਾਬੰਦੀ ਲਗਾਉਣ ਤੇ ਸਥਾਨਕ ਸੱਭਿਆਚਾਰ ਨੂੰ ਬਚਾਉਣ ਲਈ ਹਿਮਾਚਲ ਜਾਂ ਰਾਜਸਥਾਨ ਵਰਗੇ ਸਖ਼ਤ ਕਾਨੂੰਨਾਂ ਦੀ ਮੰਗ ਕਰ ਰਹੇ ਹਨ, ਉੱਥੇ ਹੀ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਅਜਿਹੀ ਨਫ਼ਰਤ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ। ਪੰਜਾਬ ਦੀ ਖੇਤੀ ਮੁੱਖ ਤੌਰ 'ਤੇ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੈ, ਪਰ ਹਾਲੀਆ ਅਪਰਾਧਿਕ ਘਟਨਾਵਾਂ ਅਤੇ ਜਨਸੰਖਿਆ ਵਿੱਚ ਬਦਲਾਅ ਕਾਰਨ ਸਥਾਨਕ ਲੋਕਾਂ ਵਿੱਚ ਪੈਦਾ ਹੋਈ ਚਿੰਤਾ ਨੂੰ ਗੈਂਗਸਟਰ ਆਪਣੇ ਫਾਇਦੇ ਲਈ ਵਰਤ ਰਹੇ ਹਨ।

**-ਮਾਮਲਾ ਮੰਦਬੁੱਧੀ ਨੌਜਵਾਨ ਨਾਲ ਕਰੂਰਤਾ ਦਾ-**

# ਐੱਸਸੀ ਕਮਿਸ਼ਨ ਦੇ ਚੇਅਰਮੈਨ ਗੜ੍ਹੀ ਨੇ ਮੰਗੀ ਰਿਪੋਰਟ



ਚੰਡੀਗੜ੍ਹ-ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਫਿਲੌਰ ਵਿਚ ਮੰਦਬੁੱਧੀ ਦਲਿਤ ਨੌਜਵਾਨ ਨਾਲ ਕੁੱਤੇ ਤੋਂ ਕੁਕਰਮ ਕਰਵਾਉਣ ਦੇ ਮਾਮਲੇ ਵਿਚ ਸੂ ਮੋਟੋ ਨੋਟਿਸ ਲਿਆ ਹੈ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਫਿਲੌਰ ਵਿਚ ਮੰਦਬੁੱਧੀ ਦਲਿਤ ਨੌਜਵਾਨ ਨਾਲ ਕੁੱਤੇ ਤੋਂ ਕੁਕਰਮ ਕਰਵਾਉਣ ਦੇ ਮਾਮਲੇ ਵਿਚ ਵੀਡੀਓ ਵਾਇਰਲ ਹੋਈ ਹੈ ਅਤੇ ਅਖ਼ਬਾਰਾਂ ਵਿਚ ਖ਼ਬਰਾਂ ਵੀ ਛਪੀਆਂ ਹਨ ਜਿਸ ਦਾ ਕਮਿਸ਼ਨ ਵਲੋਂ ਸੂ ਮੋਟੋ ਨੋਟਿਸ ਲੈਂਦਿਆਂ ਜਲੰਧਰ ਦਿਹਾਤੀ ਦੇ ਐੱਸਐੱਸਪੀ ਤੋਂ 19 ਫਰਵਰੀ ਨੂੰ ਰਿਪੋਰਟ ਤਲਬ ਕਰਦਿਆਂ ਸੂਚਨਾ ਦੀ ਰਿਪੋਰਟ ਦੋ ਪੜਤਾਂ (ਇਕ ਅਸਲ ਅਤੇ ਇਕ ਫੋਟੋ ਕਾਪੀ) ਵਿਚ ਡੀਐੱਸਪੀ ਭਰਤ ਮਸੀਹ ਨੂੰ ਨਿੱਜੀ ਤੌਰ 'ਤੇ ਕਮਿਸ਼ਨ ਦਫਤਰ ਵਿਖੇ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

# ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ ਪ੍ਰਵਾਸੀਆਂ ਦੀ ਤਸਕਰੀ ਕਰਨ ਦੇ ਦੋਸ਼ਾਂ ਤਹਿਤ ਸ਼ੱਕੀ ਵਿਅਕਤੀ ਯੂ ਕੇ ਵਿੱਚ ਗ੍ਰਿਫਤਾਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ, ਪਾਕਿਸਤਾਨੀ ਅਤੇ ਬੰਗਲਾਦੇਸ਼ੀ ਗੈਰ-ਕਾਨੂੰਨੀ ਪ੍ਰਵਾਸੀ ਲੋਕਾਂ ਦੀ ਤਸਕਰੀ ਦੇ ਆਪ੍ਰੇਸ਼ਨ ਦੇ ਮਾਮਲੇ 'ਚ ਇੱਕ ਸ਼ੱਕੀ ਦੱਖਣੀ ਏਸ਼ੀਆਈ ਮੂਲ ਦਾ 51 ਸਾਲਾ ਜਾਹਿਦ ਖਾਨ ਨਾਮ ਦੇ ਵਿਅਕਤੀ ਨੂੰ ਬ੍ਰਮਿੰਘਮ ਤੋਂ ਗ੍ਰਿਫਤਾਰ ਕੀਤਾ ਹੈ। ਯੂ ਕੇ ਦੀ ਨੈਸ਼ਨਲ ਕ੍ਰਾਈਮ ਏਜੰਸੀ (ਐਨ ਸੀ ਏ) ਨੇ ਕਿਹਾ ਕਿ ਜ਼ਾਹਿਦ ਖਾਨ ਨੂੰ ਵੈਸਟ ਮਿਡਲੈਂਡਜ਼ ਪੁਲਿਸ ਨਾਲ ਸਾਂਝੀ ਜਾਂਚ ਦੇ ਹਿੱਸੇ ਵਜੋਂ ਮੰਗਲਵਾਰ ਨੂੰ ਗ੍ਰਿਫਤਾਰ ਕੀਤਾ ਸੀ। ਜਿਸ ਨੂੰ ਅੱਜ ਵੀਰਵਾਰ ਨੂੰ ਬਰਮਿੰਘਮ ਮੈਜਿਸਟ੍ਰੇਟ ਅਦਾਲਤ ਵਿੱਚ ਪੇਸ਼ ਕੀਤਾ ਗਿਆ।*



ਪੁਲਿਸ ਵੱਲੋਂ ਲਾਰੀ ਦੀ ਤਲਾਸ਼ੀ ਦੌਰਾਨ ਮਿਲੇ ਪ੍ਰਵਾਸੀ

ਜਾਂਚ ਅਧਿਕਾਰੀਆਂ ਨੇ ਪੁੱਛਗਿੱਛ ਤੋਂ ਬਾਅਦ ਖਾਨ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਹਵਾਲਾ ਦੇ ਅਪਰਾਧਾਂ 'ਚ ਸ਼ਮੂਲੀਅਤ ਦੇ ਦੋਸ਼ ਲਗਾਏ ਹਨ। ਜਦ ਕਿ ਇੱਕ 44 ਸਾਲਾ ਵਿਅਕਤੀ ਨੂੰ ਵੀ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਧੰਦੇ ਦੀ ਸ਼ੱਕ ਵਿੱਚ ਉਸੇ ਸਮੇਂ ਅਤੇ ਉਸੇ ਸਥਾਨ 'ਤੇ ਗ੍ਰਿਫਤਾਰ ਕੀਤਾ ਗਿਆ ਹੈ, ਪਰ ਉਸ ਨੂੰ ਅਗਲੀ ਪੁੱਛਗਿੱਛ ਤੱਕ ਜ਼ਮਾਨਤ 'ਤੇ ਛੱਡ ਦਿੱਤਾ ਹੈ।

ਐਨ ਸੀ ਏ ਬ੍ਰਾਂਚ ਓਪਰੇਸ਼ਨ ਮੈਨੇਜਰ, ਪਾਲ ਜੋਨਸ ਨੇ ਕਿਹਾ ਕਿ ਇਹ ਗ੍ਰਿਫਤਾਰੀਆਂ ਲੋਕਾਂ ਦੀ ਤਸਕਰੀ ਕਰਨ ਵਾਲੇ ਨੈਟਵਰਕ ਦੀ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ ਕੀਤੀਆਂ ਗਈਆਂ ਹਨ, ਜਿਸ 'ਤੇ ਸਮੁੰਦਰੀ ਰਸਤੇ ਪ੍ਰਵਾਸੀਆਂ ਨੂੰ ਯੂ ਕੇ ਤੋਂ ਫਰਾਂਸ ਅਤੇ ਫਰਾਂਸ ਤੋਂ ਯੂ ਕੇ ਲਿਜਾਣ ਲਈ ਟਰੱਕਾਂ ਦੀ ਵਰਤੋਂ ਕਰਨ ਦਾ ਸ਼ੱਕ ਹੈ। ਉਹਨਾਂ ਕਿਹਾ ਕਿ ਇਹ ਢੰਗ ਲੋਕਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ ਅਤੇ ਸਾਡੀ ਸਰਹੱਦੀ ਸੁਰੱਖਿਆ ਲਈ ਖ਼ਤਰਾ ਹੈ। ਸੰਗਠਿਤ ਇਮੀਗ੍ਰੇਸ਼ਨ ਅਪਰਾਧ ਵਿੱਚ ਸ਼ਾਮਲ ਗਰੋਹਾਂ ਨੂੰ ਨਿਸ਼ਾਨਾ ਬਣਾਉਣਾ, ਰੋਕਣਾ ਅਤੇ ਖਤਮ ਕਰਨਾ ਐਨ ਸੀ ਏ ਅਤੇ ਸਾਡੇ ਭਾਈਵਾਲ ਏਜੰਸੀਆਂ ਦੀ ਤਰਜੀਹ ਹੈ।

ਐਨ ਸੀ ਏ ਅਤੇ ਵੈਸਟ ਮਿਡਲੈਂਡਜ਼ ਪੁਲਿਸ ਦੀ ਸਾਂਝੀ ਜਾਂਚ ਵਿੱਚ ਪਾਇਆ ਕਿ ਗ੍ਰਿਫਤਾਰ ਕੀਤਾ ਗਿਆ ਸ਼ੱਕੀ ਵਿਅਕਤੀ ਅਪਰਾਧਿਕ ਨੈਟਵਰਕ 'ਤੇ ਕੇਂਦ੍ਰਿਤ ਹੈ ਜੋ ਲਾਰੀਆਂ ਰਾਹੀਂ ਪ੍ਰਵਾਸੀਆਂ ਦੀ ਤਸਕਰੀ ਕਰਨ ਦੇ ਮਾਮਲੇ ਵਿੱਚ ਸ਼ਾਮਲ ਸੀ।

ਐਨ ਸੀ ਏ ਨੇ ਕਿਹਾ ਕਿ ਇਹ ਕਾਰਵਾਈ 4 ਫਰਵਰੀ ਨੂੰ ਡੋਵਰ ਵਿੱਚ ਭਾਰਤੀ, ਪਾਕਿਸਤਾਨੀ ਅਤੇ ਬੰਗਲਾਦੇਸ਼ੀ ਨਾਗਰਿਕਤਾ ਵਾਲੇ 33 ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਲਾਰੀ ਨੂੰ ਫੜ੍ਹੇ ਜਾਣ ਤੋਂ ਬਾਅਦ ਕੀਤੀ ਗਈ। ਇਹ ਲਾਰੀ ਯੂ ਕੇ ਤੋਂ ਫਰਾਂਸ ਜਾਣ ਵਾਲੇ ਸਮੁੰਦਰੀ ਜਹਾਜ਼ 'ਤੇ ਜਾਣ ਵਾਲੀ ਸੀ ਅਤੇ ਡਰਾਈਵਰ ਨੂੰ ਮੌਕੇ ਤੇ ਹੀ ਗ੍ਰਿਫਤਾਰ ਕਰ ਲਿਆ ਸੀ।

### -ਮਾਮਲਾ ਬੇਅੰਤ ਸਿੰਘ ਕਤਲ ਕਾਂਡ ਦਾ -

## ਭਾਈ ਹਵਾਰਾ ਦੀ ਜੇਲ੍ਹ ਤਬਦੀਲੀ ਵਾਲੀ ਪਟੀਸ਼ਨ 'ਤੇ ਸੁਣਵਾਈ ਟਲੀ



ਦਿੱਲੀ-ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਭਾਈ ਜਗਤਾਰ ਸਿੰਘ ਹਵਾਰਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਮੁਲਤਵੀ ਹੋ ਗਈ ਹੈ। ਜਸਟਿਸ ਐਮ. ਐਮ. ਸੁੰਦਰੇਸ਼ ਅਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਹੁਣ ਇਸ ਮਾਮਲੇ ਦੀ ਅਗਲੀ ਪੇਸ਼ੀ 11 ਮਾਰਚ, 2026 ਤੈਅ ਕੀਤੀ ਹੈ। ਭਾਈ ਹਵਾਰਾ ਨੇ ਦਲੀਲ ਦਿੱਤੀ ਹੈ ਕਿ ਦਿੱਲੀ ਵਿੱਚ ਉਸ ਵਿਰੁੱਧ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ, ਇਸ ਲਈ ਉਸਨੂੰ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਭੇਜਿਆ ਜਾਣਾ ਚਾਹੀਦਾ ਹੈ। ਭਾਈ ਹਵਾਰਾ ਦੇ ਵਕੀਲ ਅਨੁਸਾਰ, ਉਹ 36 ਵਿੱਚੋਂ ਲਗਭਗ ਸਾਰੇ ਮਾਮਲਿਆਂ ਵਿੱਚੋਂ ਬਰੀ ਹੋ ਚੁੱਕਾ ਹੈ ਅਤੇ ਪਿਛਲੇ 19 ਸਾਲਾਂ ਤੋਂ ਉਸ ਦਾ ਜੇਲ੍ਹ ਰਿਕਾਰਡ (2004 ਦੇ ਜੇਲ੍ਹ ਤੋੜਨ ਦੇ ਹਾਦਸੇ ਨੂੰ ਛੱਡ ਕੇ) ਸਾਫ਼ ਰਿਹਾ ਹੈ। ਪਟੀਸ਼ਨ ਵਿੱਚ ਪਰਿਵਾਰਕ ਹਾਲਾਤਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਉਸ ਦੀ ਪਤਨੀ ਦੀ ਮੌਤ ਹੋ ਚੁੱਕੀ ਹੈ, ਬੇਟੀ ਪੰਜਾਬ ਵਿੱਚ ਹੈ ਅਤੇ ਮਾਂ ਦੀ ਹਾਲਤ ਗੰਭੀਰ ਹੈ, ਜਿਸ ਕਾਰਨ ਉਸ ਦਾ ਪੰਜਾਬ ਜਾਣਾ ਜ਼ਰੂਰੀ ਹੈ। ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਵੱਲੋਂ ਸਮਾਂ ਮੰਗੇ ਜਾਣ ਕਾਰਨ ਅਦਾਲਤ ਨੇ ਸੁਣਵਾਈ ਅੱਗੇ ਪਾ ਦਿੱਤੀ ਹੈ।

## ਬਿਕਰਮ ਮਜੀਠੀਆ ਦੀ ਸੁਰੱਖਿਆ ਨੂੰ ਲੈ ਕੇ ਹਾਈ ਕੋਰਟ ਸਖ਼ਤ



### ✪ ਕੇਂਦਰ ਤੇ ਪੰਜਾਬ ਸਰਕਾਰ ਨੂੰ ਨਵੇਂ ਮੁਲਾਂਕਣ ਦੇ ਆਦੇਸ਼

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਦੇ ਮੁੱਦੇ 'ਤੇ ਸਖ਼ਤ ਰੁਖ਼ ਅਪਣਾਇਆ ਹੈ। ਅਦਾਲਤ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਮਜੀਠੀਆ ਦੇ ਜੀਵਨ 'ਤੇ ਮੌਜੂਦ ਖ਼ਤਰੇ ਦਾ ਨਵੇਂ ਸਿਰਿਓਂ ਮੁਲਾਂਕਣ ਕਰਨ ਅਤੇ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਮਜੀਠੀਆ ਦੀ ਸੁਰੱਖਿਆ ਬਾਰੇ ਦਿੱਤੀ ਗਈ ਅਧੂਰੀ ਜਾਣਕਾਰੀ 'ਤੇ ਨਾਰਾਜ਼ਗੀ ਜਤਾਈ। ਅਦਾਲਤ ਨੇ ਪੁੱਛਿਆ ਕਿ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਉਨ੍ਹਾਂ ਦੇ ਖ਼ਤਰੇ ਦਾ ਸਹੀ ਮੁਲਾਂਕਣ ਕਿਉਂ ਨਹੀਂ ਕੀਤਾ ਗਿਆ। ਅਦਾਲਤ ਨੇ ਕੇਂਦਰ ਅਤੇ ਰਾਜ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਖ਼ਤਰੇ ਦੇ ਪੱਧਰ ਅਤੇ ਖੁਫ਼ੀਆ ਜਾਣਕਾਰੀਆਂ ਦੇ ਆਧਾਰ 'ਤੇ ਇੱਕ ਤਾਜ਼ਾ ਰਿਪੋਰਟ ਤਿਆਰ ਕਰਨ ਅਤੇ ਅਗਲੀ ਸੁਣਵਾਈ 'ਤੇ ਸੀਲਬੰਦ ਲਿਫ਼ਾਫ਼ੇ ਵਿੱਚ ਪੇਸ਼ ਕਰਨ। ਸਰਕਾਰ ਨੇ ਦੱਸਿਆ ਕਿ ਇਸ ਸਮੇਂ ਮਜੀਠੀਆ ਦੀ ਸੁਰੱਖਿਆ ਲਈ 15 ਪੁਲਿਸ ਕਰਮਚਾਰੀ ਤਾਇਨਾਤ ਹਨ, ਪਰ ਅਦਾਲਤ ਨੇ ਇਸ ਦੀ ਸਮੀਖਿਆ ਕਰਨ ਲਈ ਕਿਹਾ ਹੈ ਕਿ ਕੀ ਇਹ ਖ਼ਤਰੇ ਦੇ ਮੁਤਾਬਕ ਕਾਫ਼ੀ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਨਵੀਂ ਰਿਪੋਰਟ ਆਉਣ ਤੱਕ ਸੁਰੱਖਿਆ ਵਿੱਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਕੋਈ ਕੁਤਾਹੀ ਹੁੰਦੀ ਹੈ, ਤਾਂ ਸਬੰਧਤ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਇਸ ਮਾਮਲੇ ਦੀ ਅਗਲੀ ਸੁਣਵਾਈ 6 ਮਾਰਚ, 2026 ਨੂੰ ਹੋਵੇਗੀ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**


Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, REHMAT KAUR D/O OF MR MANINDER SINGH WHOSE PERMANENT ADDRESS IN INDIA IS VILLAGE: GIRNO, DISTT: FATEHABAD, PIN:125120, HARYANA, AND NOW LIVING AT, 7 LISMORE PLACE, AIRDRIE, ML6 8FZ UK. HEREBY GIVE NOTICE OF MY INTENTION TO CHANGE MY NAME TO REHMAT (GIVEN NAME) KAUR (SURNAME). (U/M)


I, NAGRA BALBIR SINGH S/O MR GURMAIL SINGH NAGRA, WHOSE PERMANENT ADDRESS IN INDIA IS VPO: JABBOWAL, TEHSIL NAWANSHAHR, SBS NAGAR, 144512, PUNJAB, AND NOW LIVING AT, 7 BALDERSTONE CLOSE, LEICESTER, LEICESTERSHIRE, LE5 4ES, UK. HEREBY GIVE NOTICE OF MY INTENTION TO CHANGE MY NAME TO BALBIR (GIVEN NAME) SINGH (SURNAME). (U/I/E)

# ਸਿਹਤ ਤੇ ਸੁੰਦਰਤਾ



# ਖ਼ੁਸ਼ਬੂਦਾਰ ਮਾਊਥਫ੍ਰੈਸ਼ਨਰ : ਖਾਣ ਵਾਲਿਓ ਸਾਵਧਾਨ !

**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



''ਰਸਾਇਣਕ-ਅਧਾਰਤ ਮਾਊਥ ਫ੍ਰੈਸ਼ਨਰ ਕਰਨ ਨਾਲ ਗਲੇ ਵਿਚ ਜਲਨ, ਘਬਰਾਹਟ, ਪੇਟ ਦਰਦ, ਉਲਟੀ, ਬਦਹਜ਼ਮੀ, ਦੇ ਨਾਲ ਜ਼ਿਆਦਾ ਮਾਤਰਾ ਵਿਚ ਅਤੇ ਲਗਾਤਾਰ ਸੇਵਨ ਕਰਨ ਨਾਲ, ਚੱਕਰ ਆਉਣੇ, ਸਿਰ-ਪੀੜ, ਸਾਹ ਲੈਣ ਵਿਚ ਮੁਸ਼ਕਲ ਅਤੇ ਅੰਦਰੂਨੀ ਅੰਗਾਂ ਨੂੰ ਖਤਮ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ''-

ਹੈਲਥ ਅਲਰਟ ਸੀਰੀਜ਼ : ਅੱਜ ਵਿਸ਼ਵ ਭਰ ਵਿਚ ਹਿੰਦੁਸਤਾਨੀ ਮਾਊਥਫ੍ਰੈਸ਼ਨਰ ਪਹੁੰਚ ਚੁੱਕਾ ਹੈ। ਮਸ਼ਹੂਰ ਫਿਲਮੀ ਹਸਤੀਆਂ ਨੂੰ ਇੰਡਸਟਰੀ ਵਾਲੇ ਅਰਬਾਂ ਰੁਪਏ ਖਰਚ ਕਰਕੇ ਆਪਣੇ ਪ੍ਰਾਡਕਟ ਦੁਨੀਆ ਦੇ ਕੋਨੇ-ਕੋਨੇ ਤੱਕ ਪਹੁੰਚਾ ਰਹੇ ਹਨ। ਹਰ ਉਮਰ ਦਾ ਵਿਅਕਤੀ ਇਸਦਾ ਸ਼ੋਕੀਨ ਅਤੇ ਆਦੀ ਹੋ ਚੁੱਕਾ ਹੈ। ਇਹ ਦੇਸ਼ ਦੀ ਜਨਤਾ ਹੈਲਥ ਨਾਲ ਉੱਚ ਪੱਧਰ 'ਤੇ ਖਿਲਵਾੜ ਹੋ ਰਿਹਾ ਹੈ।

ਭਾਰਤੀ ਮਾਊਥ ਫ੍ਰੈਸ਼ਨਰ ਦਾ ਬਾਜ਼ਾਰ ਪੰਜ ਸਾਲ ਪਹਿਲਾਂ 9,775 ਕਰੋੜ ਦੀ ਕੀਮਤ ਵਾਲਾ ਸੀ ਅਤੇ 2028 ਤੱਕ ਕਰੀਬਨ 28500 ਕਰੋੜ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਬਾਜ਼ਾਰ 'ਚ ਇਹ ਕੈਂਡੀ, ਚੀਊਂਗਮ, ਸਪ੍ਰੇਅ, ਗੁਟਕਾ, ਵਗੈਰਾ ਕਈ ਸ਼ਕਲ 'ਚ ਲੋਕਾਂ ਤੱਕ ਪਹੁੰਚ ਰਿਹਾ ਹੈ।



ਮੀਡੀਆ ਵਿਚ ਇੱਕ ਖਬਰ ਵੀ ਸਾਹਮਣੇ ਆਈ ਸੀ ਕਿ ਨਸ਼ੇ ਦੇ ਵਪਾਰੀ ਗਲਤ ਅਨਸਰਾਂ ਨਾਲ ਮਿੱਲ ਕੇ ਪਾਨ ਬੇਚਨ ਵਾਲੇ ਨੌਜਵਾਨਾਂ ਨੂੰ ਡਰੱਗ ਵਾਲੇ ਪਾਨ ਦੇ ਆਦੀ ਬਣਾ ਰਹੇ ਹਨ। ਜੋ ਇੱਕ ਚਿੰਤਾ ਦੇ ਵਿਸ਼ੇ ਦੇ ਨਾਲ ਲੋਕਾਂ ਦੀ ਸਿਹਤ ਲਈ ਬਹੁਤ ਬੜਾ ਖਤਰਾ ਵੀ ਬਣਦਾ ਜਾ ਰਿਹਾ ਹੈ। ਸਰਕਾਰੀ 'ਤੇ ਗੈਰ-ਸਰਕਾਰੀ ਪੱਧਰ 'ਤੇ ਇਸ ਖਤਰੇ ਨੂੰ ਰੋਕਣ ਦੀ ਲੋੜ ਹੋ ਗਈ ਹੈ।

ਰਵਾਇਤੀ ਮਾਊਥ ਫ੍ਰੈਸ਼ਨਰ ਦੀਆਂ ਜੜਾਂ 5000 ਈਸਾ ਪੂਰਬ ਤੋਂ ਹਨ, ਜੋ ਤਾਲੂ ਨੂੰ ਸਾਫ ਕਰਨ ਅਤੇ ਪਾਚਨ ਵਿਚ ਮਦਦ ਕਰਨ ਲਈ ਕੁਦਰਤੀ ਤੱਤਾਂ ਦੀ-ਸ਼ੌਂਫ, ਜੜੀ-ਬੂਟੀਆਂ, ਤਾਜ਼ਾ ਪਾਨ ਪੱਤਾ, ਮੱਧ ਪੂਰਵੀ ਮਿਸਵਾਕ, ਅਤੇ ਰੋਮਨ ਪਾਰਸਲੇ ਅਤੇ ਪੁਦੀਨਾ ਵਰਤਿਆ ਜਾਂਦਾ ਸੀ। ਜੋ ਸਾਹ ਨੂੰ ਤਾਜ਼ਾ ਅਤੇ ਮੂੰਹ ਦੀ ਸਫਾਈ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੇ ਸਨ।

## ਸਾਵਧਾਨ ਹੋ ਜਾਓ

ਰਸਾਇਣਕ-ਅਧਾਰਤ ਮਾਊਥ ਫ੍ਰੈਸ਼ਨਰ ਇਸਤੇਮਾਲ ਕਰਨ ਨਾਲ ਗਲੇ ਵਿਚ ਜਲਨ, ਘਬਰਾਹਟ, ਪੇਟ ਦਰਦ, ਉਲਟੀ, ਬਦਹਜ਼ਮੀ, ਦੇ ਨਾਲ ਜ਼ਿਆਦਾ ਮਾਤਰਾ ਵਿਚ ਅਤੇ ਲਗਾਤਾਰ ਸੇਵਨ ਕਰਨ ਨਾਲ, ਚੱਕਰ ਆਉਣੇ, ਸਿਰ-ਪੀੜ, ਸਾਹ ਲੈਣ ਵਿਚ ਮੁਸ਼ਕਲ ਅਤੇ ਅੰਦਰੂਨੀ ਅੰਗਾਂ ਨੂੰ ਖਤਮ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ।

ਇਹ ਰਸਾਇਣ ਤੱਤ ਕਾਰਨ ਗੈਸਟਰਇੰਟੇਸਟਾਈਨਲ ਟ੍ਰੈਕਟ ਅੰਦਰ ਲਗਾਤਾਰ ਜਲਨ ਰਹਿਣੀ ਸ਼ੁਰੂ ਹੋ ਜਾਂਦੀ ਹੈ। ਭੁੱਖ ਵੀ ਘੱਟ ਸਕਦੀ ਹੈ।

ਫੇਫੜੇ ਕਮਜ਼ੋਰ ਹੋ ਜਾਣ ਨਾਲ ਕਈ ਬਾਰ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਸੁੱਕੀ ਖੰਘ ਸ਼ੁਰੂ ਹੋ ਜਾਂਦੀ ਹੈ।

ਮਾਨਸਿਕ ਤੌਰ 'ਤੇ ਸੋਚ-ਵਿਚਾਰ ਦੀ ਸ਼ਕਤੀ ਅਤੇ ਯਾਦਾਸ਼ਤ ਘਟਣ ਦੀ ਸੰਭਾਵਨਾ ਵੱਧ ਜਾਂਦੀ ਹੈ। ਵਿਅਕਤੀ ਉਦਾਸੀ ਦਾ ਸ਼ਿਕਾਰ ਹੋ ਦੇ ਨਾਲ ਲਗਾਤਾਰ ਸਟ੍ਰੈੱਸ ਦਾ ਸ਼ਿਕਾਰ ਵੀ ਹੋ ਸਕਦਾ ਹੈ।

ਲਗਾਤਾਰ ਇਸਤੇਮਾਲ ਕਰਨ ਵਾਲੇ ਭਵਿੱਖ ਵਿਚ ਹਾਰਟ ਅਟੈਕ, ਕਿਡਨੀ-ਫੇਲ, ਦੇ ਨਾਲ-ਨਾਲ ਬੇਸ਼ੁਮਾਰ ਕਿਸਮ ਦੇ ਕੈਂਸਰ ਦੀ ਸੰਭਾਵਨਾ ਬਣੀ ਰਹਿ ਸਕਦੀ ਹੈ।

ਕਈ ਲੋਕਾਂ ਨੇ ਮਾਊਥ ਫ੍ਰੈਸ਼ਨਰ ਇਸਤੇਮਾਲ ਤੋਂ ਬਾਅਦ ਸੋਜਸ਼, ਅਤੇ ਸਕਿਨ ਅਲਰਜੀ ਦੀ ਸ਼ਿਕਾਇਤ ਵੀ ਕੀਤੀ। ਲਗਾਤਾਰ ਮਾਊਥ ਫ੍ਰੈਸ਼ਨਰ ਦਾ ਇਸਤੇਮਾਲ ਕਰਨਾ ਯਾਨਿ ਅਸੀਂ ਖ਼ੁਦ ਧੀਮਾ ਜ਼ਹਿਰ ਸਰੀਰ ਅੰਦਰ ਪਹੁੰਚਾ ਰਹੇ ਹਾਂ।

ਨੋਟ: ਸਰੀਰ 'ਤੇ ਮਨ ਅੰਦਰ ਬਿਮਾਰੀ ਕੋਈ ਵੀ ਲੱਛਣ ਲਗਾਤਾਰ ਰਹਿਣ ਦੀ ਹਾਲਤ ਵਿਚ ਤੁਰੰਤ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰਨ ਦੀ ਲੋੜ ਹੁੰਦੀ ਹੈ। ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਨੂੰ ਮਾਊਥ ਫ੍ਰੈਸ਼ਨਰ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ।

# * ਚੁੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਰਾਹੁਲ ਗਾਂਧੀ 'ਤੇ ਭੜਕੀ ਨਵਜੋਤ ਕੌਰ ਸਿੱਧੂ, ਉਸ ਨੂੰ ਪੱਪੂ ਕਿਹਾ- ਇਕ ਖ਼ਬਰ**
-ਚੁੱਕੀ ਹੋਈ ਲੰਬੜਾਂ ਦੀ, ਗਾਲ਼ ਬਿਨਾਂ ਨਾ ਬੋਲੇ।

***ਅਮਰੀਕਾ ਨੇ ਐਚ 1 ਬੀ ਵੀਜ਼ਿਆਂ ਉੱਪਰ ਲਾਈਆਂ ਸਖ਼ਤ ਪਾਬੰਦੀਆਂ- ਇਕ ਖ਼ਬਰ**
-ਐਵੇਂ ਨਾ ਵੱਢਿਆ ਜਾਈਂ ਵੇ, ਪਿੰਡ ਪਹਿਰਾ ਲਗਦੈ।

***ਦਸ ਸਾਲਾਂ ਵਿਚ ਦੇਸ਼ ਭਰ ਦੇ 93000 ਤੋਂ ਵੱਧ ਸਕੂਲਾਂ ਨੂੰ ਲੱਗੇ ਤਾਲੇ- ਇਕ ਸਰਕਾਰੀ ਰਿਪੋਰਟ**
-ਨਾ ਰਹੇ ਬਾਂਸ, ਨਾ ਵੱਜੇ ਬੰਸਰੀ।



***ਨਵੀਂ ਸਿਆਸੀ ਸਟੇਜ ਦੀ ਭਾਲ ਵਿਚ ਨਵਜੋਤ ਸਿੰਘ ਸਿੱਧੂ- ਇਕ ਖ਼ਬਰ**
-ਚਲ ਉੜ ਜਾ ਰੇ ਪੰਛੀ ਕਿ ਅਬ ਯੇਹ ਦੇਸ਼ ਹੂਆ ਬੇਗ-ਾਨਾ।



***ਮੇਰੀ ਟਿੱਪਣੀ ਕਿਸੇ ਜਾਤੀ ਵਿਸ਼ੇਸ਼ ਜਾਂ ਕਿਸੇ ਭਾਈਚਾਰੇ ਵਿਰੁੱਧ ਨਹੀਂ ਸੀ- ਬਾਜਵਾ**
-ਆਕੜਦੈਂ! ਅਸੀਂ ਸਾਨ੍ਹ ਹੁੰਨੇ ਆਂ! ਹੁਣ ਮੋਕ ਕਿਉਂ ਮਾਰਦੈਂ! ਗਊ ਦਾ ਜਾਇਆ ਜੁ ਹੋਇਆ!



***ਰਾਹੁਲ ਤੇ ਕਾਂਗਰਸ ਨੂੰ ਸਿਆਸਤ ਤੋਂ ਹਟਾਉਣ ਦਾ ਸਮਾਂ ਆ ਗਿਆ ਹੈ- ਭਾਜਪਾ**
-ਗ਼ਲੀਆਂ ਹੋ ਜਾਣ ਸੁੰਞੀਆਂ ਤੇ ਵਿਚ ਮਿਰਜ਼ਾ ਯਾਰ ਫਿਰੇ।

***ਐਲ.ਜੀ. ਵਲੋਂ ਦਿੱਲੀ ਗੁਰਦੁਆਰਾ ਕਮੇਟੀ ਦਾ ਕਾਰਜਕਾਲ 250 ਦਿਨਾਂ ਲਈ ਵਧਾਉਣਾ ਗੁਰਦੁਆਰਾ ਐਕਟ ਦੀ ਉਲੰਘਣਾ- ਇਕ ਖ਼ਬਰ**
-ਮਿੱਠੇ ਯਾਰ ਦੇ ਬਰੋਬਰ ਬਹਿ ਕੇ, ਮਿੱਠੇ ਮਿੱਠੇ ਬੇਰ ਚੁਗੀਏ।



***ਹਰਨਾਮ ਸਿੰਘ ਧੁੰਮਾ ਵਲੋਂ ਭੂਮੀ ਪੂਜਨ ਦੀ ਸਿੱਖ ਯੂਥ ਫੈਡਰੇਸ਼ਨ ਨੇ ਕੀਤੀ ਨਿਖੇਧੀ- ਇਕ ਖ਼ਬਰ**
-ਕਰੀ ਜਾਉ ਨਿਖੇਧੀ ਜਿੰਨੀ ਮਰਜ਼ੀ, ਅਗਲਾ ਟਿੱਚ ਕਰ ਕੇ ਨਹੀਂ ਜਾਣਦਾ।



***ਅਮਰੀਕਾ ਨੇ ਹਮੇਸ਼ਾ ਸਾਨੂੰ ਇਸਤੇਮਾਲ ਕੀਤਾ- ਪਾਕਿ-ਸਤਾਨ ਰੱਖਿਆ ਮੰਤਰੀ ਖਵਾਜਾ ਆਸਿਫ਼**
-ਪਾਟੀ ਲੀਰ ਪੁਰਾਣੀ ਵਾਙੂੰ, ਟੰਗ ਗਿਆ ਵਿਚ ਕਿੱਕਰਾਂ।

***ਕੈਨੇਡਾ 'ਚ 250 ਕਿਲੋਗ੍ਰਾਮ ਡਰੱਗਜ਼ ਨਾਲ ਪੰਜਾਬੀ ਟਰੱਕ ਡਰਾਈਵਰ ਗ੍ਰਿਫ਼ਤਾਰ- ਇਕ ਖ਼ਬਰ**
-ਸ਼ਾਬਾਸ਼ ਪੁੱਤਰੋ ਕਰ ਦਿਉ ਪੰਜਾਬ ਦਾ ਨਾਮ ਰੌਸ਼ਨ ਸਾਰੇ ਕੈਨੇਡਾ 'ਚ।

***19 ਫ਼ਰਵਰੀ ਦੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਪੰਥਕ ਮਸਲੇ ਵਿਚਾਰੇ ਜਾਣਗੇ- ਇਕ ਖ਼ਬਰ**
-ਕਿ ਸ਼੍ਰੋਮਣੀ ਕਮੇਟੀ ਦੀ ਹੋਰ ਕਿਹੜੀ ਕਿਹੜੀ ਜ਼ਮੀਨ ਕੌਡੀਆਂ ਦੇ ਭਾਅ ਵੇਚੀ ਜਾ ਸਕਦੀ ਹੈ।



***ਕੈਪਟਨ ਅਮਰਿੰਦਰ ਸਿੰਘ ਲਈ ਕਾਂਗਰਸ ਦੇ ਦਰਵਾਜ਼ੇ ਖੁੱਲ੍ਹੇ- ਭੂਪੇਸ਼ ਪਟੇਲ**
-ਤੈਨੂੰ ਚੰਦ ਦੇ ਬਹਾਨੇ ਦੇਖਾਂ, ਕੋਠੇ ਉੱਤੇ ਆ ਜਾ ਮਿੱਤਰਾ।



***ਸਿੱਖ ਜਥੇ ਦੇ ਬਹਾਨੇ ਪਾਕਿਸਤਾਨ ਗਈ ਹੋਈ ਸਰਬਜੀਤ ਕੌਰ ਹੁਣ ਪੱਕੇ ਤੌਰ 'ਤੇ ਪਾਕਿਸਤਾਨ ਹੀ ਰਹੇਗੀ- ਇਕ ਖ਼ਬਰ**
-ਚੁੰਨੀ ਰੰਗ ਦੇ ਲਲਾਰੀਆ ਮੇਰੀ, ਮਿੱਤਰਾਂ ਦੇ ਰੰਗ ਵਰਗੀ।

***ਕੇਰਲ ਵਿਧਾਨ ਸਭਾ ਵਿਚ 'ਵੀ ਬੀ-ਜੀ ਰਾਮ ਜੀ' ਸਕੀਮ ਵਾਪਸ ਲੈਣ ਦੀ ਮੰਗ ਵਾਲਾ ਮਤਾ ਪੇਸ਼- ਇਕ ਖ਼ਬਰ**
-ਤੇਰੇ ਖੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਉਂ ਚੱਬਣੇ।



***ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਭਗਵੰਤ ਮਾਨ ਦੀ ਚੁੱਪੀ 'ਤੇ ਪਰਗਟ ਸਿੰਘ ਨੇ ਚੁੱਕੇ ਸਵਾਲ- ਇਕ ਖ਼ਬਰ**
-ਕੁਝ ਬੋਲ ਵੇ ਦਿਲਾਂ ਦੀ ਘੁੰਡੀ ਖੋਲ੍ਹ ਵੇ ਕਿ ਅੱਧੀ ਰਾਤੋਂ ਰਾਤ ਟੱਪ ਗਈ।

============

MANAK
SOLICITORS



**Arjan Singh Thind LL.B (Hons.)**
Deputy Head of Residential Conveyancing

Arjan joined this firm as a Trainee Solicitor in April 2014 and now leads one of our Residential Conveyancing Teams. Buying, Selling or Remortgaging a house can be a stressful experience. Our Residential Conveyancing Team members under Arjan's guidance are trained to deal with all matters with compassion and understanding which goes beyond just carrying out the legal work. Arjan's friendly, professional approach supports clients from first-time buyers to seasoned investors.

Contact Arjan on telephone 01732 207207 or by email arjan@manaksolicitors.co.uk today for trusted advice.

**Orpington I Gravesend I Sevenoaks I Biggin Hill I Bromley**



manaksolicitors.co.uk
01689 870 769

reviewsolicitors
Excellent

Lexcel
Legal Practice Quality Mark
Law Society Accredited




Rajbir Singh Manak MA (Hons)

Surinder Singh Manak LLB (Hons)


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰਬਾਣੀ ਗਾਵਹ ਭਾਈ

**ਡਾ. ਸਤਿੰਦਰ ਪਾਲ ਸਿੰਘ**
akaalpurkh.7@gmail.com



ਗੁਰਬਾਣੀ ਗੁਰਸਿੱਖ ਦਾ ਜੀਵਨ ਆਧਾਰ ਹੈ। ਗੁਰਬਾਣੀ ਗਿਆਨ ਹੈ, ਜੀਵਨ ਜਾਚ ਹੈ, ਪ੍ਰੇਰਨਾ ਹੈ, ਅੰਤਰ ਦਾ ਪ੍ਰਕਾਸ਼ ਹੈ, ਆਤਮਿਕ ਚੇਤਨਾ ਦਾ ਅੰਮ੍ਰਿਤ ਹੈ। ਗੁਰੂ ਨਾਨਕ ਸਾਹਿਬ ਨੇ ਬਾਣੀ ਰਾਹੀਂ ਮਨੁੱਖਤਾ ਨਾਲ ਸੰਵਾਦ 'ਤੇ ਉੱਧਾਰ ਦੀ ਪਰੰਪਰਾ ਸਥਾਪਿਤ ਕੀਤੀ ਜੋ ਨਿਰੰਤਰ ਅੱਗੇ ਵੱਧਦੀ ਗਈ ਹੈ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਬਾਣੀ ਦਾ ਅਨਮੋਲ ਖਜਾਨਾ ਬਖਸ਼ਣ ਦਾ ਮਹਾਨ ਉਪਕਾਰ ਕੀਤਾ "ਭਗਤਿ ਭੰਡਾਰ ਗੁਰਬਾਣੀ ਲਾਲ"। ਗੁਰਬਾਣੀ ਆਤਮਿਕ ਆਨੰਦ ਤੇ ਤ੍ਰਿਪਤੀ ਦਾ ਸਦੀਵੀ ਸ੍ਰੋਤ ਬਣ ਗਈ "ਗਾਵਤ ਸੁਨਤ ਕਮਾਵਤ ਨਿਹਾਲ"। ਗੁਰਬਾਣੀ ਪੜ੍ਹਨਾ, ਸੁਨਣਾ ਗੁਰਸਿੱਖ ਦਾ ਨਿਤਨੇਮ ਹੈ। ਸਿੱਖ ਪੰਥ ਦੀ ਵਿਧੀਵਤ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਅਨੁਸਾਰ "ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ - ਮੇਲੇ ਦੇ ਅਸਥਾਨਾਂ - ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿੱਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ"। ਅੱਜ ਪੂਰੇ ਵਿਸ਼ਵ ਵਿੱਚ ਤੇਜੀ ਨਾਲ ਗੁਰਦੁਆਰਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇੱਕ ਇੱਕ ਪਿੰਡ ਵਿੱਚ ਹੀ ਇੱਕ ਤੋਂ ਜਿਆਦਾ ਗੁਰਦੁਆਰੇ ਮਿਲ ਜਾਣਗੇ। ਗੁਰਦੁਆਰਿਆਂ ਵਿੱਚ ਬਾਕਾਇਦਾ ਨਿਯੁਕਤ ਕੀਤੇ ਗਏ ਰਾਗੀ ਜੱਥੇ ਗੁਰਬਾਣੀ ਦਾ ਗਾਇਨ ਕਰਦੇ ਹਨ। ਇਸ ਨੂੰ ਕੀਰਤਨ ਦਾ ਨਾਮ ਦਿੱਤਾ ਗਿਆ ਹੈ। ਸਿੱਖ ਰਹਿਤ ਮਰਯਾਦਾ ਗੁਰਬਾਣੀ ਗਾਇਨ ਲਈ ਕੀਰਤਨ ਸ਼ਬਦ ਵਰਤਿਆ ਗਿਆ ਹੈ ਅਤੇ ਮੁੱਢਲੀ ਮਰਿਆਦਾ ਦਾ ਜਿਕਰ ਕੀਤਾ ਗਿਆ ਹੈ। ਇਸ ਅਨੁਸਾਰ "ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਨੂੰ ਕਹਿੰਦੇ ਹਨ"। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਅੰਗ ੧੪ ਤੋਂ ਅੰਗ ੧੩੫੩ ਤੱਕ ਸੁਸ਼ੋਭਿਤ ਬਾਣੀ ਰਾਗ ਅਧਾਰਤ ਹੈ। ਬਾਣੀ ਕੁੱਲ ੩੧ ਰਾਗਾਂ ਵਿੱਚ ਹੈ। ਇਹ ਵੱਖ ਹੈ ਕਿ ਜਿਆਦਾਤਰ ਗੁਰਦੁਆਰਿਆਂ ਵਿੱਚ ਗੁਰਬਾਣੀ ਦਾ ਗਾਇਨ ਸਬੰਧਤ ਰਾਗਾਂ ਦੇ ਅਧੀਨ ਨਹੀਂ ਹੋ ਰਿਹਾ ਪਰ ਫਿਰ ਵੀ ਉਸ ਨੂੰ ਕੀਰਤਨ ਦੇ ਰੂਪ ਵਿੱਚ ਸਵੀਕਾਰ ਕੀਤਾ ਜਾ ਰਿਹਾ ਹੈ। ਜਿਆਦਾਤਰ ਰਾਗੀ ਜੱਥੇ ਆਪੋ ਆਪਣੇ ਢੰਗ ਨਾਲ ਸ਼ਬਦਾਂ ਨੂੰ ਸੁਰ ਦੇ ਕੇ ਮਨੋਹਰਨ ਬਣਾਉਣ ਦਾ ਜਤਨ ਕਰਦੇ ਰਹਿੰਦੇ ਹਨ। ਰਾਗਾਂ ਦੀ ਸਮਝ ਨਾ ਹੋਣ ਕਾਰਨ ਸੰਗਤ ਉਸ ਨੂੰ ਸਵੀਕਾਰ ਕਰਦੀ ਆ ਰਹੀ ਹੈ। ਗੁਰੂ ਰਾਮਦਾਸ ਸਾਹਿਬ ਨੇ ਵਚਨ ਕੀਤਾ ਸੀ "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ"। ਬਾਣੀ ਨੂੰ ਰਾਗ ਬੱਧ ਕਰਨ ਪਿੱਛੇ ਇੱਕ ਨਿਸ਼ਚਿਤ ਸਿਧਾਂਤ ਸੀ ਗੁਰਸਿੱਖ ਦੇ ਅੰਤਰ ਵਿਚ ਅਨਹਦ ਨਾਦ ਜਾਗ੍ਰਤ ਕਰਨ ਦਾ "ਗੁਰ ਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ" ਪਰ ਰਾਗਾਂ ਤੋਂ ਅਵੇਸਲੇ ਹੋਣ ਕਾਰਨ ਗੁਰਸਿੱਖ ਅੱਜ ਉਸ ਪਰਮ ਦਾਤ ਤੋਂ ਵਾਂਝਾ ਹੋ ਰਿਹਾ ਹੈ। ਗੁਰਬਾਣੀ ਰਾਹੀਂ ਗੁਰੂ ਸਾਹਿਬਾਨ ਗੁਰੂ ਦੇ ਜਿਸ ਸਵਰੂਪ ਦੇ ਦਰਸ਼ਨ ਕਰਾਉਣਾ ਚਾਹੁੰਦੇ ਹਨ, ਜਿਸ ਅੰਮ੍ਰਿਤ ਨਾਲ ਨਿਵਾਜਣਾ ਚਾਹੁੰਦੇ ਹਨ ਉਸ ਤੋਂ ਦੂਰ ਹੋਣ ਕਾਰਨ ਗੁਰਸਿੱਖ ਨਿਤ ਗੁਰਬਾਣੀ ਸਰਵਣ ਕਰਨ ਤੋਂ ਬਾਅਦ ਵੀ ਅਤ੍ਰਿਪਤ ਹੀ ਰਹਿ ਰਿਹਾ ਹੈ।

ਗੁਰੂ ਨਾਨਕ ਸਾਹਿਬ ਦਾ ਵਚਨ ਸੀ ਕਿ ਬਾਣੀ ਨੂੰ ਪੜ੍ਹਨ, ਸੁਨਣ ਦੇ ਨਾਲ ਹੀ ਵਿਚਾਰਨਾ ਵੀ ਹੈ "ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ"। ਕੀਰਤਨ ਸਰਵਣ ਕਰਨਾ ਗੁਰਬਾਣੀ ਨੂੰ ਵਿਚਾਰਨ ਦਾ ਅਉਸਰ ਵੀ ਹੈ। ਗੁਰਬਾਣੀ ਆਪਣੇ ਆਪ ਵਿੱਚ ਇੱਕ ਗੰਭੀਰ ਵਿਚਾਰ ਹੈ "ਸਬਦੁ ਗੁਰ ਪੀਰਾ ਗਹਿਰ ਗੰਭੀਰਾ"। ਗੁਰਬਾਣੀ ਦਾ ਵਿਚਾਰ ਨਾ ਕਰਨਾ ਸ਼ਬਦ ਗੁਰੂ ਦਾ ਅਨਾਦਰ ਹੀ ਕਿਹਾ ਜਾਵੇਗਾ। ਰਾਗ ਬਾਣੀ ਦੀ ਗੰਭੀਰਤਾ ਨੂੰ ਪ੍ਰਗਟ ਕਰਦੇ ਹਨ ਤੇ ਮਨ ਨੂੰ ਗੰਭੀਰਤਾ ਧਾਰਨ ਕਰਨ ਲਈ ਤਿਆਰ ਕਰਦੇ ਹਨ। ਬਿਨਾ ਰਾਗਾਂ ਦੇ ਗਾਇਨ ਕੀਤੀ ਜਾ ਰਹੀ ਬਾਣੀ ਕੁੱਝ ਸਮੇਂ ਲਈ ਮਨ ਨੂੰ ਬੰਨ ਤਾਂ ਸਕਦੀ ਹੈ ਪਰ ਮਨ ਅੰਦਰ ਵੱਸ ਜਾਵੇ ਇਹ ਸੰਭਵ ਨਹੀਂ ਹੁੰਦਾ। ਬਿਨਾ ਰਾਗ ਦੇ ਸ਼ਬਦ ਗਾਇਨ ਆਮ ਤੌਰ ਤੇ ਮਨ ਨੂੰ ਧੁੰਨ, ਸ਼ੈਲੀ ਤੇ ਆਵਾਜ ਵਿੱਚ ਕੈਦ ਕਰ ਲੈਂਦਾ ਹੈ, ਸ਼ਬਦ ਦੇ ਸਾਰ ਤੱਤ ਤੱਕ ਪੁੱਜਣ ਹੀ ਨਹੀਂ ਦਿੰਦਾ। ਇਹ ਮੁੱਖ ਕਾਰਨ ਹੈ ਕਿ ਖਾਸ ਰਾਗੀ ਜੱਥਿਆਂ ਤੋਂ ਖਾਸ ਸ਼ਬਦਾਂ ਦੇ ਗਾਇਨ ਦੀ ਮੰਗ ਕਰਦਿਆਂ ਅਕਸਰ ਵੇਖਿਆ ਜਾਂਦਾ ਹੈ ਜਬਕਿ ਹਰ ਸ਼ਬਦ ਹੀ ਅਣਮੋਲ ਪ੍ਰੇਰਣਾ ਹੈ।

ਗੁਰਬਾਣੀ ਧੁਰ ਕੀ ਬਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਜੋਤ ਮੰਨਿਆ ਗਿਆ ਹੈ। ਇਸ ਦ੍ਰਿਸ਼ਟੀ ਨਾਲ ਪੂਰੀ ਗੁਰਬਾਣੀ ਦੀ ਮਹੱਤਤਾ ਇੱਕ ਸਮਾਨ ਤਲ ਪ੍ਰਾਪਤ ਕਰ ਲੈਂਦੀ ਹੈ। ਪਰ ਸਿੱਖ ਰਹਿਤ ਮਰਯਾਦਾ ਵਿੱਚ ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਖਾਸ ਮਾਨਤਾ ਦਿੱਤੇ ਗਈ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ "ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸਾਦਿ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ ) ਦਾ ਪਾਠ ਕਰ ਕੇ ਅਰਦਾਸ ਮਗਰੋਂ ਹੁਕਮ ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸਾਦਿ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ ਅਤੇ ਹੁਕਮ ਲੈ ਕੇ ਪਾਠ ਆਰੰਭ ਕੀਤਾ ਜਾਵੇ"। ਗੁਰਸਿੱਖ ਨੇ ਜਪੁ ਸਾਹਿਬ ਦਾ ਪਾਠ ਕਰਨਾ ਹੈ ਤਾਂ ਵੀ "ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇੱਕ ਅੰਤਲੀ ਪਉੜੀ ) ਦੇ ਪਾਠ ਮਗਰੋਂ ਅਰਦਾਸਾ ਕਰ ਕੇ ਹੁਕਮ ਲੈਣਾ ਚਾਹੀਦੇ। ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਦੇ"। ਇਹ ਰਹਿਤ ਸਾਧਾਰਨ ਪਾਠ ਸਿਰਲੇਖ ਅੰਦਰ ਦਿੱਤੀ ਗਈ ਹੈ। ਇਹ ਮਰਿਆਦਾ ਬਣ ਗਈ ਹੈ ਕਿ ਗੁਰਦੁਆਰੇ ਵਿੱਚ ਹਰ ਦੀਵਾਨ ਦੀ ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਪੜ੍ਹਨ ਤੋਂ ਬਾਅਦ ਹੀ ਹੁੰਦੀ ਹੈ ਉਸ ਤੋਂ ਬਾਅਦ ਅਰਦਾਸ ਅਤੇ ਹੁਕਮ ਲਿਆ ਜਾਂਦਾ ਹੈ। ਦੀਵਾਨ ਕਿਸੇ ਵੀ ਮਨੋਰਥ ਹਿੱਤ ਸਜਾਇਆ ਗਿਆ ਹੋਵੇ, ਸਮਾਂ ਕੋਈ ਵੀ ਹੋਵੇ ਸਮਾਪਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਨਾਲ ਹੀ ਹੁੰਦੀ ਹੈ। ਇਹ ਬਾਣੀ ਕਿਉਂ ਖਾਸ ਹੈ ਇਸ ਨੂੰ ਵਿਚਾਰਨ ਦੀ ਲੋੜ ਹੈ।ਕੁੱਝ ਦਾ ਖਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਵਿੱਚੋਂ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਨੂੰ ਪੂਰੀ ਸੋਚ ਵਿਚਾਰ ਤੋਂ ਬਾਅਦ ਚੁਣ ਕੇ ਮਹੱਤਵਪੂਰਨ ਸਮਝਿਆ ਗਿਆ।

ਅਨੰਦ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੯੧੭ ਤੋਂ ਅੰਗ ੯੨੨ ਤੱਕ ਸੁਸ਼ੋਭਿਤ ਹੈ। ਸਿਰਲੇਖ ਪ੍ਰਾਪਤ ਕੁੱਝ ਬਾਣੀਆਂ ਵਿੱਚੋਂ ਇਹ ਇੱਕ ਹੈ ਜਿਸ ਦਾ ਸਿਰਲੇਖ "ਅਨੰਦੁ" ਹੈ। ਇਸ ਵਿਚ ੪੦ ਪਉੜੀਆਂ ਹਨ। ਇਹ ਬਾਣੀ ਰਾਮਕਲੀ ਰਾਗ ਅਧੀਨ ਉਚਾਰੀ ਗਈ ਹੈ। ਰਾਗ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਗੀਤ ਅਨੁਸਾਰ ਅਜਿਹਾ ਸੁਰ ਪ੍ਰਬੰਧ ਕਿਹਾ ਹੈ ਜਿਸ ਨੂੰ ਸੁਣ ਕੇ ਮਨ ਵਿੱਚ ਪ੍ਰੇਮ ਉਪਜੈ। ਰਾਮਕਲੀ ਰਾਗ ਦਾ ਸਵੇਰੇ ਦੇ ਰਾਗਾਂ ਵਿੱਚ ਮੁੱਖ ਅਸਥਾਨ ਹੈ। ਇਹ ਰਾਗ ਮਨ ਨੂੰ ਪਹਿਲਾਂ ਬੰਨਦਾ ਹੈ ਫਿਰ ਅੰਮ੍ਰਿਤ ਬਰਖਾ ਨਾਲ ਨਿਹਾਲ ਕਰਦਾ ਹੈ। ਇਹ ਭੈਰਵ ਥਾਟ ਦਾ ਰਾਗ ਹੈ। ਇਸ ਦੇ ਗਾਇਨ ਵਿੱਚ ਕੋਮਲ, ਤੀਵ੍ਰ ਮੱਧਮ ਅਤੇ ਕੋਮਲ ਨਿਸ਼ਾਦ ਸੁਰ ਲੱਗਦੇ ਹਨ। ਵਿਦਵਾਨਾਂ ਅਨੁਸਾਰ ਇਸ ਰਾਗ ਤੋਂ ਸ਼ਾਂਤੀ, ਭਗਤੀ ਅਤੇ ਦਇਆ ਰਸ ਪੈਦਾ ਹੁੰਦਾ ਹੈ। ਇਹ ਸੱਚ ਨਾਲ ਜੋੜ ਕੇ ਭਗਤੀ ਭਾਵ ਪੈਦਾ ਕਰਨ ਵਾਲਾ ਹੈ। ਗੁਰੂ ਅਮਰਦਾਸ ਸਾਹਿਬ ਦੀ ਬਾਣੀ ਅਨੰਦ ਦਾ ਆਰੰਭ ਹੀ ਅੰਮ੍ਰਿਤ ਬਰਖਾ ਤੋਂ ਹੁੰਦਾ ਹੈ "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ"। ਇਹ ਪਾਵਨ ਪੰਕਤੀ ਗੁਰਸਿੱਖ ਦੇ ਮਨ ਅੰਦਰ ਵਿਚਾਰ ਦ੍ਰਿੜ੍ਹ ਕਰਦੀ ਹੈ ਕਿ ਸਤਿਗੁਰੂ ਨਾਲ ਮੇਲ ਆਨੰਦ ਪੈਦਾ ਕਰਨ ਵਾਲਾ ਹੈ, ਸਾਰੇ ਦੁੱਖਾਂ, ਚਿੰਤਾਵਾਂ ਤੋਂ ਮੁਕਤ ਕਰ ਅਚਿੰਤ ਹੀ ਨਹੀਂ ਪ੍ਰਫੁੱਲਿਤ ਕਰਨ ਵਾਲਾ ਹੈ। ਜਿਸ ਗੁਰਸਿੱਖ ਨੇ ਸਾਧ ਸੰਗਤ ਕੀਤੀ ਹੈ, ਸ਼ਬਦ ਗੁਰੂ ਨਾਲ ਮਨ ਜੋੜਿਆ ਹੈ ਉਸ ਨੂੰ ਇਸ ਮੇਲ ਤੋਂ ਪ੍ਰਾਪਤ ਆਨੰਦ ਦਾ ਅਹਿਸਾਸ ਵੀ ਹੋਣਾ ਚਾਹੀਦੇ। ਗੁਰਬਾਣੀ ਨਾਲ ਜੁੜਨ ਦਾ ਮਨੋਰਥ ਅਗਲੀ ਪੰਕਤੀ ਵਿੱਚ ਗੁਰੂ ਅਮਰਦਾਸ ਸਾਹਿਬ ਨੇ ਪ੍ਰਗਟ ਕੀਤਾ "ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ"। ਗੁਰੂ ਨਾਲ ਮੇਲ, ਗੁਰ ਸ਼ਬਦ ਦਾ ਮਨ ਅੰਦਰ ਵੱਸਣਾ ਸਹਿਜ ਅਵਸਥਾ ਦਾ ਜਨਕ ਹੈ ਜਿਸ ਨੂੰ ਪਰਮ ਅਵਸਥਾ ਮੰਨਿਆ ਗਿਆ ਹੈ। ਸਹਿਜ ਅਵਸਥਾ ਦੀ ਨਿਸ਼ਾਨੀ ਮਨ ਅੰਦਰ ਅਨਹਦ ਨਾਦ ਦਾ ਵੱਜਣ ਲੱਗ ਪੈਣਾ ਹੈ। ਮਨ ਅਪਾਰ ਸੰਤੋਖ ਅਤੇ ਤੀਰਪਤੀ ਦਾ ਅਨੁਭਵ ਕਰਦਾ ਹੈ। ਇਸ ਪ੍ਰੇਰਕ ਸੂਤਰ ਵਾਕ ਨਾਲ ਜੋੜ ਕੇ ਗੁਰੂ ਅਮਰਦਾਸ ਸਾਹਿਬ ਨੇ ਪਰਮਾਤਮਾ ਦੀ ਵਡਿਆਈ ਦੇ ਦਰਸ਼ਨ ਕਰਾਏ ਤੇ ਸਮਰਪਿਤ ਹੋ ਕੇ ਭਗਤੀ ਕਰਨ ਦਾ ਫਲ ਦੱਸਿਆ "ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਇਆ"। ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਪਉੜੀਆਂ ਤੇ ਅੰਤਮ ਇੱਕ ਪਉੜੀ ਵਿੱਚ ਸੁਨਣ ਅਤੇ ਮਨ ਅੰਦਰ ਵਸਾਉਣ ਦੀ ਹੀ ਗੱਲ ਕੀਤੀ ਗਈ ਹੈ। ਜਦੋਂ ਵੀ ਗੁਰਸਿੱਖ ਗੁਰ ਸ਼ਬਦ ਨਾਲ ਜੁੜ ਕੇ ਪੈਦਾ ਹੋਈ ਆਤਮਿਕ ਅਵਸਥਾ ਤੋਂ ਉਬਰ ਕੇ ਵਿਵਹਾਰਕ ਅਵਸਥਾ ਆਵੇ ਇੱਕ ਸਪਸ਼ਟ ਪ੍ਰੇਰਨਾ, ਸੇਧ ਆਪਣੇ ਚੇਤਨ, ਅਵਚੇਤਨ ਮਨ ਵਿੱਚ ਧਾਰਨ ਕੀਤੀ ਹੋਵੇ ਜੋ ਉਸ ਨੇ ਅੰਤ ਵਿਚ ਸ੍ਰਵਨ ਕੀਤੀ ਅਨੰਦ ਸਾਹਿਬ ਦੀ ਛੇ ਪਉੜੀਆਂ ਤੋਂ ਪ੍ਰਾਪਤ ਕੀਤੀ ਹੈ। ਇਨ੍ਹਾਂ ਛੇ ਪਉੜੀਆਂ ਵਿੱਚ ਗੁਰ ਸ਼ਬਦ ਦਾ ਸਾਰ ਨਿਹਿਤ ਹੈ ਜਿਸ ਨੂੰ ਅੰਤਮ ਸੁਨੇਹਾ ਵੀ ਕਿਹਾ ਜਾ ਸਕਦਾ ਹੈ।

ਪਰ ਅੱਜ ਦੇ ਹਾਲਾਤ ਕੁੱਝ ਹੋਰ ਹੀ ਬਣ ਗਏ ਹਨ। ਅਰਦਾਸ ਤੋਂ ਪਹਿਲਾਂ ਛੇ ਪਉੜੀਆਂ ਅਨੰਦ ਸਾਹਿਬ ਦੇ ਗਾਇਨ ਨੂੰ ਪੂਰੀ ਤਰਹ ਰਸਮੀ ਬਣਾ ਦਿੱਤਾ ਗਿਆ ਹੈ। ਇਵੇਂ ਤੇ ਇਤਨੀ ਗਤੀ ਨਾਲ ਗਾਇਨ ਕੀਤਾ ਜਾਂਦਾ ਹੈ ਕਿ ਇੱਕ ਪੰਕਤੀ ਹੀ ਸੁਣੀ, ਸਮਝੀ ਨਹੀਂ ਗਈ ਹੁੰਦੀ ਕਿ ਰਾਗੀ ਸਿੰਘ ਅਗਲੀ ਤੀਜੀ, ਚੌਥੀ ਪੰਕਤੀ ਤੇ ਪੁੱਜ ਚੁਕੇ ਹੁੰਦੇ ਹਨ। ਇਵੇਂ ਲੱਗਦਾ ਹੈ ਕਿ ਅਨੰਦ ਸਾਹਿਬ ਕਿਸੇ ਮਜਬੂਰੀ ਵਿੱਚ ਗਾਇਨ ਕੀਤਾ ਜਾ ਰਿਹਾ ਹੋਵੇ। ਰਾਗੀ ਜੱਥੇ ਵਿੱਚੋਂ ਵੀ ਇੱਕ ਸਿੰਘ ਦੀ ਪੰਕਤੀ ਪੂਰੀ ਹੋਣ ਤੇ ਨਹੀਂ ਆਉਂਦੀ ਕਿ ਦੂਜੇ ਸਿੰਘ ਦੁਆਰਾ ਅਗਲੀ ਪੰਕਤੀ ਆਰੰਭ ਕਰ ਦਿੱਤੀ ਗਈ ਹੁੰਦੀ ਹੈ। ਦੂਜੇ ਸ਼ਬਦ ਗਾਇਨ ਕਰਦਿਆਂ ਰਾਗੀ ਸਿੰਘ ਅਕਸਰ ਇੱਕ ਹੀ ਪੰਕਤੀ ਨੂੰ ਵਾਰ ਵਾਰ ਪੜ੍ਹਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਮਹੱਤਵਪੂਰਨ ਲੱਗਦਾ ਹੈ। ਇਵੇਂ ਪੜ੍ਹਿਆ ਵੀ ਜਾਣਾ ਚਾਹੀਦੇ। ਪਰ ਅਨੰਦ ਸਾਹਿਬ ਦੇ ਗਾਇਨ ਵਿੱਚ ਸ਼ਾਇਦ ਹੀ ਕਦੇ ਅਜਿਹਾ ਕੀਤਾ ਗਿਆ ਹੋਵੇ। ਜਿਸ ਅਨੰਦ ਸਾਹਿਬ ਦੇ ਸਰਵਣ ਨਾਲ ਮਨ ਵਿੱਚ "ਮਨਿ ਵਜੀਆ ਵਧਾਇਆ "ਦਾ ਵਿਗਾਸ ਪੈਦਾ ਹੋਣਾ ਚਾਹੀਦੇ, "ਸਦਾ ਰਹੁ ਹਰਿ ਨਾਲੇ" ਦੀ ਅੰਤਰ ਪ੍ਰੇਰਨਾ ਜਾਗ੍ਰਤ ਹੋਣੀ ਚਾਹੀਦੀ ਹੈ ਉਹ ਤਾਂ ਸੰਭਵ ਨਹੀਂ ਹੁੰਦਾ ਇਸ ਦੇ ਉਲਟ ਮਨ ਅਸਹਿਜ ਹੋਣ ਲੱਗਦਾ ਹੈ। ਇਸ ਦਾ ਪ੍ਰਭਾਵ ਇਹ ਹੋ ਰਿਹਾ ਹੈ ਕਿ ਸਾਧ ਸੰਗਤ ਵਿੱਚ ਸ੍ਰਵਨ ਕੀਤੇ ਸ਼ਬਦ ਮਨ ਵਿੱਚ ਭਾਵੇਂ ਚੱਲਦੇ ਰਹਿਣ, ਅਨੰਦ ਸਾਹਿਬ ਦੀ ਇੱਕ ਵੀ ਪੰਕਤੀ ਦਾ ਰਸ ਨਹੀਂ ਬਣਦਾ। ਰਾਗ ਵਿੱਚ ਪੜ੍ਹਨਾ ਤਾਂ ਦੂਰ, ਸਹਿਜ ਭਾਵ ਨਾਲ ਵੀ ਨਾ ਪੜ੍ਹਨਾ ਉਸ ਭਾਵਨਾ ਦਾ ਨਿਰਾਦਰ ਹੈ ਜਿਸ ਤਹਿਤ ਅਨੰਦ ਸਾਹਿਬ ਪੜ੍ਹਨ ਦੀ ਰਹਿਤ ਮਰਿਆਦਾ ਬਣਾਈ ਗਈ ਸੀ। ਇਹ ਨਿਸ਼ਚਿਤ ਤੌਰ ਤੇ ਗੁਰ ਸ਼ਬਦ ਦਾ ਵੀ ਨਿਰਾਦਰ ਹੈ। ਗੁਰਬਾਣੀ ਤਾਂ ਪ੍ਰੇਮ ਭਾਵਨਾ ਦੀ ਬਾਣੀ ਹੈ ਜਿਸ ਨੂੰ ਸਹਿਜ ਵਿਚ ਹੀ ਗਾਇਨ ਕਰਨਾ ਮਨੋਰਥ ਸਿੱਧ ਕਰਦਾ ਹੈ "ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ ॥"। ਰਾਗ ਤੋਂ ਬਾਹਰ ਗੁਰਬਾਣੀ ਦਾ ਗਾਇਨ ਸਿੱਖ ਰਹਿਤ ਮਰਯਾਦਾ ਅਨੁਸਾਰ ਜੇ ਕੀਰਤਨ ਨਹੀਂ ਮੰਨਿਆ ਜਾ ਸਕਦਾ, ਸਹਿਜ ਵੀ ਗਾਇਨ ਨਾ ਕਰਨਾ ਤਾਂ ਗਾਇਨ ਦੇ ਮਨੋਰਥ ਤੋਂ ਹੀ ਦੂਰ ਕਰ ਦਿੰਦਾ ਹੈ। ਇਹ ਗੰਭੀਰ ਵਿਸ਼ਾ ਹੈ। ਅਰਦਾਸ ਤੋਂ ਪਹਿਲਾਂ ਅਨੰਦ ਸਾਹਿਬ ਦੇ ਗਾਇਨ ਨੂੰ ਰਾਗ ਅਧਾਰਿਤ ਅਤੇ ਸਹਿਜ ਬਣਾਉਣ ਲਈ ਦ੍ਰਿਸ਼ਟੀ ਸੁਧਾਰ ਦੀ ਸਖਤ ਲੋੜ ਹੈ।

ਜਿਵੇਂ ਕਿਸੇ ਹੋਰ ਸ਼ਬਦ ਦਾ ਗਾਇਨ ਕਰਦਿਆਂ ਉਚਿਤ ਸਮਾਂ ਲਾਇਆ ਜਾਂਦਾ ਹੈ, ਅਨੰਦ ਸਾਹਿਬ ਪੜ੍ਹਨ ਲਈ ਵੀ ਉਚਿਤ ਸਮਾਂ ਲਾਇਆ ਜਾਣਾ ਚਾਹੀਦੇ। ਇਹ ਕਿਸੇ ਵੀ ਸਮਾਗਮ ਦਾ ਅੰਤਮ ਸੁਨੇਹਾ ਹੁੰਦਾ ਹੈ ਇਸ ਕਾਰਨ ਇਸ ਨੂੰ ਤਾਂ ਵਾਧੂ ਭਾਵਨਾ ਨਾਲ ਪੜ੍ਹਨਾ ਤੇ ਸੁਣਨਾ ਚਾਹੀਦੇ।

# ਕਹਾਣੀ

ਰਣਵੀਰ ਸਿੰਘ ਰਾਣਾ

# ਚਾਚਾ ਬੋਲਦਾ ਹੈ !





ਚਾਚੇ ਨੇ ਸੰਸਾਰ ਦੇ ਹਲਾਤ ਵੇਖ ਕੇ, ਨਾਲੇ ਘਰ ਦੇ ਹਾਲਾਤ ਵੇਖ ਕੇ, ਨਾਲੇ ਬੱਚਿਆਂ ਦੇ ਹਲਾਤ ਵੇਖ ਕੇ, ਇਕ ਸਾਲ ਪਹਿਲਾਂ ਰਿਟਾਇਰ ਹੋਣ ਵਾਰੇ ਸੋਚਿਆ। ਆਪ ਨਹੀਂ ਕੱਲਾ ਸਗੋਂ ਨਾਲ ਕੰਮ ਕਰਦੇ ਹਰਬੰਸ ਨੂੰ ਵੀ ਆਪਣੇ ਨਾਲ ਰਿਟਾਇਰ ਕਰਨ ਵਾਰੇ ਮਨਾ ਲਿਆ। ਉੱਦਾ ਹਰਬੰਸ ਭਾਵੇਂ ਰਿਟਾਇਰ ਸੀ, ਪਰ ਫੇਰ ਕੰਮ ਦਬੱਲੀ ਜਾ ਰਿਹਾ ਸੀ। ਚਾਚਾ ਨੇ ਆਖਿਆ, ਹਰਬੰਸ ਸਿਆਂ ! ਜੇ ਐਨੇ ਚਿਰ ਕੰਮ ਕਰਕੇ ਰੱਜੇ ਨਹੀਂ ਹੋਰ ਸਾਲ ਦੋ ਸਾਲ ਕੰਮ ਕਰਨ ਨਾਲ ਕੀ ਪਹਾੜ ਜਿੱਤ ਲੈਣਾ ? ਨਾਲੇ ਦੁਨੀਆਂ 'ਤੇ ਇੱਕੋ ਗੇੜਾ ਲੱਗਣਾ।

ਚਾਚਾ ਸਵੇਰੇ ਸਵੇਰੇ ਸੋਫ਼ੇ 'ਤੇ ਬੈਠਾ ਸੋਚ ਰਿਹਾ ਸੀ। ਅਜੇ ਕੱਲ ਦੀ ਗੱਲ ਆ, ਜਦੋਂ ਕੰਮ 'ਤੇ ਲੱਗੇ ਸੀ ਪਤਾ ਨੀ ਲੱਗਾ ਕਦੋਂ ਰਿਟਾਇਰ ਹੋਣ ਵਾਲੇ ਹੋ ਗਏ, ਕਿੰਨੀ ਛੇਤੀ ਉਮਰ ਲੰਘ ਗਈ, ਅਜੇ ਕੱਲ ਦੀ ਗੱਲ ਲੱਗਦੀ ਆ, ਚਾਚੇ ਨੂੰ ਝੁਣਝੁਣੀ ਜਿਹੀ ਆਈ, ਮਨਾਂ ਮੈਂ ਕਿੱਦਾਂ ਚਾਚੀ ਕੋਲ ਬੈਠ ਕੇ ਟਾਈਮ ਲੰਘਾਇਆ ਕਰਾਂਗਾ ? ਇਹ ਤਾਂ ਹਰ ਵੇਲੇ ਮੇਰੇ ਨਾਲ ਲੜਾਈ ਰੱਖਦੀ ਆ। ਅੱਗੇ ਤਾਂ ਮੈਂ ਕੰਮ 'ਤੇ ਥੌੜਾ ਟਾਈਮ ਲੰਘਾ ਲੈਂਦਾ ਸੀ। ਰਿਟਾਇਰ ਤਾਂ ਇੱਕ ਦਿਨ ਹੋਣਾ ਸੀ,ਚਾਹੇ ਦੋ ਸਾਲ ਹੋਰ ਕੰਮ 'ਤੇ ਲਾ ਲੈਂਦਾ। ਚਾਚੀ ਕੋਲ ਬਹਿਣ ਦਾ ਤਾਂ ਇੱਕ ਦਿਨ ਜੱਬ ਪੈਣਾ ਸੀ। ਚਾਚੇ ਨੂੰ ਚਾਚੀ ਦੇ ਸਾਰੇ ਮਾਰੇ ਹੋਏ ਮੇਹਣੇ ਇੱਕ ਇੱਕ ਕਰਕੇ ਯਾਦ ਆਉਣ ਲੱਗੇ।

ਕਦੇ ਕਹੇ ਤੂੰ ਸਾਰਾ ਕੁਝ ਭਰਾਵਾਂ ਨੂੰ ਖਿਲਾ ਦਿੱਤਾ, ਕਦੇ ਕਹੇ ਤੂੰ ਨਿਆਣਿਆਂ ਕੋਲ ਕਦੇ ਨਹੀਂ ਬੈਠਿਆ, ਕਦੇ ਕਹੇ ਤੂੰ ਛੁੱਟੀਆਂ ਲੈ ਕੇ ਕਦੇ ਮੇਰੇ ਨਾਲ ਘੁੰਮਣ ਨਹੀਂ ਗਿਆ। ਚਾਚਾ ਵਥੇਰਾ ਕਹੇ, "ਭਾਗਵਾਨੇ ! ਮੇਰੀਆਂ ਮਜਬੂਰੀਆਂ ਸੀ, ਜਦੋਂ ਵੀ ਕੋਈ ਬੰਦਾ ਨਵੇਂ ਥਾਂ ਜਾਂਦਾ, ਇੱਕ ਪੀੜ੍ਹੀ ਨੂੰ ਲੇਖਾ ਦੇਣਾ ਪੈਂਦਾ, ਅਗਲੀਆਂ ਪੀੜ੍ਹੀਆਂ ਫੇਰ ਮੌਜਾਂ ਕਰਦੀਆਂ ?" ਪਰ ਚਾਚੀ ਦਾ 'ਤੇ ਇਹਨਾਂ ਗੱਲਾਂ ਦਾ ਕੋਈ ਅਸਰ ਨਾ ਹੁੰਦਾ। ਸਗੋਂ ਹੋਰ ਹੱਲੇ ਲੈ ਲੈ ਪੈਂਦੀ। ਚਾਚੇ ਨਾਲ ਕਈ ਕੰਮ ਕਰਦੇ ਗੋਰੇ ਚਾਚੇ ਨੂੰ ਆਖਦੇ, ਰਿਟਾਇਰ ਹੋਣ ਤਾ ਬਆਦ ਮੈਂ ਤਾਂ ਮੇਰੀ ਡਾਰਲਿੰਗ ਸਪੇਨ ਜਾਵਾਂਗੇ, ਕਦੇ ਆਖਦੇ ਅਸੀਂ ਉੱਥੇ ਛੁੱਟੀਆਂ ਕੱਟਣ ਜਾਵਾਂਗੇ, ਕਦੇ ਆਖਦੇ ਅੱਜ ਅਸੀਂ ਬਾਹਰ ਖਾਣਾ ਖਾਣ ਜਾਵਾਂਗੇ। ਉਧਰ ਸਾਡੇ ਬੰਦੇ ਵੀ ਰਿਟਾਇਰ ਹੁੰਦੇ, ਉਹ ਚਾਚੇ ਕੋਲ ਸਿਰਫ ਦੁਖੜੇ ਹੀ ਰੋਂਦੇ। ਕਈ ਤਾਂ ਕਹਿੰਦੇ ਜਦੋ ਦੇ ਰਿਟਾਇਰ ਹੋਏ ਹਾ, ਉਦੋਂ ਦੀ ਸਾਡੇ ਘਰ ਚੰਗੀ ਡਾਂਗ ਖੜਕਦੀ ਆ। ਕਈ ਤਾਂ ਅੱਕੇ ਹੋਏ ਛੇ ਛੇ ਮਹੀਨੇ ਪੰਜਾਬ ਰਹਿ ਆਉਂਦੇ। ਚਾਚਾ ਤਾ ਇਹੋ ਸੋਚਦਾ ਰਹਿਆ, ਇਹ ਕੰਮ ਤਾਂ ਮੇਰੇ ਨਾਲ ਹੀ ਹੁੰਦਾ, ਇੱਥੇ ਤਾਂ ਸਾਰਾ ਸੰਸਾਰ ਦੁੱਖੀ ਆ।

ਇੱਕ ਦਿਨ ਚਾਚਾ ਨੇ ਨਾਲ ਕੰਮ ਕਰਦੇ ਮਾਸਟਰ ਤਾਰਾ ਸਿੰਘ ਨੂੰ ਪੁੱਛ ਬੈਠਾ। "ਮਾਸਟਰ ਜੀ ਤੁਸੀਂ 'ਤੇ ਤੁਹਾਡੀ ਘਰਵਾਲੀ ਪੜੇ ਲਿਖੇ ਨੇ, ਤੁਸੀਂ ਤਾਂ ਨਹੀਂ ਲੜਦੇ ਹੋਵੋਗੇ ?" ਨਾ ਤੁਸੀਂ ਇੱਕ ਦੂਜੇ ਨੂੰ ਮੇਹਣੇ ਮਾਰਦੇ ਹੋਵੋਗੇ। ਮਾਸਟਰ ਅੱਗੋ 'ਤੋਂ ਆਖਣ ਲੱਗਾ, 'ਚਾਚਾ ਜੀ ਮੈਂ ਇੱਕ ਕਿਤਾਬ ਪੜ੍ਹੀ ਸੀ, ਉਹਦੇ ਵਿੱਚ ਲਿਖਿਆ ਸੀ, ਪੜ੍ਹੀਂ ਲਿਖੀ ਥੋੜ੍ਹਾ ਜਿਹਾ ਖੂਨ ਘੱਟ ਪੀਂਦਾ ਆ, ਅਨਪੜ੍ਹ ਜਿਆਦਾ ਪੀਂਦੀ ਆ, ਵੈਜਟਰਨੀਆ ਕੋਈ ਵੀ ਨਹੀਂ ਹੈ। ਚਾਚੇ ਨੂੰ ਇਹ ਸਮਝ ਨਾ ਲੱਗੀ, ਇਹ ਮਾਸਟਰ ਦੀ ਹੱਡਬੀਤੀ ਸੀ, ਜਾਂ ਇਹ ਜੱਗਬੀਤੀ ਸੀ। ਇਹੋ ਸਵਾਲ ਚਾਚੇ ਨੇ ਗਿਆਨੀ ਕਿਰਪਾਲ ਸਿੰਘ ਨੂੰ ਕੀਤਾ, "ਗਿਆਨੀ ਜੀ ਤੁਸੀਂ 'ਤੇ ਤੁਹਾਡੀ ਘਰਵਾਲੀ ਵਾਲੀ ਗੁਰਮੁਖ ਰੂਹਾਂ ਹੋ, ਨਾਮ ਸਿਮਰਨ ਕਰਦੇ ਹੋ, ਤੁਸੀਂ ਤਾਂ ਨਹੀਂ ਲੜਦੇ ਹੋਵੋਗੇ ?" ਗਿਆਨੀ ਚਾਚੇ ਨੂੰ ਬਣਾ ਸੁਆਰ ਕੇ ਕਹਿਣ ਲੱਗਾ, 'ਚਾਚਾ ਜੀ ! ਮੈਂ ਇੱਕ ਵਾਰ ਕਥਾ ਸੁਣੀ ਸੀ , ਬਾਬਾ ਕਬੀਰ ਜੀ ਨੂੰ ਮਾਤਾ ਲੋਈ ਨੇ ਕਈ ਵਾਰ ਸੰਤਾਂ ਤੋਂ ਕੁਟਵਾਇਆ, ਜਦੋਂ ਐਡੇ ਵੱਡੇ ਮਹਾਂਪੁਰਸ਼ਾਂ ਦਾ ਇਹ ਹਾਲ ਆ, ਤਾਂ ਅਸੀਂ ਕਿਹਦੇ ਪਾਣੀਹਾਰ ਆ।' ਚਾਚਾ ਗਿਆਨੀ ਦੀ ਗੱਲ ਸੁਣ ਕੇ ਇਸ ਸਸ਼ੋਪੰਜ ਸੀ, ਗਿਆਨੀ ਬਾਬਾ ਕਬੀਰ ਜੀ ਦਾ ਨਾਂ ਲੈ ਕੇ ਆਪਣੀ ਗੱਲ ਸੁਣਾ ਗਿਆ ਲੱਗਦਾ। ਇਹੀ ਗੱਲ ਚਾਚੇ ਨੇ ਭਲਵਾਨ ਸੁੱਚਾ ਸਿੰਘ ਨੂੰ ਪੁੱਛੀ, ਭਲਵਾਨ ਜੀ ! ਤੁਸੀਂ ਤਾਂ ਤਕੜੇ ਭਲਵਾਨ ਹੋ, "ਤੁਹਾਡੀ ਤਾਂ ਘਰਵਾਲੀ ਤੁਸਾਂ ਤੋਂ ਬਹੁਤ ਡਰਦੀ ਹੋਣੀ ਆ ?" ਭਲਵਾਨ ਹੱਸ ਕੇ ਬੋਲਿਆ, ' ਚਾਚਾ ਜੀ ! ਇੱਕ ਵਾਰ ਇੱਕ ਭਲਵਾਨ ਨੇ ਗੱਲ ਸੁਣਾਈ, ਕਿ ਅਸੀਂ ਪੰਜ ਭਲਵਾਨ ਦੂਰ ਕਿਤੇ ਘੁਲਣ ਗਏ, ਉੱਥੇ ਇੱਕ ਬੱਕਰਾ ਅੰਦਰ ਬੰਨਿਆਂ ਹੋਇਆ ਸੀ, ਸ਼ਰਤ ਇਹ ਸੀ, ਬੱਕਰੇ ਕੋਲ ਦਸ ਮਿੰਟ ਬਹਿਣਾ, ਬੱਕਰਾ ਵੀ ਤੁਹਾਡਾ ਪੰਜ ਹਜ਼ਾਰ ਵੀ ਤੁਹਾਡਾ, ਸਾਰੇ ਭਲਵਾਨ ਲਾਲਚ ਵਿੱਚ ਆ ਗਏ। 'ਪਹਿਲਾਂ ਭਲਵਾਨ ਅੰਦਰ ਗਿਆ, ਅੱਧਾ ਘੰਟਾ ਬਾਹਰ ਨਾ ਨਿਕਲਿਆ, ਅੰਦਰ ਜਾ ਕੇ ਵੇਖਿਆ ਭਲਵਾਨ ਮਰਿਆ ਪਿਆ ਸੀ। ਫੇਰ ਦੂਜਾ, ਫੇਰ ਤੀਜਾ, ਫੇਰ ਚੌਥਾ, ਸਾਰਿਆਂ ਨਾਲ ਇਹੋ ਕੰਮ, ਭਲਵਾਨ ਵੀ ਗਏ, ਬੱਕਰਾ ਵੀ ਗਿਆ, ਪੰਜ ਹਜ਼ਾਰ ਵੀ ਗਿਆ। ਉੱਥੇ ਇੱਕ ਔਰਤ ਭਲਵਾਨ ਸੀ, ਉਹ ਗਈ ਅੰਦਰ ਪੰਜ ਮਿੰਟ ਬਆਦ ਬਾਹਰ,ਜਦੋਂ ਅੰਦਰ ਜਾ ਕੇ ਵੇਖਿਆ ਬੱਕਰਾ ਮਰਿਆ ਪਿਆ ਸੀ। ਭਲਵਾਨ ਦੀ ਕਹਾਣੀ ਸੁਣ ਕੇ ਚਾਚਾ ਸੋਚੀ ਪੈ ਗਿਆ, ਇਹ ਅਖਾੜੇ ਵਿੱਚ ਹੀ ਭਲਵਾਨ ਹਨ, ਘਰ ਦੇ ਅਖਾੜੇ ਵਿੱਚ ਤਾਂ ਇਹਨਾਂ ਦਾ ਵੀ ਹਾਲ ਮੇਰੇ ਵਰਗਾ ਹੀ ਹੈ। ਇੱਕ ਦਿਨ ਕੰਮ ਤੇ ਦੁਪਹਿਰ ਵੇਲੇ ਚਾਚੇ ਦੇ ਲਾਗੇ ਬੈਠੇ ਅਮਿਹਦ 'ਤੇ ਅੱਲ੍ਹਾ ਦਿੱਤਾ ਗੱਲਾਂ ਕਰੀ ਜਾਣ, ਅਮਿਹਦ ਆਖੇ ਮੇਰੀ ਘਰਵਾਲੀ ਨਿੱਕੀ ਨਿੱਕੀ ਗੱਲ 'ਤੇ ਲੜੀ ਜਾਂਦੀ ਆ, ਅੱਲ੍ਹਾ ਦਿੱਤਾ ਮੂਹਰੇ ਤੋਂ ਆਖੇ, ਤੂੰ ਕਰਮਾਂ ਵਾਲਾ ਕਿਸੇ ਗੱਲ 'ਤੇ ਬੋਲਦੀ ਆ, ਮੇਰੀ ਘਰਵਾਲੀ ਤਾਂ ਬਗੈਰ ਗੱਲੋਂ ਬੋਲੀ ਜਾਂਦੀ ਆ। ਇਹ ਸੁਣ ਕੇ ਚਾਚੇ ਦੇ ਕੰਨ ਖੜ੍ਹੇ ਹੋ ਗਏ, ਮੈਂ ਤਾਂ ਸੋਚਿਆ ਸੀ ਇਹ ਸਾਡੇ ਨਾਲ ਹੁੰਦਾ, ਇਹ ਤਾਂ ਕੰਮ ਸਰਹੱਦ ਤੋਂ ਪਾਰ ਵੀ ਚੱਲਦਾ ਆ। ਚਾਚਾ ਇੱਕ ਦਿਨ ਨਾਲ ਕੰਮ ਕਰਦੇ ਪੰਡਿਤ ਸ਼ਰਧਾ ਰਾਮ ਨੂੰ ਪੁੱਛ ਬੈਠਾ, ਪੰਡਿਤ ਜੀ ! ਤੁਹਾਡੀ ਤਾਂ ਪੰਡਤਾਈ ਤੁਹਾਡੇ ਪੈਰ ਧੋ ਧੋ ਪੈਂਦੀ ਹੋਣੀ ਆ ? ਵੇਦਾਂ ਵਿੱਚ ਲਿਖਿਆ ਹੋਇਆ, ਕਿ ਪਤੀ ਰੱਬ ਦਾ ਰੂਪ ਹੁੰਦਾ, ਜਿਹੜੀ ਔਰਤ ਪਤੀ ਦੀ ਸੇਵਾ ਕਰਦੀ ਆ, ਉਹਨੂੰ ਮੰਦਰ ਜਾਣ ਦੀ ਲੋੜ ਨੀ ਪੈਂਦੀ, ਸਿੱਧੀ ਸਵਰਗ ਵਿੱਚ ਜਾਦੀ ਆ ? ਪੰਡਤ ਨੇ ਚਾਚੇ ਦੀ ਗੱਲ ਪੂਰੀ ਵੀ ਨਹੀਂ ਹੋਣ ਦਿੱਤੀ, ਵਿੱਚੋਂ ਬੋਲ ਪਿਆ, ਚਾਚਾ ਜੀ ! ਇੱਕ ਵਾਰ ਮੇਰੇ ਪੰਡਤਾਈ ਨੇ ਇਹੋ ਜਿਹੇ ਪੈਰ ਧੋਤੇ, ਮੈਂ ਪੂਰੇ ਛੇ ਮਹੀਨੇ ਫਲੈਟ ਵਿੱਚ ਕੱਟ ਕੇ ਆਇਆ, ਮੁੜ ਕੇ ਉਹਦੇ ਪੈਰ ਆਪਣੇ ਹੰਝੂਆਂ ਨਾਲ ਧੋਤੇ, ਤਦ ਘਰ ਦਾ ਦਰਵਾਜ਼ਾ ਖੁੱਲਿਆ ਸੀ।

ਇਹੋ ਗੱਲ ਚਾਚਾ ਨੇ ਦੇਬੇ ਸ਼ਰਾਬੀ ਨੂੰ ਪੁੱਛ ਬੈਠਾ, ਦੇਬੇ ਜਦੋਂ ਤੂੰ ਘੁੱਟ ਪੀ ਕੇ ਲਲਕਾਰੇ ਮਾਰਦਾ ਹੋਣਾ, ਘਰਵਾਲੀ ਤੇ ਬੱਚੇ ਥਰ ਥਰ ਕੰਬਦੇ ਹੋਣੇ ਆ ? ਦੇਬਾ ਆਖਣ ਲੱਗਾ, ਚਾਚਾ ਤੂੰ ਕਿਤਾਬਾਂ ਨੀ ਪੜ੍ਹਦਾ, ਵਿਦਵਾਨ ਤਾਂ ਰੌਲਾ ਪਾ ਪਾ ਥੱਕ ਗਏ ਆ, ਉਹ ਥਰ ਥਰ ਕੰਬਣ ਵਾਲੀ ਨਸਲ ਤਾਂ ਕਦੋ ਦੀ ਖਤਮ ਹੋ ਚੁੱਕੀ ਆ, ਚਾਚਾ ਤੂੰ ਕਿਹੜੀ ਦੁਨੀਆਂ ਵਿੱਚ ਰਹਿੰਦਾ। ਜਾਂਦਾ ਹੋਇਆ ਦੇਬਾ ਸ਼ਰਾਬੀ ਚਾਚੇ ਨੂੰ ਟਕੋਰ ਲਾ ਗਿਆ। ਚਾਚਾ ਦੇਬੇ ਦੀ ਗੱਲ ਸੁਣ ਕੇ ਸੋਚਣ ਲੱਗਾ, ਐਵੇਂ ਲੋਕੀ ਕਹਿੰਦੇ ਆ, ਸ਼ਰਾਬੀਆਂ ਦੇ ਦਿਮਾਗ਼ ਨੀ ਹੁੰਦੇ, ਇਹ ਤਾਂ ਵਿਦਵਾਨਾਂ ਨੂੰ ਵੀ ਮਾਤ ਪਾ ਗਿਆ।

ਇਹੋ ਸਵਾਲ ਚਾਚੇ ਨੇ ਆਪਣੇ ਨਾਲ ਕੰਮ ਕਰਦੇ ਲੇਖਕ "ਦਇਆ ਸਿੰਘ ਦਿਆਲਪੁਰੀ" ਨੂੰ ਪਾਇਆ, ਤੁਸੀਂ ਤਾਂ ਲੇਖਕ ਹੋ, ਤੁਸੀਂ ਤਾਂ ਨਹੀਂ ਕਦੇ ਲੜਦੇ ਹੋਣੇ ? ਦਿਆਲਪੁਰੀ ਨੇ ਕਵਿਤਾ ਵਿੱਚ ਚਾਚੇ ਨੂੰ ਜਵਾਬ ਦਿੱਤਾ।

ਅੱਜਕੱਲ ਜੀਭਾਂ 'ਤੇ ਮਿਰਚਾਂ
ਉੱਗੀ ਆ ਨੇ,
ਜੜ੍ਹਾਂ ਉਹਨਾਂ ਦੀਆਂ
ਅੱਗ ਪੀਂਦੀਆਂ ਨੇ।

ਨਾਲੇ ਚਾਚਾ ਜੀ ! ਜਿਹੜਾ ਤੁਸੀਂ ਕਹਿੰਦੇ ਕਿ ਲੇਖਕ ਹੋ, ਮੈਨੂੰ ਇੱਕ ਵਾਰ ਮੇਰੀ ਘਰਵਾਲੀ ਨੇ ਘਰੋਂ ਕੱਢ ਦਿੱਤਾ, ਮੈਂ ਆਪਣੇ ਨਾਲ ਹੋਈ ਬੀਤੀ ਪੇਪਰਾਂ ਵਿੱਚ ਛੱਪਾ ਦਿੱਤੀ, ਨਾਲੇ ਇਹ ਵੀ ਲਿਖ ਦਿੱਤਾ ਜੇ ਕਿਸੇ ਹੋਰ ਨਾਲ ਇੱਦਾਂ ਹੋਈ ਹੋਵੇ ਜਰੂਰ ਦੱਸੇ। ਥੱਲੇ ਆਪਣਾ ਟੈਲੀਫ਼ੋਨ ਵੀ ਲਿਖ ਦਿੱਤਾ। ਚਾਚਾ ਜੀ ! ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਮੈਨੂੰ ਵੀਕ ਵਿੱਚ ਡੇਢ ਸੋ ਫੂਨ ਆਇਆ, ਕਿ ਅਸੀਂ ਵੀ ਬਿਸਤਰੇ ਬੰਨ ਕੇ ਤੇਰੇ ਵਾਂਗ ਘਰੋਂ ਨਿਕਲਣ ਲਈ ਤਿਆਰ ਬੈਠੇ ਹਾਂ। ਚਾਚਾ ਨੇ ਦਿਆਲਪੁਰੀ ਦੀ ਗੱਲ ਸੁਣ ਕੇ ਹੌਸਲਾ ਵਧਾਇਆ। "ਮੈਂ ਤਾਂ ਐਵੇਂ ਨਿਰਾਸ਼ ਹੋ ਗਿਆ ਸੀ, ਇਥੇ ਤਾਂ ਮੇਰਾ ਭਾਈਚਾਰਾ ਵਥੇਰਾ ਵੱਡਾ ਹੈ।" ਚਾਚਾ ਹਾਲੇ ਇਹਨਾਂ ਸੋਚਾਂ ਵਿੱਚ ਸੀ, ਜਦੋਂ ਚਾਚੀ ਨੇ ਆ ਕੇ ਚਾਚੇ ਦਾ ਮੋਢਾ ਹਿਲਾਇਆ। "ਕਿਹੜੀਆ ਸੋਚਾਂ ਵਿੱਚ ਗੁਆਚ ਗਏ ਹੋ ?" ਉਠੋ ! ਮੈਂ ਤੁਹਾਡੀ ਪਸੰਦ ਦੇ ਮੂਲੀਆਂ ਵਾਲੇ ਪਰੌਂਠੇ ਬਣਾ ਨੇ, ਨਾਲ ਦੱਸੋ ਚਾਹ, ਕਾਫੀ, ਲੱਸੀ ਪੀਣੀ ਆ, ਮੈਂ ਉਹੀ ਤੁਹਾਡੇ ਵਾਸਤੇ ਬਣਾਵਾਂ। ਚਾਚਾ ਲਈ ਹੈਰਾਨੀਜਨਕ ਵਾਕਿਆ ਸੀ, ਜਿਹੜਾ ਜ਼ਿੰਦਗੀ ਵਿੱਚ ਪਹਿਲੀ ਵਾਰ ਵਾਪਰਿਆ ਸੀ, ਚਾਚਾ ਸੋਚੇ ਸ਼ਾਇਦ ਇਹ ਸੁਪਨਾ ਹੋਵੇ। ਪਰ ਇਹ ਹਕੀਕਤ ਸੀ, ਸ਼ਾਇਦ ਦਾਲ ਵਿੱਚ ਕੁਝ ਕਾਲਾ ਹੋਵੇ। ਚਾਚੇ ਨੇ ਸਾਰੀ ਉਮਰ ਵਾਲੇ ਪ੍ਰਯੋਗ ਤੇ ਪਹਿਰਾ ਦਿੱਤਾ। 'ਬਸ ਚੁੱਪ ਹੀ ਭਲੀ ਹੈ'। ਚਾਚੇ ਦੀ ਰਿਟਾਇਰਮਿੰਟ 'ਤੋਂ ਬਾਅਦ ਬਹੁਤ ਸੇਵਾ ਹੋਣ ਲੱਗ ਪਈ। ਚਾਚੀ ਸੂਟ ਨਾਲ ਦੀ ਚਾਚੇ ਨੂੰ ਦਸਤਾਰ ਲੈ ਕੇ ਦਿੰਦੀ, ਕਦੇ ਪਾਰਕ ਨੂੰ ਲੈ ਜਾਂਦੀ, ਕਦੇ ਕਿਤੇ ਚਲੇ ਜਾਂਦੇ, ਘਰ ਵਿੱਚ ਮੂੰਹ ਵਿੱਚ ਕੁਝ ਗੁਣ ਗਹਾਉਂਦੀ ਰਹਿੰਦੀ, ਕਦੇ ਮੂੰਹ ਵਿੱਚੋਂ ਮਾੜਾ ਬੋਲ ਨਾ ਬੋਲਦੀ, ਹਰ ਗੱਲ ਨਾਲ ਜੀ ਕਹਿੰਦੀ। ਚਾਚੇ ਸੋਚੋ ਇਹ ਮਾਜਰਾ ਕੀ ਆ, ਕੁਝ ਸਮਝ ਨਾ ਪੈਂਦੀ, ਇੱਕ ਦਮ ਇਹ ਕਿੱਦਾਂ ਬਦਲ ਗਈ। ਚਾਚੇ ਦੇ ਅੰਦਰੋ ਅਵਾਜ਼ਾ ਆਉਂਦੀਆਂ, 'ਤੂੰ ਅੰਬ ਖਾਣੇ, ਕਿ ਪੇੜ ਗਿਣਨੇ ਨੇ, ਸਾਰੀ ਉਮਰ ਮਾੜੇ ਬੋਲ ਸੁਣ ਕੇ ਰੱਜਾ ਨਹੀਂ, ਮਸੀ ਤਾਂ ਤੇਰੀ ਜ਼ਿੰਦਗੀ ਵਿੱਚ ਚਾਰ ਦਿਨ ਸਵਰਗ ਦੇ ਆਏ ਆ, ਸਾਰੀ ਉਮਰ ਨਰਕ ਭੋਗਿਆ, ਨਰਕ ਵਿੱਚ ਰਹਿਣ ਕਰਕੇ ਹੁਣ ਸਵਰਗ ਚੰਗਾ ਨੀ ਲੱਗਦਾ, ਹੋਰ ਵੀ ਕਈ ਤਰ੍ਹਾਂ ਦਾ ਅੰਦਰ ਘੋਲ ਹੁੰਦਾ।

ਹਾਲੇ ਚਾਚੇ ਤੇ ਹਰਬੰਸ ਨੂੰ ਛੇ ਮਹੀਨੇ ਹੋਏ ਸੀ ਰਿਟਾਇਰ ਹੋਇਆ ਨੂੰ ਹਰਬੰਸ ਸੰਸਾਰ ਯਾਤਰਾ ਪੂਰੀ ਕਰ ਗਿਆ। ਹਰਬੰਸ ਦੇ ਪਰਿਵਾਰ ਨੇ ਚਾਚੇ ਤੇ ਚਾਚੀ ਨੂੰ ਹਰ ਕਾਰਜ ਪੁੱਛ ਕੇ ਕਰਦੇ। ਹਰਬੰਸ ਦੇ ਘਰ ਜਦ ਲੋਕ ਅਫ਼ਸੋਸ ਕਰਨ ਆਉਂਦੇ, ਅਫ਼ਸੋਸ ਘੱਟ 'ਤੇ ਚਾਚੇ ਕੋਲ ਆਪਣੇ ਦੁਖੜੇ ਵੱਧ ਰੋਂਦੇ। ਬਹੁਤੇ ਅਫ਼ਸੋਸ ਕਰਨ ਵਾਲਿਆਂ ਦੀ ਇੱਕ ਗੱਲ ਸਾਂਝੀ ਸੀ। ਚਾਚਾ ਜੀ ! ਕੀ ਕਰੀਏ, ਰਹਿੰਦੇ ਅਸੀਂ ਇਕ ਘਰ ਵਿੱਚ ਹਾਂ, ਘਰਵਾਲੀ ਦਾ ਰਾਹ ਵੱਖਰਾ, ਨਿਆਣਿਆਂ ਦੇ ਰਾਹ ਵੱਖਰੇ, ਇੱਕ ਘਰ ਵਿੱਚ ਤਿੰਨ ਤਿੰਨ ਰਾਹ ਨੇ, ਜੇ ਇਹੋ ਸਮਾਂ ਦੇਖਣਾ ਸੀ ਕਾਹਦੇ ਵਾਸਤੇ ਅਠਾਰਾਂ ਅਠਾਰਾਂ ਘੰਟੇ ਕੰਮ 'ਤੇ ਲਾਏ, ਨਾ ਦਿਨ ਵੇਖਿਆ, ਨਾ ਰਾਤ, ਚੱਲ ਸੋ ਚੱਲ, ਸਾਰਿਆਂ ਦੀ ਕਹਾਣੀ ਸਾਂਝੀ ਸੀ, ਬਿਲਕੁਲ ਚਾਚੇ ਨਾਲ਼ ਮਿਲਦੀ ਸੀ। ਉਧਰ ਬੁੜੀਆ ਬੈਠੀਆਂ ਚਾਚੀ ਕੋਲ ਆਪਣੇ ਦੁਖੜੇ ਰੋਂਦੀਆਂ। ਸਾਡੇ ਆਦਮੀ ਸਾਡੀ ਗੱਲ ਨੀ ਸੁਣਦੇ, ਸ਼ਰਾਬ ਪੀ ਜਾਂਦੇ ਨੇ।

ਦੂਜੇ ਦਿਨ ਫਿਊਨਰ ਕਰਕੇ ਹਰਬੰਸ ਦੀਆਂ ਲੜਕੀਆਂ ਨੇ ਸਾਰਾ ਪਲਾਨ ਚਾਚੀ ਨਾਲ ਸਾਂਝਾ ਕੀਤਾ। ਚਾਚੀ ਜੀ ! ਆਹ ਅਸੀਂ ਸਾਰਾ ਸਮਾਨ ਡੈਡੀ ਜੀ ਦਾ ਬਾਹਰ ਕੱਢ ਕੇ ਰੱਖ ਦਿੱਤਾ, ਇਹਨੂੰ ਡੈਡੀ ਜੀ ਦੇ ਹੱਥ ਲੱਗੇ ਹੋਏ ਆ, ਇਹ ਸਮਾਨ ਘਰ ਰੱਖਣਾ ਠੀਕ ਨਹੀਂ ਹੈ, ਇਹ ਚੈਰਟੀ ਨੂੰ ਦੇ ਦੇਵੇਗਾ।

ਬਾਕੀ ਹਿਸਾ ਸਫਾ 51 ਤੇ ਪੜ੍ਹੋ

**50 ਸਫ਼ੇ ਦੀ ਬਾਕੀ**

ਆਹ ਬਿਸਤਰੇ 'ਤੇ ਭਾਂਡੇ ਅਸੀਂ ਭੋਗ ਤੋਂ ਬਾਅਦ ਗੁਰੂ ਘਰ ਦੇਣੇ ਆ ? ਇਹ ਸੁਣਕੇ ਚਾਚੀ ਦੇ ਸਿਰ ਨੂੰ ਚੱਕਰ ਆ ਗਿਆ। ਚਾਚੀ ਸੋਚੇ, ਇਹ ਵਲਾਇਤ ਦੀਆਂ ਜੰਮੀਆ ਦੇ ਸਿਰ 'ਤੇ ਕਿਹਨੇ ਵਹਿਮਾਂ ਭਰਮਾਂ ਦੀਆਂ ਪੰਡਾਂ ਰੱਖ ਦਿੱਤੀਆਂ। ਚਾਚੀ ਅੱਕ ਕੇ ਬੋਲੀ, "ਨੀ ਕੁੜੀਆਂ ! ਆਹ ਜਿਹੜਾ ਦਸ ਤੋਲੇ ਸੋਨੇ ਤੁਹਾਡੇ ਬਾਪ ਦਾ, ਆਹ ਪ੍ਰਾਪਰਟੀ, ਪਿੰਡ ਕੋਠੀ 'ਤੇ ਕਾਰ, ਉਹਨੂੰ ਵੀ ਤੁਹਾਡੇ ਬਾਪ ਦੇ ਹੱਥ ਲੱਗੇ ਹੋਏ ਨੇ, ਉਹ ਨੀ ਬਾਹਰ ਸੁੱਟਣਾ।

ਇਹ ਨੀ ਚੈਰਟੀ ਨੂੰ ਦਾਨ ਕਰਨਾ, ਇਹਨਾਂ ਗੱਲਾਂ ਦਾ ਕੁੜੀਆਂ ਕੋਲ ਕੋਈ ਜਵਾਬ ਨਹੀਂ ਸੀ। ਹਰਬੰਸ ਦੇ ਫਿਊਨਰ ਤੋਂ ਬਾਅਦ ਗੁਰੂ ਘਰ ਕੀਰਤਨੀ ਜਥੇ ਨੇ ਸੰਸਾਰ ਤੋਂ ਅਕਾਲ ਪੁਰਖ ਦੇ ਘਰ ਜਾਣ ਤੱਕ ਦੇ ਸਫ਼ਰ ਦਾ ਇਹੋ ਜਿਹਾ ਰਸ-ਭਿੰਨਾ ਕੀਰਤਨ ਕੀਤਾ ਸਭ ਦੀਆਂ ਅੱਖਾਂ ਨਮ ਹੋ ਗਈਆਂ, ਸਭ ਨੂੰ ਆਪਣੀ ਜ਼ਿੰਦਗੀ ਵਿੱਚ ਕੀਤੇ ਮਾੜੇ ਕੰਮ ਅੱਖਾਂ ਮੂਹਰੇ ਘੁੰਮਣ ਲੱਗੇ। ਹਾਲੇ ਕੀਰਤਨ ਅੱਧ ਤੱਕ ਗਿਆ ਸੀ ਮਗਰੋਂ ਰੌਲਾ ਪੈਣਾ ਸ਼ੁਰੂ ਹੋ ਗਿਆ। ਕਈ ਬੁੜੀਆ ਹਰਬੰਸ ਦੀ ਘਰਵਾਲੀ ਦੇ ਗਲ ਲੱਗ ਵੈਣ ਪਾਉਣ ਲੱਗ ਪਈਆਂ, ਕਈ ਉੱਚੀ ਉੱਚੀ ਹਟਕੋਰੇ ਭਰਨ ਲੱਗ ਪਈਆਂ। ਜਿੱਥੇ ਸਾਰੀ ਸੰਗਤ ਦੀ ਬਿਰਤੀ ਉੱਖੜੀ, ਉਥੇ ਚਾਚੀ ਦਾ ਇਹੋ ਹਾਲ ਹੋਇਆ, ਇਹ ਵੇਖ ਕੇ ਚਾਚੀ ਕੋਲੋਂ ਰਹਿ ਨਾ ਹੋਇਆ। ਉੱਠ ਕੇ ਆਪਣੇ ਕਦਮ ਸਟੇਜ ਵੱਲ ਨੂੰ ਵਧਾ ਲਏ, ਬੇਸ਼ਕ ਮੂਹਰੇ ਲਿਖਿਆ ਹੋਇਆ ਸੀ, 'ਸਟੇਜ ਸਕੈਟਰੀ ਦੀ ਆਗਿਆ 'ਤੋਂ ਬਗੈਰ ਬੋਲਣਾ ਸਖ਼ਤ ਮਨਾਹੀ ਹੈ, ਪਰ ਚਾਚੀ ਦੀਆਂ ਲਾਲ ਅੱਖਾਂ ਵੇਖ ਕੇ ਸਟੇਜ ਸਕੈਟਰੀ ਨੂੰ ਹਿੰਮਤ ਨਾ ਪਈ।'

ਚਾਚੀ ਨੇ ਗੁਰੂ ਫ਼ਤਿਹ 'ਤੋਂ ਬਾਅਦ ਆਖਿਆ, ਇਹ ਗੁਰੂ ਘਰ ਸਾਡੀ ਮਾਇਆ ਨਾਲ ਬਣੇ ਨੇ, ਕੋਈ ਵੀ ਵਿਅਕਤੀ ਮਰਿਆਦਾ ਵਿੱਚ ਰਹਿ ਕੇ ਆਪਣੇ ਵਿਚਾਰ ਦੇ ਸਕਦਾ। ਚਾਚੀ ਨੇ ਬੀਬੀਆਂ ਵੱਲ ਨੂੰ ਮੁਤਾਬਿਕ ਹੁੰਦਿਆਂ ਆਪਣੀ ਗੱਲ ਸ਼ੁਰੂ ਕੀਤੀ, ਬੀਬੀਆਂ ਕਿੰਨਾ ਸੋਹਣਾ ਕੀਰਤਨੀ ਜਥਾ ਤੁਹਾਨੂੰ ਗੁਰਬਾਣੀ ਨਾਲ ਸਮਝਾ ਰਿਹਾ ਸੀ, ਕਿਸੇ ਪ੍ਰਾਣੀ ਤੇ ਸੰਸਾਰ ਛੱਡ ਕੇ ਜਾਣ 'ਤੇ ਸਿੜੀ ਸਿਆਪੇ ਨੀ ਕਰਨੇ, ਸਗੋਂ ਮਗਰੋਂ ਕੀਰਤਨ ਕਰਨਾ, ਇਹੋ ਸਾਡੇ ਮਹਾਂਪੁਰਸ਼ਾਂ ਦਾ ਹੁਕਮ ਆ, ਤੁਸੀਂ ਉਹਨਾਂ ਦੀ ਮੰਨਣ ਦੀ ਵਜਾਏ ਆਪਣਾ ਕੀਰਤਨ ਸ਼ੁਰੂ ਕਰ ਲਿਆ। ਮੈਂ ਤੁਹਾਨੂੰ ਸਾਰੀਆਂ ਨੂੰ ਚੰਗੀ ਤਰਾਂ ਜਾਣਦੀ ਹਾਂ। ਚਾਚੀ ਨੇ ਸਿੱਧੀ ਉਂਗਲ ਜਗਿੰਦਰ ਕੌਰ ਵੱਲ ਕੀਤੀ, ਅੱਜ ਤੈਨੂੰ ਲੋਕਾਂ ਦੇ ਆਦਮੀ ਮਰੇ ਦਾ ਹੇਜ ਆ ਗਿਆ, ਆਪਣਾ ਤੈਂ ਵੀਹ ਸਾਲ ਪਹਿਲਾਂ ਘਰੋਂ ਕੱਢ ਦਿੱਤਾ ਸੀ, ਉਹ ਮਰਿਆ ਵੀ ਵਿਚਾਰਾ ਕਿਸੇ ਹੋਰ ਟਾਊਨ, ਤੂੰ ਉਹਦੇ ਫਿਊਨਰ 'ਤੇ ਵੀ ਨਹੀਂ ਗਈ। ਅੱਜ ਤੈਨੂੰ ਲੋਕਾਂ ਦੇ ਮਰੇ ਦਾ ਤੇਹ ਆਉਣ ਲੱਗ ਪਿਆ। ਆਹ ਪ੍ਰੀਤੋ ਤੇਰਾ ਆਦਮੀ ਤੇਰੇ ਦੁਖੋ ਸਰਾਬ ਪੀ ਕੇ ਮਰਿਆ, ਉਦੋਂ ਤਾ ਰੋਈ ਪਿੱਟੀ ਨਾ, ਆਹ ਦਿਆਲੋ ਤੇਰਾ ਆਦਮੀ ਘਰ ਫਾਹਾ ਲੈ ਕੇ ਮਰਿਆ ਤੇਰੀਆਂ ਅੱਖਾਂ ਵਿੱਚ ਇੱਕ ਅੱਥਰੂ ਨਾ ਆਇਆ, ਅੱਜ ਤੂੰ ਵਥੇਰੀ ਲੋਕਾਂ ਦੇ ਆਦਮੀ ਮਰਿਆ ਤੇ ਵੈਣ ਪਾ ਕੇ ਦਿਖਾਇਆ। ਆਹ ਛਿੰਦੋ ਤੈਂ ਆਪਣਾ ਆਦਮੀ ਕਿੰਨਾ ਚਿਰ ਪਹਿਲਾਂ ਘਰੋਂ ਕੱਢ ਦਿੱਤਾ ਸੀ ਉਹ ਵਿਚਾਰਾ ਦੂਜੇ ਟਾਊਨ ਚਲੇ ਗਿਆ, ਉੱਥੇ ਵਿਚਾਰੀ ਗੋਰੀ ਨੇ ਸਾਂਭਿਆ, ਜਦੋਂ ਮਰਿਆ ਤੂੰ ਆਪਣੇ ਘਰ ਚੁੱਕ ਕੇ ਲੈ ਆਈ। ਨਾਲੇ ਸਵਾ ਮਹੀਨਾ ਚਿੱਟੇ ਕੱਪੜੇ ਵਿਛਾ ਕੇ ਬੈਠੀ ਰਹੀ। ਐਥੇ ਤੂੰ ਵਥੇਰੀ ਪਾਖੰਡ ਕਰਦੀ ਆ ਤੁਹਾਡੇ ਵਿੱਚੋਂ ਕਿਹੜੀ ਸਤੀ ਸਵਿੱਤਰੀ ਆ, ਜਿਹਨੇ ਆਪਣੇ ਆਦਮੀ ਨਾਲ ਦੁਰਵਿਵਹਾਰ ਨਹੀਂ ਕੀਤਾ। ਐਵੇਂ ਮੇਰੇ ਕੋਲੋਂ ਪੜਦੇ ਨਾ ਖਿਲਾਵੋ, ਮੈਂ ਸਾਰੀਆਂ ਨੂੰ ਜਾਣਦੀਆਂ ਹਾਂ, ਜਿਊਂਦੇ ਜੀਅ ਤੁਸੀਂ ਇੱਦਾਂ ਕਰਦੀਆਂ, ਮਗਰੋਂ ਵਥੇਰੇ ਤੁਸੀਂ ਸੰਘ ਪਾੜ ਪਾੜ ਦਿਖਾਉਂਦੀਆਂ, ਨਾਲੇ ਮਗਰੋਂ ਦਾਨ ਪੁੰਨ ਵੀ ਵਥੇਰਾ ਕਰਦੀਆਂ, ਮਗਰੋਂ ਤੁਸੀਂ ਕਦੇ ਘੋੜਿਆਂ ਵਾਲ਼ੀ ਬੱਗੀ 'ਤੇ ਬਕਸੇ ਰੱਖ ਕੇ ਲਿਜਾਦੀਆ, ਉਪਰ ਫੇਰ "ਲਵਲੀ ਹੱਸਬੈਂਡ" ਲਿਖਵਾਉਂਦੇ ਹੋ, ਇਹ ਸਭ ਕੁਝ ਉਹਨਾਂ ਦੇ ਜਿਊਂਦੇ ਜੀਅ ਕਰ ਲਿਆ ਕਰੋ। ਦਰਬਾਰ ਹਾਲ ਵਿੱਚ ਚੁੱਪ ਸੀ। ਹੁਣ ਚਾਚੀ ਨੇ ਠਰੰਮੇ ਵਿੱਚ ਆ ਕੇ ਬੋਲਣ ਸ਼ੁਰੂ ਕੀਤਾ, ਦੇਖੋ ਬੀਬੀਆਂ ! ਕਦੇ ਬੰਦੇ ਦੀ ਜੂਨ ਵਿੱਚ ਪੈ ਕੇ ਦੇਖੋ, ਕਿੱਦਾਂ ਵਿਚਾਰਿਆ ਨੇ ਸਾਰੀ ਉਮਰ ਫ਼ਿਕਰਾਂ ਦੀਆਂ ਪੰਡਾਂ ਆਪਣੇ ਸਿਰ ਉਪਰ ਰੱਖੀਆਂ। ਜ਼ਰਾ ਸੋਚ ਕੇ ਦੇਖੋ ਕਿੱਦਾਂ ਇਥੇ ਭਾਰੇ ਤੱਤੇ ਕੰਮ ਕੀਤੇ, ਆਪਣੇ ਸਰੀਰ ਨੂੰ ਰੋਗ ਲਵਾ ਲਏ, ਪੰਜਾਬ ਬੈਠੇ ਮਾਪਿਆਂ ਦੀਆਂ ਕਰਜ਼ੇ ਦੀਆਂ ਪੰਡਾਂ ਹੌਲੀਆਂ ਕੀਤੀਆਂ, ਤੁਹਾਡਾ ਪੰਜਾਬ ਬੈਠੀਆਂ ਦਾ ਹਰ ਤਰ੍ਹਾਂ ਖਿਆਲ ਰੱਖਿਆ, ਆਪਣੇ ਭਰਾ ਭੈਣਾਂ ਦੇ ਕਾਰਜ ਕੀਤੇ, ਇਥੇ ਘਰ ਦੀਆਂ ਕਿਸ਼ਤਾਂ ਨਾ ਟੁੱਟ ਜਾਣ ਦਾ ਫਿਕਰ, ਘਰ ਦੀਆਂ ਬਿੱਲ ਬੱਤੀਆਂ ਦਾ ਫਿਕਰ, ਘਰ ਕਿੱਦਾਂ ਚਲਾਉਣ ਦਾ ਫਿਕਰ, ਹੋਰ ਪਤਾ ਨੀ ਕੀ ਕੀ ਫਿਕਰ, ਜੇ ਮੈਂ ਗਿਣਾਵਾਂ ਤਾਂ ਲਿਸਟ ਬਹੁਤ ਲੰਮੀ ਆ, ਅੱਜ ਰਿਸਰਚ ਹੋਈ ਆ, ਜਿਆਦਾ ਆਦਮੀ ਔਰਤ 'ਤੋਂ ਪਹਿਲਾਂ ਮਰ ਜਾਂਦੇ ਆ, ਕਿਉਂਕਿ ਉਹਨਾਂ ਸਿਰ "ਫ਼ਿਕਰਾਂ ਦੀ ਪੰਡ" ਹੁੰਦੀ ਆ, ਤੁਸੀਂ ਵੀ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਪਰ ਫਿਰ ਵੀ ਉਹਨਾਂ ਤੁਹਾਡੇ ਸਿਰ ਉੱਤੇ ਫ਼ਿਕਰਾਂ ਦੀ ਪੰਡ ਨਹੀਂ ਰੱਖੀ। ਤੁਹਾਡੇ ਮਾਰੇ ਹੋਏ ਮੇਹਣੇ ਸਗੋ ਉਸ ਪੰਡ ਨੂੰ ਹੋਰ ਭਾਰੀ ਕਰ ਦਿੰਦੇ ਨੇ। ਭਾਵੇਂ ਡੁੱਲ੍ਹੇ ਬੇਰਾਂ ਦਾ ਬਹੁਤ ਕੁਝ ਵਿਗੜ ਜਾਂਦਾ, ਪਰ ਜਿੰਨੇ ਕੁ ਸਾਹ ਰੁਪੀ ਬੇਰ ਝੋਲੀ ਵਿੱਚ ਨੇ ਉਹ ਸਾਂਭ ਲੈਈਏ। ਜੀਵਨ ਬੜਾ ਅਨਮੋਲ ਆ, ਪਤਾ ਨੀ ਕਦੋਂ ਕਿਸੇ ਨੇ ਤੁਰ ਜਾਣਾ, ਰਲ ਮਿਲ ਕੇ ਪਿਆਰ ਨਾਲ ਜ਼ਿੰਦਗੀ ਲੰਘਾਈਏ, ਮੁੜ ਕੇ ਤਾ ਇਸ ਸੰਸਾਰ 'ਤੇ ਆਉਣਾ ਨਹੀ, ਇਹ ਰੌਣਕ ਸਿਰਫ ਕੁਝ ਦਿਨਾਂ ਦੀ ਆ, ਆਦਮੀ ਤਾਂ ਸਿਰਫ ਦੋ ਮਿੱਠੇ ਬੋਲਾਂ ਦਾ ਭੁੱਖਾ ਹੁੰਦਾ, ਕੀ ਘੱਟਦਾ ਆਪਣਾ ਜੇ ਆਪਾਂ ਕੌੜੇ ਬੋਲਾਂ ਦੀ ਥਾਂ ਮਿੱਠੇ ਬੋਲ ਬੋਲੀਏ। ਇਹ ਧਰਤੀ ਸਵਰਗ ਆ, ਇਹ ਤਾਂ ਸਾਡੇ ਬਸ ਆ, ਇਹਨੂੰ ਨਰਕ ਬਣਾਈਏ, ਜਾਂ ਸਵਰਗ, ਮੇਰੀਏ ਭੈਣੋ, ਇਹਨਾਂ ਗੱਲਾਂ 'ਤੇ ਸੋਚ ਵਿਚਾਰ ਕਰਿਓ। ਇਨ੍ਹਾਂ ਕਹਿ ਕੇ ਚਾਚੀ ਨੇ ਗੁਰ ਫ਼ਤਿਹ ਬੁਲਾ ਦਿੱਤੀ। ਚਾਚਾ ਨੂੰ ਹੁਣ ਇਸ ਘੁੰਡੀ ਦੀ ਸਮਝ ਲੱਗੀ ਸੀ, ਜਿਦਾਂ ਚਾਚੀ ਨੇ ਚਾਚੇ ਨਾਲ ਕੀਤੇ ਦੁਰਵਿਵਹਾਰ ਦੀ ਅੱਜ ਗੁਰੂ ਦੇ ਸਨਮੁਖ ਹੋ ਕੇ ਮਾਫ਼ੀ ਮੰਗ ਲਈ ਹੋਵੇ, ਮੁੜ ਚਾਚੇ ਨੂੰ ਬੰਦੇ ਦੀ ਜੂਨ ਵਿੱਚ ਪਾ ਦਿੱਤਾ ਹੋਵੇ। ਉਧਰ ਚਾਚੇ ਨੇ ਵੀ ਇਹ ਸੋਚ ਕੇ, ਜੇ ਸਵੇਰ ਦਾ ਭੁੱਲਿਆ ਸ਼ਾਮ ਨੂੰ ਮੁੜ ਆਵੇ, ਉਹ ਭੁੱਲਿਆ ਨੀ ਹੁੰਦਾ, ਇਹ ਸਮਝ ਕੇ ਚਾਚੀ ਨੂੰ ਸਭ ਕੁਝ ਮਾਫ਼ ਕਰ ਦਿੱਤਾ। ਅਗਲੀ ਜ਼ਿੰਦਗੀ ਆਨੰਦ ਭਰਪੂਰ ਨਾਲ ਕੱਟਣ ਦਾ ਵਾਅਦਾ ਕੀਤਾ, ਐਵੇਂ ਨੀ ਲੋਕ ਕਹਿੰਦੇ, ਚਾਚਾ ਬੋਲਦਾ।

# ਸ਼ਾਇਰਾਂ ਦੀ ਦੁਨੀਆਂ ਵੱਲੋਂ ਗੁਰਨਾਮ ਬਾਵਾ ਦੇ ਨਾਵਲ ਬੰਦੂਕ ਤੋਂ ਕਲ਼ਮ ਤੱਕ ਤੇ ਹੋਈ ਵਿਚਾਰ ਚਰਚਾ



ਜਲੰਧਰ – ( ਤੇਜਿੰਦਰ ਮਨਚੰਦਾ )– ਸ਼ਾਇਰਾਂ ਦੀ ਦੁਨੀਆਂ ਵਲੋਂ ਵਿਰਸਾ ਵਿਹਾਰ ਜਲੰਧਰ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਅਤੇ ਵਿਰਸਾ ਵਿਹਾਰ ਜਲੰਧਰ ਦੇ ਸਹਿਯੋਗ ਨਾਲ਼ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨ ਸਕੱਤਰ ਪ੍ਰਸਿੱਧ ਸਾਹਿਤਕਾਰ ਪ੍ਰੋ.ਸੰਧੂ ਵਰਿਆਣਵੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਪ੍ਰੋ.ਬਲਦੇਵ ਸਿੰਘ ਬੱਲੀ, ਨਵਤੇਜ ਸਿੰਘ ਗੜ੍ਹਦੀਵਾਲਾ, ਕੇ ਸਾਧੂ ਸਿੰਘ ਅਤੇ ਚਰਨਜੀਤ ਸਮਾਲਸਰ ਵਿਰਾਜਮਾਨ ਹੋਏ। ਮੰਚ ਸੰਚਾਲਨ ਕਰਦੇ ਹੋਏ ਨਾਮਵਰ ਗ਼ਜ਼ਲਗੋ ਗੁਰਦੀਪ ਸਿੰਘ ਸੈਣੀ ਨੇ ਸ਼ਾਇਰਾਂ ਦੀ ਦੁਨੀਆਂ ਦੀ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਨਾਮਵਰ ਸਾਹਿਤਕਾਰ ਹਰਬੰਸ ਸਿੰਘ ਅਕਸ ਅਤੇ ਮਿਸ਼ਨਰੀ ਗੀਤਕਾਰ ਰਾਕੇਸ਼ ਮਹਿਤੋਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਸ਼ਾਇਰਾਂ ਦੀ ਦੁਨੀਆਂ ਦੇ ਪ੍ਰਧਾਨ ਜਗਦੀਸ਼ ਰਾਣਾ ਨੇ ਸਭ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਸ਼ਾਇਰਾ ਦੀ ਦੁਨੀਆਂ ਵਲੋਂ ਸ਼ਬਦ ਨਾਲ਼ ਜੁੜੇ ਹੋਏ ਨਵੇਂ ਪੁਰਾਣੇ ਸਾਹਿਤਕਾਰਾਂ ਨੂੰ ਇਸ ਮੰਚ ਰਾਹੀਂ ਹਮੇਸ਼ਾਂ ਹੀ ਬਣਦਾ ਮਾਣ ਸਨਮਾਨ ਦਿੱਤਾ ਜਾਂਦਾ ਰਹੇਗਾ ਤੇ ਚੰਗੀਆਂ ਕਿਤਾਬਾਂ ਦੇ ਲੋਕ ਅਰਪਣ ਸਮਾਰੋਹ ਅਤੇ ਗੋਸ਼ਟੀਆਂ ਕੀਤੀਆਂ ਜਾਂਦੀਆਂ ਰਹਿਣਗੀਆਂ। ਬੰਦੂਕ ਤੋਂ ਕਲ਼ਮ ਤੱਕ ਨਾਵਲ ਤੇ ਪ੍ਰਭਾਵਸ਼ੀਲ ਪਰਚਾ ਪੜ੍ਹਦੇ ਹੋਏ ਚਰਨਜੀਤ ਸਮਾਲਸਰ ਨੇ ਕਿਹਾ ਕਿ ਨਾਵਲ ਵਿਚ ਗੁਰਨਾਮ ਬਾਵਾ ਨੇ ਪੰਜਾਬ ਦੇ 1984 ਤੋਂ 1995–96 ਤਕ ਦੇ ਬਣੇ ਹਾਲਾਤ ਦਾ ਵਰਣਨ ਬੜੀ ਸੰਜੀਦਗੀ ਨਾਲ਼ ਕਰਦਿਆਂ ਸਰਕਾਰ ਅਤੇ ਪੁਲਿਸ ਦੇ ਵਰਤਾਰੇ ਤੇ ਤਿੱਖਾ ਵਿਅੰਗ ਕੀਤਾ ਹੈ। ਖਾੜਕੂ ਲਹਿਰ ਬਾਰੇ ਵਿਅਕਤੀ ਵਿਸ਼ੇਸ਼ ਤੇ ਮੇਰੀ ਜਾਚੇ ਇਹ ਪਹਿਲਾ ਨਾਵਲ ਹੈ ਤੇ ਖਾੜਕੂ ਲਹਿਰ ਨਾਲ ਪ੍ਰਣਾਇਆ ਇਹ ਸੁਧਾਰਵਾਦੀ ਨਾਵਲ ਹੈ ਤੇ ਮੈਂ ਇਸ ਨੂੰ ਯਥਾਰਥਵਾਦ ਦੀ ਸ਼੍ਰੇਣੀ ਵਿਚ ਰੱਖਦਾ ਹਾਂ।


ਵਿਚਾਰ ਚਰਚਾ ਨੂੰ ਅੱਗੇ ਵਧਾਉਂਦਿਆਂ ਪ੍ਰੋ.ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਗਲਪ ਰਚਨਾ ਵਿਚ ਯਥਾਰਥ ਵੀ ਹੁੰਦਾ ਹੈ ਤੇ ਕਲਪਨਾ ਵੀ। ਗੁਰਨਾਮ ਬਾਵਾ ਦੇ ਇਸ ਨਾਵਲ ਦੀ ਮਨੁੱਖੀ ਮਾਨਵੀ ਸੋਚ ਹਨੇਰੇ ਤੋਂ ਚਾਨਣ ਵੱਲ ਨੂੰ ਤੁਰਦੀ ਹੈ। ਨਾਵਲ ਵਿਚ ਪ੍ਰੇਮ ਤੇ ਗਿਆਨ ਦਾ ਪ੍ਰਵਚਨ ਉਭਾਰਿਆ ਗਿਆ ਹੈ ਜਿਸ ਨੂੰ ਸਮਾਜ ਵਿੱਚ ਫੈਲਾਉਣ ਦੀ ਲੋੜ ਹੈ। ਨਾਵਲ ਸਮਾਜ ਨੂੰ ਦਿਸ਼ਾ ਤੇ ਚੇਤਨਾ ਪ੍ਰਦਾਨ ਕਰਦਾ ਹੈ। ਨਵਤੇਜ਼ ਗੜ੍ਹਦੀਵਾਲਾ ਨੇ ਚਰਚਾ ਨੂੰ ਵਿਸਥਾਰ ਦਿੰਦਿਆ ਕਿਹਾ ਕਿ ਗੁਰਨਾਮ ਬਾਵਾ ਨੇ ਨਾਵਲ ਵਿੱਚ ਘਟਨਾਵਾਂ ਦੀ ਲੜੀ ਨੂੰ ਬੜੀ ਖ਼ੂਬਸੂਰਤੀ ਅਤੇ ਤਕਨੀਕ ਨਾਲ ਆਪਸ ਵਿੱਚ ਜੋੜਿਆ ਹੈ। ਗੁਰਨਾਮ ਬਾਵਾ ਨਾਵਲ ਵਿੱਚ ਲਿਖਦਾ ਹੈ ਕਿ ਜਿਹਨਾਂ ਦੀਆਂ ਦੋਸਤ ਕਿਤਾਬਾਂ ਹੁੰਦੀਆਂ ਹਨ ਉਹ ਕੁਰਾਹੇ ਨਹੀਂ ਪੈਂਦੇ ਜਦਕਿ ਇਹ ਜਾਣਨਾ ਬੇਹੱਦ ਜ਼ਰੂਰੀ ਹੁੰਦਾ ਹੈ ਕਿ ਕਿਹੜੀਆਂ ਕਿਤਾਬਾਂ ਪੜ੍ਹੀਆਂ ਜਾਣ। ਕੇ.ਸਾਧੂ ਸਿੰਘ ਨੇ ਕਿਹਾ ਕਿ ਗੁਰਨਾਮ ਬਾਵਾ ਨੇ ਬਹੁਤ ਵਧੀਆ ਢੰਗ ਨਾਲ਼ ਘੱਟ ਸ਼ਬਦਾਂ ਵਿੱਚ ਖਾੜਕੂਵਾਦ ਦੀ ਲਹਿਰ ਬਾਰੇ ਵੱਡੀ ਗੱਲ ਕੀਤੀ ਹੈ। ਪ੍ਰੋ.ਸੰਧੂ ਵਰਿਆਣਵੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਸਾਰੇ ਬੁਲਾਰਿਆਂ ਨੇ ਗੁਰਨਾਮ ਬਾਵਾ ਦੇ ਨਾਵਲ ਬੰਦੂਕ ਤੋਂ ਕਲ਼ਮ ਤੱਕ ਦੀ ਬਣਤਰ ਤੇ ਬੁਣਤਰ ਬਾਰੇ,ਨਾਵਲ ਦੇ ਹਰ ਪੱਖ ਤੇ ਵਧੀਆ ਗੱਲ ਕੀਤੀ ਹੈ। ਸੰਧੂ ਨੇ ਕਿਹਾ ਕਿ ਹਾਕਮ ਹਮੇਸ਼ਾਂ ਹੀ ਸੁੱਤੇ ਹੋਏ ਲੋਕਾਂ ਦੇ ਮੂੰਹ ਮੱਥੇ ਚੁੰਮਦਾ ਹੈ ਪਰ ਜਾਗਦੇ ਹੋਏ ਲੋਕਾਂ ਨੂੰ ਦੁਰਕਾਰਦਾ ਹੈ,ਕਿਉਂਕਿ ਸੁੱਤੇ ਹੋਏ ਲੋਕਾਂ ਤੋਂ ਕੋਈ ਖ਼ਤਰਾ ਨਹੀਂ ਜਾਗੇ ਹੋਏ ਲੋਕਾਂ ਤੋਂ ਹੀ ਖ਼ਤਰਾ ਹੁੰਦਾ ਹੈ। ਉਹਨਾਂ ਕਿਹਾ ਕਿ ਗੁਰਨਾਮ ਬਾਵਾ ਨੇ ਨਾਵਲ ਦੇ ਪਾਤਰਾਂ ਰਾਹੀਂ ਚੱਲੀ ਆ ਰਹੀ ਭਾਈਚਾਰਕ ਸਾਂਝ ਨੂੰ ਵਧੀਆ ਢੰਗ ਨਾਲ਼ ਪੇਸ਼ ਕਰਨ ਦਾ ਸੁਚਾਰੂ ਯਤਨ ਕੀਤਾ ਹੈ। ਬਾਵਾ ਨੇ ਬੰਦੂਕ ਤੋਂ ਗੱਲ ਸ਼ੁਰੂ ਕਰਕੇ ਕਲ਼ਮ ਤੇ ਗੱਲ ਮੁਕਾਈ ਹੈ ਜਿਸਦਾ ਸੁਆਗਤ ਕਰਨਾ ਬਣਦਾ ਹੈ।

ਗੁਰਨਾਮ ਬਾਵਾ ਨੇ ਪ੍ਰੋ.ਸੰਧੂ ਵਰਿਆਣਵੀ,ਜਗਦੀਸ਼ ਰਾਣਾ ਤੇ ਗੁਰਦੀਪ ਸਿੰਘ ਸੈਣੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਉਸ ਨੂੰ ਜੋ ਵੀ ਮਾਣ ਸਨਮਾਨ ਹਾਸਲ ਹੋ ਰਿਹਾ ਹੈ ਉਸ ਵਿੱਚ ਇਹਨਾਂ ਦਾ ਵਡਮੁੱਲਾ ਯੋਗਦਾਨ ਹੈ। ਬਾਵਾ ਨੇ ਕਿਹਾ ਕਿ ਉਹ ਹਮੇਸ਼ਾਂ ਹੀ ਸਿਹਤਮੰਦ ਆਲੋਚਨਾ ਦਾ ਸੁਆਗਤ ਕਰਦਾ ਹੈ ਤੇ ਅੱਗੋਂ ਵੀ ਕਰਦਾ ਰਹੇਗਾ। ਬਾਵਾ ਨੇ ਕਿਹਾ ਕਿ ਭਾਵੇਂ ਖਾੜਕੂ ਹੋਣ ਜਾਂ ਗੈਂਗਸਟਰ ਕੋਈ ਵੀ ਮਾਂ ਦੀ ਕੁੱਖ ਚੋਂ ਖਾੜਕੂ ਜਾਂ ਗੈਂਗਸਟਰ ਬਣ ਕੇ ਨਹੀਂ ਪੈਂਦਾ ਹੁੰਦਾ ਸਗੋਂ ਸਿਸਟਮ ਉਸ ਨੂੰ ਅਜਿਹਾ ਬਣਨ ਲਈ ਮਜਬੂਰ ਕਰਦਾ ਹੈ।

ਇਸ ਮੌਕੇ ਲੋਹਮਣੀ ਮੈਗਜ਼ੀਨ ਦਾ (ਜਨਵਰੀ – ਮਾਰਚ 2026 ) ਦਾ ਨਵਾਂ ਅੰਕ ਅਤੇ ਹਰਚਰਨ ਭਾਰਤੀ ਦੀ ਹਿੰਦੀ ਪੁਸਤਕ ਪਿਆਰ ਕਾ ਬੰਧਨ ਵੀ ਲੋਕ ਅਰਪਣ ਕੀਤੇ ਗਏ।

# ਅਜੋਕੇ ਕੀਰਤਨੀਏਂ ਅਤੇ ਮਨਮਰਜ਼ੀ ਦੀਆਂ ਕੀਰਤਨ-ਸ਼ੈਲੀਆਂ !


ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com




ਬੜੇ ਹੀ ਸੰਵੇਦਨਸ਼ੀਲ ਵਿਸ਼ੇ ਬਾਰੇ ਲਿਖਣ ਤੋਂ ਪਹਿਲਾਂ ਬੇਨਤੀ ਕਰ ਦਿਆਂ ਕਿ ਮੈਨੂੰ ਗੁਰਮਤਿ ਸੰਗੀਤ ਜਾਂ ਰਾਗ ਵਿੱਦਿਆ ਬਾਰੇ ਬੇਸ਼ੱਕ ਬਹੁਤੀ ਜਾਣਕਾਰੀ ਨਹੀਂ ਪਰ ਗੁਰਬਾਣੀ ਕੀਰਤਨ ਦਾ ਕਦਰਦਾਨ ਸ੍ਰੋਤਾ ਜਾਂ ਪ੍ਰਸ਼ੰਸਕ ਜਰੂਰ ਹਾਂ ਆਪਣੇ ਨਿੱਜ ਬਾਰੇ ਵੀ ਥੋੜਾ ਜਿਹਾ ਦੱਸਦਾ ਜਾਵਾਂ ਕਿ ਮੇਰੇ ਦਾਦਾ ਜੀ ਗੁਰਬਾਣੀ ਕੀਰਤਨ ਅਤੇ ਕਥਾ-ਵਿਆਖਿਆ ਦੇ ਤਾਂ ਰਸੀਆ ਸਨ ਪਰ ਉਹ ਢਾਡੀ-ਰਾਗ ਨੂੰ ਪਸੰਦ ਨਹੀਂ ਸੀ ਕਰਦੇ ਇਸਦੇ ਉਲਟ ਮੇਰੇ ਪਿਤਾ ਜੀ ਕੇਵਲ ਢਾਡੀ-ਰਾਗ ਦੇ ਹੀ ਬੇਹੱਦ ਫੈਨ ਸਨ। ਮੇਰੀ 'ਨੇਚਰ' ਵਿਚ ਦੋਹਾਂ ਖਾਨਦਾਨੀ ਬਜ਼ੁਰਗਾਂ ਦੀਆਂ ਪਸੰਦਾਂ ਦਾ ਸੁਭਾਗਾ ਸੁਮੇਲ ਹੋ ਗਿਆ ਭਾਵ ਕਿ ਗੁਰਬਾਣੀ ਕੀਰਤਨ,ਕਥਾ ਅਤੇ ਢਾਡੀ-ਰਾਗ ਤਿੰਨਾਂ ਪ੍ਰਤੀ ਮੇਰਾ ਇੱਕੋ ਜਿੰਨਾਂ ਮੋਹ ਪਿਆਰ ਸਤਿਕਾਰ ਬਣਿਆਂ ਹੋਇਆ ਹੈ। ਇਲਾਕੇ ਭਰ ਵਿਚ 'ਗਿਆਨੀ ਜੀ' ਕਰਕੇ ਜਾਣੇ ਸਤਿਕਾਰੇ ਜਾਂਦੇ ਸਾਡੇ ਭਾਈਆ ਜੀ ਸਾਈਕਲ 'ਤੇ ਦੂਰ ਦਰਾਜ ਤੱਕ ਦੀਵਾਨ ਸੁਣਨ ਚਲੇ ਜਾਂਦੇ ਸਨ ਉਨ੍ਹਾਂ ਸਮਿਆਂ ਵਿਚ ਨੰਗਲ਼ ਕਲਾਂ (ਮਾਹਲ ਪੁਰ)ਵਾਲੇ ਪ੍ਰੋਫੈਸਰ ਦਰਸ਼ਣ ਸਿੰਘ 'ਕੋਮਲ' ਧਾਰਮਿਕ ਦੀਵਾਨਾ ਵਿਚ ਸਿਰਮੌਰ ਰਾਗੀ ਵਲੋਂ ਬੁਲਾਏ ਜਾਂਦੇ ਸਨ ਅੱਖਾਂ ਤੋਂ ਹੀਣ (ਸੂਰਮਾਂ ਸਿੰਘ)ਹੋਣ ਦੇ ਬਾਵਜੂਦ ਰਾਗੀਆਂ ਦੀ ਜਮਾਤ ਵਿਚ ਕੋਮਲ ਜੀ ਲਿਖਾਰੀ ਹੋਣ ਦੇ ਨਾਲ਼ ਨਾਲ਼ ਕੀਰਤਨਕਾਰ, ਭਾਸ਼ਨਕਰਤਾ, ਢਾਡੀ ਕਵੀ, ਸਾਜਿੰਦਾ ਸਰਬਗੁਣ ਭਰਪੂਰ ਸਖਸ਼ੀਅਤ ਵਜੋਂ ਸਤਿਕਾਰੇ ਜਾਂਦੇ ਸਨ। ਜਿਸ ਕਰਕੇ ਰਾਗੀਆਂ ਪ੍ਰਚਾਰਕਾਂ ਵਲੋਂ ਉਨ੍ਹਾਂ ਲਈ 'ਉਸਤਾਦ ਜੀ' ਦਾ ਆਦਰਯੋਗ ਤਖੱਲਸ ਵਰਤਿਆ ਜਾਂਦਾ ਸੀ।

ਇਹ ਗੱਲ ਸੰਨ 57-58 ਵੇਲਿਆਂ ਦੀ ਹੈ। ਇਕ ਵਾਰ ਸਾਡੇ ਲਾਗਲੇ ਪ੍ਰਾਚੀਨ ਕਸਬੇ ਰਾਹੋਂ (ਜਿੱਥੇ ਕਿਸੇ ਵੇਲੇ ਹਰਿਵੱਲਭ ਸੰਗੀਤ ਸਮੇਲਨ ਆਯੋਜਿਤ ਹੁੰਦਾ ਵੀ ਸੁਣਿਆਂ ਹੈ) ਦੇ ਲਹਿੰਦੇ ਪਾਸੇ ਵਾਕਿਆ ਮੰਦਰ ਵਿਚ 'ਰਾਗ ਦਰਬਾਰ' ਆਯੋਜਿਤ ਹੋਇਆ। ਮੇਲਿਆਂ ਮਸ਼ਾਵਿਆਂ ਨਾਲ ਬੇਹੱਦ ਲਗਾਉ ਰੱਖਦੇ ਭਾਈਆ ਜੀ ਨੇ ਸੋਚਿਆ ਕਿ ਉੱਥੇ ਕੋਈ ਆਮ ਗਾਇਕਾਂ ਦਾ ਅਖਾੜਾ ਹੋਵੇ ਗਾ ਪਰ ਰਾਹੋਂ ਦੇ ਸਨਾਤਨੀ ਪ੍ਰਬੰਧਕਾਂ ਨੇ ਸ਼ਾਸਤਰੀ ਰਾਗ ਗਾਇਨ ਕਰਨ ਵਾਲੇ ਉੱਚ ਕੋਟੀ ਦੇ ਸੰਗੀਤਕਾਰ ਇਲਾਹਾਬਾਦ ਆਦਿ ਦੂਰ ਦੁਰਾਡੇ ਦੇ ਸ਼ਹਿਰਾਂ ਤੋਂ ਬੁਲਾਏ ਹੋਏ ਸਨ !



ਆਪਣੇ ਕੁੱਝ ਬੇਲੀਆਂ ਨਾਲ ਰਾਹੋਂ ਦੇ ਉਸ ਸੰਗੀਤ ਸਮੇਲਨ ਵਿਚ ਸ਼ਾਮਲ ਹੋਏ ਭਾਈਆ ਜੀ ਹੱਸਦਿਆਂ ਹੋਇਆਂ ਦੱਸਦੇ ਹੁੰਦੇ ਸਨ ਕਿ ਗਈ ਰਾਤ ਤੱਕ ਜਿਹੜਾ ਵੀ ਸੰਗੀਤਕਾਰ ਤਾਨਪੂਰਾ,ਸਿਤਾਰ ਜਾਂ ਸਾਰੰਗੀ ਆਦਿ ਤੰਤੀ ਸਾਜ਼ਾਂ ਨਾਲ ਸਟੇਜ 'ਤੇ ਗਾਇਨ ਕਰਨ ਬੈਠੇ,ਉਹ ਅੱਧਾ ਪੌਣਾ ਘੰਟਾ ਲੰਮੀਆਂ ਹੇਕਾਂ ਨਾਲ 'ਸਾ....ਰੇ....ਗਾ... ਧਾ...ਨੀ....ਪਾ' ਦੇ ਸੁਰ ਅਲਾਪਦਾ ਹੋਇਆ ਭਜਨ ਵਰਗੀ ਕੋਈ ਚੀਜ ਗਾ ਕੇ ਸਮਾਪਤੀ ਕਰ ਦਿਆ ਕਰੇ ਪੰਡਾਲ ਵਿਚ ਬੈਠੇ ਬਹੁਤੇ ਸ਼ਹਿਰੀ ਪੰਡਤ ਸ੍ਰੋਤੇ-ਜਨ ਤਾਂ ਸਿਰ ਹਿਲਾ ਹਿਲਾ ਕੇ ਝੂਮਦੇ ਰਹੇ ਪਰ ਸਾਡੀ ਪੇਂਡੂ ਮਿੱਤਰ-ਮੰਡਲੀ ਦੇ ਕੁੱਝ ਪੱਲੇ ਨਾ ਪਿਆ !

ਇਸ ਤੋਂ ਬਾਅਦ ਕਿਤੇ ਭਾਈਆ ਜੀ ਨੇ ਆਪਣੇ ਘਰੇ ਭੋਗ ਵੇਲੇ ਉਸਤਾਦ ਕੋਮਲ ਜੀ ਨੂੰ ਬੁਲਾਇਆ। ਨਾਲ਼ੇ ਉਹ ਰਾਹੋਂ ਵਾਲੇ ਸਨਾਤਨੀ ਸੱਜਣਾ ਨੂੰ ਵੀ ਸੱਦਾ ਦੇ ਆਏ ਅਖੇ 'ਸਾਡੇ ਰਾਗੀ' ਦਾ ਵੀ ਰਾਗ ਸੁਣਿਉਂ ਆ ਕੇ ! ਕਹਿੰਦੇ ਸਾਡੇ ਘਰ ਵਾਲੇ ਸਮਾਗਮ ਵਿਚ ਕੀਰਤਨ ਸਮਾਪਤੀ ਉਪਰੰਤ ਸੰਗਤ ਵਿਚ ਬੈਠੇ ਰਾਹੋਂ ਵਾਲ਼ੇ ਸਨਾਤਨੀ ਵੀਰਾਂ ਨੂੰ ਭਾਈਆ ਜੀ ਨੇ ਕੋਮਲ ਜੀ ਦੀ ਗਾਇਕੀ ਬਾਰੇ ਪੁੱਛਿਆ ਤਾਂ ਉਹ ਮਾਯੂਸ ਜਿਹੇ ਹੋ ਕੇ ਕਹਿੰਦੇ-'ਗਿਆਨੀ ਜੀ ਰਾਗੀ ਤਾਂ ਇਹ ਸੁਰੀਲਾ ਐ ਪਰ 'ਉਹ ਗੱਲ' ਹੈ ਨਹੀਂ ਇਹਦੇ ਕੋਲ਼ !'

ਭਾਈਆ ਜੀ ਫੁਰਤੀ ਨਾਲ ਉੱਠੇ ਤੇ ਹਾਰਮੋਨੀਅਮ ਬੰਨ੍ਹ ਰਹੇ ਅੱਖਾਂ ਤੋਂ ਹੀਣ (ਸੂਰਮੇਂ) ਕੋਮਲ ਸਾਹਿਬ ਦੇ ਕੰਨ ਵਿਚ ਜਾ ਕੇ ਦੱਸਿਆ ਕਿ ਉਸਤਾਦ ਜੀ ਸੰਗਤ ਵਿੱਚ ਬੈਠੇ ਕੁੱਝ ਸਨਾਤਨੀ ਸੱਜਣ ਤਾਂ ਆਹ ਗੱਲ ਕਹਿ ਰਹੇ ਨੇ ! ਉਸੇ ਵੇਲੇ ਕੋਮਲ ਸਾਹਬ ਨੇ ਦੁਬਾਰਾ ਵਾਜਾ ਖੋਲ੍ਹ ਲਿਆ...ਤਬਲੇ ਵਾਲ਼ੇ ਤੋਂ ਹਥੌੜੀ ਲੈ ਕੇ ਤਬਲਾ ਖੁਦ ਕੱਸਿਆ। ਤਬਲੇ ਵਾਲੇ ਸੱਜਣ ਤੋਂ ਉਸ ਵੇਲੇ ਦਾ ਵਕਤ ਪੁੱਛਿਆ। ਅੱਧਾ ਕੁ ਘੰਟਾ ਉਨ੍ਹਾਂ 'ਸਮੇਂ ਦੇ ਰਾਗ' ਅਨੁਸਾਰ ਗਾਇਨ ਕੀਤਾ ਤਾਂ ਕਹਿੰਦੇ ਸਨਾਤਨੀ ਸੱਜਣ ਇਉਂ ਝੂਮਣ ਲੱਗੇ ਜਿਵੇਂ ਵੱਜਦੀ ਬੀਨ 'ਤੇ



ਨਾਗ ਮੇਲ੍ਹਦਾ ਹੁੰਦਾ ਐ !

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਮਹੱਤਤਾ ਬਾਰੇ ਗਿਆਨੀ ਮਸਕੀਨ ਜੀ ਕਿਹਾ ਕਰਦੇ ਸਨ ਕਿ ਗੁਰੂ ਸਾਹਿਬ ਨੇ ਇਕੱਤੀ ਰਾਗਾਂ ਵਿਚ ਲਿਖੀ ਹੋਈ ਬਾਣੀ ਦੇ ਇੱਕ ਇੱਕ ਸ਼ਬਦ ਅੱਗੇ ਪਹਿਲਾਂ ਰਾਗ ਦਾ ਨਾਮ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਸਮੇਂ ਹਰ ਨਵੇਂ ਰਾਗ ਦੇ ਅਰੰਭ ਵਿਚ ਇੱਕੋ ਵਾਰੀ ਰਾਗ ਦਾ ਨਾਮ ਲਿਖ ਕੇ ਵੀ ਇਹ ਹਦਾਇਤ ਲਿਖੀ ਜਾ ਸਕਦੀ ਸੀ ਕਿ ਅਗਲੇ ਸਾਰੇ ਸ਼ਬਦ 'ਇਸ ਰਾਗ' ਵਿਚ ਗਾਉਣੇ ਹਨ ! ਗੁਰਮਤਿ ਸੰਗੀਤ ਦੇ ਜਾਣਕਾਰਾਂ ਅਨੁਸਾਰ ਗੁਰੂ ਪਾਤਸ਼ਾਹ ਨੇ ਅਜਿਹਾ ਇਸ ਲਈ ਨਹੀਂ ਕੀਤਾ ਹੋਵੇ ਗਾ ਮਤਾਂ ਸ਼ਬਦ ਗਾਇਨ ਕਰਨ ਵਾਲ਼ੇ ਰਾਗੀ ਜਨ, ਕਿਤੇ ਨਿਰਧਾਰਤ ਰਾਗਾਂ ਨੂੰ ਵਿਸਾਰ ਹੀ ਨਾ ਦੇਣ !

'ਕੀਰਤਨ ਵਿਚ ਰਾਗ ਦੀ ਥਾਂ ਸ਼ਬਦ ਪ੍ਰਧਾਨ ਰਹਿਣਾ ਚਾਹੀਦਾ ਹੈ। ਕੁੱਝ ਸ਼ਾਸਤਰੀ ਸੰਗੀਤ ਦੇ ਰਾਗੀ, ਜੋ ਰਾਗ, ਅਲਾਪ ਅਤੇ ਤਾਨਾਂ (ਸਰਗਮ) ਦਾ ਬਹੁਤ ਪ੍ਰਯੋਗ ਕਰਦੇ ਹਨ, ਸੰਗਤ ਵਿਚ ਬਹੁਤੇ ਪ੍ਰਵਾਨਿਤ ਨਹੀਂ ਹੁੰਦੇ...... ਇਉਂ ਲਗਦਾ ਹੈ ਕਿ ਸਿੱਖ, ਵਾਜੇ ਤੇ ਢੋਲਕੀ ਛੈਣੇ ਵਜਾਉਣ ਵਾਲ਼ੇ ਹੀ ਬਣਨ ਵਿਚ ਰੁਚੀ ਲੈ ਰਹੇ ਹਨ। ਹਜ਼ਾਰਾਂ ਨੌਜਵਾਨ ਕੀਰਤਨ ਨੂੰ ਸੌਖਾ ਰੋਜ਼ਗਾਰ ਮੰਨ ਕੇ, ਚਾਰ ਕੁ ਤਰਜਾਂ ਤੇ ਚਾਰ ਕੁ ਮਨਘੜੰਤ ਸਾਖੀਆਂ ਸੁਣਾ ਸੁਣਾ ਕੇ ਕੌਮ ਦੇ ਜੇਬ ਖਾਲੀ ਕਰਵਾਉਣ ਦੇ ਨਾਲ਼ ਨਾਲ਼ ਕੌਮ ਦਾ ਦਿਮਾਗੀ ਦਿਵਾਲ਼ਾ ਕਢਾਉਣ ਦੇ ਰਾਹ ਵੀ ਤੁਰ ਪਏ ਹਨ।'-(ਗੁਰਮਤ ਨਿਰਣਯ-ਕੋਸ਼ ਸਫਾ-164 ਡਾ. ਗੁਰਸ਼ਰਨ ਸਿੰਘ)

ਖਿਮਾਂ ਸਹਿਤ ਹੁਣ ਗੱਲ ਕਰੀਏ ਅਜੋਕੇ ਕੀਰਤਨੀਏਂ ਰਾਗੀ ਸਿੰਘਾਂ ਦੀ ਜੋ ਕਿ ਪੁਰਾਤਨ ਕੀਰਤਨ ਸ਼ੈਲੀ ਨੂੰ ਪਿੱਠ ਦੇ ਕੇ ਮਨਮਰਜੀ ਦੀਆਂ 'ਸ਼ੈਲੀਆਂ' ਅਪਨਾ ਰਹੇ ਹਨ। ਗਿਣਤੀ ਦੇ ਕੁੱਝ ਕੁ ਰਾਗੀ ਸਿੰਘਾਂ ਨੂੰ ਛੱਡ ਕੇ ਬਹੁਤਾਤ ਜਥੇ ਇਸੇ ਰਾਹ ਪੈ ਗਏ ਹੋਏ ਹਨ। ਬੀਤੇ ਵਰ੍ਹੇ 2025 ਦੇ ਨੌਂ ਮਹੀਨੇ ਅਮਰੀਕਾ ਤੋਂ ਆਪਣੇ ਪਿੰਡ ਰਹਿਣ ਦੌਰਾਨ ਮੈਨੂੰ ਅਨੇਕਾਂ ਕੀਰਤਨ ਦਰਬਾਰ ਸਮਾਗਮਾਂ ਵਿਚ ਇਹ ਕੁੱਝ ਦੇਖ ਕੇ ਬੜੀ ਹੈਰਾਨੀ ਹੋਈ:-

-ਰਾਗੀ ਸਿੰਘਾਂ ਵਲੋਂ ਅਰੰਭਕ ਮੰਗਲਾਚਰਨ ਵਜੋਂ ਡੰਡਉਤ ਬੰਦਨਾਂ ਕਰਨ ਜਾਂ ਗਾਇਨ ਕੀਤੇ ਜਾਣ ਵਾਲ਼ੇ ਰਾਗ ਦੀ 'ਸ਼ਾਨ ਵਜਾਉਣ' ਦੀ ਥਾਂਹ ਕਿਸੇ ਲੋਕ-ਧੁਨ 'ਤੇ 'ਵਾਹਿਗੁਰੂ....ਵਾਹਿਗੁਰੂ' ਦਾ ਜਾਪ ਸ਼ੁਰੂ ਹੋ ਜਾਂਦਾ ਐ।

-ਅਰੰਭ ਵਿਚ ਪਹਿਲਾ ਸ਼ਬਦ ਨਿਰਧਾਰਤ ਰਾਗ ਵਿਚ ਗਾਉਣਾ ਤਕਰੀਬਨ ਬੰਦ ਹੀ ਹੋ ਗਿਆ !

-ਹਾਰਮੋਨੀਅਮ ਦੀਆਂ ਦੋ ਕੁ ਸੁਰਾਂ ਵਜਾ ਕੇ ਰਾਗੀ, ਸਾਊਂਡ ਵਾਲ਼ੇ ਸੱਜਣ ਨੂੰ 'ਤਾਂਹ 'ਠਾਂਹ ਹੱਥ ਕਰਦੇ ਹੋਏ ਇਸ਼ਾਰੇ 'ਤੇ ਇਸ਼ਾਰੇ ਹੀ ਕਰੀ ਜਾਂਦੇ ਹਨ।

-ਜਿਵੇਂ ਅਜੋਕੇ ਗਾਇਕ ਕਲਾਕਾਰ ਆਪਣੇ ਮਸ਼ਹੂਰ ਹੋਏ ਕਿਸੇ ਇਕ ਗੀਤ ਨੂੰ ਆਪਣੇ ਨਾਮ ਨਾਲ 'ਫੇਮ' ਵਜੋਂ ਜੋੜ ਲੈਂਦੇ ਹਨ,ਤਿਵੇਂ ਹੀ ਹੁਣ ਕਈ ਰਾਗੀ ਸਿੰਘ ਵੀ ਕਿਸੇ ਇਕ ਸ਼ਬਦ ਨੂੰ ਹਰ ਥਾਂਹ ਉਚੇਚਾ ਗਾਇਨ ਕਰਦੇ ਹਨ। ਹੋਰ ਤਾਂ ਹੋਰ ਹੁਣ ਸ੍ਰੀ ਦਰਬਾਰ ਸਾਹਿਬ ਦੇ ਕੁੱਝ ਰਾਗੀ ਸਿੰਘ ਵੀ ਉੱਥੇ ਹਰੇਕ ਡਿਊਟੀ ਵਿਚ ਅਜਿਹੇ ਇਕ ਸ਼ਬਦ ਦਾ ਗਾਇਨ ਜਰੂਰ ਕਰਦੇ ਹਨ।

-ਆਪਣੀ ਵਾਰੀ ਦੀ ਸਮਾਪਤੀ ਵੇਲੇ ਹਰੇਕ ਰਾਗੀ ਸਿੰਘ, ਸਮਾਗਮ ਆਯੋਜਿਤ ਕਰਤਾ ਕਮੇਟੀ ਦੇ ਪ੍ਰਧਾਨ/ਸਕੱਤਰਾਂ ਦੇ ਨਾਂ ਲੈ ਲੈ ਕੇ ਬੇਲੋੜੀਆਂ ਮਿਸਾਲਾਂ ਦਿੰਦਿਆਂ ਉਨ੍ਹਾਂ ਦੀ ਉਸਤਤਿ ਕਰਨ ਲੱਗ ਪੈਂਦੇ ਹਨ।

-ਨੀਲੇ, ਪੀਲ਼ੇ ਜਾਂ ਕਾਲ਼ੇ ਵਿਰਾਸਤੀ ਰੰਗਾਂ ਦੀ ਥਾਂਹ ਹੁਣ ਰਾਗੀ ਸਿੰਘਾਂ ਨੇ ਮਨਮਰਜੀ ਦੇ ਹੋਰ ਹੋਰ ਰੰਗਾਂ ਵਾਲ਼ੀਆਂ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਗੁਰਬਾਣੀ ਗਾਇਨ ਦਾ ਪ੍ਰਮੁੱਖ ਤੇ ਪ੍ਰਮਾਣੀਕ ਸੋਮਾਂ ਹੈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੁੰਦਾ ਗੁਰਬਾਣੀ ਕੀਰਤਨ ਪਰ ਵਰਤਮਾਨ ਸਮੇਂ ਖੇਦ ਹੈ ਕਿ ਉੱਥੇ ਵੀ ਹਲਕੀਆਂ ਫੁਲਕੀਆਂ ਤਰਜਾਂ ਦਾ ਬੋਲ ਬਾਲਾ ਹੋ ਗਿਆ ਹੈ।

ਬਾਕੀ ਹਿਸਾ ਸਫਾ 53 ਤੇ ਪੜ੍ਹੋ

52 ਸਫ਼ੇ ਦੀ ਬਾਕੀ

ਬੇਸ਼ੱਕ ਉੱਥੇ ਵੱਖ ਵੱਖ ਰਾਗਾਂ ਦੇ ਨਾਵਾਂ ਹੇਠ ਕੀਰਤਨ ਚੌਕੀਆਂ ਪ੍ਰਚੱਲਤ ਹਨ ਪਰ ਹੁਣ ਬਹੁਤੇ ਰਾਗੀ 'ਫਰਜ਼ ਪੂਰਾ' ਕਰਨ ਵਾਂਗ ਸਿਰਫ ਦੋ ਸਤਰਾਂ ਵਾਲ਼ੇ ਸਲੋਕ ਦਾ ਨਿਰਧਾਰਤ ਰਾਗ ਵਿਚ ਗਾਇਨ ਕਰਦੇ ਹਨ! ਸਨ ਸਤਵੰਜਾ 'ਚ ਜਨਮੇਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਉਹ ਸੁਨਹਿਰੀ ਸਮਾਂ ਵੀ ਦੇਖਿਆ ਹੋਇਆ ਹੈ ਜਦ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਸਿੰਘ ਜਦ ਕਿਤੇ ਬਾਹਰ ਪਿੰਡਾਂ ਸ਼ਹਿਰਾਂ ਵਿਚ ਕੀਰਤਨ ਕਰਨ ਜਾਂਦੇ ਹੁੰਦੇ ਸਨ ਤਾਂ ਉੱਥੇ ਵੀ ਇਸ ਪਾਵਨ ਅਸਥਾਨ ਦੀ ਵਿਲੱਖਣ ਕੀਰਤਨ ਸ਼ੈਲੀ ਅਨੁਸਾਰ ਸ਼ਬਦ ਗਾਇਨ ਕਰਕੇ ਸ੍ਰੀ ਦਰਬਾਰ ਸਾਹਿਬ ਵਰਗਾ ਮਾਹੌਲ ਹੀ ਸਿਰਜ ਦਿਆ ਕਰਦੇ ਸਨ। ਮੰਤਰ-ਮੁਗਧ ਹੋਏ ਸ੍ਰੋਤੇ ਉੱਥੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਹਾਜ਼ਰੀ ਭਰ ਰਹੇ ਮਹਿਸੂਸ ਕਰਦੇ ਹੁੰਦੇ ਸਨ।

ਉਸ ਦੌਰ ਵਿਚ ਸ੍ਰੋਤੀ ਸੰਗਤ,ਗਾਇਨ ਕੀਤੇ ਜਾ ਰਹੇ ਸ਼ਬਦ ਵਿਚ ਲੀਨ ਹੋਈ ਰਹਿੰਦੀ ਸੀ। ਕੋਈ ਵੀ ਕੀਰਤਨੀਆਂ,ਮੋਹਰੇ ਬੈਠੇ ਸ੍ਰੋਤਿਆਂ ਨੂੰ ਆਪਣੇ ਨਾਲ ਨਾਲ ਬੋਲਣ ਲਈ ਨਹੀਂ ਸੀ ਕਹਿੰਦਾ ਹੁੰਦਾ। ਪਰ ਹੁਣ ਲਗਭਗ ਸਾਰੇ ਰਾਗੀ, ਸ਼ਬਦ ਗਾਇਨ ਸ਼ੁਰੂ ਕਰਕੇ ਸੰਗਤ ਨੂੰ ਹੱਥ ਉਠਾ ਉਠਾ ਕੇ ਵਾਰ ਵਾਰ ਕਹੀ ਜਾਂਦੇ ਨੇ-

'ਗਾਉ ਜੀ.....ਹੋਰ ਉੱਚੀ ਬੋਲੋ... ਸੰਗਤ ਦੀ ਅਵਾਜ਼ ਨੀ ਆਈ!' ਅਜਿਹਾ ਕਰਦਿਆਂ ਕਈ ਵਾਰ ਉਹ ਗਾਏ ਜਾ ਰਹੇ ਸ਼ਬਦ ਵਿਚ ਹੀ 'ਜਪ ਲਉ ਜੀ.... ਗਾ ਲਉ ਜੀ !' ਇੰਜ ਗਾਉਂਦੇ ਹਨ ਜਿਵੇਂ ਕਿਤੇ ਇਹ 'ਜਪ ਲਉ-ਗਾ ਲਉ ਜੀ' ਵਾਲ਼ੀ 'ਹਦਾਇਤ' ਵੀ ਸ਼ਬਦ(ਗੁਰਬਾਣੀ)ਦਾ ਹੀ ਹਿੱਸਾ ਹੋਵੇ !

ਕਈ ਰਾਗੀ ਸਿੰਘ ਸ਼ਬਦ ਗਾਇਨ ਕਰਦਿਆਂ ਅੱਧੀ ਤੁਕ ਬੋਲ ਕੇ ਚੁੱਪ ਕਰ ਜਾਂਦੇ ਵੀ ਦੇਖੇ ਤਾਂ ਕਿ ਬਾਕੀ ਦੀ ਤੁਕ ਉਨ੍ਹਾਂ ਦੇ ਮਗਰ ਸੰਗਤ ਬੋਲੇ !

ਇਵੇਂ ਕਈ ਅਜੋਕੇ ਕੀਰਤਨੀਏਂ ਸ਼ਬਦ ਗਾਇਨ ਵਿਚਕਾਰ ਕਥਾ-ਵਿਆਖਿਆ ਦੇ ਨਾਂ 'ਤੇ ਲੰਮੀਆਂ ਸਾਖੀਆਂ ਸੁਣਾਈ ਜਾਂਦੇ ਹਨ! ਉਨ੍ਹਾਂ ਦੇ ਮਗਰੋਂ ਕਿਸੇ ਕਥਾ-ਵਾਚਕ ਨੇ ਸ਼ਬਦ-ਵੀਚਾਰ ਵੀ ਕਰਨੀ ਹੁੰਦੀ ਹੈ ਪਰ ਇਹ ਕੀਰਤਨੀਏਂ ਵੀਰ ਵਿਆਖਿਆ ਕਰਕੇ ਸ਼ਾਇਦ 'ਵਿਦਵਾਨ ਬੁਲਾਰੇ' ਹੋਣ ਦਾ ਸਵੈ-ਪ੍ਰਗਟਾਵਾ ਕਰਨ ਲੱਗ ਪੈਂਦੇ ਹਨ! ਭਾਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਬੰਗਲਾ ਸਾਹਿਬ ਦੇ ਵਿਦਵਾਨ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ ਜੀ ਦੀ ਹਦਾਇਤ ਅਨੁਸਾਰ ਗੁਰਬਾਣੀ ਕੀਰਤਨੀਏਂ ਰਾਗੀ ਸਿੰਘਾਂ ਉੱਤੇ ਸ਼ਬਦ ਕੀਰਤਨ ਦੌਰਾਨ 'ਵਾਹਿਗੁਰੂ....ਵਾਹਿਗੁਰੂ' ਦਾ ਜਾਪ ਕਰਨ/ਕਰਾਉਣ ਉੱਤੇ ਰੋਕ ਲਾਈ ਹੋਈ ਹੈ ਪਰ ਹੁਣ ਕੁੱਝ ਕੁ ਵਿਰਲੇ ਰਾਗੀਆਂ ਨੂੰ ਛੱਡ ਕੇ ਬਹੁਤੇ ਰਾਗੀ ਇਸ ਹਦਾਇਤ ਨੂੰ ਅਣਡਿੱਠ ਕਰਕੇ ਸ਼ਬਦ ਦੇ ਵਿਚਕਾਰ ਹੀ ਕਿਸੇ ਪਾਪੂਲਰ ਜਿਹੇ ਫਿਲਮੀ ਗੀਤ ਦੀ ਤਰਜ਼ 'ਤੇ 'ਵਾਹਿਗੁਰੂ....ਵਾਹਿਗੁਰੂ' ਦੀ ਲੰਬੀ ਧੁਨ ਅਲਾਪੀ ਜਾਂਦੇ ਹਨ !

ਰਾਗੀ ਸਿੰਘਾਂ ਵਲੋਂ ਆਪੇ ਬਣਾਈ ਇਸ ਨਵੀਂ ਰੀਤ ਤੋਂ ਦੁਖੀ ਹੁੰਦਿਆਂ ਪ੍ਰਸਿੱਧ ਕੀਰਤਨੀਏਂ ਭਾਈ ਜਸਵੀਰ ਸਿੰਘ ਪਾਉਂਟਾ ਸਾਹਿਬ ਨੇ ਵੀ ਇਕ ਦਿਨ ਸੋਸ਼ਲ ਮੀਡ੍ਹੀਆ 'ਤੇ ਪੋਸਟ ਵਿੱਚ ਲਿਖਿਆ ਸੀ-


'ਹੁਣ ਇੱਥੇ ਇਸ ਤਰ੍ਹਾਂ ਦੇ ਕੀਰਤਨੀਏਂ, ਸਿਫਾਰਸ਼ੀ ਅਤੇ ਰਿਸ਼ਵਤਾਂ ਵਾਲ਼ੇ ਬਹੁਤੇ..... ਰਹਿ ਗਏ, ਜਿਨ੍ਹਾਂ ਨੂੰ ਡੰਡਉਤ ਅਤੇ ਮੰਗਲਾਚਰਨ ਵੀ ਕਰਨ ਦਾ ਟਾਈਮ ਨਹੀਂ ਦਿੰਦੀ ਸੰਗਤ.....ਰਾਗੀ ਤੋਂ ਪਹਿਲਾਂ 'ਵਾਹਿਗੁਰੂ ਵਾਹਿਗੁਰੂ' ਸ਼ੁਰੂ ਹੋ ਜਾਂਦਾ ਹੈ..... ਬੇੜੀ ਹੀ ਡੁਬੋ ਦਿਤੀ ਕੀਰਤਨ ਅਤੇ ਗੁਰਮਤਿ ਸੰਗੀਤ ਦੀ!'

ਗੁਰਬਾਣੀ ਕੀਰਤਨ ਨੂੰ ਸ਼ਾਂਤ-ਰਸ ਪ੍ਰਧਾਨ ਮੰਨਿਆਂ ਜਾਂਦਾ ਹੈ ਪਰ ਕਈ ਰਾਗੀ ਵੀਰ ਹੁਣ ਢਾਡੀ ਸਿੰਘਾਂ ਵਾਂਗ ਏਨੀਂ ਉੱਚੀ ਅਵਾਜ਼ ਵਿਚ 'ਗਰਜਦੇ' ਹਨ ਕਿ ਕੀਰਤਨ 'ਚੋਂ ਸ਼ਾਂਤ-ਰਸ ਗਾਇਬ ਹੀ ਹੋ ਜਾਂਦਾ ਹੈ!ਇਕ ਰਾਗੀ ਵੀਰ ਐਸਾ ਵੀ ਸੁਣਿਆਂ ਜਿਸਨੇ ਆਪਣਾ ਤਖੱਲਸ ਤਾਂ ਰੱਖਿਆ ਹੋਇਆ ਹੈ ਅੰਮ੍ਰਿਤ ਵੇਲ਼ੇ ਮਿੱਠਾ ਬੋਲਣ ਵਾਲ਼ੇ ਇਕ ਮਧੁਰ-ਕੰਠ ਪੰਛੀ ਦੇ ਨਾਂ ਵਾਲ਼ਾ ਪਰ ਉਹ ਉੱਚੀ ਗਾਇਨ ਕਰਨ ਵੇਲੇ ਸ੍ਰੋਤਿਆਂ ਦੇ 'ਕੰਨਾਂ ਦੇ ਕੀੜੇ' ਕੱਢ ਦਿੰਦਾ ਹੈ!ਉਸਦੀ ਬੇਹੱਦ ਉੱਚੀ ਅਵਾਜ਼ ਉੱਤੋਂ ਵੱਡੀਆਂ ਅਲਮਾਰੀਆਂ ਜਿੱਡੇ ਜਿੱਡੇ ਸਪੀਕਰਾਂ ਦੇ ਬਕਸੇ ! ਹੇ ਵਾਹਿਗੁਰੂ... !!

ਅੰਤਿਕਾ:-ਸ਼੍ਰੋਮਣੀ ਕਮੇਟੀ ਲਈ ਸ਼ਲਾਘਾ ਅਤੇ ਸਵਾਲ !

ਪੰਜਾਬ ਵਿਖੇ ਕੀਰਤਨ ਦਰਬਾਰਾਂ ਵਿਚ ਹਾਜਰੀ ਭਰਦਿਆਂ ਜਾਂ ਕਿਤੇ ਹੋਰ ਦੂਰ ਨੇੜੇ ਹੋ ਰਹੇ 'ਲਾਈਵ' ਸਮਾਗਮ ਦੇਖਦਿਆਂ ਭਾਵੇਂ ਵਿਰਾਸਤ ਤੋਂ ਉਲਟ ਵਰਤਾਰਾ ਦੇਖ ਦੇਖ ਕੇ ਮੈਂ ਹੈਰਾਨ ਤਾਂ ਬਹੁਤ ਹੁੰਦਾ ਰਿਹਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੇਰੇ ਉਪਰੋਕਤ ਸਾਰੇ ਉਲਾਂਭੇ ਲਾਹ ਸੁੱਟੇ! ਹੋਇਆ ਇੰਜ ਕਿ ਮੇਰੀ ਅਮਰੀਕਾ ਦੀ ਵਾਪਸੀ ਨੇੜੇ ਅਕਤੂਬਰ 2025 ਵਿਚ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਤਿੰਨ ਕੀਰਤਨ ਦਰਬਾਰ ਆਯੋਜਿਤ ਹੋਏ! ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਆਯੋਜਿਤ ਹੋਏ ਇਨ੍ਹਾਂ ਸਮਾਗਮਾਂ ਵਿਖੇ ਵੱਖ ਵੱਖ ਕੀਰਤਨੀ ਜਥਿਆਂ ਨੇ ਇਕੱਤੀ ਰਾਗਾਂ ਵਿਚ ਸ਼ਬਦ ਕੀਰਤਨ ਦੀ ਛਹਿਬਰ ਲਾਈ! ਜਿਸ ਵਿਚ ਹਜੂਰੀ ਰਾਗੀ ਜਥਿਆਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਨਿਪੁੰਨ ਹੋਰ ਕਈ ਰਾਗੀ ਸਿੰਘਾਂ ਨੇ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਸ਼ਰਸ਼ਾਰ ਕੀਤਾ। ਨਾ ਕਿਸੇ ਰਾਗੀ ਨੇ ਸ਼ਬਦ ਗਾਇਨ ਵਿਚਕਾਰ 'ਕਥਾ ਕੀਤੀ' ਅਤੇ ਨਾ ਹੀ 'ਵਾਹਿਗੁਰੂ... ਵਾਹਿਗੁਰੂ' ਦਾ ਜਾਪ ਕਰਾਇਆ! ਇੱਥੇ ਤੰਤੀ ਸਾਜਾਂ ਦੀ ਵੀ ਭਰਪੂਰ ਵਰਤੋਂ ਹੋਈ! ਗਈ ਰਾਤ ਤੱਕ ਇਹ ਤਿੰਨੋਂ ਕੀਰਤਨ ਦਰਬਾਰ ਸ਼ਰਧਾ ਸਤਿਕਾਰ ਨਾਲ 'ਲਾਈਵ ਟੈਲੀਕਾਸਟ' ਸਰਵਣ ਕਰਦਿਆਂ ਮੇਰੇ ਮਨ ਵਿਚ ਸ਼੍ਰੋਮਣੀ ਕਮੇਟੀ ਲਈ ਭਰਵੀਂ ਸ਼ਲਾਘਾ ਦੇ ਨਾਲ ਨਾਲ ਇਹ ਸਵਾਲ ਵੀ ਪੈਦਾ ਹੋਇਆ ਕਿ ਮੰਜੀ ਸਾਹਿਬ ਦੇ ਇਨ੍ਹਾਂ ਕੀਰਤਨ ਸਮਾਗਮਾਂ ਵਾਂਗ ਹੀ ਕੀਰਤਨ ਕਰਨ ਵਾਸਤੇ ਉਹ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀਆਂ ਸਮੇਤ ਸਾਰੇ ਗੁਰਬਾਣੀ ਕੀਰਤਨੀਆਂ ਨੂੰ ਆਦੇਸ਼ ਕਿਉਂ ਨਹੀਂ ਕਰਦੇ ਕਿ ਭਾਈ ਸਿੱਖੋ ਸਥਾਪਤ ਰਵਾਇਤਾਂ ਨੂੰ ਪਿੱਠ ਦੇ ਕੇ ਮਨਮਰਜ਼ੀਆਂ ਨਾ ਕਰੋ !

# ਅਫ਼ਰੀਕੀ ਦੇਸ਼ ਘਾਨਾ 'ਚ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ



ਅੱਕਰਾ (ਘਾਨਾ): ਅਫ਼ਰੀਕੀ ਦੇਸ਼ ਘਾਨਾ ਵਿੱਚ ਪਹਿਲਾ ਗੁਰਦੁਆਰਾ ਸਥਾਪਿਤ ਕੀਤਾ ਗਿਆ ਹੈ, ਜੋ ਸੱਭਿਆਚਾਰਕ ਏਕਤਾ ਦਾ ਪ੍ਰਤੀਕ ਬਣਿਆ ਹੈ। ਇਸ ਨੂੰ ਫ਼ਲਸਤੁੋਸਾਹਿਬ ਦਾ ਗੁਰਦੁਆਰਾਫ਼ਰਸਤੁੋ ਨਾਮ ਦਿੱਤਾ ਗਿਆ ਹੈ ਅਤੇ 8 ਫਰਵਰੀ ਨੂੰ ਈਸਟ ਲੇਗਨ ਖੇਤਰ ਵਿੱਚ ਇਸ ਦਾ ਉਦਘਾਟਨ ਕੀਤਾ ਗਿਆ। ਗੁਰਦੁਆਰਾ ਸਿਰਫ਼ ਇਬਾਦਤ ਦਾ ਸਥਾਨ ਨਹੀਂ, ਸਗੋਂ ਆਤਮਕ ਸਿੱਖਿਆ, ਸਮਾਜਿਕ ਸੇਵਾ ਅਤੇ ਨਿੱਜੀ ਵਿਕਾਸ ਦਾ ਕੇਂਦਰ ਵੀ ਹੋਵੇਗਾ। ਸਿੱਖ ਧਰਮ ਦੀ ਕੇਂਦਰੀ ਪਰੰਪਰਾ ਲੰਗਰ, ਜਿੱਥੇ ਹਰ ਧਰਮ ਅਤੇ ਜਾਤ ਜਾਂ ਦਰਜੇ ਤੋਂ ਉਪਰ ਉਠ ਕੇ ਮੁਫ਼ਤ ਭੋਜਨ ਮਿਲਦਾ ਹੈ, ਇੱਥੇ ਵੀ ਜਾਰੀ ਰਹੇਗੀ। ਉਦਘਾਟਨ ਸਮਾਰੋਹ ਵਿੱਚ ਅਮਰਦੀਪ ਸਿੰਘ ਹਰੀ, ਜੋ ਫਿੱਕੇ ਦੇ ਚੇਅਰਮੈਨ ਹਨ, ਨੇ ਗੁਰੂ ਨਾਨਕ ਦੇਵ ਜੀ ਵੱਲੋਂ 15ਵੀਂ ਸਦੀ ਵਿੱਚ ਸਿੱਖ ਧਰਮ ਦੀ ਸਥਾਪਨਾ ਬਾਰੇ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਸਿੱਖ ਧਰਮ ਇੱਕ ਪਰਮਾਤਮਾ ਅਤੇ ਸਭ ਮਨੁੱਖਾਂ ਦੀ ਸਮਾਨਤਾ ਦੇ ਸਿਧਾਂਤ 'ਤੇ ਅਧਾਰਿਤ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਦੁਨੀਆ ਭਰ ਦੇ ਗੁਰਦੁਆਰੇ ਸਿੱਖਾਂ ਅਤੇ ਗੈਰ-ਸਿੱਖਾਂ ਦੋਵਾਂ ਲਈ ਖੁੱਲ੍ਹੇ ਹਨ ਅਤੇ ਮਨੁੱਖਤਾ ਦੀ ਸੇਵਾ ਦੇ ਕੇਂਦਰ ਵਜੋਂ ਕੰਮ ਕਰਦੇ ਹਨ। ਭਾਰਤੀ ਭਾਈਚਾਰੇ ਦੀ ਘਾਨਾ ਵਿੱਚ ਮੌਜੂਦਗੀ 1900 ਦੇ ਸ਼ੁਰੂਆਤੀ ਦਹਾਕਿਆਂ ਤੋਂ ਹੈ, ਜਦੋਂ ਸਿੰਧੀ ਵਪਾਰੀ ਇੱਥੇ ਆ ਕੇ ਵਪਾਰ ਅਤੇ ਉਦਯੋਗ ਖੇਤਰ ਵਿੱਚ ਆਪਣੀ ਪਛਾਣ ਬਣਾਉਣ ਲੱਗੇ। ਬਾਅਦ ਵਿੱਚ ਪੰਜਾਬੀ ਸਿੱਖ ਪ੍ਰੋਫੈਸਰਾਂ ਨੇ ਯੂਨੀਵਰਸਿਟੀ ਆਫ ਘਾਨਾ ਵਿੱਚ ਅਕਾਦਮਿਕ ਅਹੁਦੇ ਸੰਭਾਲੇ। ਸਮੇਂ ਦੇ ਨਾਲ, ਭਾਰਤੀ ਭਾਈਚਾਰਾ ਸਟੀਲ, ਫਾਰਮਾਸਿਊਟਿਕਲ ਅਤੇ ਆਈ.ਟੀ. ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਆ ਰਿਹਾ ਹੈ।

# ਪੰਜਾਬੀ ਮਾਂ-ਬੋਲੀ ਦਾ ਘਾਣ: ਕੀ 'ਸਿੱਖਿਆ ਕ੍ਰਾਂਤੀ' ਸਿਰਫ਼ ਇਮਾਰਤਾਂ ਤੱਕ ਸੀਮਤ ਹੈ ?

ਮਾਛੀਵਾੜਾ-ਮਾਛੀਵਾੜਾ ਸਾਹਿਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਅਚਨਚੇਤ ਦੌਰੇ ਨੇ ਪੰਜਾਬ ਸਰਕਾਰ ਦੇ 'ਸਿੱਖਿਆ ਮਾਡਲ' ਦੀਆਂ ਪਰਤਾਂ ਖੋਲ੍ਹ ਕੇ ਰੱਖ ਦਿੱਤੀਆਂ ਹਨ। ਜਿੱਥੇ ਸਰਕਾਰ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਉੱਥੇ ਜ਼ਮੀਨੀ ਹਕੀਕਤ ਇਹ ਹੈ ਕਿ ਪੰਜਵੀਂ ਪਾਸ ਕਰ ਚੁੱਕੇ ਬੱਚਿਆਂ ਨੂੰ ਅੱਖਰ-ਗਿਆਨ ਤੱਕ ਨਹੀਂ ਹੈ।

ਪੰਜਾਬੀ ਦੇ ਬੁਰੇ ਹਾਲ ਲਈ ਜ਼ਿੰਮੇਵਾਰ ਕੌਣ ?-ਇਸ ਗੰਭੀਰ ਮਸਲੇ ਲਈ ਕੋਈ ਇੱਕ ਪੱਖ ਜ਼ਿੰਮੇਵਾਰ ਨਹੀਂ, ਸਗੋਂ ਇਹ ਕਈ ਕਾਰਨਾਂ ਦਾ ਸੁਮੇਲ ਹੈ।

ਸੂਤਰਾਂ ਮੁਤਾਬਕ ਇੰਦਰਾ ਕਲੋਨੀ ਦੇ ਸਕੂਲ ਵਿੱਚ 298 ਵਿਦਿਆਰਥੀਆਂ ਪਿੱਛੇ ਸਿਰਫ਼ 3 ਅਧਿਆਪਕ ਹਨ। ਜੇਕਰ ਅਸੀਂ ਅਨੁਪਾਤ ਕੱਢੀਏ ਤਾਂ ਇੱਕ ਅਧਿਆਪਕ ਸਿਰ ਲਗਭਗ 100 ਬੱਚੇ ਆਉਂਦੇ ਹਨ। ਅਜਿਹੀ ਹਾਲਤ ਵਿੱਚ ਅਧਿਆਪਕ ਸਿਰਫ਼ 'ਕਲਾਸ ਸੰਭਾਲ' ਸਕਦਾ ਹੈ, 'ਪੜ੍ਹਾ' ਨਹੀਂ ਸਕਦਾ। ਮੰਤਰੀ ਵੱਲੋਂ ਅਧਿਆਪਕਾਂ ਨੂੰ ਨੋਟਿਸ ਜਾਰੀ ਕਰਨਾ ਇੱਕ ਪੱਖ ਹੈ, ਪਰ ਕੀ ਸਰਕਾਰ ਨੇ ਖਾਲੀ ਪੋਸਟਾਂ ਭਰਨ ਦੀ ਆਪਣੀ ਜ਼ਿੰਮੇਵਾਰੀ ਨਿਭਾਈ ? ਜਦੋਂ 13-13 ਪੋਸਟਾਂ ਖਾਲੀ ਹੋਣ, ਤਾਂ ਨਤੀਜੇ ਅਜਿਹੇ ਹੀ ਨਿਕਲਣਗੇ।

ਸਕੂਲਾਂ ਵਿੱਚ ਜਾਲੇ ਲੱਗੇ ਹੋਣਾ ਅਤੇ ਰੌਸ਼ਨੀ ਦੀ ਘਾਟ ਹੋਣਾ ਇਹ ਦਰਸਾਉਂਦਾ ਹੈ ਕਿ 'ਸਕੂਲ ਆਫ ਐਮੀਨੈਂਸ' ਵਰਗੀਆਂ ਚਮਕਦਾਰ ਸਕੀਮਾਂ ਦੇ ਹੇਠਾਂ ਆਮ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਅਣਗੌਲੇ ਪਏ ਹਨ।

ਆਪ ਸਰਕਾਰ ਢਿੱਲੀ ਕਿਉਂ ?-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ 'ਸਿੱਖਿਆ' ਦੇ ਮੁੱਦੇ 'ਤੇ ਸੱਤਾ ਵਿੱਚ ਆਈ ਸੀ, ਪਰ ਕੁਝ ਮੋਰਚਿਆਂ 'ਤੇ ਉਹ ਫੇਲ੍ਹ ਨਜ਼ਰ ਆ ਰਹੀ ਹੈ। ਸਰਕਾਰ ਨੇ ਨਵੀਆਂ ਇਮਾਰਤਾਂ ਅਤੇ ਪ੍ਰਿੰਸੀਪਲਾਂ ਨੂੰ ਵਿਦੇਸ਼ ਭੇਜਣ 'ਤੇ ਜ਼ੋਰ ਦਿੱਤਾ, ਪਰ ਪੇਂਡੂ ਅਤੇ ਕਲੋਨੀਆਂ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਨੂੰ ਪਹਿਲ ਦੇ ਆਧਾਰ 'ਤੇ ਹੱਲ ਨਹੀਂ ਕੀਤਾ। ਮੰਤਰੀਆਂ ਦੇ ਅਚਨਚੇਤ ਦੌਰੇ ਅਤੇ ਅਧਿਆਪਕਾਂ ਨੂੰ ਝਿੜਕਣਾ ਸਿਰਫ਼ ਸੋਸ਼ਲ ਮੀਡੀਆ ਲਈ ਤਾਂ ਠੀਕ ਹੋ ਸਕਦਾ ਹੈ, ਪਰ ਜਿੰਨੀ ਦੇਰ ਸਟਾਫ਼ ਪੂਰਾ ਨਹੀਂ ਹੁੰਦਾ, ਉਦੋਂ ਤੱਕ ਸਿੱਖਿਆ ਦਾ ਪੱਧਰ ਨਹੀਂ ਸੁਧਰ ਸਕਦਾ। ਨੀਂਹ (ਪ੍ਰਾਇਮਰੀ) ਕਮਜ਼ੋਰ ਹੈ, ਜਿਸ ਕਾਰਨ ਬੱਚੇ ਅੱਗੇ ਜਾ ਕੇ ਪੰਜਾਬੀ ਵੀ ਨਹੀਂ ਪੜ੍ਹ ਪਾ ਰਹੇ।

ਜੇਕਰ ਪੰਜਾਬ ਦੇ ਬੱਚੇ ਆਪਣੀ ਮਾਂ-ਬੋਲੀ ਹੀ ਨਹੀਂ ਪੜ੍ਹ ਸਕਦੇ, ਤਾਂ ਉਹ ਹੋਰ ਵਿਸ਼ਿਆਂ ਜਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਕਿਵੇਂ ਅੱਗੇ ਵਧਣਗੇ ? ਸਰਕਾਰ ਨੂੰ ਫੋਕੀ ਸ਼ੋਹਰਤ ਛੱਡ ਕੇ ਅਧਿਆਪਕਾਂ ਦੀ ਤੁਰੰਤ ਭਰਤੀ ਅਤੇ ਬੁਨਿਆਦੀ ਸੁਧਾਰਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

# ਸਮਾਰਟ ਫ਼ੋਨ : ਬੱਚਿਆਂ ਦਾ ਭਵਿੱਖ ਦਾਅ ’ਤੇ

ਪ੍ਰੋ. ਕੁਲਬੀਰ ਸਿੰਘ



ਆਸਟ੍ਰੇਲੀਆ ਨੇ 16 ਸਾਲ ਤੱਕ ਦੇ ਬੱਚਿਆਂ ’ਤੇ ਸੋਸ਼ਲ ਮੀਡੀਆ ਵਰਤਣ ਉੱਤੇ ਰੋਕ ਲਗਾਈ ਤਾਂ ਪੂਰੀ ਦੁਨੀਆ ਵਿਚ ਇਸ ਵਿਸ਼ੇ ’ਤੇ ਚਰਚਾ ਚੱਲ ਪਈ। ਆਸਟ੍ਰੇਲੀਆ ਤੋਂ ਬਾਅਦ ਇਹੀ ਕਦਮ ਸਪੇਨ, ਫਰਾਂਸ, ਗ੍ਰੀਸ, ਨੌਰਵੇ ਜਿਹੇ ਮੁਲਕਾਂ ਨੇ ਚੁੱਕਿਆ। ਸਾਊਥ ਕੋਰੀਆ ਨੇ ਇਸ ਦੀ ਵਰਤੋਂ ਨੂੰ ਸਮਾਂ-ਬੱਧ ਕੀਤਾ ਹੈ। ਦੇਰ ਰਾਤ ਨੂੰ ਬੱਚੇ ਇਸ ਦੀ ਵਰਤੋਂ ਨਹੀਂ ਕਰ ਸਕਦੇ। ਇਸੇ ਤਰ੍ਹਾਂ ਅਮਰੀਕਾ ਦੇ ਕੁਝ ਰਾਜਾਂ ਨੇ ਕੁਝ ਬੰਦਸ਼ਾਂ ਲਗਾਈਆਂ ਹਨ ਅਤੇ ਕੁਝ ਨੇ ਅਜਿਹਾ ਕਰਨ ਲਈ ਸੁਝਾਅ ਦਿੱਤੇ ਹਨ।

ਤਾਜ਼ਾ ਖ਼ਬਰਾਂ ਭਾਰਤ ਨਾਲ ਸੰਬੰਧਤ ਹਨ। ਇਕ ਪਿਤਾ ਨੇ ਆਪਣੀਆਂ ਧੀਆਂ ਤੋਂ ਮੋਬਾਇਲ ਫ਼ੋਨ ਲੈ ਲਿਆ। ਤਿੰਨ ਧੀਆਂ ਨੇ ਉੱਚੀ ਇਮਾਰਤ ਤੋਂ ਛਾਲ ਮਾਰ ਕੇ ਜੀਵਨ-ਲੀਲਾ ਸਮਾਪਤ ਕਰ ਲਈ। ਇਹ ਘਟਨਾ ਗਾਜ਼ੀਆਬਾਦ ਦੀ ਹੈ। ਹਿਮਾਚਲ ਦੇ ਮੁੱਖ ਮੰਤਰੀ ਨੇ ਸਖ਼ਤ ਫ਼ੈਸਲਾ ਲੈਂਦਿਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸਕੂਲਾਂ ਵਿਚ ਫ਼ੋਨ ਦੀ ਵਰਤੋਂ ’ਤੇ ਪਾਬੰਦੀ ਲਗਾ ਦਿੱਤੀ ਹੈ। ਜੇਕਰ ਕਿਸੇ ਵਿਦਿਆਰਥੀ ਕੋਲੋਂ ਸਕੂਲ ਸਮੇਂ ਦੌਰਾਨ ਫ਼ੋਨ ਮਿਲਦਾ ਹੈ ਤਾਂ ਉਸ ਨੂੰ ਜੁਰਮਾਨਾ ਲਗਾਇਆ ਜਾਵੇਗਾ। ਇਹ ਫ਼ੈਸਲਾ ਪਹਿਲੀ ਮਾਰਚ 2026 ਤੋਂ ਲਾਗੂ ਹੋਵੇਗਾ।

ਇਸ ਦਾ ਮਕਸਦ ਪੜ੍ਹਾਈ ਪ੍ਰਤੀ ਵਿਦਿਆਰਥੀਆਂ ਦੀ ਇਕਾਗਰਤਾ ਨੂੰ ਵਧਾਉਣਾ ਦੱਸਿਆ ਗਿਆ ਹੈ। ਇਹ ਬੈਨ ਸਮਾਰਟ ਘੜੀਆਂ, ਟੈਬਲੇਟ ਅਤੇ ਹੈੱਡਫ਼ੋਨਾਂ ’ਤੇ ਵੀ ਲਾਗੂ ਹੋਵੇਗਾ।

ਮਨੋਵਿਗਿਆਨੀ ਦੱਸਦੇ ਹਨ ਕਿ ਸਮਾਰਟ ਫ਼ੋਨ ’ਤੇ ਜਦੋਂ ਬੱਚੇ ਵੱਖ-ਵੱਖ ਤਰ੍ਹਾਂ ਦੀਆਂ ਗੇਮਾਂ ਖੇਡਦੇ ਹਨ ਤਾਂ ਦਿਮਾਗ਼ ਵਿਚੋਂ ਡੋਪਾਮਾਈਨ ਹਾਰਮੋਨ (ਖ਼ੁਸ਼ੀ ਪੈਦਾ ਕਰਨ ਵਾਲਾ) ਰਲੀਜ਼ ਹੁੰਦਾ ਹੈ। ਨਤੀਜੇ ਵਜੋਂ ਉਹ ਲੰਮਾ ਸਮਾਂ ਗੇਮਾਂ ਖੇਡਣ ਵਿਚ ਰੁੱਝੇ ਰਹਿੰਦੇ ਹਨ ਅਤੇ ਅਸਲ ਜੀਵਨ ਨਾਲੋਂ, ਅਸਲ ਖ਼ੁਸ਼ੀ ਨਾਲੋਂ ਟੁੱਟਦੇ ਜਾਂਦੇ ਹਨ।

ਉਤਰ ਪ੍ਰਦੇਸ਼ ਦੇ ਗਾਜ਼ੀਆਬਾਦ ਵਾਲੀ ਘਟਨਾ ਤੋਂ ਪਹਿਲਾਂ ਭੁਪਾਲ ਦੇ ਇਕ ਲੜਕੇ ਨੇ ਫ਼ੋਨ ਗੇਮਾਂ ਉੱਤੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਸੀ। ਤਾਮਿਲਨਾਡੂ ਅਤੇ ਦਿੱਲੀ ਵਿਚ ਵੀ ਇਸੇ ਤਰ੍ਹਾਂ ਵਾਪਰਿਆ ਸੀ। ਤੇਲੰਗਾਨਾ ਦੇ ਇਕ 13 ਸਾਲ ਦੇ ਬੱਚੇ ਨੇ ਪੱਬਜੀ ਖੇਡ ਕਾਰਨ ਖ਼ੁਦਕੁਸ਼ੀ ਕੀਤੀ ਸੀ। ਮਾਂ-ਪਿਉ ਉਸ ਨੂੰ ਫ਼ੋਨ ’ਤੇ ਗੇਮਾਂ ਖੇਡਣ ਤੋਂ ਰੋਕਦੇ ਸਨ। ਹਰਿਆਣਾ, ਗੁਜਰਾਤ ਅਤੇ ਉਤਰਾਖੰਡ ਵਿਚ ਵੀ ਅਜਿਹੀਆਂ ਵਾਰਦਾਤਾਂ ਅਖ਼ਬਾਰ ਦੀਆਂ ਸੁਰਖੀਆਂ ਬਣ ਚੁੱਕੀਆਂ ਹਨ। ਦੋ ਵੱਡੇ ਸਵਾਲ ਦੁਨੀਆ ਸਾਹਮਣੇ ਉੱਭਰ ਆਏ ਹਨ। ਮਾਪੇ ਅਜਿਹੀ ਸਥਿਤੀ ਵਿਚ ਕੀ ਕਰਨ ? ਕਿਸ ਤਰ੍ਹਾਂ ਵਿਵਹਾਰ ਕਰਨ ਕਿ ਬੱਚਿਆਂ ਨੂੰ ਅਜਿਹੇ ਕਦਮ ਚੁੱਕਣ ਤੋਂ ਬਚਾਇਆ ਜਾ ਸਕੇ ? ਜਾਂ ਸਮਾਂ ਰਹਿੰਦੇ ਸਰਕਾਰਾਂ ਆਸਟ੍ਰੇਲੀਆ, ਸਪੇਨ, ਫਰਾਂਸ, ਗ੍ਰੀਸ ਅਤੇ ਨੌਰਵੇ ਵਰਗੇ ਸਖ਼ਤ ਫ਼ੈਸਲੇ ਕਰਨ ?

ਮਾਪਿਆਂ ਨੂੰ ਚੌਕਸ ਰਹਿਣਾ ਹੀ ਪਵੇਗਾ। ਬੱਚਿਆਂ ਦੇ ਬਦਲਦੇ ਸੁਭਾਅ, ਵਿਵਹਾਰ ਅਤੇ



ਸਕਰੀਨ ਟਾਈਮ ’ਤੇ ਨਜ਼ਰ ਰੱਖਣੀ ਹੋਵੇਗੀ। ਸਮਾਰਟ ਫ਼ੋਨ ’ਤੇ ਉਹ ਕੀ ਵੇਖਦੇ ਹਨ, ਵਧੇਰੇ ਸਮਾਂ ਕਿੰਝ ਬਿਤਾਉਂਦੇ ਹਨ, ਇਹ ਵੇਖਣਾ ਸਮਝਣਾ ਹੋਵੇਗਾ। ਜੇ ਸੁਭਾਅ ਚਿੜਚੜਾ ਅਤੇ ਗ਼ੁੱਸੇ ਵਾਲਾ ਹੋ ਰਿਹਾ ਹੈ ਤਾਂ ਉਸ ਨੂੰ ਕਲਪਨਾ ਦੀ ਦੁਨੀਆ ’ਚੋਂ ਕੱਢ ਕੇ ਅਸਲ ਜੀਵਨ ਨਾਲ ਜੋੜਨਾ ਹੋਵੇਗਾ। ਡਾਕਟਰ ਜਾਂ ਮਾਹਰ ਦੀ ਮਦਦ ਲੈਣੀ ਪਵੇਗੀ। ਉਸ ਨੂੰ ਖੁੱਲ੍ਹੇ ਅਸਮਾਨ ਹੇਠ ਸਾਥੀਆਂ ਨਾਲ ਰਲ ਕੇ ਖੇਡੀਆਂ ਜਾਣ ਵਾਲੀਆਂ ਖੇਡਾਂ ਨਾਲ ਜੋੜਨਾ ਹੋਵੇਗਾ। ਉਸ ਨਾਲ ਗੱਲਬਾਤ ਕਰਦਿਆਂ ਸਮਾਂ ਬਿਤਾਉਣਾ ਜ਼ਰੂਰੀ ਹੈ। ਅਚਾਨਕ ਪਾਬੰਦੀ ਜਾਂ ਅਚਾਨਕ ਸਖ਼ਤੀ ਨਾਲ ਮਾਮਲਾ ਵਿਗੜ ਸਕਦਾ ਹੈ। ਸਮਾਰਟ ਫ਼ੋਨ ਦਾ ਬਦਲ ਜ਼ਰੂਰੀ ਹੈ। ਬਦਲਵਾਂ ਮਨੋਰੰਜਨ, ਬਦਲਵਾਂ ਮਾਹੌਲ। ਸ਼ੌਕ ਤੇ ਸਿਰਜਣਾਤਮਕ ਰੁਝੇਵੇਂ। ਉਤਸ਼ਾਹ ਤੇ ਹੱਲਾਸ਼ੇਰੀ। ਪ੍ਰਸੰਸਾ ਤੇ ਪ੍ਰੇਰਨਾ। ਅਜਿਹਾ ਕਰਕੇ ਮਾਪੇ ਕਾਫ਼ੀ ਹੱਦ ਤਕ ਬੱਚਿਆਂ ਦਾ ਸਕਰੀਨ-ਸਮਾਂ ਘਟਾ ਸਕਦੇ ਹਨ।

ਬੀਤੇ ਦਿਨੀਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਵਿਦਿਆਰਥੀ ਤਕਨੀਕ ਦੇ ਗੁਲਾਮ ਨਾ ਬਣਨ। ਮੈਰੀ ਵੇਅਨਰਚੈਕ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਦੀ ਲਤ ਨਸ਼ਿਆਂ ਨਾਲੋਂ ਵੀ ਬੁਰੀ ਹੈ। ਅਜਿਹੇ ਮਾਹੌਲ ਵਿਚ ਬੱਚਿਆਂ ਅਤੇ ਵਿਦਿਆਰਥੀਆਂ ਦੀ ਮਾਨਸਿਕ ਤੰਦਰੁਸਤੀ ਨੂੰ ਲੈ ਕੇ ਚਿੰਤਾਵਾਂ ਵੱਧਦੀਆਂ ਜਾ ਰਹੀਆਂ ਹਨ।

ਹਰ ਕੋਈ, ਕੀ ਵੱਡਾ ਕੀ ਛੋਟਾ ਸਮਾਰਟ ਫ਼ੋਨ ਦੀ ਸਕਰੀਨ ਵਿਚ ਉਲਝਿਆ ਹੋਇਆ ਹੈ। ਸਮਾਰਟ ਫ਼ੋਨ ਹੁਣ ਕੇਵਲ ਫ਼ੋਨ ਕਰਨ ਅਤੇ ਫ਼ੋਨ ਸੁਣਨ ਲਈ ਹੀ ਨਹੀਂ ਵਰਤਿਆ ਜਾਂਦਾ। ਫ਼ੋਨ ਕਰਨ ਅਤੇ ਫ਼ੋਨ ਸੁਣਨ ਵਿਚ ਤਾਂ ਸ਼ਾਇਦ ਦਿਨ ਦੇ ਦਸ ਮਿੰਟ ਹੀ ਲੱਗਦੇ ਹੋਣਗੇ। ਪਰ ਅੰਕੜੇ ਦੱਸਦੇ ਹਨ ਕਿ ਬੱਚੇ ਅਤੇ ਆਮ ਇਨਸਾਨ ਸਮਾਰਟ ਫ਼ੋਨ ਦੇ ਸਕਰੀਨ ’ਤੇ ਦਿਨ ਦੇ ਚਾਰ ਪੰਜ ਘੰਟੇ ਬਤੀਤ ਕਰ ਰਹੇ ਹਨ।

ਸਮਾਰਟ ਫ਼ੋਨ ਦੀ ਲੱਤ ਨੂੰ ਵੇਖਦੇ ਹੋਏ ਮੋਗਾ ਦੇ ਪਿੰਡ ਘੋਲ਼ੀਆ ਖੁਰਦ ਵਿਖੇ ਇਕ ਦਿਲਚਸਪ ਮੁਕਾਬਲਾ ਕਰਵਾਇਆ ਗਿਆ ਤੇ ਜੇਤੂਆਂ ਨੂੰ ਸਾਈਕਲ ਅਤੇ ਪੈਸੇ ਇਨਾਮ ਵਜੋਂ ਵੰਡੇ ਗਏ। ਮੁਕਾਬਲੇ ਦਾ ਸਿਰਲੇਖ ਸੀ ‘ਬਿਨਾਂ ਫ਼ੋਨ ਤੋਂ ਵਿਹਲੇ ਬੈਠਣ ਦਾ ਮੁਕਾਬਲਾ’। ਕੋਈ ਸਮਾਂ-ਸੀਮਾ ਨਹੀਂ ਰੱਖੀ ਗਈ ਸੀ। ਇਸ ਮੁਕਾਬਲੇ ਵਿਚ 55 ਜਣਿਆਂ ਨੇ ਹਿੱਸਾ ਲਿਆ। ਕੁਝ ਸਖ਼ਤ ਸ਼ਰਤਾਂ ਸਨ। ਸਮਾਰਟ ਫ਼ੋਨ ਦੀ ਲਤ ਨੂੰ ਘਟਾਉਣ ਲਈ, ਇਸ ਪ੍ਰਤੀ ਲੋਕਾਂ ਦਾ ਧਿਆਨ ਆਕਰਸ਼ਿਤ ਕਰਨ ਲਈ ਵਿਹਲੇ ਬੈਠਣਾ ਸੀ। ਸਮਾਰਟ ਫ਼ੋਨ ਦੀ ਵਰਤੋਂ ਨਹੀਂ ਕਰਨੀ ਸੀ। ਸੌਣਾ ਨਹੀਂ ਸੀ, ਇਧਰ ਉਧਰ ਨਹੀਂ ਜਾਣਾ ਸੀ। ਇਸ ਮੁਕਾਬਲੇ ਵਿਚ ਕਈ ਜਣੇ ਕਾਮਯਾਬ ਹੋਏ ਅਤੇ ਲਗਾਤਾਰ 31 ਘੰਟੇ ਸਮਾਰਟ ਫ਼ੋਨ ਤੋਂ ਦੂਰ ਰਹੇ। ਇਸ ਸਮੇਂ ਦੌਰਾਨ ਉਹ ਕਿਤਾਬਾਂ ਪੜ੍ਹਦੇ ਰਹੇ, ਮੈਡੀਟੇਸ਼ਨ ਕਰਦੇ ਰਹੇ।

ਅਜਿਹੇ ਮੁਕਾਬਲੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਵਿਚ ਹੁੰਦੇ ਰਹਿਣੇ ਚਾਹੀਦੇ ਹਨ। ਇਸ ਲਈ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਭਾਵੇਂ ਇਹ ਅੱਜ ਸਥਾਨਕ ਸਮੱਸਿਆ ਨਹੀਂ ਰਹੀ, ਵਿਸ਼ਵ ਵਿਆਪੀ ਵਰਤਾਰਾ ਬਣ ਚੁੱਕਾ ਹੈ। ਇਕ ਅਨੁਮਾਨ ਅਨੁਸਾਰ ਦੁਨੀਆ ਵਿਚ 30-40 ਪ੍ਰਤੀਸ਼ਤ ਸਿਆਣੀ ਉਮਰ ਦੇ, 20-22 ਪ੍ਰਤੀਸ਼ਤ ਔਰਤਾਂ, 50 ਪ੍ਰਤੀਸ਼ਤ ਨੌਜਵਾਨਾਂ ਅਤੇ 70 ਪ੍ਰਤੀਸ਼ਤ ਕੁਲ ਲੋਕਾਂ ਵਿਚ ਸਮਾਰਟ ਫ਼ੋਨ ਦੀ ਵਰਤੋਂ ਦੇ ਦੁਰਪ੍ਰਭਾਵ ਨਜ਼ਰ ਆਉਣ ਲੱਗੇ ਹਨ। ਇਹ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਫ਼ੋਨ ਤੋਂ ਬਿਨਾਂ ਡਰ ਲੱਗਣ ਲੱਗਦਾ ਹੈ। ਘਬਰਾਹਟ ਹੋਣ ਲੱਗਦੀ ਹੈ।

ਤਾਜ਼ਾ ਅੰਕੜਿਆਂ ਅਨੁਸਾਰ 60 ਪ੍ਰਤੀਸ਼ਤ ਤੋਂ ਵਧੇਰੇ ਬੱਚੇ, ਜਿਨ੍ਹਾਂ ਦੀ ਉਮਰ 5 ਤੋਂ 16 ਸਾਲ ਦਰਮਿਆਨ ਹੈ, ਨੂੰ ਸਮਾਰਟ ਫ਼ੋਨ ਦੀ ਲਤ ਲੱਗ ਚੁੱਕੀ ਹੈ।

11-14 ਸਾਲ ਦੇ 91 ਪ੍ਰਤੀਸ਼ਤ ਬੱਚਿਆਂ ਕੋਲ ਫ਼ੋਨ ਅਤੇ ਇੰਟਰਨੈੱਟ ਦੀ ਸਹੂਲਤ ਹੈ। ਇਸ ਉਮਰ ਵਰਗ ਦੇ ਬੱਚੇ ਰੋਜ਼ਾਨਾ 4 ਤੋਂ 6 ਘੰਟੇ ਸਮਾਰਟ ਫ਼ੋਨ ਦੀ ਵਰਤੋਂ ਕਰਦੇ ਹਨ।

ਭਾਰਤ ਵਿਚ 64 ਪ੍ਰਤੀਸ਼ਤ ਬੱਚਿਆਂ ਨੂੰ ਸਮਾਰਟ ਫ਼ੋਨ ਦੀ ਲਤ ਲੱਗ ਚੁੱਕੀ ਹੈ ਅਤੇ ਇਹ ਔਸਤਨ 4-5 ਘੰਟੇ ਫ਼ੋਨ ’ਤੇ ਰੁੱਝੇ ਰਹਿੰਦੇ ਹਨ। ਬਹੁਤੇ ਮੁਲਕਾਂ ਵਿਚ ਇਹ ਪ੍ਰਤੀਸ਼ਤ ਭਾਰਤ ਨਾਲੋਂ ਕਾਫ਼ੀ ਘੱਟ ਹੈ।

ਮਾਹਰ ਮੰਨਦੇ ਹਨ ਕਿ 13 ਸਾਲ ਦੀ ਉਮਰ ਤੋਂ ਪਹਿਲਾਂ ਸਮਾਰਟ ਫ਼ੋਨ ਦੀ ਵਰਤੋਂ ਵਧੇਰੇ ਨੁਕਸਾਨਦਾਇਕ ਹੈ। ਇਸ ਨਾਲ ਅਨੇਕਾਂ ਤਰ੍ਹਾਂ ਦੀਆਂ ਮਾਨਸਿਕ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਉਪਰੋਕਤ ਵਰਗਾਂ ਦੇ ਬੱਚਿਆਂ ਵਿਚੋਂ ਵਧੇਰੇ ਸਮਾਰਟ ਫ਼ੋਨ ’ਤੇ ਗੇਮਾਂ ਖੇਡਣ ਨੂੰ ਤਰਜੀਹ ਦਿੰਦੇ ਹਨ।

ਵੇਖਣ ਵਿਚ ਆਇਆ ਹੈ ਕਿ ਅਜਿਹੇ ਬੱਚੇ ਚਿੰਤਾ, ਡਰ ਅਤੇ ਉਦਾਸੀ ਦਾ ਸ਼ਿਕਾਰ ਹੁੰਦੇ ਹਨ। ਚਾਲੀ ਪ੍ਰਤੀਸ਼ਤ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਾਹਠ ਪ੍ਰਤੀਸ਼ਤ ਨੂੰ ਗੂੜ੍ਹੀ ਨੀਂਦ ਲੈਣ ਵਿਚ ਦਿੱਕਤ ਆਉਣ ਲੱਗਦੀ ਹੈ। ਚਾਲੀ ਪ੍ਰਤੀਸ਼ਤ ਅੱਖਾਂ ਦੀਆਂ ਪ੍ਰੇਸ਼ਾਨੀਆਂ ਵਿਚ ਘਿਰ ਜਾਂਦੇ ਹਨ ਅਤੇ ਏਨੇ ਹੀ ਗਰਦਨ ਅਤੇ ਮੋਢਿਆਂ ਦੇ ਦਰਦ ਕਾਰਨ ਪ੍ਰੇਸ਼ਾਨ ਰਹਿੰਦੇ ਹਨ।

67 ਪ੍ਰਤੀਸ਼ਤ ਅਧਿਆਪਕਾਂ ਦਾ ਮੰਨਣਾ ਹੈ ਕਿ ਸਮਾਰਟ ਫ਼ੋਨ ਦੀ ਵਜ੍ਹਾ ਕਰਕੇ ਵਧੇਰੇ ਬੱਚਿਆਂ ਦੀ ਕਲਾਸ ਰੂਮ ਅਤੇ ਇਮਤਿਹਾਨਾਂ ਵਿਚ ਕਾਰਗੁਜ਼ਾਰੀ ਪ੍ਰਭਾਵਿਤ ਹੋ ਰਹੀ ਹੈ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਬੱਚਿਆਂ ਦਾ ਭਵਿੱਖ ਸੁਰੱਖਿਅਤ ਰਹੇ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਹ ਮਾਨਸਿਕ ਤੌਰ ’ਤੇ ਤੰਦਰੁਸਤ ਰਹਿਣ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਸੰਤੁਲਿਤ ਢੰਗ ਨਾਲ ਹੋਵੇ, ਜੇਕਰ ਅਸੀਂ ਚਾਹੁੰਦੇ ਹਾਂ ਕਿ ਉਹ ਕੋਈ ਅਣਕਿਆਸਿਆ ਖ਼ਤਰਨਾਕ ਕਦਮ ਨਾ ਚੁੱਕਣ ਤਾਂ ਉਨ੍ਹਾਂ ਨੂੰ ਸਮਾਰਟ ਫ਼ੋਨ ਵੱਲੋਂ ਵਰਜ ਕੇ ਸਿਰਜਣਾਤਮਿਕ ਸਰਗਰਮੀਆਂ ਨਾਲ ਜੋੜਨਾ ਹੋਵੇਗਾ।

11 ਫਰਵਰੀ 2026 ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਇਕ ਚਿੰਤਾਜਨਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਨੇ ਅਜਿਹੇ ਐਲਗੋਰਿਦਮ ਅਤੇ ਫੀਚਰ ਤਿਆਰ ਕਰ ਰੱਖੇ ਹਨ ਜਿਹੜੇ ਬੱਚਿਆਂ ਨੂੰ ਟਾਰਗੈਟ ਕਰਦੇ ਹਨ। ਰਿਪੋਰਟ ਵਿਚ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਦਾ ਮੁਕਾਬਲਾ ਕੈਸੀਨੋ ਅਤੇ ਨਸ਼ੀਲੀਆਂ ਦਵਾਈਆਂ ਨਾਲ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਇਹ ਕੰਪਨੀਆਂ ਬੱਚਿਆਂ ਨੂੰ ਆਪਣੇ ਉਤਪਾਦਾਂ ਦੀ ਲਤ ਲਾਉਣ ਵਾਲੇ ਡਿਜ਼ਾਈਨ ਜਾਣ ਬੁਝ ਕੇ ਤਿਆਰ ਕਰਦੀਆਂ ਹਨ। ਇਹ ਡਿਜ਼ਾਈਨ ਪੂਰੀ ਰੀਸਰਚ ਬਾਅਦ ਤਿਆਰ ਕੀਤੇ ਜਾਂਦੇ ਹਨ।


ਰਿਪੋਰਟ ਦੇ ਅਖ਼ੀਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਮਾਰਟ ਫ਼ੋਨ ਅਤੇ ਸੋਸ਼ਲ ਮੀਡੀਆ ਕਾਰਨ ਬੱਚਿਆਂ ਨੂੰ ਵੱਡੇ ਰੋਗ ਲੱਗ ਰਹੇ ਹਨ। ਜਿਹੜੇ ਬੱਚੇ ਘੱਟ ਉਮਰ ਵਿਚ ਇਨ੍ਹਾਂ ਪਲੇਟਫਾਰਮਾਂ ਨਾਲ ਜੁੜਦੇ ਹਨ, ਉਨ੍ਹਾਂ ਦੇ ਦਿਮਾਗ਼ ਅਤੇ ਸਿਹਤ ’ਤੇ ਮੁਕਾਬਲਤਨ ਵਧੇਰੇ ਉਲਟਾ ਅਸਰ ਪੈਂਦਾ ਹੈ।

ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਇਨ੍ਹਾਂ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਵਿਰੁੱਧ ਅਨੇਕਾਂ ਮੁਕੱਦਮੇ ਚੱਲ ਰਹੇ ਹਨ। ਲਾਸ ਏਂਜਲਸ ਦੇ ਵਕੀਲ ਮਾਰਕ ਲੈਨੀਅਰ ਨੇ ਅਦਾਲਤ ਵਿਚ ਇਨ੍ਹਾਂ ਪਲੇਟਫਾਰਮਾਂ ਦੇ ਅੰਦਰੂਨੀ ਦਸਤਾਵੇਜ਼ਾਂ ਦੇ ਆਧਾਰ ’ਤੇ ਕਰਮਚਾਰੀਆਂ ਦਰਮਿਆਨ ਹੋਏ ਅੰਦਰੂਨੀ ਸੰਚਾਰ ਦਾ ਜ਼ਿਕਰ ਕੀਤਾ, ਜਿਸ ਵਿਚ ਕਰਮਚਾਰੀ ਕਹਿ ਰਹੇ ਹਨ, ‘ਸਾਡਾ ਪਲੇਟਫਾਰਮ ਇਕ ਡਰੱਗ ਵਾਂਗ ਹੈ’ ਅਤੇ ਇਸ ਦੀ ਲਤ ਲੱਗਣ ’ਤੇ ਡਰੱਗ ਵਾਂਗ ਹੀ ਦਿਮਾਗ਼ ’ਤੇ ਅਸਰ ਹੁੰਦਾ ਹੈ।


*******

# ਰੂਪ ਢਿੱਲੋਂ ਦਾ 'ਰਾਂਝਾ' ਨਾਵਲ ਬਰਤਾਨਵੀ ਤੇ ਪੰਜਾਬੀ ਸਭਿਆਚਾਰ ਦਾ ਸੁਮੇਲ

**ਉਜਾਗਰ ਸਿੰਘ**



ਰੂਪ ਢਿੱਲੋਂ ਪਰਵਾਸੀ ਪੰਜਾਬੀ ਸਾਹਿਤਕਾਰ ਹੈ। ਉਸਦੀਆਂ ਨੌਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਇੱਕ ਕਵਿਤਾ/ਕਹਾਣੀ ਅਤੇ ਅੱਠ ਨਾਵਲ ਸ਼ਾਮਲ ਹਨ। ਉਸਦੀ ਪੁਸਤਕ 'ਭਰਿੰਡ' 2011 ਅਤੇ ਬਾਕੀ ਅੱਠ ਨਾਵਲਾਂ ਵਿੱਚ 'ਨੀਲਾ ਨੂਰ' 2007, ਬਾਬੇਲੋਨਾ : ਘਰ ਵਾਪਸੀ 2009, 'ਓ' 2013, 2014, 'ਸੁਰਮਈ' 2015, 2018, 'ਸਿੰਧਵਾਦ' 2020, 'ਚਿੱਟਾ ਤੇ ਕਾਲਾ' 2021, 'ਹੌਲ' 2023 ਅਤੇ 'ਨਾਗਾਂ ਦੀ ਖੇਡ' 2025 ਵਿੱਚ ਪ੍ਰਕਾਸ਼ਤ ਹੋਈਆਂ ਹਨ। 2007 ਤੋਂ ਲੈ ਕੇ ਜਦੋਂ ਉਸਦੀ ਪਹਿਲੀ ਪੁਸਤਕ ਛਪੀ ਸੀ, ਲਗਪਗ ਹਰ ਸਾਲ ਉਸਦੀ ਇੱਕ ਨਵੀਂ ਪੁਸਤਕ ਜਾਂ ਕਿਸੇ ਪੁਸਤਕ ਦਾ ਦੂਜਾ ਐਡੀਸ਼ਨ ਪ੍ਰਕਾਸ਼ਤ ਹੋ ਰਿਹਾ ਹੈ, ਭਾਵ ਉਹ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਿਹਾ ਹੈ। 'ਰਾਂਝਾ' ਨਾਵਲ ਉਸਦੀ ਦਸਵੀਂ ਪੁਸਤਕ ਹੈ। ਇਹ ਨਾਵਲ ਪੰਜਾਬੀ ਸਭਿਆਚਾਰ ਅਤੇ ਬਰਤਾਨੀਆਂ ਦੇ ਸਭਿਆਚਾਰ ਦਾ ਸੁਮੇਲ ਹੈ, ਜਿਸ ਵਿੱਚ ਦਰਸਾਇਆ ਗਿਆ ਹੈ ਕਿ ਪੰਜਾਬੀ ਪਰਿਵਾਰ ਬਰਤਾਨੀਆਂ ਵਿੱਚ ਜਾ ਕੇ ਭਾਵੇਂ ਉਥੋਂ ਦੇ ਸਭਿਆਚਾਰ, ਕਾਨੂੰਨ ਅਤੇ ਕਦਰਾਂ ਕੀਮਤਾਂ ਅਨੁਸਾਰ ਵਿਚਰਨ ਦੀ ਕੋਸ਼ਿਸ਼ ਕਰਦੇ ਹਨ, ਪ੍ਰੰਤੂ ਇਸਦੇ ਬਾਵਜੂਦ ਵੀ ਉਹ ਆਪਣੀ ਵਿਰਾਸਤ ਨੂੰ ਨਹੀਂ ਭੁੱਲ ਸਕਦੇ, ਅੰਗਰੇਜ਼ੀ ਤੇ ਪੰਜਾਬੀ ਭਾਸ਼ਾਵਾਂ ਨੂੰ ਰਲਗਡ ਕਰਕੇ ਬੋਲਦੇ ਹਨ। ਉਹ ਦੋਹਾਂ ਸਭਿਆਚਾਰਾਂ ਵਿੱਚ ਵਿਚਰਦਿਆਂ ਪੂਰੀ ਤਰੀਕੇ ਨਾਲ ਕਿਸੇ ਵੀ ਸਭਿਆਚਾਰ 'ਤੇ ਪਹਿਰਾ ਨਹੀਂ ਦਿੰਦੇ। ਇਹ ਨਾਵਲ ਇੱਕ ਕਿਸਮ ਨਾਲ ਬਰਤਾਨੀਆਂ ਵਿੱਚ ਰਹਿ ਰਹੇ ਚਾਰ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਦੇ ਇਸ਼ਕ ਦੀ ਦਾਸਤਾਂ ਮਾਡਰਨ ਹੀਰ ਰਾਂਝੇ ਦੇ ਰੂਪ ਵਿੱਚ ਹੈ। ਨਾਵਲ ਦੇ ਸਾਰੇ ਪਾਤਰਾਂ ਦੇ ਨਾਂ ਹੀਰ ਰਾਂਝੇ ਦੇ ਕਿੱਸੇ ਦੇ ਪਾਤਰਾਂ ਵਾਲੇ ਹਨ। ਜਿਵੇਂ ਹੀਰ, ਰਾਂਝਾ, ਚੂਚਕ, ਕੈਦੋ, ਸੈਦੋ, ਸਹਿਤੀ ਆਦਿ। ਰੂਪ ਢਿੱਲੋਂ ਨੇ ਇਸ ਨਾਵਲ ਨੂੰ ਇਤਨਾ ਦਿਲਚਸਪ ਬਣਾਕੇ ਲਿਖਿਆ ਹੈ ਕਿ ਪਾਠਕ ਇੱਕ ਬੈਠਕ ਵਿੱਚ ਹੀ ਪੜ੍ਹਕੇ ਖ਼ਤਮ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹੋ ਨਾਵਲਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਨਾਵਲ ਵਿੱਚ ਪੰਜਾਬੀਆਂ ਦੇ ਪਰਵਾਸ ਵਿੱਚ ਜਾ ਕੇ ਜਦੋਜਹਿਦ ਕਰਕੇ ਸੈਟਲ ਹੋਣ ਅਤੇ ਆਪਣੀਆਂ ਪੁਰਾਣੀਆਂ ਆਦਤਾਂ ਅਤੇ ਨਵੇਂ ਸਭਿਆਚਾਰ ਵਿੱਚ ਅਡਜਸਟ ਹੋਣ ਦੀ ਕਹਾਣੀ ਵੀ ਦਿਲਚਸਪ ਬਣਾਕੇ ਵਿਖਾਈ ਹੈ। ਪੰਜਾਬੀ ਭਾਵੇਂ ਸੰਸਾਰ ਵਿੱਚ ਕਿਸੇ ਵੀ ਕੋਨੇ ਵਿੱਚ ਰਹਿਣ, ਪ੍ਰੰਤੂ ਆਪਣੀ ਬਿਮਾਰ ਮਾਨਸਿਕਤਾ ਤੋਂ ਖਹਿੜਾ ਨਹੀਂ ਛੁਡਾ ਸਕਦੇ। ਪਰਵਾਸ ਵਿੱਚ ਖੁਲ੍ਹਾ ਡੁਲ੍ਹਾ ਜੀਵਨ ਹੈ, ਮਰਦ ਔਰਤ ਦੇ ਆਪਸੀ ਵਿਚਰਣ ਤੇ ਕੋਈ ਸ਼ੱਕ ਨਹੀਂ ਕੀਤੀ ਜਾਂਦੀ, ਪ੍ਰੰਤੂ ਪਰਵਾਸ ਵਿੱਚ ਗਏ ਪੰਜਾਬੀ ਦੋਹਾਂ ਸਭਿਅਚਾਰਾਂ ਵਿੱਚ ਉਲਝੇ ਹੋਏ ਹਨ। ਇਸ ਨਾਵਲ ਵਿੱਚ ਮੋਹਨ ਸਿੰਘ ਰਾਂਝਾ ਦੇ ਇੱਕ ਪਰਿਵਾਰ ਦੀ ਜਦੋਜਹਿਦ ਵਾਲੀ ਜ਼ਿੰਦਗੀ ਦਾ




**ਹੀਰ ਦੇ ਪਾਤਰ ਨੂੰ ਅਦਰਸ਼ਕ ਵਿਖਾਇਆ ਗਿਆ ਹੈ, ਜੋ ਵਿਆਹ ਤੋਂ ਬਾਅਦ ਵੀ ਆਪਣੇ ਪਤੀ ਨਾਲ ਹਮਬਿਸਤਰ ਨਹੀਂ ਹੁੰਦੀ। ਬੜੀ ਕਸ਼ਮਕਸ਼ ਤੋਂ ਬਾਅਦ ਰਾਂਝਾ ਹੀਰ ਦੀਆਂ ਸਹੇਲੀਆਂ ਬਰਾਸਤਾ ਸਹਿਤੀ ਹੀਰ ਨੂੰ ਮਿਲਣ ਵਿੱਚ ਸਫਲ ਹੋ ਜਾਂਦਾ ਹੈ। ਰਾਂਝਾ ਸਹਿਤੀ ਦੇ ਪ੍ਰੇਮੀ ਮੁਰਾਦ ਬਲੋਚ ਨੂੰ ਮਿਲਦਾ ਹੈ ਤੇ ਫਿਰ ਉਹ ਦੋਵੇਂ ਯੋਜਨਾ ਬਣਾਕੇ ਹੀਰ ਨੂੰ ਰਾਂਝਾ ਤੇ ਸਹਿਤੀ ਨੂੰ ਮੁਰਾਦ ਬਲੋਚ ਭਜਾ ਕੇ ਲੈ ਜਾਂਦੇ ਹਨ। ਸੈਦੋ ਦਾ ਪਰਿਵਾਰ ਤੁਰੰਤ ਦੋਹਾਂ ਦਾ ਪਿੱਛਾ ਕਰਦਾ ਹੈ। ਸੈਦੋ ਲੜਾਈ ਵਿੱਚ ਮਾਰਿਆ ਜਾਂਦਾ ਹੈ।**

ਵਰਣਨ ਕੀਤਾ ਗਿਆ ਹੈ, ਦੂਜੇ ਪਾਸੇ 'ਸਿਆਲ ਈਕੁਏਸਟਰੀਅਣ ਕੇਂਦਰ' ਦੇ ਮਾਲਕ (ਚੂਚਕ) ਪਰਿਵਾਰ ਦੇ ਘਰੇਲੂ ਕਲੇਸ਼ ਤੋਂ ਬਾਅਦ ਇੰਗਲੈਂਡ ਵਿੱਚ ਜਦੋਜਹਿਦ ਤੋਂ ਬਾਅਦ ਖ਼ੁਸ਼ਹਾਲ ਜ਼ਿੰਦਗੀ ਦਾ ਪ੍ਰਗਟਾਵਾ ਹੈ, ਤੀਜੇ ਅਰਜਨ ਸਿੰਘ ਅਜੂ ਦੇ ਪਰਿਵਾਰ ਜਿਸ ਵਿੱਚ ਪਤਨੀ ਜੀਤੋ, ਸਪੁੱਤਰ (ਸਾਧੂ ਸਿੰਘ) ਸੈਦੋ ਤੇ ਲੜਕੀ ਸਹਿਤੀ, ਚੌਥੇ ਮੁਰਾਦ ਬਲੋਚ ਦਾ ਪਰਿਵਾਰ ਸ਼ਾਮਲ ਹਨ। ਚਾਰ ਪਰਿਵਾਰਾਂ ਦੀਆਂ ਕਹਾਣੀਆਂ ਬਰਾਬਰ ਚਲਦੀਆਂ ਹਨ। ਮੋਹਨ ਸਿੰਘ ਰਾਂਝਾ ਦੇ ਪਰਿਵਾਰ ਵਿੱਚ ਤਿੰਨ ਪੁਤਰ ਰਣਧੀਰ, ਅਜ਼ੀਮ ਤੇ ਸਭ ਤੋਂ ਛੋਟਾ ਧੀਦੋ ਸਿੰਘ ਰਾਂਝਾ, ਰਣਧੀਰ ਦੀ ਪਤਨੀ ਵੀਣਾ ਤੇ ਅਜ਼ੀਮ ਦੀ ਪਤਨੀ ਸੁਖੀ। ਧੀਦੋ ਸਿੰਘ ਰਾਂਝੇ ਦਾ ਉਥੋਂ ਦੇ ਕਾਨੂੰਨ ਦੇ ਵਿਰੁੱਧ ਸ਼ਰਾਬ ਪੀ ਕੇ ਗੱਡੀ ਚਲਾਉਣਾ ਆਦਿ ਦਰਸਾਇਆ ਹੈ। ਨਾਵਲ ਦੀ ਕਹਾਣੀ ਰੂਪ ਢਿੱਲੋਂ, ਅਜ਼ੀਮ ਦੇ ਪਾਤਰ ਰਾਹੀਂ ਫਸਟ ਪਰਸਨ ਵਿੱਚ ਸਣਾਉਂਦਾ ਹੈ। ਜਿਵੇਂ ਪੰਜਾਬ ਵਿੱਚ ਸਾਂਝੇ ਪਰਿਵਾਰਾਂ ਦੀ ਆਪਸੀ ਖਿਚੋਤਾਣ, ਰਹਿਣ ਸਹਿਣ, ਦਰਾਣੀ ਜਠਾਣੀ, ਦਿਓਰ/ਜੇਠ ਭਰਜਾਈ ਦਾ ਇਸ਼ਕ ਮੁਸ਼ਕ ਅਤੇ ਸਕੇ ਭੈਣ ਭਰਾਵਾਂ ਵਿੱਚ ਪਿਆਰ ਤੇ ਖਟਾਸ ਅਤੇ ਪਰਿਵਾਰਾਂ ਦੀ ਜਾਇਦਾਦ ਦੇ ਮਸਲਿਆਂ ਦਾ ਵੇਰਵਾ ਦ੍ਰਿਸ਼ਟਾਂਤਿਕ ਢੰਗ ਨਾਲ ਦਿੱਤਾ ਗਿਆ ਹੈ। ਰੂਪ ਢਿੱਲੋਂ ਹਰ ਗੱਲ, ਘਟਨਾ ਅਤੇ ਹਰ ਪਰਿਵਾਰ ਦਾ ਵੇਰਵਾ ਦੇਣ ਸਮੇਂ ਅਜਿਹਾ ਚਿਤਰਣ ਕਰਦਾ ਹੈ ਕਿ ਸੀਨ ਸਾਹਮਣੇ ਵਿਖਾਈ ਦੇਣ ਲੱਗ ਜਾਂਦਾ ਹੈ, ਜਿਵੇਂ ਪਾਠਕ ਖੁਦ ਸਾਰਾ ਕੁਝ ਵੇਖ ਰਿਹਾ ਹੈ। ਕੁਝ ਚੈਪਟਰ ਨਾਵਲ ਦਾ ਸਾਈਜ਼ ਵਧਾਉਣ ਲਈ ਬਣਾਏ ਗਏ ਲਗਦੇ ਹਨ। ਇਸੇ ਤਰ੍ਹਾਂ ਮਾਪਿਆਂ ਦਾ ਆਪਣੀ ਔਲਾਦ ਨਾਲ ਪਿਆਰ ਦੀ ਵੀ ਬਿਹਤਰੀਨ ਪ੍ਰਗਟਾਵਾ ਵਿਖਾਇਆ ਗਿਆ ਹੈ। ਮਾਪਿਆਂ ਲਈ ਸਾਰੀ ਔਲਾਦ ਬਰਾਬਰ ਹੁੰਦੀ ਹੈ, ਪ੍ਰੰਤੂ ਫਿਰ ਵੀ ਥੋੜ੍ਹਾ ਬਹੁਤਾ ਫ਼ਰਕ ਰੱਖਦੇ ਹਨ। ਪਰਿਵਾਰ ਵਿੱਚ ਇੱਕ ਨਾ ਇੱਕ ਮੈਂਬਰ ਜ਼ਰੂਰ ਬਾਕੀਆਂ ਨਾਲੋਂ ਵਿਲੱਖਣ ਕਿਸਮ ਦਾ ਹੁੰਦਾ ਹੈ, ਜਿਵੇਂ ਸਭ ਤੋਂ ਛੋਟਾ ਧੀਦੋ ਸਿੰਘ ਰਾਂਝਾ, ਜਿਸਨੂੰ ਨਿਖੱਟੂ ਵੀ ਕਹਿੰਦੇ ਹਨ, ਪ੍ਰੰਤੂ ਵੰਝਲੀ ਕਮਾਲ ਦੀ ਵਜਾਉਂਦਾ ਹੈ। ਇੱਕ ਕਿਸਮ ਨਾਲ ਹੀਰ ਰਾਂਝੇ ਦੀ ਕਹਾਣੀ ਮਾਡਰਨ ਹੀਰ ਰਾਂਝੇ ਦੇ ਰੂਪ ਵਿੱਚ ਦਰਸਾਈ ਗਈ ਹੈ। ਧੀਦੋ ਸਿੰਘ ਰਾਂਝਾ ਭਰਜਾਈਆਂ ਦੇ ਮਿਹਣਿਆਂ ਅਤੇ ਜ਼ਿੰਦਗੀ ਵਿੱਚ ਸਫਲ ਹੋ ਕੇ ਸੁੰਦਰ ਪਤਨੀ ਲਿਆਉਣ ਨੂੰ ਪੂਰਾ ਕਰਨ ਲਈ ਹੀਰ ਦੀ ਭਾਲ ਵਿੱਚ ਜਦੋਜਹਿਦ ਕਰਦਾ ਹੈ। ਉਸ ਵਿੱਚ ਰਾਂਝੇ ਵਾਲੇ ਸਾਰੇ ਗੁਣ ਵਿਖਾਏ ਗਏ ਹਨ। ਉਸਨੂੰ ਅਣਖੀ ਤੇ ਹੀਰ ਨੂੰ ਪਾਉਣ ਲਈ ਮਿਹਨਤ ਤੇ ਜਦੋਜਹਿਦ ਕਰਦਾ ਵਿਖਾਇਆ ਗਿਆ ਹੈ। ਰੂਪ ਢਿੱਲੋਂ ਦੀ ਇੱਕ ਹੋਰ ਕਮਾਲ ਹੈ ਕਿ ਉਹ ਜੋ ਵੀ ਲਿਖਦਾ ਹੈ, ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਸਾਰਾ ਕੁਝ ਵਾਪਰਦਾ ਪਾਠਕ ਵੇਖ ਰਿਹਾ ਹੋਵੇ। ਇਸ ਕਰਕੇ ਨਾਵਲ ਭਾਵੇਂ ਠੇਠ ਪੰਜਾਬੀ ਵਿੱਚ ਹੈ, ਪ੍ਰੰਤੂ ਕਈ ਵਾਰ ਉਸਦੀ ਗੱਲ ਪੱਲੇ ਨਹੀਂ ਪੈਂਦੀ ਕਿ ਉਹ ਕਹਿਣਾ ਕੀ ਚਾਹੁੰਦਾ ਹੈ, ਕਿਉਂਕਿ ਪਰਵਾਸ ਵਿੱਚ ਰਹਿਣ ਕਰਕੇ ਲਿਖਣ ਦਾ ਥੋੜ੍ਹਾ ਅੰਤਰ ਹੈ, ਕੁਝ ਫ਼ਿਕਰੇ ਅਸ਼ਪਸ਼ਟ ਜਿਹੇ ਹੁੰਦੇ ਹਨ? ਭਾਵੇਂ ਸ਼ਬਦਾਵਲੀ ਵੀ ਉਹ ਠੇਠ ਪੰਜਾਬੀ ਵਰਤਦਾ ਹੈ, ਜਿਵੇਂ ਹਿੜਹਿੜਾਉਣਾ, ਭੌਂਡੀ ਤੀਵੀਂ, ਜਨੌਰ, ਸਾਝਰਾ, ਤਿਹਾਕਾਲ, ਨਿੰਬਲ, ਬੇਦਾਗ਼, ਛੜਾ ਛਾਂਟ ਸਿਆਪਾ, ਪ੍ਰੇਮ ਕੁੱਠਾ, ਸ਼ੀਸ਼ ਡੱਬ, ਹਿੰਡ, ਹਾਜਰੀ, ਤੱੜਕਖੋਰੀ, ਕੰਡ, ਲੂੰਬੜ, ਤਸਕਰੀ, ਚੰਬਲਦਾ, ਝਾੜ ਝੜਨਾ, ਦੁਸਾਂਘਿਆਂ, ਖੜੀਚ, ਪੈਂਤੜਾ, ਸੁਰਾਖੀਆਂ, ਘਾਤੜਿਆ, ਟਟਵਾਣੀਆਂ, ਕੜਤਲ, ਉਮੰਗ, ਝੁੰਜਲ, ਬਿਲਬਿਲਾਉਂਦਾ, ਝੰਜਟ, ਹੇਰਵੇ, ਅੱਖ ਮਟੱਕਾ, ਝਾਕੀ ਝਾਕੀ, ਖੁਤਖੁਤੀਆਂ, ਦਕਿਆਨੂਸੀ, ਮੁਖਾਲਫ਼ਤ, ਸ਼ਰੀਕ, ਆੜੀ, ਕਾੜ੍ਹਨੀ, ਚੁੜੇਲ, ਕਸੋਹਣਾ, ਹਰਾਰਤ ਅਤੇ ਪਿਛਲਪੈਰੇ ਆਦਿ।

ਇੰਗਲੈਂਡ ਵਿੱਚ ਵੀ ਜਾਤੀਵਾਦ, ਵੱਖਰੇ ਗੁਰਦੁਆਰੇ, ਡੇਰੇ ਹਨ ਤੇ ਗੋਰਿਆਂ ਵਿੱਚ ਵੀ ਪਰਿਵਾਰਿਕ ਕਲੇਸ਼, ਜਾਇਦਾਦ ਦੇ ਝਗੜੇ ਤੇ ਤਰਫਦਾਰੀ ਵਿਖਾਈ ਗਈ ਹੈ। ਭਾਰਤ ਦੀਆਂ ਪਰੰਪਰਾਵਾਂ ਨਾਲੋਂ ਬਰਤਾਨੀਆਂ ਦੇ ਸਭਿਆਚਾਰ ਦਾ ਫ਼ਰਕ ਵੀ ਦਰਸਾਇਆ ਗਿਆ ਹੈ, ਲੜਕੇ ਅਤੇ ਲੜਕੀਆਂ ਨੂੰ ਆਪਣੇ ਵਰ ਆਪ ਲੱਭਣੇ ਪੈਂਦੇ ਹਨ, ਇਥੇ ਵਿਚੋਲਗਿਰੀ ਦਾ ਰਿਵਾਜ਼ ਨਹੀਂ ਹੈ। ਹੀਰ ਦੇ ਪਾਤਰ ਨੂੰ ਅਦਰਸ਼ਕ ਵਿਖਾਇਆ ਗਿਆ ਹੈ, ਜੋ ਵਿਆਹ ਤੋਂ ਬਾਅਦ ਵੀ ਆਪਣੇ ਪਤੀ ਨਾਲ ਹਮਬਿਸਤਰ ਨਹੀਂ ਹੁੰਦੀ। ਬੜੀ ਕਸ਼ਮਕਸ਼ ਤੋਂ ਬਾਅਦ ਰਾਂਝਾ ਹੀਰ ਦੀਆਂ ਸਹੇਲੀਆਂ ਬਰਾਸਤਾ ਸਹਿਤੀ ਹੀਰ ਨੂੰ ਮਿਲਣ ਵਿੱਚ ਸਫਲ ਹੋ ਜਾਂਦਾ ਹੈ। ਰਾਂਝਾ ਸਹਿਤੀ ਦੇ ਪ੍ਰੇਮੀ ਮੁਰਾਦ ਬਲੋਚ ਨੂੰ ਮਿਲਦਾ ਹੈ ਤੇ ਫਿਰ ਉਹ ਦੋਵੇਂ ਯੋਜਨਾ ਬਣਾਕੇ ਹੀਰ ਨੂੰ ਰਾਂਝਾ ਤੇ ਸਹਿਤੀ ਨੂੰ ਮੁਰਾਦ ਬਲੋਚ ਭਜਾ ਕੇ ਲੈ ਜਾਂਦੇ ਹਨ। ਸੈਦੋ ਦਾ ਪਰਿਵਾਰ ਤੁਰੰਤ ਦੋਹਾਂ ਦਾ ਪਿੱਛਾ ਕਰਦਾ ਹੈ। ਸੈਦੋ ਲੜਾਈ ਵਿੱਚ ਮਾਰਿਆ ਜਾਂਦਾ ਹੈ। ਮੁਰਾਦ ਬਲੋਚ ਸਹਿਤੀ ਨੂੰ ਆਪਣੇ ਘਰ ਲਿਜਾਣ ਵਿੱਚ ਸਫਲ ਹੋ ਜਾਂਦਾ ਹੈ, ਪ੍ਰੰਤੂ ਰਾਂਝੇ ਨੂੰ ਸੈਦੋ ਦੇ ਪਰਿਵਾਰ ਦੇ ਮੈਂਬਰ ਘੇਰ ਲੈਂਦੇ ਹਨ ਤੇ ਉਸਦੀ ਕਾਰ ਦਾ ਐਕਸੀਡੈਂਟ ਹੋ ਜਾਂਦਾ ਹੈ। ਇਸ ਸਾਰੇ ਬ੍ਰਿਤਾਂਤ ਨੂੰ ਅਜਿਹੇ ਢੰਗ ਨਾਲ ਲਿਖਿਆ ਹੈ ਕਿ ਪਾਠਕ ਦੀ ਦਿਲਚਸਪੀ ਵੱਧ ਜਾਂਦੀ ਹੈ ਕਿ ਅੱਗੇ ਕੀ ਹੋਵੇਗਾ। ਹੀਰ ਤੇ ਰਾਂਝਾ ਜ਼ਖ਼ਮੀ ਹੋ ਜਾਂਦੇ ਹਨ। ਹੀਰ ਜਲਦੀ ਠੀਕ ਹੋ ਜਾਂਦੀ ਹੈ, ਜਿਸਨੂੰ ਸੈਦੋ ਦਾ ਪਰਿਵਾਰ ਆਪਣੇ ਘਰ ਲੈ ਜਾਂਦਾ ਹੈ। ਫਿਰ ਕੋਰਟ ਰਾਹੀਂ ਹੀਰ ਰਾਂਝੇ ਨੂੰ ਮਿਲ ਜਾਂਦੀ ਹੈ। ਹੀਰ ਰਾਂਝੇ ਨੂੰ ਆਪਣੇ ਪਿਤਾ ਚੂਚਕ ਦੇ ਘਰ ਲੈ ਜਾਂਦੀ ਹੈ, ਕਿਉਂਕਿ ਉਹ ਵਿਆਹ ਕਰਵਾਕੇ ਰਾਂਝੇ ਦੇ ਘਰ ਜਾਣਾ ਚਾਹੁੰਦੀ ਹੈ। ਹੀਰ ਦੀ ਮਾਂ ਰਾਂਝੇ ਨੂੰ ਭਰਮਾਕੇ ਆਪਣੇ ਘਰ ਭੇਜਕੇ ਥੋੜ੍ਹਾ ਸਮੇਂ ਬਾਅਦ ਵਿਆਹ ਲਈ ਰਜ਼ਾਮੰਦ ਕਰ ਲੈਂਦੀ ਹੈ। ਇਸਤੋਂ ਬਾਅਦ ਕੈਦੋ ਆਪਣੀ ਯੋਜਨਾ ਨਾਲ ਚੂਚਕ ਨੂੰ ਮਨਾਕੇ ਹੀਰ ਨੂੰ ਜ਼ਹਿਰ ਦੇ ਕੇ ਮਾਰ ਦਿੰਦਾ ਹੈ। ਨਾਵਲ ਦਾ ਅੰਤ ਦੁਖਾਂਤਕ ਹੁੰਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਬਰਤਾਨਂਆਂ ਵਿੱਚ ਬੈਠਕੇ ਅਜਿਹਾ ਦਿਲਚਸਪ ਨਾਵਲ ਲਿਖਣਾ ਇੱਕ ਵਿਲੱਖਣ ਪ੍ਰਾਪਤੀ ਹੈ।

207 ਪੰਨਿਆਂ 295 ਰੁਪਏ ਕੀਮਤ ਵਾਲਾ ਇਹ ਨਾਵਲ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

# • ਪੰਜਾਬੀ ਫ਼ਿਲਮ ਦਰਪਣ •

## ਤਿੰਨ ਪੰਜਾਬਣਾਂ ਇੱਕ ਸਾਊਥ ਸਟਾਰ ਰਮਨੀਤੂ ਦੂਜੀ ਵਾਮਿਕਾ ਬਾਲੀਵੁੱਡ ਤੀਜੀ ਸਟਾਰ ਪੂਜਾ ਗਾਬਾ



ਤਿੰਨ ਪੰਜਾਬਣ ਕੁੜੀਆਂ ਅੱਜ ਕਲ ਫ਼ਿਲਮ ਸੰਸਾਰ ਵਿੱਚ ਟੌਪ ਤੇ ਹਨ ਤੇ ਇੱਕ ਗਲੈਮਰ ਭਰੀ ਚੀਜ਼ ਲਾਲ ਰੰਗ ਦੇ ਟੌਪ ਵਾਲੀ ਰਮਨੀਤੂ ਚੌਧਰੀ ਹੈ ਜਿਹੜੀ ਸਾਊਥ ਫ਼ਿਲਮਾਂ ਦੀ ਸਟਾਰ ਬਣੀ ਹੈ ਤੇ ਏਕਤਾ ਕਪੂਰ ਦੀਆਂ ਵੈੱਬ ਸੀਰੀਜ਼ ਵੀ ਕਰਦੀ ਹੈ। ਰਮ ਨੀਤੂ ਲੁਧਿਆਣਾ ਦੇ ਗਾਇਕੀ ਪਰਿਵਾਰ ਦੀ ਬੇਟੀ ਹੈ ਤੇ ਬਾਲੀਵੁੱਡ ਉਸ ਦਾ ਅਗਲਾ ਨਿਸ਼ਾਨਾ ਹੈ ਤੇ ਉਸ ਦੀ ਮਾਤਾ ਦਲਜੀਤ ਕੌਰ ਆਖਦੀ ਹੈ ਕਿ ਰਮੂ ਇਰਾਦੇ ਦੀ ਪੱਕੀ ਹੈ ਹਿੰਦੀ ਫ਼ਿਲਮਾਂ ਤੇ ਰਾਜ ਕਰੇਗੀ। ਦੂਜੀ ਪੰਜਾਬਣ ਤਾਂ ਸੁਪਰ ਨਾਇਕਾ ਹੈ ਤੇ ਗੋਰੇ ਮੁੱਖ ਵਾਲੀ ਹਸਮੁੱਖ ਇਹ ਕੁੜੀ ਪੰਜਾਬੀ ਫ਼ਿਲਮਾਂ ਕਰਦੀ ਕਰਦੀ ਹਿੰਦੀ ਫ਼ਿਲਮਾਂ ਦੀ ਸਟਾਰ ਨਾਇਕਾ ਬਣ ਗਈ ਹੈ। ਇਸ ਦਾ ਨਾਂਅ ਵਾਮਿਕਾ ਗੱਬੀ ਹੈ ਤੇ ਆਯੁਸ਼ਮਨ ਨਾਲ "ਪਤੀ ਪਤਨੀ ਔਰ ਵੁਹ" ਆ ਰਹੀ ਫ਼ਿਲਮ ਹੈ। ਵਾਮੀ ਦਾ ਪਰਿਵਾਰ ਹੀ ਕਲਾਕਾਰਾਂ ਦਾ ਹੈ ਤੇ ਪਿਤਾ ਗੋਵਰਧਨ ਸਾਹਿਤਕਾਰ ਹਨ।ਭਰਾ ਹਾਰਦਿਕ ਸਿੰਗਰ ਹੈ ਤੇ ਮਾਂ ਰਾਜ ਕੌਸ਼ਲ ਫ਼ਿਲਮ ਅਭਿਨੇਤਰੀ ਹੈ। ਵਾਮੀਕਾ ਇਸ ਸਾਲ ਟੌਪ ਦੀਆਂ ਦਸ ਹੀਰੋਇਨਾਂ ਵਿੱਚ ਆਉਣ ਵਾਲੀ ਹੈ।ਤੀਜੀ ਪੰਜਾਬਣ ਪੂਜਾ ਗਾਬਾ ਸ਼ਾਰਦਾ ਹੈ ਤੇ ਮਿਹਨਤ ਸੰਘਰਸ਼ ਕਰ ਕਿ ਵੀ ਇਹ ਪੂਜਾ ਨਾਮ ਬਣਾ ਰਹੀ ਹੈ। "ਤਬਾਹੀ" ਦੇ ਬਾਅਦ ਕਰਮਜੀਤ ਅਨਮੋਲ ਨਾਲ ਫ਼ਿਲਮ, ਹਿੰਦੀ ਵੈੱਬ ਸੀਰੀਜ਼, ਮਾਡਲਿੰਗ ਤੇ ਐਡ ਫ਼ਿਲਮਾਂ ਪੂਜਾ ਕੋਲ ਹਨ। ਉਮੀਦ ਹੈ ਕਿ ਰਮੂ, ਵਾਮਿ ਤੇ ਪੂਜਾ ਇਸ ਸਾਲ ਫ਼ਿਲਮ ਨਗਰ ਦੀਆਂ ਟੌਪ ਟੈਨ ਸਟਾਰਜ ਵਿੱਚ ਸ਼ਾਮਿਲ ਹੋਣਗੀਆਂ।

## ਅਵਤਾਰ ਵਰਮਾ ਦੀਆਂ ਵੀਡੀਓ ਨਿਰਦੇਸ਼ਕ ਬਣ ਕਾਮਯਾਬ ਯਾਰੀਆਂ ਰਾਜ ਸਿੰਘ ਯੂ ਕੇ




ਬਹੁਤ ਮਿਹਨਤੀ ਡਾਇਰੈਕਟਰ ਨੇ ਅਵਤਾਰ ਵਰਮਾ ਜਿਹੜੇ ਕੰਮ ਨਾਲ ਮਤਲਬ ਰੱਖਦੇ ਨੇ ਤੇ ਇੱਕ ਤੋਂ ਵੱਧ ਇੱਕ ਆਕਰਸ਼ਕ ਵੀਡੀਓ ਬਣਾਉਂਦੇ ਹਨ। ਪਾਲੀ ਦੇਤਵਾਲੀਆ ਤਾਂ ਤਕਰੀਬਨ ਆਪਣੇ ਵੀਡੀਓ ਓਹਨਾਂ ਤੋ ਕਰਵਾਉਂਦੇ ਹਨ। ਅਵਤਾਰ ਵਰਮਾ ਦਾ ਤਜ਼ਰਬਾ ਬਹੁਤ ਹੈ ਤੇ ਓਹ ਦੂਰਦਰਸ਼ਨ ਤੇ ਗੋਲਡਨ ਜੁਬਲੀ ਸੀਰੀਅਲ ਬਣਾ ਚੁੱਕੇ ਹਨ। ਭੁੱਟ ਪ੍ਰਿੰਟ ਮੀਡੀਆ ਤੇ ਗਜਰਾਜ ਸਟੂਡੀਓਜ਼ ਦੇ ਤਕਰੀਬਨ ਵੀਡੀਓ ਓਹੀ ਬਣਾ ਰਹੇ ਹਨ। ਗਾਇਕ ਗੁਰਵੀਰ ਰਾਣਾ ਦਾ ਨਵਾਂ ਵੀਡੀਓ ਗੀਤ "ਯਾਰੀਆਂ" ਖ਼ੂਬ ਚਰਚਾ ਵਿੱਚ ਹੈ। ਗਿੱਲ ਦੋਦਾ ਨੇ ਜਿਸ ਤਰਾਂ ਦਾ ਕਲਚਰ ਵਾਲਾ ਲੋਕ ਤੱਥ ਲਿਖਿਆ ਉਸ ਜਿਹੀ ਕਹਾਣੀ ਘੜ ਕਿ ਅਵਤਾਰ ਵਰਮਾ ਨੇ ਇਸ ਦਾ ਵੀਡੀਓ ਬਣਾ ਕਿ ਦਿੱਤਾ ਹੈ। ਰਾਜ ਸਿੰਘ ਯੂ ਕੇ ਆਖਦੇ ਨੇ ਅਵਤਾਰ ਵਰਮਾ ਕੋਲ ਹੁਨਰ, ਲਗਨ ਤੇ ਤਜ਼ਰਬਾ ਹੈ, ਅਮਰੀਕ ਸਿੰਘ ਵਰਗੇ ਟੌਪ ਡੀ ਓ ਪੀ ਹਨ ਤੇ ਅਸੀਂ ਭਵਿੱਖ ਵਿੱਚ ਅਵਤਾਰ ਵਰਮਾ ਤੋਂ ਵੱਡੀ ਫ਼ਿਲਮ ਡਾਇਰੈਕਟ ਕਰਵਾਉਣੀ ਹੈ। ਅਵਤਾਰ ਵਰਮਾ ਇਰਾਦੇ ਦੇ ਪੱਕੇ , ਕਿਸੇ ਦਾ ਹੱਕ ਨਾ ਰੱਖਣ ਵਾਲੇ ਟੈਲੇਂਟ ਭਰਪੂਰ ਹਸਮੁੱਖ ਤੇ ਸਤਿਕਾਰ ਕਰਨ ਵਾਲੇ ਡਾਇਰੈਕਟਰ ਹਨ। ਅਵਤਾਰ ਵਰਮਾ ਆਖਦੇ ਨੇ ਕਿ ਓਹ ਨਿਰਮਾਤਾ ਨੂੰ ਕਦੇ ਓਵਰ ਬਜਟ ਨਹੀਂ ਕਰਦੇ ਤੇ ਇਹੀ ਓਹਨਾਂ ਦੀ ਖ਼ੂਬੀ ਹੈ ਕਿ ਦਿਓਲ ਫ਼ਿਲਮਜ਼ ਲਈ ਓਹ ਦਰਜ਼ਨ ਤੋ ਵੱਧ ਵੈੱਬ ਸ਼ੋਰਟ ਫ਼ਿਲਮਾਂ ਕਰ ਚੁੱਕੇ ਹਨ।

## ਹਰਭਜਨ ਮਾਨ ਸੰਜੀਵਨੀ ਬੂਟੀ ਕਦੇ ਫ਼ਿਲਮਾਂ ਲਈ ਕਦੇ ਗਾਇਕੀ ਲਈ



ਇਹ ਗੱਲ ਸਹੀ ਏ ਕਿ ਹਰਭਜਨ ਮਾਨ ਕਲਾਕਾਰ ਓਹ ਜਦ ਨੂੰ ਬਾਪੂ ਵੀ ਪਸੰਦ ਕਰਦੇ ਨੇ ਤੇ ਓਹਨਾਂ ਦੇ ਪੁੱਤਰ ਵੀ ਸਦਾਬਹਾਰ ਕਲਾਕਾਰ ਹੈ ਹਰਭਜਨ ਮਾਨ। ਦੇਸੀ ਵਿਦੇਸ਼ੀ ਹਰ ਤਰਾਂ ਦੇ ਸਰੋਤੇ ਉਸ ਦੇ ਹਨ। ਹਰਭਜਨ ਮਾਨ ਨੂੰ ਆਪਾਂ ਪੰਜਾਬੀ ਇੰਡਸਟਰੀ ਦੀ ਸੰਜੀਵਨੀ ਬੂਟੀ ਆਖ ਸਕਦੇ ਹਾਂ ਜਿਵੇਂ ਪੰਜਾਬੀ ਫ਼ਿਲਮਾਂ ਕਰਨ ਵਾਲੇ ਚੁੱਪ ਹੋਏ ਸਾਲ ਵਿੱਚ ਦੋ ਫ਼ਿਲਮਜ਼ ਬਣੀਆਂ ਤੇ ਓਹ ਵੀ ਫੇਲ੍ਹ ਤਾਂ "ਸੰਜੀਵਨੀ ਬੂਟੀ" ਬਣ ਹਰਭਜਨ ਮਾਨ ਆਏ "ਜੀ ਆਇਆਂ ਨੂੰ" ਕੀਤੀ ਕਮਾਲ ਇਸ ਦੀ ਸੀ ਡੀ ਬਲੈਕ ਵਿੱਚ ਵਿਕੀ। ਹਰਭਜਨ ਮਾਨ ਜਿਹੀ ਕਲੀ ਕਿਸ ਗਾ ਲੈਣੀ, ਡਿਓਟ ਤਾਂ ਗ਼ਜ਼ਬ ਤੇ ਫਿਲਮੀ ਗਾਇਕੀ ਤਾਂ ਕਮਾਲ। ਜਦ ਲੋਕ ਹਿੰਸਾ ਮਈ ਗੀਤਾਂ ਤੋਂ ਅੱਕ ਗਏ ਤਾਂ ਹੁਣ ਆਇਆ ਹਰਭਜਨ ਮਾਨ ਫਿਰ ਸੰਜੀਵਨੀ ਬੂਟੀ ਬਣ ਤੇ "ਮੱਸਿਆ ਵਰਗੀ ਚੁੰਨੀ ਮੇਰੀ ਕਾਲੀ" ਸਾਵਣ ਵਰਗਿਆ ਗੀਤ ਨੇ ਹਰੇਕ ਵਰਗ ਦਾ ਸਰੋਤਾ ਦਰਸ਼ਕ ਖੁਸ਼ ਕੀਤਾ ਹੈ। ਲੰਬੀ ਉਮਰ ਹੋਏ ਹਰਭਜਨ ਮਾਨ ਦੀ ਜਿਸ ਦੀ ਪੰਜਾਬੀ ਫ਼ਿਲਮਜ਼ ਤੇ ਗਾਇਕੀ ਨੂੰ ਬਹੁਤ ਲੋੜ ਹੈ ਸੰਜੀਵਨੀ ਬੂਟੀ ਪੰਜਾਬੀ ਮਿਊਜ਼ਕ ਤੇ ਫ਼ਿਲਮ ਇੰਡਸਟਰੀ ਦੀ ਹਰਭਜਨ ਮਾਨ।

## ਸੱਭਿਆਚਾਰਕ ਗਾਇਕੀ ਦੇ ਪ੍ਰਦੇਸ ਵਿੱਚ ਨਿੰਮਾ ਮਹਿਰਮ ਪੁਰੀਆ ਨਾਲ ਢੋਲ ਵੱਜਦੇ




ਮੰਨਣਾ ਪਏਗਾ ਕਿ ਲਗਨ ਨਾਲ ਤੁਰੇ ਰਹੇ ਮਹਿਰਮਪੁਰ ਪੰਜਾਬ ਦੇ ਨਿੰਮੇ ਨੇ ਆਪਣੇ ਨਾਮ ਦਾ ਡੰਕਾ ਪੰਜਾਬੀ ਗਾਇਕੀ ਵਿੱਚ ਵਜਾ ਦਿੱਤਾ ਹੈ। ਅਮਰੀਕਾ ਵਰਗੇ ਵੱਡੇ ਦੇਸ਼ ਵਿੱਚ ਕੰਮ, ਵਪਾਰ ਵੱਲ ਵੀ ਧਿਆਨ, ਪਰਿਵਾਰ ਵੱਲ ਵੀ ਪਰ ਨਿੰਮਾ ਮਹਿਰਮ ਪੁਰੀਆ ਦੀ ਗਾਇਕੀ ਚਲਦੀ ਰਹੀ। ਨਿੰਮਾ ਮਹਿਰਮ ਪੁਰੀਆ ਨੂੰ ਮੱਖਣ ਲੋਹਾਰ ਨੇ ਸਹੀ ਰਾਹ ਤੇ ਲਿਆਂਦਾ ਜਦ ਆਪਣੀ ਐਮ ਟਰੈਕ ਐਂਟਰਟੇਨਮੇਂਟ ਤੇ ਬੀਟ ਤੋਂ ਉਸ ਦੇ ਟਰੈਕ ਰਲੀਜ਼ ਕਰ ਕਿ ਚਰਚਿਤ ਕੀਤਾ। ਨਿੰਮਾ ਮਹਿਰਮ ਪੁਰੀਆ ਨੇ ਪੰਜਾਬੀ ਪਰਿਵਾਰਕ ਗੀਤ ਗਾਏ ਤੇ ਫਿਰ ਉਹ ਭੰਗੜਾ ਗਾਇਕੀ ਦੇ ਗੀਤ ਗਾ ਕਿ ਪ੍ਰਸਿੱਧ ਹੋਇਆ ਤੇ ਗੀਤ "ਮੇਲਾ" ਹਿੱਟ ਰਿਹਾ। ਮੱਖਣ ਲੋਹਾਰ ਆਖਦੇ ਨੇ "ਮੇਲਾ" ਨੇ ਨਿੰਮੇ ਦੀ ਪਹਿਚਾਣ ਬਣਾਈ ਤੇ ਇਸ ਤੋਂ ਬਾਅਦ "ਸੋਹਣੇ ਪੰਜਾਬ ਤੋਂ ਜਾਵਾਂ ਬਲਿਹਾਰੇ" ਗੀਤ ਨਿੰਮਾ ਮਹਿਰਮ ਪੁਰੀਆ ਨੂੰ ਚਮਕਾ ਗਿਆ। ਨਿੰਮੇ ਦਾ ਹੁਣ ਪੂਰਾ ਨਾਮ ਹੈ ਤੇ ਓਹ ਧਾਰਮਿਕ ਗਾਇਕੀ ਵਿੱਚ ਵੀ ਚਰਚਿਤ ਹੈ। ਨਿੰਮਾ ਮਹਿਰਮ ਪੁਰੀਆ ਅੱਜ ਕਲ ਸ਼ਾਦੀ ਵਿਆਹ ਦੇ ਗੀਤ ਗਾ ਰਿਹਾ ਹੈ ਤੇ "ਢੋਲ ਵੱਜਦੇ" ਗੀਤ ਨੇ ਨਿੰਮਾ ਮਹਿਰਮ ਪੁਰੀਆ ਨੂੰ ਖ਼ੂਬ ਚਮਕਾ ਦਿੱਤਾ ਹੈ। ਕਨੇਡਾ ਤੇ ਅਮਰੀਕਾ ਦੇ ਪੰਜਾਬੀ ਮਹਿਰਮ ਪੁਰੀਆ ਨਿੰਮਾ ਦੇ ਗੀਤ ਸੁਣ ਝੂਮਦੇ ਹਨ, ਨੱਚਦੇ ਹਨ। ਨਿੰਮਾ ਮਹਿਰਮ ਪੁਰੀਆ ਇਸ ਨੂੰ ਵਾਹੇਗੁਰੂ ਦੀ ਕਿਰਪਾ, ਯਾਰਾਂ ਦਾ ਉਤਸ਼ਾਹ, ਤਰਲੋਕ ਸਿੰਘ, ਜਗਤਾਰ ਸਿੰਘ, ਮੱਖਣ ਲੋਹਾਰ, ਸੁਰਿੰਦਰ ਸ਼ੇਰਗਿੱਲ ਇਹਨਾਂ ਸੰਗੀਤਿਕ ਮਾਹਿਰਾਂ ਨੂੰ ਧੰਨਵਾਦ ਦਿੰਦਾ ਹੈ ਤੇ "ਢੋਲ ਵੱਜਦੇ" ਟਰੈਕ ਨਾਲ ਨਿੰਮਾ ਮਹਿਰਮ ਪੁਰੀਆ ਲੋਕਾਂ ਦਾ ਮਹਿਰਮ ਗਾਇਕ ਬਣ ਗਿਆ ਹੈ ਤੇ ਫ਼ਿਲਮਜ਼ ਵੱਲ ਗਾਉਣ ਦੀ ਆਓਣ ਦੀ ਤਿਆਰੀ ਹੈ।

## ਦਲੇਰ ਨਾਰੀ ਪਾਲੀਵੁੱਡ ਬਾਲੀਵੁੱਡ ਦੀ ਤਜ਼ਰਬੇਕਾਰ ਕਾਸਟਿਊਮ ਡਿਜ਼ਾਈਨਰ ਸੰਦੀਪ ਰਾਣਾ ਸੈਂਡੀ



ਸਿਫਤ ਦੀ ਹੱਕਦਾਰ ਹੈ ਸੰਦੀਪ ਕੌਰ ਤੇ ਸੰਦੀਪ ਰਾਣਾ ਨੂੰ ਪਹਿਲੀ ਗੱਲ ਰੱਬ ਨੇ ਗੰਦਲ ਜਿਹੀ ਪਿਆਰੀ ਨਾਰੀ ਬਣਾਇਆ ਹੈ ਤੇ ਰੂਪ ਦਾ ਟੋਕਰਾ ਭਰ ਦਿੱਤਾ ਹੈ।ਰੰਗ ਚਿੱਟਾ ਦੇਖੀਏ ਤਾਂ ਹੋਰ ਚਿੱਟਾ ਹੋਈ ਜਾਂਦਾ ਤੇ ਅੱਖਾਂ ਜੱਟੀ ਦੀਆਂ ਲਾਹੌਰ ਲੁੱਟ ਲੈਣ ਤੇ ਹੀਰੋਇਨ ਓਹ ਅਸਾਨੀ ਨਾਲ ਬਣ ਸਕਦੀ ਸੀ ਤੇ ਅੱਜ ਵੀ ਥੋੜ੍ਹਾ ਜਿਹਾ ਜ਼ਿਮ ਗਈ ਤਾਂ ਸਹ ਹੀਰੋਇਨ ਬਣੀ ਬਣੀ ਪਰ ਸੰਦੀਪ ਰਾਣਾ ਜਿਸ ਨੂੰ ਪਿਆਰ ਨਾਲ ਸੈਂਡੀ ਵੀ ਆਖਦੇ ਨੇ ਕਾਸਟਿਊਮ ਡਿਜ਼ਾਈਨਰ ਹੈ ਤੇ ਪੰਜਾਬੀ ਫ਼ਿਲਮਾਂ ਲਈ ਪਹਿਰਾਵੇ ਅੱਛੇ ਦਿਲਕਸ਼ ਡਿਜ਼ਾਈਨਾਂ ਵਿੱਚ ਦਿੰਦੀ ਹੈ। ਸੰਦੀਪ ਦੇ ਤਿਆਰ ਡਿਜ਼ਾਈਨ ਹਿੰਦੀ ਫ਼ਿਲਮਾਂ ਦੇ ਸਟਾਰ ਤੇ ਨਾਇਕਾ ਵੀ ਪਹਿਨ ਤਰੀਫ ਕਰਦੀਆਂ ਹਨ। ਸੰਦੀਪ ਰਾਣਾ ਸੁਪਰ ਕਾਸਟਿਊਮ ਡਿਜ਼ਾਈਨਰ ਹੋਵੇ ਜੇਕਰ ਓਸ ਨੂੰ ਮਜਬੂਰੀਆਂ ਨੇ ਘੇਰਿਆ ਨਾ ਹੋਏ, ਇੱਕਲੀ ਨਾਰੀ ਪ੍ਰੇਮ ਦੀ ਗਾਗਰ ਵਫ਼ਾ ਭਾਲੇ ਤਾਂ ਬੇਵਫ਼ਾਈ ਝੋਲੀ ਪੈਂਦੀ ਹੈ ਤੇ ਓਸ ਦੇ ਦਿਲ ਨੂੰ ਸਹੀ ਗੱਲ ਕਿਸੇ ਧਿਆਨ ਨਾਲ ਪੜ੍ਹਿਆ ਹੀ ਨਹੀਂ। ਫਿਰ ਵੀ ਦਾਦ ਸੰਦੀਪ ਸੈਂਡੀ ਰਾਣਾ ਦੀ ਦਲੇਰ ਔਰਤ ਹੈ ਤੇ ਦਲੇਰੀ ਨਾਲ ਓਹ ਹਰ ਔਖ ਦਾ ਟਾਕਰਾ ਕਰ ਲੈਂਦੀ ਹੈ।2026 ਵਿੱਚ ਪਿੱਛੇ ਮੁੜ ਓਸ ਨਹੀਂ ਦੇਖਣਾ ਓਹ ਸੰਦੀਪ ਰਾਣਾ ਹੁਣ ਕੰਮ ਤੇ ਕੰਮ ਤੇ ਐਵਾਰਡ ਜੇਤੂ ਕਾਸਟਿਊਮ ਡਿਜ਼ਾਈਨਰ ਬਣਨਾ ਹੈ ਹਰ ਵਕਤ ਰੁੱਝੇ ਰਹਿਣਾ ਹੈ , ਕੀ ਪਾਲੀਵੁੱਡ, ਸਾਊਥ ਤੇ ਬਾਲੀਵੁੱਡ ਵਿੱਚ ਸਰਗਰਮ ਰਹਿ ਕਿ ਸੰਦੀਪ ਜਾਏਗੀ ਕਾਮਯਾਬੀ ਦੇ ਦੀਪ ।

## ਅਮਰਪਾਲ ਵੀਡੀਓ ਨਿਰਦੇਸ਼ਕ ਬਣ ਹਿੱਟ ਹੁਣ ਚੌਪਾਲ ਤੇ ਲਿਆਏ ਵੈੱਬ ਫ਼ਿਲਮ ਸੰਘਰਸ਼ ਦਾ ਸੱਚ



ਅੰਗਦ ਫ਼ਿਲਮ ਪ੍ਰੋਡਕਸ਼ਨ ਨੇ ਚੌਪਾਲ ਟੀਵੀ ਲਈ ਪੰਜਾਬੀ ਵੈੱਬ ਫ਼ਿਲਮ "ਸੰਘਰਸ਼ ਦਾ ਸੱਚ" ਬਣਾਈ ਹੈ ਜਿਹੜੀ ਛੇਤੀ ਹੀ ਲੋਕ ਪ੍ਰਿਅ ਹੋ ਕਿ ਹਰੇਕ ਦੀ ਮਨਪਸੰਦ ਫ਼ਿਲਮ ਬਣੇਗੀ ਕਿਉਂ ਕਿ ਮੰਨੇ ਹੋਏ ਸਟੇਜ ਐਂਕਰ ਬਲਵਿੰਦਰ ਸਿੰਘ ਪੱਖੋਕੇ ਨੇ ਇਸ ਦੀ ਕਹਾਣੀ ਹੀ ਅਜਿਹੀ ਕਮਾਲ ਲਿਖੀ ਹੈ ਤੇ ਇਸ ਦੇ ਨਿਰਮਾਤਾ ਵੀ ਉਹੀ ਹਨ। "ਸੰਘਰਸ਼ ਦਾ ਸੱਚ" ਨੂੰ ਅਮਰਪਾਲ ਨੇ ਪਟਕਥਾ ਲਿਖ ਨਿਰਦੇਸ਼ਨ ਦਿੱਤਾ ਹੈ। ਇਹ ਫ਼ਿਲਮ ਬਹੁਤ ਹੀ ਪਿਆਰੇ ਤੇ ਸਟਾਰ ਕਲਾਕਾਰਾਂ ਨੂੰ ਲੈ ਕਿ ਬਣੀ ਹੈ। ਨੀਟੂ ਪੰਧੇਰ ਇਸ ਦੇ ਮੁੱਖ ਨਾਇਕ ਹਨ ਜਿਹਨਾਂ ਨੂੰ ਸਟਾਰ ਪਾਲੀਵੁੱਡ ਹੋਣ ਦਾ ਮਾਣ ਹਾਸਿਲ ਹੈ। ਬਲਵਿੰਦਰ ਸਿੰਘ ਪੱਖੋਕੇ ਦੇ ਨਾਲ ਡੌਲੀ ਸੱਡਲ, ਰਜਿੰਦਰ ਬੰਟੂ , ਸੋਢੀ ਵਿਕਰਮ ਤੇ ਗਗਨ ਮਾਨ ਦੇ ਨਾਲ ਸੋਨੀਆ ਸ਼ੇਰਗਿੱਲ ਵੀ ਇਸ ਫ਼ਿਲਮ ਦੇ ਖਾਸ ਕਲਾਕਾਰ ਹਨ। ਨਿਰੰਜਨ ਗਿੱਲ ਇਸ ਦੇ ਗੀਤਕਾਰ ਤੇ ਬਿਕਰਮ ਰਾਂਝਾ ਇਸ ਦੇ ਸੰਗੀਤਕਾਰ ਹਨ। ਅਮਰਪਾਲ ਨੇ ਜਿੱਥੇ ਇੱਕ ਤੋਂ ਵੱਧ ਇੱਕ ਕਲਾਕਾਰ ਇਸ ਵਿੱਚ ਲਏ ਨੇ ਤੇ ਅਮਰੀਕ ਰੰਧਾਵਾ ਧਰਮਾ ਮੋਗਾ ਨੂੰ ਰੂਪ ਸੱਜਾ ਦੀ ਜਿੰਮੇਵਾਰੀ ਦਿੱਤੀ। ਅਮਰਪਾਲ ਨੇ ਚੌਪਾਲ ਟੀਵੀ ਤੇ "ਸੰਘਰਸ਼ ਦਾ ਸੱਚ" ਲਿਆ ਕਿ ਦਰਸਾ ਦੇਣਾ ਹੈ ਕਿ ਨਿਰਮਾਤਾ ਤੇ ਯੂਨਿਟ ਅੱਤੀ ਉੱਤਮ ਹੋਏ ਤਾਂ ਏਕਤਾ ਕਪੂਰ ਤੋਂ ਵੀ ਉਤਾਂਹ ਦੀ ਫ਼ਿਲਮ ਓਹ ਬਣਾ ਸਕਦੇ ਹਨ। ਅਮਰਪਾਲ ਤੇ ਬਲਵਿੰਦਰ ਸਿੰਘ ਪੱਖੋਕੇ ਇਸ ਫ਼ਿਲਮ ਲਈ ਮੁਬਾਰਕ ਦੇ ਹੱਕਦਾਰ ਹਨ ਤੇ ਇਸ ਦਾ ਬੈਕ ਗਰਾਊਂਡ ਸੰਗੀਤ ਨਰਿੰਦਰ ਨੇ ਦਿੱਤਾ ਹੈ।

-ਅੰਮ੍ਰਿਤ ਪਵਾਰ

## ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 'ਤੇ ਵਿਸ਼ੇਸ਼

# ਲਿੰਗੂਆਪੈਕਸ ਪਰਾਇਜ ਅਤੇ ਸਾਡੀ ਮਾਂ ਬੋਲੀ ਪੰਜਾਬ

ਜਸਵਿੰਦਰ ਸਿੰਘ ਰੁਪਾਲ



ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ ਉੱਤੇ ਪੰਜਾਬੀ ਭਾਸ਼ਾ ਬਾਰੇ ਵਿਚਾਰਾਂ ਹੁੰਦੀਆਂ ਹਨ। ਸੈਮੀਨਾਰ ਹੁੰਦੇ ਹਨ। ਬੋਲੀ ਦੀ ਹੁਣ ਤੱਕ ਹੋਈ ਤਰੱਕੀ ਨੂੰ ਦੇਖਿਆ ਜਾਂਦਾ ਹੈ, ਸਮੱਸਿਆਵਾਂ ਬਾਰੇ ਵਿਚਾਰ ਹੁੰਦੀ ਹੈ ਅਤੇ ਉਹਨਾਂ ਦੇ ਹੱਲ ਖੋਜੇ ਜਾਂਦੇ ਹਨ। ਨਵੀਆਂ ਯੋਜਨਾਵਾਂ ਅਤੇ ਪ੍ਰੋਜੈਕਟ ਸ਼ੁਰੂ ਹੁੰਦੇ ਹਨ। 21 ਫਰਬਰੀ ਨੂੰ ਇਹ ਦਿਨ ਆ ਰਿਹਾ ਹੈ। ਯੂਨੈਸਕੋ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਤੇ ਖਾਸ ਵਿਸ਼ਾ (ਠਹਇਮਏ) ਨਿਸ਼ਚਿਤ ਕਰਦੀ ਹੈ ਅਤੇ ਉਹਨਾਂ ਵਿਸ਼ਿਆਂ ਨਾਲ ਕਿਰਿਆਵਾਂ ਯੂਨੈਸਕੋ ਦੇ ਮੁੱਖ ਦਫਤਰ ਪੈਰਿਸ ਵਿਖੇ ਕਰਵਾਈਆਂ ਜਾਂਦੀਆਂ ਹਨ। ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ 2026 ਦਾ ਵਿਸ਼ਾ ਹੈ "ਬਹੁ ਭਾਸ਼ੀ ਸਿੱਖਿਆ ਤੇ ਨੌਜਵਾਨਾਂ ਦੀ ਆਵਾਜ" ਜੋ ਇਹ ਦਰਸਾਉਂਦਾ ਹੈ ਕਿ ਨੌਜਵਾਨ ਕਿਸ ਤਰਾਂ ਭਾਸ਼ਾਵਾਂ ਦੀ ਰੱਖਿਆ, ਪੁਨਰ ਜਾਗਰਣ ਅਤੇ ਤਕਨਾਲੋਜੀ ਦੇ ਜਰੀਏ ਭਾਸ਼ਾਈ ਵਿਭਿੰਨਤਾ ਨੂੰ ਵਧਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਇਹ ਦਿਵਸ 21 ਫਰਬਰੀ 2026 ਨੂੰ ਮਨਾਇਆ ਜਾਵੇਗਾ ਅਤੇ ਇਹ ਇਸ ਗੱਲ ਤੇ ਜੋਰ ਦਿੰਦਾ ਹੈ ਕਿ ਕਿਸ ਤਰਾਂ ਭਾਸ਼ਾ ਪਛਾਣ ਸਿੱਖਣ ਅਤੇ ਸ਼ਾਮਿਲਤਾ ਨੂੰ ਗਠਿਤ ਕਰਦੀ ਹੈ।

2026 ਲਈ ਮੁੱਖ ਕੇਂਦਰੀ ਖੇਤਰ :

ਨੌਜਵਾਨ ਕੇਂਦਰਿਤ ਨਵੀਨਤਾ :- ਨੌਜਵਾਨ ਤਕਨਾਲੋਜੀ ਦੀ ਵਰਤੋਂ ਕਰਕੇ ਡਿਜੀਟਲ ਸਮੱਗਰੀ ਤਿਆਰ ਕਰ ਰਹੇ ਹਨ ਜਿਸ ਨਾਲ ਭਾਸ਼ਾਵਾਂ ਨੂੰ ਹੋਰ ਦਿਖਣਯੋਗ ਅਤੇ ਕੀਮਤੀ ਬਣਾਇਆ ਜਾ ਰਿਹਾ ਹੈ।

ਬਹੁ ਭਾਸ਼ੀ ਸਿੱਖਿਆ ਇਹ ਦਿਵਸ ਉਹਨਾਂ ਸਿੱਖਿਆ ਪ੍ਰਣਾਲੀਆਂ ਦਾ ਸਮਰਥਨ ਕਰਦਾ ਹੈ ਜੋ ਸਿੱਖਿਅਰਥੀਆਂ ਦੀ ਮਾਤ ਭਾਸ਼ਾ ਨੂੰ ਮਾਣਤਾ ਅਤੇ ਸਹਾਰਾ ਦਿੰਦੀਆਂ ਹਨ , ਤਾਂ ਜੋ ਸਿੱਖਿਆ ਦੇ ਨਤੀਜੇ ਸੁਧਰ ਸਕਣ।

ਚਾਂਦੀ ਜਿਲਦ ਸੰਦੇਸ਼ (ਸਿਲਵਰ ਜੁਬਲੀ ਸੰਦੇਸ਼):- ਯੂਨੈਸਕੋ ਭਾਸ਼ਾਈ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ 25+ ਸਾਲ ਮਨਾ ਰਿਹਾ ਹੈ। ਜਿਸਦਾ ਮਾਟੋ ਹੈ "ਭਾਸ਼ਾਵਾਂ ਮਹੱਤਵਪੂਰਨ ਹਨ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਚਾਂਦੀ ਜੁਬਲੀ ਉਤਸਵ।" ਅੱਜ ਅਸੀਂ ਭਾਸ਼ਾ ਲਈ ਦਿੱਤੇ ਜਾਣ ਵਾਲੇ ਅੰਤਰਰਾਸ਼ਟਰੀ ਪ੍ਰਾਈਜ ਲਿੰਗੂਆਪੈਕਸ ਪਰਾਈਜ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਅਤੇ ਇਹ ਵੀ ਕਿ ਇਹ ਪ੍ਰਾਈਜ ਮਿਲਣ ਲਈ ਸਾਡੀ ਮਾਤਭਾਸ਼ਾ ਪੰਜਾਬੀ ਵਿੱਚ ਅਜੇ ਹੋਰ ਕਿਹੜੇ ਕਿਹੜੇ ਕੰਮ ਕੀਤੇ ਜਾਣ ਦੀ ਲੋੜ ਹੈ, ਬਾਰੇ ਵਿਚਾਰ ਕਰਾਂਗੇ।

ਲਿੰਗੂਆਪੈਕਸ ਪਰਾਈਜ ਕੀ ਹੈ ??:- ਇੰਟਰਨੈਸ਼ਨਲ ਲਿੰਗੂਆਪੈਕਸ ਪਰਾਈਜ਼ ਇੱਕ ਅੰਤਰਰਾਸ਼ਟਰੀ ਪੁਰਸਕਾਰ ਹੈ ਜੋ ਭਾਸ਼ਾਈ ਵਿਭਿੰਨਤਾ ਅਤੇ ਬਹੁ ਭਾਸ਼ਾਵਾਦ ਨੂੰ ਉਤਸ਼ਾਹਤ ਕਰਨ ਲਈ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਉਹਨਾਂ ਵਿਅਕਤੀਆਂ ਸਮੂਹਾਂ ਜਾਂ ਸੰਸਥਾਵਾਂ ਨੂੰ ਮਿਲਦਾ ਹੈ ਜਿਹਨਾਂ ਨੇ ਭਾਸ਼ਾਵਾਂ



ਦੀ ਸੰਰੱਖਿਆ, ਘੱਟ ਸਮਝੀਆਂ ਜਾਂ ਰਹਿੰਦੀਆਂ ਭਾਸ਼ਾਵਾਂ ਦੀ ਜੀਵੰਤਤਾ, ਮਾਤ ਭਾਸ਼ਾ ਅਧਾਰਿਤ ਸਿੱਖਿਆ, ਭਾਸ਼ਾਈ ਅਧਿਕਾਰਾਂ ਦੀ ਰੱਖਿਆ ਵਰਗਾ ਕੰਮ ਕੀਤਾ ਹੋਵੇ। ਇਸਦਾ ਮੁੱਖ ਉਦੇਸ਼ ਹੈ ਕਿ ਭਾਸ਼ਾਵਾਂ ਵਿਚਲੇ ਫਰਕਾਂ ਨੂੰ ਸਵੀਕਾਰ ਕਰ ਕੇ ਯੋਗਦਾਨ ਦੇਣਾ ਅਤੇ ਸਾਂਝ ਬਣਾਉਣਾ ਜੋ ਅੰਤ ਵਿੱਚ ਸ਼ਾਂਤੀ ਅਤੇ ਬਹੁ ਸੰਸਕ੍ਰਿਤਿਕਤਾ ਨੂੰ ਮਜਬੂਤ ਕਰਦਾ ਹੈ।

ਕੌਣ ਦਿੰਦਾ ਹੈ ਇਹ ਪਰਾਈਜ:- ਇਹ ਇਨਾਮ ਲਿੰਗੂਆਪੈਕਸ ਇੰਟਰਨੈਸ਼ਨਲ ਸੰਸਥਾ ਦੁਆਰਾ ਦਿੱਤਾ ਜਾਂਦਾ ਹੈ । ਇਹ ਇੱਕ ਅਜਿਹਾ ਸੰਗਠਨ ਹੈ ਜੋ 1987 ਵਿੱਚ ਯੂਨੈਸਕੋ ਤੋਂ ਸ਼ੁਰੂ ਹੋਇਆ ਸੀ ਅਤੇ ਹੁਣ ਇਹ ਇੱਕ ਸੁਤੰਤਰ ਸੰਸਥਾ ਹੈ ਜੋ ਯੂਨੈਸਕੋ ਨਾਲ ਸਲਾਹਕਾਰੀ ਦਰਜੇ ਵਿੱਚ ਕੰਮ ਕਰਦੀ ਹੈ।

ਇਸ ਇਨਾਮ ਦਾ ਹੱਕਦਾਰ ਕੌਣ ਹੋ ਸਕਦਾ ਹੈ ?? ਲੋਕ, ਅਕਾਦਮਿਕ ਪੇਸ਼ਾਵਰ, ਗੁਰੂ, ਸਮੂਹ ਅਤੇ ਸੰਗਠਨਾਂ ਨੂੰ ਇਹ ਇਨਾਮ ਮਿਲ ਸਕਦਾ ਹੈ ਜਿਹੜੇ ਭਾਸ਼ਾਈ ਜਾਗਰੂਕਤਾ ਅਤੇ ਬਚਾਅ ਤੇ ਕੰਮ ਕਰਦੇ ਹਨ, ਬਹੁਤ ਘੱਟ ਲੋਕਾਂ ਵੱਲੋਂ ਬੋਲੀਆਂ ਜਾਣ ਵਾਲੀਆਂ ਬੋਲੀਆਂ ਲਈ ਸਿੱਖਿਆ ਜਾਂ ਪੁਨਰ ਜਾਗਰਣ ਯੋਜਨਾ ਤੇ ਕੰਮ ਕਰਨ ਵਾਲੇ, ਭਾਸ਼ਾਵਾਂ ਦੇ ਸਹੀ ਉਪਯੋਗ ਬਾਰੇ ਸੋਚ ਜਾਂ ਜਿਹੜੇ ਭਾਸ਼ਾਈ ਅਧਿਕਾਰਾਂ ਦੀ ਰੱਖਿਆ ਕਰਦੇ ਹਨ। ਇਸ ਸੰਸਥਾ ਦੇ ਅੰਦਰਲੇ ਕਰਮਚਾਰੀ ਅਤੇ ਪਹਿਲਾਂ ਇਨਾਮ ਲੈ ਚੁੱਕੇ ਹੋਏ ਦੁਬਾਰਾ ਲਾਭ ਨਹੀਂ ਲੈ ਸਕਦੇ।

ਕੌਣ ਨੌਮੀਨੇਸ਼ਨ ਭੇਜ ਸਕਦਾ ਹੈ ?? ਸੰਸਥਾਵਾਂ, ਯੂਨੈਸਕੋ ਚੇਅਰਜ਼, ਕੌਂਸਲ ਆਫ ਯੂਰੋਪ ਵਰਗੇ ਸੰਗਠਨ ਜਾਂ ਮੌਜੂਦਾ ਲਿੰਗੂਆਪੈਕਸ ਇੰਟਰਨੈਸ਼ਨਲ ਨੈਟਵਰਕ ਦੇ ਮੈਂਬਰ ਨੌਮੀਨੇਸ਼ਨ ਭੇਜ ਸਕਦੇ ਹਨ। ਆਮ ਲੋਕਾਂ ਲਈ ਸਿੱਧੀ ਨੌਮੀਨੇਸ਼ਨ ਨਹੀਂ ਹੁੰਦੀ, ਉਹਨਾਂ ਨੂੰ ਕਿਸੇ ਸੰਗਠਨ ਜਾਂ ਅਧਿਕਾਰਿਤ ਵਿਅਕਤੀ ਰਾਹੀਂ ਨੌਮੀਨੇਟ ਕਰਵਾਉਣਾ ਪੈਂਦਾ ਹੈ।

ਇਨਾਮ ਦੀ ਰਕਮ :- ਲਿੰਗੂਆਪੈਕਸ ਇੰਟਰਨੈਸ਼ਨਲ ਵਲੋਂ ਇੱਕ ਡਿਪਲੋਮਾ ਜਾਂ ਸਨਦ ਦਿੱਤੀ ਜਾਂਦੀ ਹੈ ਅਤੇ ਪ੍ਰੋਜੈਕਟ ਜਾਂ ਅਗਲੇ ਕਾਰਜ ਲਈ 6000 ਯੂਰੋ ( ਇਸ ਸਮੇ ਕੀਮਤ 6,40,000 ਰੁਪਏ) ਦੀ ਰਕਮ ਦਿੱਤੀ ਜਾਂਦੀ ਹੈ। ਇਹ ਸਨਦ ਸਿਰਫ ਇੱਕ ਸਰਟੀਫਿਕੇਟ ਹੀ ਨਹੀਂ ਸਗੋਂ ਇਹ ਉਸ ਵਿਅਕਤੀ ਜਾਂ ਸੰਸਥਾ ਦੀ ਇੱਕ ਪਹਿਚਾਣ ਹੈ ਅਤੇ ਉਸਨੂੰ ਕਈ ਨਵੇਂ ਅਧਿਕਾਰ ਦਿੰਦੀ ਹੈ। ਪਹਿਲੀ ਗੱਲ ਇਹ ਇਸ ਗੱਲ ਦਾ ਅਧਿਕਾਰਿਤ ਪ੍ਰਮਾਣ ਪੱਤਰ ਹੈ ਕਿ ਉਕਤ ਵਿਅਕਤੀ ਜਾਂ ਸੰਸਥਾ ਨੇ ਭਾਸ਼ਾ ਵਿਭਿੰਨਤਾ ਅਤੇ ਬਹੁ ਭਾਸ਼ਾਵਾਦ ਰਾਹੀਂ ਅੰਤਰਰਾਸ਼ਟਰੀ ਸ਼ਾਂਤੀ ਲਈ ਕੰਮ ਕੀਤਾ ਹੈ। ਹੁਣ ਯੂਨੈਸਕੋ, ਯੂਰਪੀ ਕੌਂਸਲ ਅਤੇ ਅਜਿਹੀਆਂ ਅੰਤਰਰਾਸ਼ਟਰੀ ਸੰਸਥਾਵਾਂ ਵਿਚ ਉਸਦੀ ਆਵਾਜ ਨੂੰ ਗੰਭੀਰਤਾ ਨਾਲ ਸੁਣਿਆ ਜਾਂਦਾ ਹੈ। ਉਸ ਵਿਅਕਤੀ ਜਾਂ ਸੰਸਥਾ ਵਲੋਂ ਅੰਤਰਰਾਸ਼ਟਰੀ ਪੱਧਰ ਤੇ ਗ੍ਰਾਂਟਾਂ ਜਾਂ ਫੰਡ ਲੈਣੇ ਸੌਖੇ ਹੋ ਜਾਂਦੇ ਹਨ। ਇਹ ਸਨਦ ਸੰਬੰਧਿਤ ਵਿਅਕਤੀ ਜਾਂ ਸੰਸਥਾ ਨੂੰ ਇਨਸਾਨੀ ਹੋਂਦ, ਭਾਈਚਾਰਾ ਅਤੇ ਅਮਨ ਦਾ ਹਿੱਸਾ ਦਰਸਾਉਂਦੀ ਹੈ। ਇਹ ਇਨਾਮ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਯਾਨੀ 21 ਫਰਬਰੀ ਨੂੰ ਦਿੱਤਾ ਜਾਂਦਾ ਹੈ।

ਲਿੰਗੂਆਪੈਕਸ ਪ੍ਰਾਈਜ ਲੈਣ ਵਾਲੇ :- ਸਾਲ 2020 ਲਈ ਇਹ ਇਨਾਮ ਮਾਰਿਆ-ਲੀਸਾ ਓਲਤਹੂਇਸ ਨੂੰ ਦਿੱਤਾ ਗਿਆ ਜੋ ਫਿਨਲੈਂਡ ਨਾਲ ਸੰਬੰਧਿਤ ਹਨ। ਉਹ ਇਨਾਰੀ ਸਾਮੀ ਨਾਮੀ ਮੂਲ ਭਾਸ਼ਾ ਦੇ ਪੁਨਰ ਜਾਗਰਣ ਲਈ ਲੰਬੇ ਸਮੇਂ ਤੋਂ ਵਿਦਿਅਕ, ਭਾਸ਼ਾਈ ਤੇ ਸਮੁਦਾਇਕ ਪੱਧਰ ਤੇ ਕੰਮ ਕਰ ਰਹੀਆਂ ਹਨ। ਸ਼ਬਦਾਵਲੀ ਤਿਆਰ ਕਰਨ, ਸਿੱਖਿਆ ਸਮੱਗਰੀ ਵਿਕਸਿਤ ਕਰਨ ਅਤੇ ਸਮੁਦਾਇਕ ਸਰਗਰਮੀਆਂ ਰਾਹੀਂ ਉਨ੍ਹਾਂ ਨੇ ਇਸ ਖਤਰੇ ਵਿੱਚ ਪਈ ਭਾਸ਼ਾ ਨੂੰ ਮੁੜ ਜੀਵੰਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਸਾਲ 2021 ਵਿੱਚ ਇਹ ਇਨਾਮ ਪਾਕਿਸਤਾਨ ਦੀ ਸੰਸਥਾ ਇਦਾਰਾ ਬਰਾਇ ਤਲੀਮ-ਓ-ਤਰੱਕੀ ਨੂੰ ਮਿਲਿਆ। ਇਸ ਸੰਸਥਾ ਨੇ ਮਾਧਰੀ ਭਾਸ਼ਾ-ਆਧਾਰਿਤ ਬਹੁ ਭਾਸ਼ੀ ਸ਼ੁਰੂਆਤੀ ਬਚਪਨ ਦੀ ਸਿੱਖਿਆ ਦਾ ਮਾਡਲ ਵਿਕਸਤ ਕਰਕੇ ਪਹਾੜੀ ਅਤੇ ਦੂਰ ਦਰਾਜ਼ ਇਲਾਕਿਆਂ ਵਿੱਚ ਬੱਚਿਆਂ ਨੂੰ ਆਪਣੀ ਮਾਤਭਾਸ਼ਾ ਵਿੱਚ ਸਿੱਖਣ ਦਾ ਮੌਕਾ ਦਿੱਤਾ ਹੈ। ਇਸ ਮਾਡਲ ਰਾਹੀਂ ਨਾ ਸਿਰਫ ਸਕੂਲੀ ਪ੍ਰਦਰਸ਼ਨ ਸੁਧਰਿਆ ਹੈ, ਸਗੋਂ ਭਾਸ਼ਾਈ ਅਤੇ ਸਭਿਆਚਾਰਕ ਪਛਾਣ ਨੂੰ ਵੀ ਮਜ਼ਬੂਤੀ ਮਿਲੀ ਹੈ। ਸਾਲ 2022 ਲਈ ਇਹ ਇਨਾਮ ਮੈਕਸੀਕੋ ਦੇ ਅਦਾਰੇ ADN Maya Collective ਨੂੰ ਪ੍ਰਦਾਨ ਕੀਤਾ ਗਿਆ। ਇਹ ਕਲੈਕਟਿਵ ਮਾਇਆ ਭਾਸ਼ਾਵਾਂ ਦੀ ਰੱਖਿਆ, ਉਹਨਾਂ ਦੀ ਰੋਜ਼ਮੱਰਾ ਵਰਤੋਂ ਅਤੇ ਨਵੀਂ ਪੀੜ੍ਹੀ ਵਿੱਚ ਮਾਇਆ ਭਾਸ਼ਾਈ ਸਭਿਆਚਾਰ ਦੇ ਪਸਾਰ ਲਈ ਕੰਮ ਕਰਦਾ ਹੈ। ਸਮੁਦਾਇਕ ਪ੍ਰੋਗਰਾਮਾਂ ਸਿੱਖਿਆਈ ਪ੍ਰੋਜੈਕਟਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਇਹ ਗਰੁੱਪ ਬਹੁਭਾਸ਼ੀਪਣ ਅਤੇ ਭਾਸ਼ਾਈ ਹੱਕਾਂ ਨੂੰ ਉਭਾਰਦਾ ਹੈ। ਸਾਲ 2023 ਵਿੱਚ ਇਹ ਇਨਾਮ ਅਬਦੁਵੇਲੀ ਅਯੁਪ ਨੂੰ ਦਿੱਤਾ ਗਿਆ, ਜੋ ਮੂਲ ਰੂਪ ਵਿੱਚ ਚੀਨ ਦੇ ਉਈਘੁਰ ਸਮੁਦਾਇ ਨਾਲ ਸੰਬੰਧਿਤ ਹਨ ਅਤੇ ਬਾਅਦ ਵਿੱਚ ਨਾਰਵੇ ਵੀ ਰਹੇ ਹਨ। ਉਹ ਉਈਘੁਰ ਭਾਸ਼ਾ ਦੀ ਰੱਖਿਆ ਅਤੇ ਉਈਘੁਰ ਲੋਕਾਂ ਦੇ ਭਾਸ਼ਾਈ-ਸਭਿਆਚਾਰਕ ਹੱਕਾਂ ਲਈ ਲਿਖਤਾਂ, ਸ਼ੋਧ ਅਤੇ ਐਕਟੀਵਿਜ਼ਮ ਰਾਹੀਂ ਆਵਾਜ ਉਠਾਉਂਦੇ ਰਹੇ ਹਨ। ਉਹਨਾਂ ਦਾ ਕੰਮ ਦਿਖਾਉਂਦਾ ਹੈ ਕਿ ਕਿਸ ਤਰਾਂ ਇੱਕ ਵਿਅਕਤੀ ਖਤਰੇ ਵਿੱਚ ਪਈ ਭਾਸ਼ਾ ਦੀ ਦਿੱਖ, ਸਨਮਾਨ ਅਤੇ ਹੋਂਦ ਲਈ ਦੁਨੀਆ ਭਰ ਵਿੱਚ ਜਾਗਰੂਕਤਾ ਪੈਦਾ ਕਰ ਸਕਦਾ ਹੈ।

ਅਜੇ ਤੱਕ 2024, 2025 ਅਤੇ 2026 ਲਈ ਇਸ ਇਨਾਮ ਨੂੰ ਜਿੱਤਣ ਵਾਲਿਆ ਦਾ ਐਲਾਨ ਨਹੀਂ ਕੀਤਾ ਗਿਆ ।

ਭਾਰਤ ਨੂੰ ਲਿੰਗੂਆਪੈਕਸ ਪਰਾਈਜ :- ਸਾਡੇ ਲਈ ਇਹ ਖੁਸ਼ੀ ਅਤੇ ਮਾਣ ਦੀ ਗੱਲ ਹੈ ਕਿ ਭਾਰਤ ਦੇ ਗੁਜਰਾਤ ਦੇ ਸ੍ਰੀ ਗਨੇਸ਼. ਐਨ.ਦੇਵੀ ਨੂੰ 2011 ਵਿੱਚ ਇਹ ਮਾਣਮੱਤਾ ਇਨਾਮ ਮਿਲਿਆ ਸੀ। ਕੁਝ ਗੱਲਾਂ ਇਸ ਭਾਸ਼ਾ ਵਿਗਿਆਨੀ ਬਾਰੇ ਵੀ ਜਾਣ ਲਈਏ। 1950 ਵਿੱਚ ਜਨਮੇ ਸ੍ਰੀ ਗਨੇਸ਼-ਦੇਵੀ, ਮਹਾਰਾਜਾ ਸਾਇਆਜੀਰਾਓ ਯੂਨੀਵਰਸਿਟੀ ਆਫ ਬਰੌਦਾ (ਗੁਜਰਾਤ) ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਨ। ਉਹ ਤੇਜਗਧ ਯੂਨੀਵਰਸਿਟੀ ਦੇ ਫਾਊਂਡਰ ਅਤੇ ਡਾਇਰੈਕਟਰ ਵੀ ਹਨ। ਉਹ ਖਤਰੇ ਦੀ ਕਗਾਰ ਤੇ ਪੁੱਜੀਆਂ ਭਾਸ਼ਾਵਾਂ ਦੀ ਸੰਭਾਲ ਕਰਨ ਵਾਲੇ ਸਰਗਰਮ ਯੋਧੇ ਹਨ। ਉਹਨਾਂ ਨੇ ਲਤਾੜੇ ਅਤੇ ਬੇ-ਪਛਾਣ ਲੋਕਾਂ (ਆਦਿਵਾਸੀ) ਦੇ ਮਨੁੱਖੀ ਅਧਿਕਾਰਾਂ ਲਈ ਵੀ ਬਹੁਤ ਕੰਮ ਕੀਤਾ ਹੈ। ਉਹਨਾਂ ਨੇ ਤੇਜਗਧ ਵਿੱਚ ਆਦਿਵਾਸੀ ਅਕੈਡਮੀ ਅਤੇ ਹਿਮਾਲਿਆ ਦੇ ਹਿਮਲੋਕ ਇੰਸਟੀਚਿਊਟ ਦੀ ਸਥਾਪਨਾ ਵੀ ਕੀਤੀ ਹੈ। ਉਹਨਾਂ ਦਾ ਸਾਰਾ ਧਿਆਨ ਜਨ-ਜਾਤੀ ਸਿੱਖਿਆ ਅਤੇ ਉਹਨਾਂ ਦੀ ਭਾਸ਼ਾ, ਸਭਿਆਚਾਰ ਅਤੇ ਕਲਾ ਦੀ ਸੰਭਾਲ ਵੱਲ ਰਿਹਾ ਹੈ। "ਭਾਸ਼ਾ" ਅਨੁਸਾਰ ਉਹਨਾਂ ਨੇ 23 ਕਿਤਾਬਾਂ ਗੈਰ-ਅਨੁਸੂਚਿਤ ਭਾਸ਼ਾਵਾਂ (Non-scheduled languages) ਤੇ ਵੀ ਲਿਖੀਆਂ, ਜਿਨ੍ਹਾਂ ਭਾਸ਼ਾਵਾਂ ਨੂੰ ਅਜੇ ਸਾਡੇ ਸੰਵਿਧਾਨ ਨੇ ਮਾਣਤਾ ਨਹੀਂ ਦਿੱਤੀ ਹੋਈ। ਜਨ-ਜਾਤੀ ਭਾਸ਼ਾਵਾਂ ਲਈ ਉਹ ਰਸਾਲਾ "ਢੋਲ" ਸੰਪਾਦਿਤ ਕਰਦੇ ਨੇ, ਜਿਸ ਵਿੱਚ ਘੱਟੋ ਘੱਟ 10 ਜਨ-ਜਾਤੀ ਭਾਸ਼ਾਵਾਂ ਦਾ ਸਾਹਿਤ ਛਪਦਾ ਹੈ।..... ਭਾਰਤ ਸਰਕਾਰ ਨੇ ਭਾਸ਼ਾ ਕੇਂਦਰ (Bhasha Centre) ਨੂੰ ਕੁਸ਼ਲਤਾ ਦੇ ਕੇਂਦਰ ਵਜੋਂ ਮਾਣਤਾ ਦਿੱਤੀ ਹੈ ਅਤੇ

ਬਾਕੀ ਹਿਸਾ ਸਫਾ 58 ਤੇ ਪੜ੍ਹੋ

## 57 ਸਫ਼ੇ ਦੀ ਬਾਕੀ

ਇਸ ਭਾਸ਼ਾ ਨੇ ਪ੍ਰੋ ਦੇਵੀ ਨੂੰ "ਗਰੀਅਰਸਨ ਲਿੰਗੁਇਸਟਿਕ ਸਰਵੇ ਆਫ ਇੰਡੀਆ (1930-31) ਨੂੰ ਦੁਹਰਾਉਣ ਅਤੇ ਨਵੇਂ ਸਿਰਿਓਂ ਲਿਖਣ ਦਾ ਵੱਡਾ ਪ੍ਰੋਜੈਕਟ ਦਿੱਤਾ ਹੈ। ਪ੍ਰੋ ਗਨੇਸ਼ ਵੱਲੋਂ ਲਿਖੀਆਂ ਪੁਸਤਕਾਂ ਵਿੱਚੋਂ ਕ੍ਰਿਟੀਕਲ ਥਾਟਸ, ਆਫਟਰ ਐਮਨੇਸ਼ੀਆ, ਆਫ ਮੈਨੀ ਹੀਰੋਜ਼, ਇੰਡੀਆ ਬਿਟਵੀਨ ਟਰੈਡੀਸ਼ਨ ਐਂਡ ਮੌਡਰਨਿਟੀ, ਐਨ ਐਂਥੋਲੋਜੀ ਆਫ ਟਰਾਈਬਲ ਲਿਟਰੇਚਰ, ਦਾ ਨਾਰਮਲ ਕਾਲਡ ਥੀਫ ਪ੍ਰਮੁੱਖ ਹਨ। ਹੁਣ ਆਪਣੀ ਮਾਂ ਬੋਲੀ ਪੰਜਾਬੀ ਵੱਲ ਆਈਏ। ਪੰਜਾਬੀ ਭਾਸ਼ਾ ਨੂੰ ਇਸ ਪਰਾਈਜ ਦੇ ਹਾਣ ਦੀ ਹੋਣ ਲਈ ਇਸ ਦੇ ਖੋਜੀਆਂ ਨੂੰ ਅਤੇ ਇਸਦੇ ਵਿਕਾਸ ਲਈ ਯਤਨਸ਼ੀਲ ਸੰਸਥਾਵਾਂ ਨੂੰ ਅਜੇ ਬਹੁਤ ਕੁਝ ਕਰਨਾ ਲੋੜੀਂਦਾ ਹੈ। ਕੁਝ ਪੱਖ ਹੇਠ ਲਿਖੇ ਹਨ --

1. ਲਿੱਪੀ ਦੀ ਇੱਕਰੂਪਤਾ ਅਤੇ ਪਰਸਪਰ ਸਨਮਾਨ :- ਪੰਜਾਬੀ ਬੋਲੀ ਨੂੰ ਅੱਜ ਤਿੰਨ ਲਿੱਪੀਆਂ ਵਿੱਚ ਲਿਖਿਆ ਜਾ ਰਿਹਾ ਹੈ। ਭਾਰਤ ਵਿੱਚ ਇਹ ਗੁਰਮੁਖੀ ਲਿੱਪੀ ਵਿੱਚ ਲਿਖੀ ਜਾ ਰਹੀ ਹੈ, ਪਾਕਿਸਤਾਨ ਵਿੱਚ ਇਸਨੂੰ ਸ਼ਾਹਮੁਖੀ ਵਿੱਚ ਲਿਖਿਆ ਜਾ ਰਿਹਾ ਹੈ। ਅਤੇ ਤੀਸਰੇ ਡਿਜੀਟਲ ਵਰਤੋਂ ਸਮੇਂ ਜਾਂ ਡਾਇਸਪੋਰਾ ਵਿਅਕਤੀਆਂ ਵੱਲੋਂ ਇਸਨੂੰ ਰੋਮਨ ਵਿੱਚ ਵੀ ਲਿਖਿਆ ਜਾ ਰਿਹਾ ਹੈ। ਇਸ ਨਾਲ ਇੱਕੋ ਭਾਸ਼ਾ ਅਤੇ ਸਭਿਆਚਾਰਕ ਸਾਂਝ ਰੱਖਣ ਵਾਲੇ ਪੰਜਾਬੀ ਵੀ ਇੱਕ ਦੂਜੇ ਤੋਂ ਦੂਰ ਹੋ ਰਹੇ ਹਨ, ਬਜਾਇ ਸਾਂਝ ਦੇ ਮਜਬੂਤ ਹੋਣ ਦੇ।

ਕਰਨ ਯੋਗ ਕੰਮ : ਇਸਦੇ ਲਈ ਲਿਪੀ ਨਹੀਂ, ਭਾਸ਼ਾ ਕੇਂਦਰਿਤ ਸੋਚ ਬਣਾਉਣ ਦੀ ਲੋੜ ਹੈ। ਗੁਰਮੁਖੀ ਅਤੇ ਸ਼ਾਹਮੁਖੀ ਪਰਿਵਰਤਨ ਲਈ ਸਰਕਾਰੀ ਅਤੇ ਅਕਾਦਮਿਕ ਸਹਿਯੋਗ ਦੀ ਲੋੜ ਹੈ। ਸਰਕਾਰਾਂ ਤੇ ਦਬਾਅ ਪਾਇਆ ਜਾਵੇ ਕਿ ਉਹ ਦੂਸਰੀ ਲਿੱਪੀ ਦੇ ਵਿਕਾਸ ਲਈ ਵੀ ਯਤਨ ਕਰੇ ਅਤੇ ਲੋੜੀਂਦਾ ਬੱਜਟ ਵੀ ਦੇਵ । ਦੋਹਾਂ ਪਾਸਿਆਂ ਦੇ ਪਾਠਕ੍ਰਮ ਵਿੱਚ ਦੂਜੀ ਲਿੱਪੀ ਨਾਲ ਜਾਣ ਪਛਾਣ ਜਰੂਰ ਹੋਵੇ। ਭਾਰਤੀ ਪੰਜਾਬੀ ਦੇ ਸਕੂਲ ਪੱਧਰ ਦੇ ਸਲੇਸਬ ਵਿੱਚ ਹੀ ਸ਼ਾਹਮੁਖੀ ਲਿੱਪੀ ਬਾਰੇ ਮੁੱਢਲੀ ਜਾਣਕਾਰੀ ਹੋਵੇ ਅਤੇ ਪਾਕਿਸਤਾਨੀ ਪੰਜਾਬੀ ਦੇ ਸਕੂਲ ਪੱਧਰ ਦੇ ਸਲੇਬਸ ਵਿੱਚ ਗੁਰਮੁਖੀ ਲਿੱਪੀ ਬਾਰੇ ਮੁੱਢਲੀ ਜਾਣਕਾਰੀ ਹੋਵੇ। ਤਾਂ ਕਿ ਦਸਵੀਂ ਪੜ੍ਹਿਆ ਵਿਦਿਆਰਥੀ ਦੋਵਾਂ ਲਿੱਪੀਆਂ ਨੂੰ ਪੜ੍ਹ ਵੀ ਸਕਦਾ ਹੋਵੇ ਅਤੇ ਲਿਖ ਵੀ ਸਕਦਾ ਹੋਵੇ। ਸਰਕਾਰ ਤੋਂ ਬਿਨਾਂ ਗੈਰ ਸਰਕਾਰੀ ਅਤੇ ਸਵੈ ਸੇਵੀ ਸੰਸਥਾਵਾਂ ਨੂੰ ਵੀ ਅੱਗੇ ਆ ਕੇ ਇਹ ਕੰਮ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ ਸ਼ਾਹਮੁਖੀ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਅਤੇ ਅਕੈਡਮੀਆਂ ਨੂੰ ਖੁਦ ਸਕੂਲਾਂ ਨਾਲ ਸੰਪਰਕ ਕਰਕੇ ਉਹਨਾਂ ਤੋਂ ਟਾਈਮ ਟੇਬਲ ਵਿੱਚ ਕੁਝ ਸਮਾਂ ਲੈ ਲੈਣਾ ਚਾਹੀਦਾ ਹੈ ਜਿੱਥੇ ਇਹਨਾਂ ਦੇ ਕਰਮਚਾਰੀ ਵਿਦਿਆਰਥੀਆਂ ਨੂੰ ਸ਼ਾਹਮੁਖੀ ਸਿਖਾਉਣ। ਇਸੇ ਤਰਾਂ ਗੁਰਮੁਖੀ ਲਿੱਪੀ ਲਈ ਯਤਨ ਉਹਨਾਂ ਸਕੂਲਾਂ ਵਿੱਚ ਕੀਤੇ ਜਾਣ ਦੀ ਲੋੜ ਹੈ ਜਿੱਥੇ ਪੰਜਾਬੀ ਸ਼ਾਹਮੁਖੀ ਲਿੱਪੀ ਵਿੱਚ ਪੜ੍ਹਾਈ ਜਾ ਰਹੀ ਹੈ। ਡਿਜੀਟਲ ਰੂਪ ਵਿੱਚ ਰੋਮਨ ਲਿੱਪੀ ਦੀ ਵਰਤੋਂ ਸੁਚੇਤ ਰਹਿ ਕੇ ਰੋਕੀ ਜਾ ਸਕਦੀ ਹੈ। ਅੱਜ ਲੱਗਭੱਗ ਹਰ ਮੋਬਾਈਲ ਵਿੱਚ ਪੰਜਾਬੀ ਫੌਂਟਸ ਆ ਗਏ ਹਨ । ਇਸ ਦੀ ਪ੍ਰੇਰਨਾ ਦਿੱਤੀ ਜਾਵੇ ਤਾਂ ਕਿ ਸੋਸ਼ਲ ਮੀਡੀਆ ਤੇ ਪੰਜਾਬੀ ਲਿਖਣ ਦੀ ਖੁੱਲ੍ਹੀ ਵਰਤੋਂ ਹੋਵੇ।

ਲਿੰਗੂਆਪੈਕਸ ਦਾ ਮੂਲ ਅਸੂਲ ਹੈ, ਭਾਸ਼ਾ ਵੰਡ ਨਹੀਂ, ਜੋੜ ਬਣੇ । ਇਹ ਜੋੜ ਤਦੇ ਹੀ ਬਣ ਸਕਦੀ ਹੈ ਜੇ ਦੋਹਾਂ ਲਿੱਪੀਆਂ ਨਾਲ ਸਾਰੇ ਪੰਜਾਬੀ ਧੁਰ ਅੰਦਰੋਂ ਜੁੜੇ ਹੋਏ ਹੋਣ। ਇਸ ਤਰਾਂ ਦੀ ਸਾਂਝ ਦੇਸ਼ਾਂ ਦੀ ਆਪਸੀ ਨਫਰਤ ਵੀ ਘਟਾਉਂਦੀ ਹੈ ਅਤੇ ਅੰਤਰਰਾਸ਼ਟਰੀ ਸ਼ਾਂਤੀ ਵੱਲ ਵਧਣ ਵਿੱਚ ਮਦਦ ਕਰਦੀ ਹੈ।

2. ਰਾਜਨੀਤਿਕ ਹੱਦਾਂ ਤੋਂ ਉੱਪਰ ਭਾਸ਼ਾ ਦੀ ਪਛਾਣ :- ਇਸ ਸਮੇਂ ਦੀ ਹਕੀਕਤ ਇਹ ਹੈ ਕਿ ਪੰਜਾਬੀ ਨੂੰ ਇਲਾਕਾਈ ਜਾਂ ਲੋਕਲ ਭਾਸ਼ਾ ਸਮਝਿਆ ਜਾਂਦਾ ਹੈ। ਅੰਤਰਰਾਸ਼ਟਰੀ ਪੱਧਰ ਤੇ ਤਾਂ ਦੂਰ ਦੀ ਗੱਲ ਹੈ, ਅਜੇ ਰਾਸ਼ਟਰੀ ਪੱਧਰ ਤੇ ਵੀ ਇਸਦਾ ਸਥਾਨ ਸਨਮਾਨਯੋਗ ਨਹੀਂ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ, ਸਾਹਿਤਿਕ ਸੰਸਥਾਵਾਂ, ਭਾਸ਼ਾ ਵਿਭਾਗਾਂ, ਪੰਜਾਬੀ ਯੂਨੀਵਰਸਿਟੀ, ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪੰਜਾਬੀ ਵਿਭਾਗਾਂ ਨੂੰ ਸਾਂਝੇ ਤੌਰ ਤੇ ਪੰਜਾਬੀ ਦੇ ਵਿਕਾਸ ਲਈ ਕੰਮ ਕੀਤੇ ਜਾਣ ਲਈ ਬਾਕਾਇਦਾ ਪ੍ਰੋਜੈਕਟ ਬਣਾਏ ਜਾਣ ਦੀ ਲੋੜ ਹੈ। ਗੈਰ ਪੰਜਾਬੀ ਸੂਬਿਆਂ ਵਿੱਚ ਪੰਜਾਬੀ ਸਿਖਾਏ ਜਾਣ ਦੇ ਯਤਨ, ਉਹਨਾਂ ਸੂਬਿਆਂ ਦੇ ਸਾਹਿਤ ਦੇ ਪੰਜਾਬੀ ਅਨੁਵਾਦ ਅਤੇ ਪੰਜਾਬੀ ਸਾਹਿਤ ਦੇ ਉਹਨਾਂ ਬੋਲੀਆਂ ਵਿੱਚ ਅਨੁਵਾਦ ਜੰਗੀ ਪੱਧਰ ਤੇ ਕੀਤੇ ਜਾਣ ਦੇ ਪ੍ਰੋਗਰਾਮ ਬਣਾਏ ਜਾਣ । ਉਹਨਾਂ ਸੂਬਿਆਂ ਦੀਆਂ ਸਰਕਾਰਾਂ ਤੋਂ ਸਹਿਯੋਗ ਲੈਣ ਦੀ ਲੋੜ ਹੈ। ਭਾਰਤੀ ਅਤੇ ਪਾਕਿਸਤਾਨੀ ਸਰਕਾਰਾਂ ਨੂੰ ਇਸ ਲਈ ਖੁਲ੍ਹੇ ਦਿਲ ਨਾਲ ਫੰਡ ਅਤੇ ਸਹਿਯੋਗ ਦੇਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਮਜਬੂਤ ਹੋਏਗੀ। ਜਿੰਨਾ ਵੱਖ ਵੱਖ ਸੂਬਿਆਂ ਦੇ ਲੋਕ ਇੱਕ ਦੂਜੇ ਨੂੰ ਵੱਧ ਮਿਲਣਗੇ , ਇੱਕ ਦੂਜੇ ਦੀਆਂ ਬੋਲੀਆਂ ਪੜ੍ਹਨਗੇ ਅਤੇ ਸਮਝਣਗੇ, ਉਤਨਾ ਹੀ ਭਾਰਤ ਹੋਰ ਮਜਬੂਤ ਹੋਏਗਾ। ਇਸੇ ਤਰਾਂ ਅੰਤਰਰਾਸ਼ਟਰੀ ਪੱਧਰ ਤੇ ਵੀ ਭਰਵੇਂ ਅਤੇ ਨਿਰਧਾਰਤ ਪ੍ਰੋਗਰਾਮ ਬਣਾ ਕੇ ਕੰਮ ਕੀਤੇ ਜਾਣ ਦੀ ਲੋੜ ਹੈ। ਇਹ ਬਹੁਤ ਤਸੱਲੀ ਦੀ ਗੱਲ ਹੈ ਕਿ ਪੰਜਾਬੀ ਭਾਸ਼ਾ ਵਿੱਚ ਪਿਆਰ ਮੁਹੱਬਤ, ਸਾਂਝ, ਭਾਈਚਾਰਾ ਬਣਾਉਣ ਅਤੇ ਨਿਭਾਉਣ ਦੀ ਬਹੁਤ ਜਿਆਦਾ ਸਮਰੱਥਾ ਹੈ ਪਰ ਪੰਜਾਬੀਆਂ ਦੀ ਆਪਣੀ ਬੋਲੀ ਦੇ ਪ੍ਰਸਾਰ ਅਤੇ ਪ੍ਰਚਾਰ ਦੀ ਬਿਰਤੀ ਨਾ ਦੇ ਬਰਾਬਰ ਹੀ ਹੈ। ਜਿੰਨੀ ਸ਼ਿੱਦਤ ਅਤੇ ਮਿਹਨਤ ਨਾਲ ਪੰਜਾਬੀ ਲੋਕ ਅੰਗਰੇਜ਼ੀ ਅਤੇ ਹੋਰ ਦੇਸ਼ਾਂ ਦੀਆਂ ਭਾਸ਼ਾਵਾਂ ਸਿੱਖਦੇ ਹਨ, ਉਸਦੀ ਅੱਧੀ ਮਾਤਰਾ ਵਿੱਚ ਵੀ ਆਪਣਾ ਬਲ ਅਤੇ ਊਰਜਾ ਪੰਜਾਬੀ ਨੂੰ ਹੋਰਾਂ ਨੂੰ ਸਿਖਾਉਣ ਵਿੱਚ ਨਹੀਂ ਲਗਾਉਂਦੇ। ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਵੱਸੇ ਪੰਜਾਬੀਆਂ ਦੀ ਆਪਣੀ ਤੀਸਰੀ ਪੀੜ੍ਹੀ ਪੰਜਾਬੀ ਤੋਂ ਬਿਲਕੁਲ ਟੁੱਟ ਚੁੱਕੀ ਹੋਵੇਗੀ ,ਜੇ ਹਾਲਾਤ ਇਹੋ ਰਹੇ ਤਾਂ ...।

ਕਰਨ ਯੋਗ ਕੰਮ :- ਪੰਜਾਬੀ ਨੂੰ ਅੰਤਰਰਾਸ਼ਟਰੀ ਸੰਵਾਦ ਦੀ ਭਾਸ਼ਾ ਵਜੋਂ ਪੇਸ਼ ਕਰਨਾ ਪਵੇਗਾ । ਭਾਰਤ- ਪਾਕਿਸਤਾਨ ਵਿਚਕਾਰ ਸਾਂਝੇ ਸਾਹਿਤਿਕ ਤੇ ਸਭਿਆਚਾਰਕ ਪ੍ਰੋਗਰਾਮ ਵੱਧ ਤੋਂ ਵੱਧ ਹੋਣੇ ਚਾਹੀਦੇ ਹਨ। ਵੰਡ ਦੀ ਬਜਾਇ ਸਾਂਝੀ ਵਿਰਾਸਤ ਦਾ ਜਿਕਰ ਵਧੇਰੇ ਕਰਨਾ ਹੋਏਗਾ। ਬਾਹਰਲੇ ਦੇਸ਼ਾਂ ਵਿੱਚ ਜਿੱਥੇ ਪੰਜਾਬੀ ਵੱਡੀ ਮਾਤਰਾ ਵਿੱਚ ਰਹਿੰਦੇ ਹਨ, ਉਹਨਾਂ ਦੇਸ਼ਾਂ ਵਿੱਚ ਵੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੋਈ ਬਕਾਇਦਾ ਕੇਂਦਰ ਜਾਂ ਅਕੈਡਮੀਆਂ ਨਹੀਂ ਹਨ। ਕੁਝ ਵਿਅਕਤੀ , ਗੁਰਦੁਆਰੇ, ਜਾਂ ਸੰਸਥਾਵਾਂ ਆਪੋ ਆਪਣੇ ਪੱਧਰ ਤੇ ਯਤਨ ਕਰਦੇ ਦੇਖੇ ਹਨ, ਜਿਹੜੇ ਬਹੁਤ ਘੱਟ ਹਨ ਅਤੇ ਇਹਨਾਂ ਵਿਚ ਕੋਈ ਸਹਿਯੋਗ ਅਤੇ ਤਾਲਮੇਲ ਵੀ ਨਹੀਂ। ਨਿਰਧਾਰਤ ਸਲੇਬਸ ਰੱਖ ਕੇ ਪੰਜਾਬੀ ਸਿਖਾਉਣ ਲਈ ਇੱਕੋ ਜਿਹੇ ਯਤਨ ਕੀਤੇ ਜਾਣ ਦੀ ਬਹੁਤ ਜਿਆਦਾ ਲੋੜ ਹੈ। ਲੰਗਰਾਂ ਅਤੇ ਹੋਰ ਸਮਾਗਮਾਂ ਤੇ ਕਰੋੜਾਂ ਡਾਲਰ ਖਰਚ ਕਰਨ ਵਾਲੀ ਸਿੱਖ ਕੌਮ ਨੂੰ ਪੰਜਾਬੀ ਲਈ ਵੀ ਖਰਚ ਅਤੇ ਖੇਚਲ ਕਰਨ ਦੀ ਲੋੜ ਹੈ। ਗੁਰਬਾਣੀ ਸਾਰੇ ਬ੍ਰਹਿਮੰਡ ਨੂੰ ਕਲਾਵੇ ਵਿੱਚ ਲੈਣਾ ਸਿਖਾਉਂਦੀ ਹੈ, ਇਸਲਈ ਸਾਨੂੰ ਹੋਰ ਵਧੇਰੇ ਸੁਚੇਤ ਯਤਨ ਕਰਨੇ ਚਾਹੀਦੇ ਹਨ। ਕੱਟੜਤਾ ਤੋਂ ਪਰ੍ਹੇ ਹੋ ਕੇ ਸਭ ਨਾਲ ਸਾਂਝ ਪਾਉਣ ਲਈ ਪੰਜਾਬੀ ਇੱਕ ਬਹੁਤ ਵੱਡਾ ਸਾਧਨ ਬਣ ਸਕਦੀ ਹੈ।

ਲਿੰਗੂਆਪੈਕਸ ਓਹੀ ਭਾਸ਼ਾਵਾਂ ਵੇਖਦਾ ਹੈ ਜਿਹੜੀਆਂ ਵੈਰ ਘਟਾਉਣ ਦੀ ਤਾਕਤ ਰੱਖਦੀਆਂ ਹਨ। ਪੰਜਾਬੀ ਵਿੱਚ ਇਹ ਤਾਕਤ ਹੁੰਦੇ ਹੋਏ ਵੀ ਅਸੀਂ ਇਸ ਨੂੰ ਜੋੜਨ ਲਈ ਨਹੀਂ ਵਰਤਦੇ ਤਾਂ ਕਸੂਰਵਾਰ ਅਸੀਂ ਆਪ ਹੀ ਹਾਂ।

3. ਉੱਚ ਪੱਧਰੀ ਗਿਆਨ ਦੀ ਭਾਸ਼ਾ ਬਣਾਉਣੀ :- ਪੰਜਾਬੀ ਵਿੱਚ ਅਜੇ ਵੀ ਵਿਗਿਆਨ, ਦਰਸ਼ਨ, ਤਕਨਾਲੋਜੀ, ਮਨੋਵਿਗਿਆਨ, ਵਗੈਰਾ ਦਾ ਗਿਆਨ ਪ੍ਰਾਪਤ ਨਹੀਂ ਹੈ। ਇਸ ਸਭ ਕੁਝ ਲਈ ਸਾਨੂੰ ਅੰਗਰੇਜ਼ੀ ਵਰਗੀਆਂ ਭਾਸ਼ਾਵਾਂ ਤੇ ਨਿਰਭਰ ਹੋਣਾ ਪੈਂਦਾ ਹੈ। ਅਸੀਂ ਚਾਹ ਕੇ ਵੀ ਵਿਸ਼ਵ ਪੱਧਰ ਦੇ ਗਿਆਨ ਨੂੰ ਪੰਜਾਬੀ ਵਿੱਚ ਪ੍ਰਾਪਤ ਨਹੀਂ ਕਰ ਸਕਦੇ। ਇਸੇ ਲਈ ਸਮਾਜਿਕ ਵਿਗਿਆਨਾਂ ਦੇ ਡਾਕਟਰੇਟ ਪੱਧਰ ਦੇ ਖੋਜਾਰਥੀਆਂ ਦਾ ਵੀ ਅੰਗਰੇਜ਼ੀ ਤੋਂ ਬਿਨਾਂ ਗੁਜ਼ਾਰਾ ਨਹੀਂ ਹੁੰਦਾ।

ਕਰਨ ਯੋਗ ਕੰਮ :-ਯੂਨੀਵਰਸਿਟੀ ਪੱਧਰ ਤੇ ਪੰਜਾਬੀ ਮਾਧਿਅਮ ਵਿੱਚ ਰਿਸਰਚ ਹੋਵੇ। ਅਨੁਵਾਦ ਦੀ ਇੱਕ ਲਹਿਰ ਚਲਾਈ ਜਾਵੇ ਜਿਸ ਵਿਚ ਪਲੈਟੋ, ਕਾਂਤ, ਆਈਨ ਸਟਾਈਨ, ਡਾਰਵਿਨ ਅਤੇ ਹੈਜਨਬਰਗ ਆਦਿ ਦੇ ਕੰਮਾਂ ਦਾ ਅਨੁਵਾਦ ਕੀਤਾ ਜਾਵੇ। ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗ, ਭਾਸ਼ਾ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਮਿਲ ਕੇ ਵਿਗਿਆਨ ,ਕਾਨੂੰਨ ,ਤਕਨਾਲੋਜੀ ਦੇ ਵਿਸ਼ੇਸ਼ ਸ਼ਬਦ ਕੋਸ਼ ਤਿਆਰ ਕਰਵਾਏ ਅਤੇ ਉਹਨਾਂ ਨੂੰ ਸਾਰੀਆਂ ਲਾਇਬ੍ਰੇਰੀਆਂ ਵਿੱਚ ਭੇਜਣ ਦੇ ਨਾਲ ਨਾਲ ਸਸਤੇ ਮੁੱਲ ਤੇ ਉਪਲੱਬਧ ਕਰਵਾਏ। ਵਿਸ਼ਵ ਪੱਧਰ ਦਾ ਹਰ ਚੰਗਾ ਕੰਮ ਕਿਸੇ ਵੀ ਭਾਸ਼ਾ ਦਾ ਹੋਵੇ, ਪੰਜਾਬੀ ਵਿੱਚ ਅਨੁਵਾਦ ਕੀਤਾ ਜਾਵੇ। ਇਸੇ ਤਰਾਂ ਪੰਜਾਬੀ ਵਿੱਚ ਪ੍ਰਾਪਤ ਹਰ ਗਿਆਨ ਨੂੰ ਅੰਤਰਰਾਸ਼ਟਰੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਇਆ ਜਾਵੇ ।

ਲਿੰਗੂਆਪੈਕਸ ਸਿਰਫ ਭਾਵਨਾਵਾਂ ਨਹੀਂ, ਸਗੋਂ ਬੌਧਿਕ ਯੋਗਦਾਨ ਵੀ ਵੇਖਦਾ ਹੈ। ਪੰਜਾਬੀ ਨੂੰ ਅੰਤਰਰਾਸ਼ਟਰੀ ਪੱਧਰ ਦੇ ਗਿਆਨ ਦੀ ਭਾਸ਼ਾ ਬਣਾਏ ਜਾਣ ਲਈ ਬਹੁਤ ਜ਼ਿਆਦਾ ਕੰਮ ਕਰਨ ਦੀ ਲੋੜ ਹੈ ਜਿਸ ਪ੍ਰਤੀ ਨਾ ਸਰਕਾਰਾਂ ਅਤੇ ਨਾ ਭਾਸ਼ਾ ਸੰਬੰਧੀ ਜਥੇਬੰਦੀਆਂ ਸੰਜੀਦਾ ਰੂਪ ਵਿੱਚ ਕੁਝ ਕਰ ਰਹੀਆਂ ਹਨ।

4. ਸਹਿਣਸ਼ੀਲਤਾ ਅਤੇ ਬਹੁ ਧਾਰਮਿਕ ਆਵਾਜ :- ਪੰਜਾਬੀ ਦੀ ਇਹ ਤਾਕਤ ਰਹੀ ਹੈ ਕਿ ਇਹ ਸੂਫ਼ੀ, ਗੁਰਮਤਿ, ਭਗਤੀ, ਲੋਕਧਾਰਾ ਸਭ ਦੀ ਸਾਂਝੀ ਆਵਾਜ ਰਹੀ ਹੈ। ਮਹਾਨ ਸੰਤਾਂ, ਗੁਰੂਆਂ , ਸੂਫ਼ੀਆਂ ਅਤੇ ਮਹਾਨ ਲੇਖਕਾਂ ਨੇ ਪੰਜਾਬੀ ਵਿੱਚ ਬਹੁਤ ਖੂਬਸੂਰਤ ਅਧਿਆਤਮਕ, ਸਮਾਜਿਕ ਅਤੇ ਮਨੋਵਿਗਿਆਨਕ ਗਿਆਨ ਦੇਣ ਵਾਲੀਆਂ ਰਚਨਾਵਾਂ ਦੀ ਰਚਨਾ ਕੀਤੀ ਹੈ। ਗੁਰਮਤਿ ਸਾਹਿਤ, ਸੂਫ਼ੀ ਸਾਹਿਤ ਅਤੇ ਭਗਤਾਂ ਦੀ ਬਾਣੀ ਵਿੱਚ ਆਦਰਸ਼ਕ ਜੀਵਨ ਦੇ ਬਹੁਮੁੱਲੇ ਉੱਚੇ ਨੈਤਿਕ ਗੁਣ ਪੈਦਾ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸ਼ਾਂਤੀ, ਪ੍ਰੇਮ, ਭਾਈਚਾਰਕ ਸਾਂਝ ਦੀ ਗੱਲ ਬਹੁਤ ਜੋਰ ਸ਼ੋਰ ਨਾਲ ਕੀਤੀ ਗਈ ਹੈ। ਪੰਜਾਬੀਆਂ ਨੂੰ ਇਸ ਅਨਮੋਲ ਅਤੇ ਬਹੁਮੁੱਲੀ ਫਿਲਾਸਫੀ ਨੂੰ ਵਿਸ਼ਵ ਭਰ ਵਿੱਚ ਪ੍ਰਚਾਰਨਾ ਚਾਹੀਦਾ ਹੈ।

ਕਰਨ ਯੋਗ ਕੰਮ :- ਧਾਰਮਿਕ ਜਾਂ ਵਿਚਾਰਧਾਰਕ ਇੱਕਪੱਖੀ ਕਬਜਾ ਨਾ ਹੋਵੇ। ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਗੁਰੂ ਨਾਨਕ ,ਸ਼ਾਹ ਹੁਸੈਨ ਸਭ ਦੀ ਸਾਂਝੀ ਗੱਲ ਹੋਵੇ। ਬ੍ਰਹਿਮੰਡੀ ਸਾਂਝ, ਪ੍ਰੇਮ, ਸਹਿਣਸ਼ੀਲਤਾ ਤੇ ਸ਼ਾਂਤੀ ਦਾ ਮਾਰਗ ਦਿਖਾਉਂਦੇ ਹੋਏ ਸਾਹਿਤ ਦਾ ਅਨੁਵਾਦ ਸੰਸਾਰ ਭਰ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋਣਾ ਚਾਹੀਦਾ ਹੈ। ਅਜਿਹੇ ਕੰਮਾਂ ਲਈ ਲਗਨ ਨਾਲ ਹੰਭਲਾ ਮਾਰਨ ਦੀ ਲੋੜ ਹੈ। ਲਿੰਗੂਆਪੈਕਸ ਲਈ ਇਹ ਬਹੁਤ ਵੱਡਾ ਸਕਾਰਾਤਮਕ ਅੰਸ਼ ਹੈ।

5. ਨਵੀਂ ਪੀੜ੍ਹੀ ਨਾਲ ਜੋੜ :- ਅਸੀਂ ਦੇਖਦੇ ਹਾਂ ਕਿ ਨਵੀਂ ਪੀੜ੍ਹੀ ਦੇ ਬੱਚੇ ਪੰਜਾਬੀ ਬੋਲਦੇ ਤਾਂ ਹਨ , ਪਰ ਲਿਖਦੇ ਅਤੇ ਪੜ੍ਹਦੇ ਨਹੀਂ ਹਨ। ਇਹ ਬਹੁਤ ਵੱਡੀ ਖਤਰੇ ਦੀ ਘੰਟੀ ਹੈ। ਮੋਬਾਈਲ ਅਤੇ ਅੀ ਦੇ ਯੁੱਗ ਵਿੱਚ ਪੰਜਾਬੀ ਹਾਸ਼ੀਏ ਤੇ ਰਹਿ ਗਈ ਹੈ। ਪੰਜਾਬੀ ਨੌਜਵਾਨ ਪੀੜ੍ਹੀ ਨੂੰ ਪਿਆਰ ਨਾਲ ਪ੍ਰੇਰਿਆ ਜਾਵੇ ਤਾਂ ਉਹ ਬਹੁਤ ਮਸਲੇ ਆਪ ਹੀ ਹੱਲ ਕਰ ਸਕਦੇ ਹਨ।

ਕਰਨ ਯੋਗ ਕੰਮ :- ਏ ਆਈ, ਐਪਸ, ਆਡੀਓ ਪੁਸਤਕਾਂ, ਪੌਡਕਾਸਟ ਆਦਿ ਪੰਜਾਬੀ ਵਿੱਚ ਹੋਣੇ ਚਾਹੀਦੇ ਹਨ। ਵਿਗਿਆਨਕ ਤੇ ਦਾਰਸ਼ਨਿਕ ਯੂਟਿਊਬ ਸਮੱਗਰੀ ਪੰਜਾਬੀ ਵਿੱਚ ਹੋਣੇ ਚਾਹੀਦੇ ਹਨ। ਪੰਜਾਬੀ ਸਿਰਫ ਜਜ਼ਬਾਤ ਨਹੀਂ, ਗਿਆਨ ਵੀ ਹੈ, ਸੋਚ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਨਵੀਂ ਪੀੜ੍ਹੀ ਨੂੰ ਵਿਗਿਆਨਕ ਗਿਆਨ ਦੀ ਲੋੜ ਹੈ ਜਿਹੜਾ ਵਿਗਿਆਨਕ ਵਿਧੀਆਂ ਰਾਹੀਂ ਹੀ ਦਿੱਤਾ ਜਾਣਾ ਚਾਹੀਦਾ ਹੈ। ਵਿਸ਼ਵਾਸ਼ ਅਤੇ ਸ਼ਰਧਾ ਆਧਾਰਿਤ ਗੱਲਾਂ ਨਵੀਂ ਪੀੜ੍ਹੀ ਨੂੰ ਨਹੀਂ ਖਿੱਚ ਸਕਣਗੀਆਂ।

6. ਵਿਸ਼ਵ ਪੱਧਰੀ ਦਾਅਵੇਦਾਰੀ :- ਲਿੰਗੂਆਪੈਕਸ ਪ੍ਰਾਈਜ ਆਪੇ ਨਹੀਂ ਮਿਲਦਾ। ਉਸ ਲਈ ਅਕਾਦਮਿਕ ਸੰਸਥਾਵਾਂ, ਅੰਤਰਰਾਸ਼ਟਰੀ ਭਾਸ਼ਾ ਮੰਚ, ਸਭਿਆਚਾਰਕ ਅਦਾਰੇ ਵਲੋਂ ਸੰਯੁਕਤ ਦਾਅਵਾ ਚਾਹੀਦਾ ਹੈ। ਅਜੇ ਪੰਜਾਬੀ ਪੱਖੋਂ ਇਹ ਗੰਭੀਰ ਕੋਸ਼ਿਸ਼ ਕਮਜ਼ੋਰ ਹੈ।

ਸਿੱਟਾ:-ਪੰਜਾਬੀ ਭਾਸ਼ਾ ਰੂਹਾਨੀ, ਸਾਹਿਤਿਕ ਅਤੇ ਲੋਕਧਾਰਕ ਤੌਰ ਤੇ ਲਿੰਗੂਆਪੈਕਸ ਦੇ ਪੂਰੇ ਹਾਣ ਦੀ ਹੈ। ਪਰ ਸੰਸਥਾਗਤ, ਅਕਾਦਮਿਕ ਤੇ ਅੰਤਰਰਾਸ਼ਟਰੀ ਪੱਧਰ ਤੇ ਅਜੇ ਹੋਰ ਮਿਹਨਤ ਚਾਹੀਦੀ ਹੈ। ਅਸੰਭਵ ਕੁਝ ਵੀ ਨਹੀਂ ਹੁੰਦਾ, ਜੇ ਸਰਕਾਰਾਂ, ਸਵੈ ਸੇਵੀ ਸੰਸਥਾਵਾਂ ,ਲੇਖਕ ਵਿਦਵਾਨ ਅਤੇ ਆਮ ਲੋਕ ਰਲ ਮਿਲ ਕੇ ਕੋਸ਼ਿਸ਼ਾਂ ਕਰਨ ਤਾਂ ਅਸੀਂ ਹੌਲੀ ਹੌਲੀ ਪੰਜਾਬੀ ਨੂੰ ਹੋਰ ਵਿਕਸਿਤ ਕਰਕੇ ਇੰਨਾ ਉੱਚਾ ਲਿਜਾ ਸਕਦੇਂ ਹਾਂ ਜਿੱਥੇ ਲਿੰਗੂਆਪੈਕਸ ਪ੍ਰਾਈਜ ਵਰਗੇ ਪ੍ਰਾਈਜ ਆਪੇ ਹੀ ਭੱਜੇ ਆਉਣਗੇ।

# ਦੁਨੀਆ ਵਿੱਚ ਭ੍ਰਿਸ਼ਟਾਚਾਰ ਵਧਿਆ, ਗਲੋਬਲ ਔਸਤ ਸਕੋਰ ਘਟ ਕੇ 42 'ਤੇ ਪਹੁੰਚਿਆ

**✪ ਪੱਛਮੀ ਲੋਕਤੰਤਰ ਵੀ ਫਸੇ ਭ੍ਰਿਸ਼ਟਾਚਾਰ ਵਿਚ ਅਮਰੀਕਾ, ਬ੍ਰਿਟੇਨ ਅਤੇ ਸਵੀਡਨ ਵਿੱਚ ਸਭ ਤੋਂ ਵੱਡੀ ਗਿਰਾਵਟ ✪ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਡੈਨਮਾਰਕ, ਫਿਨਲੈਂਡ ਅਤੇ ਸਿੰਗਾਪੁਰ, ਭਾਰਤ 91ਵੇਂ ਅਤੇ ਪਾਕਿਸਤਾਨ 136ਵੇਂ ਸਥਾਨ 'ਤੇ ✪ ਕਾਰਪੋਰੇਟ ਪ੍ਰਭਾਵ ਅਤੇ ਕਮਜ਼ੋਰ ਅਗਵਾਈ ਵਧਾ ਰਹੇ ਹਨ ਭ੍ਰਿਸ਼ਟਾਚਾਰ: ਰਿਪੋਰਟ ਵਿੱਚ ਦਿੱਤੀ ਚੇਤਾਵਨੀ**

### ਨਿਊਜ਼ ਵਿਸ਼ਲੇਸ਼ਣ

ਅੰਤਰਰਾਸ਼ਟਰੀ ਐਨਜੀਓ ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਨੇ 10 ਫਰਵਰੀ ਨੂੰ ਆਪਣੀ 31ਵੀਂ ਵਾਰਸ਼ਿਕ ਕਰੱਪਸ਼ਨ ਪਰਸੈਪਸ਼ਨ ਇੰਡੈਕਸ (ਸੀਪੀਆਈ) 2025 ਜਾਰੀ ਕੀਤੀ ਸੀ। ਇਸ ਰਿਪੋਰਟ ਵਿੱਚ ਦੁਨੀਆ ਭਰ ਦੇ 182 ਦੇਸ਼ਾਂ ਅਤੇ ਖੇਤਰਾਂ ਨੂੰ ਪਬਲਿਕ ਸੈਕਟਰ ਵਿੱਚ ਭ੍ਰਿਸ਼ਟਾਚਾਰ ਦੀ ਧਾਰਨਾ ਦੇ ਅਧਾਰ 'ਤੇ ਰੈਂਕ ਕੀਤਾ ਗਿਆ ਹੈ। ਰਿਪੋਰਟ ਦੱਸਦੀ ਹੈ ਕਿ ਦੁਨੀਆ ਵਿੱਚ ਭ੍ਰਿਸ਼ਟਾਚਾਰ ਵਧ ਰਿਹਾ ਹੈ ਅਤੇ ਭ੍ਰਿਸ਼ਟਾਚਾਰ ਵਿਰੋਧੀ ਲੜਾਈ ਵਿੱਚ ਮਜ਼ਬੂਤ ਅਗਵਾਈ ਦੀ ਭਾਰੀ ਕਮੀ ਹੈ। ਗਲੋਬਲ ਔਸਤ ਸਕੋਰ ਘਟ ਕੇ 42 ਰਹਿ ਗਿਆ ਹੈ, ਜੋ ਕਿ ਪਿਛਲੇ ਇੱਕ ਦਹਾਕੇ ਵਿੱਚ ਸਭ ਤੋਂ ਘੱਟ ਹੈ। 122 ਦੇਸ਼ਾਂ ਦਾ ਸਕੋਰ 50 ਤੋਂ ਘੱਟ ਹੈ, ਜਿਸ ਨਾਲ ਸਾਫ਼ ਜ਼ਾਹਰ ਹੁੰਦਾ ਹੈ ਕਿ ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਭ੍ਰਿਸ਼ਟਾਚਾਰ ਇੱਕ ਵੱਡੀ ਅਤੇ ਵਧਦੀ ਸਮੱਸਿਆ ਬਣਿਆ ਹੋਇਆ ਹੈ।

ਰਿਪੋਰਟ ਵਿੱਚ ਚਿੰਤਾ ਜ਼ਾਹਿਰ ਕੀਤੀ ਗਈ ਹੈ ਕਿ ਪਿਛਲੇ 10 ਸਾਲਾਂ ਵਿੱਚ 80 ਤੋਂ ਵੱਧ ਸਕੋਰ ਵਾਲੇ ਦੇਸ਼ਾਂ ਦੀ ਗਿਣਤੀ 12 ਤੋਂ ਘਟ ਕੇ ਸਿਰਫ਼ 5 ਰਹਿ ਗਈ ਹੈ। ਇਹ ਦੇਸ਼ ਪਹਿਲਾਂ ਚੰਗੇ ਸ਼ਾਸਨ ਅਤੇ ਭ੍ਰਿਸ਼ਟਾਚਾਰ ਵਿਰੋਧੀ ਮਾਡਲ ਮੰਨੇ ਜਾਂਦੇ ਸਨ।

ਸਭ ਤੋਂ ਘੱਟ ਭ੍ਰਿਸ਼ਟ ਦੇਸ਼ਾਂ ਵਿੱਚ ਡੈਨਮਾਰਕ ਲਗਾਤਾਰ ਅੱਠਵੀਂ ਵਾਰ ਨੰਬਰ 1 'ਤੇ ਹੈ - ਸਕੋਰ 89। ਫਿਨਲੈਂਡ 88 ਅਤੇ ਸਿੰਗਾਪੁਰ 84 ਨਾਲ ਅੱਗੇ ਹਨ। ਇਹ ਦੇਸ਼ ਮਜ਼ਬੂਤ ਸੰਸਥਾਵਾਂ, ਪਾਰਦਰਸ਼ਤਾ ਅਤੇ ਜਵਾਬਦੇਹੀ ਕਾਰਨ ਭ੍ਰਿਸ਼ਟਾਚਾਰ ਨੂੰ ਕੰਟਰੋਲ ਕਰਨ ਵਿੱਚ ਸਫਲ ਹਨ। ਪਰ ਚਿੰਤਾਜਨਕ ਗੱਲ ਇਹ ਹੈ ਕਿ ਪੱਛਮੀ ਲੋਕਤੰਤਰੀ ਦੇਸ਼ਾਂ ਵਿੱਚ ਵੀ ਗਿਰਾਵਟ ਆ ਰਹੀ ਹੈ। ਅਮਰੀਕਾ ਦਾ ਸਕੋਰ ਘਟ ਕੇ 64 ਰਹਿ ਗਿਆ ਹੈ - ਇਹ ਉਸਦਾ ਹੁਣ ਤੱਕ ਸਭ ਤੋਂ ਘੱਟ ਸਕੋਰ ਹੈ ਅਤੇ ਰੈਂਕ ਲਗਭਗ 29ਵਾਂ। ਰਿਪੋਰਟ ਮੁਤਾਬਕ ਅਮਰੀਕਾ ਵਿੱਚ ਰਾਜਨੀਤਿਕ ਮਾਹੌਲ ਵਿਗੜ ਰਿਹਾ ਹੈ। ਬ੍ਰਿਟੇਨ ਦਾ ਸਕੋਰ 70 ਹੈ(11 ਅੰਕ ਘਟੇ ਹਨ), ਸਵੀਡਨ 80 ਹੈ(8 ਅੰਕ ਘਟੇ ਹਨ), ਕੈਨੇਡਾ ਦਾ ਸਕੋਰ 75 ਹੈ (7 ਅੰਕ ਘਟੇ ਹਨ) ਅਤੇ ਨਿਊਜ਼ੀਲੈਂਡ ਵੀ ਭਿਰਸ਼ਟਾਚਾਰ ਵਧਿਆ ਹੈ। ਫਰਾਂਸ ਦਾ ਸਕੋਰ 66 ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਮਜ਼ੋਰ ਰਾਜਨੀਤਿਕ ਅਗਵਾਈ ਅਤੇ ਭ੍ਰਿਸ਼ਟਾਚਾਰ ਵਿਰੋਧੀ ਲੜਾਈ ਨੂੰ ਤਰਜੀਹ ਨਾ ਦੇਣ ਕਾਰਨ ਇਹ ਗਿਰਾਵਟ ਆਈ ਹੈ।

ਭਾਰਤ ਅਤੇ ਪਾਕਿਸਤਾਨ ਦੀ ਸਥਿਤੀ: ਭਾਰਤ ਦਾ ਸਕੋਰ 39 ਹੈ ਅਤੇ ਰੈਂਕ 91ਵਾਂ (ਪਿਛਲੇ ਸਾਲ ਨਾਲੋਂ 5 ਸਥਾਨ ਸੁਧਰਿਆ ਹੈ, ਸਕੋਰ ਵਿੱਚ 1 ਅੰਕ ਵਾਧਾ ਹੋਇਆ ਹੈ)। ਪਾਕਿਸਤਾਨ ਦਾ ਸਕੋਰ 28 ਹੈ ਅਤੇ ਰੈਂਕ 136ਵਾਂ (ਸਕੋਰ ਵਿੱਚ 1 ਅੰਕ ਵਾਧਾ ਹੋਇਆ ਹੈ ਪਰ ਰੈਂਕ ਥੋੜ੍ਹਾ ਘਟਿਆ ਹੈ)। ਦੋਵੇਂ ਦੇਸ਼ ਗਲੋਬਲ ਔਸਤ (42) ਤੋਂ ਹੇਠਾਂ ਹਨ ਅਤੇ ਪਾਕਿਸਤਾਨ ਭਾਰਤ ਨਾਲੋਂ ਜ਼ਿਆਦਾ ਭ੍ਰਿਸ਼ਟ ਵਿਖਾਈ ਦਿੰਦਾ ਹੈ। ਏਸ਼ੀਆ-ਪੈਸਿਫਿਕ ਖੇਤਰ ਵਿੱਚ ਔਸਤ ਸਕੋਰ 45 ਹੈ ਅਤੇ ਭਾਰਤ ਵਰਗੇ ਵੱਡੇ ਲੋਕਤੰਤਰਾਂ ਵਿੱਚ ਭ੍ਰਿਸ਼ਟਾਚਾਰ ਅਜੇ ਵੀ ਚੁਣੌਤੀ ਹੈ। ਸਭ ਤੋਂ ਜ਼ਿਆਦਾ ਭ੍ਰਿਸ਼ਟ ਦੇਸ਼ਾਂ ਵਿੱਚ ਸਾਊਥ ਸੂਡਾਨ ਅਤੇ ਸੋਮਾਲੀਆ (9), ਵੈਨੇਜ਼ੁਏਲਾ (10) ਅਤੇ ਯਮਨ, ਲੀਬੀਆ ਵਰਗੇ ਯੁੱਧ ਪ੍ਰਭਾਵਿਤ ਦੇਸ਼ ਹਨ। ਤਾਨਾਸ਼ਾਹੀ ਵਾਲੇ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਹਰ ਪੱਧਰ 'ਤੇ ਫੈਲਿਆ ਹੋਇਆ ਹੈ।

ਰਿਪੋਰਟ ਵਿੱਚ ਕਾਰਪੋਰੇਟ ਪ੍ਰਭਾਵ ਅਤੇ ਅਵਾਰਾ ਪੂੰਜੀ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਅਮਰੀਕਾ ਵਿੱਚ ਰਾਜਨੀਤਿਕ ਦਾਨ ਅਤੇ ਲੌਬਿੰਗ ਨੇ ਸਿਆਸਤ ਨੂੰ ਪ੍ਰਭਾਵਿਤ ਕੀਤਾ ਹੈ, ਜਦਕਿ ਯੂਰਪ ਵਿੱਚ ਨਿਜੀ ਕੰਪਨੀਆਂ ਅਤੇ ਅਧਿਕਾਰੀਆਂ ਵਿਚਕਾਰ ਮਿਲੀਭੁਗਤ ਵਧੀ ਹੈ। ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਦੇ ਸੀਈਓ ਮਾਈਰਾ ਮਾਰਟਿਨੀ ਨੇ ਚੇਤਾਵਨੀ ਦਿੱਤੀ ਹੈ ਕਿ ਸੱਤਾ ਦਾ ਕੇਂਦਰੀਕਰਨ ਅਤੇ ਪਰਾਏਵੇਸੀ ਵਧਣ ਨਾਲ ਭ੍ਰਿਸ਼ਟਾਚਾਰ ਦਾ ਦੁਰਪਯੋਗ ਆਸਾਨ ਹੋ ਜਾਂਦਾ ਹੈ।

ਕੁਝ ਸਕਾਰਾਤਮਕ ਉਦਾਹਰਣਾਂ ਵੀ ਹਨ। ਯੂਕਰੇਨ (ਸਕੋਰ 36) ਨੇ ਯੁੱਧ ਦੇ ਬਾਵਜੂਦ ਸੁਧਾਰ ਕੀਤਾ ਹੈ, ਜਦਕਿ ਰੂਸ (22) ਵਿੱਚ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਕਮਜ਼ੋਰ ਹੋਏ ਹਨ। ਅਲਬੇਨੀਆ, ਅੰਗੋਲਾ ਅਤੇ ਉਜ਼ਬੇਕਿਸਤਾਨ ਵਰਗੇ ਦੇਸ਼ਾਂ ਨੇ ਵੀ ਸੁਧਾਰ ਕੀਤਾ ਹੈ। ਰਿਪੋਰਟ ਮੰਗ ਕਰਦੀ ਹੈ ਕਿ ਸਰਕਾਰਾਂ ਨੂੰ ਨਿਆਂ ਵਿਵਸਥਾ ਮਜ਼ਬੂਤ ਕਰਨੀ ਚਾਹੀਦੀ ਹੈ, ਨਾਗਰਿਕ ਸਮਾਜ ਅਤੇ ਮੀਡੀਆ ਨੂੰ ਸੁਤੰਤਰ ਰੱਖਣਾ ਚਾਹੀਦਾ ਹੈ ਅਤੇ ਭ੍ਰਿਸ਼ਟਾਚਾਰ ਵਿਰੋਧੀ ਲੜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। ਨਹੀਂ ਤਾਂ ਭ੍ਰਿਸ਼ਟਾਚਾਰ ਸਿਸਟਮ ਵਿੱਚ ਡੂੰਘੀਆਂ ਜੜ੍ਹਾਂ ਜਮਾ ਲਵੇਗਾ ਅਤੇ ਪਲਟਣਾ ਮੁਸ਼ਕਲ ਹੋ ਜਾਵੇਗਾ। ਇਹ ਰਿਪੋਰਟ ਦੁਨੀਆ ਨੂੰ ਚੇਤਾਵਨੀ ਦਿੰਦੀ ਹੈ ਕਿ ਬਿਨਾਂ ਮਜ਼ਬੂਤ ਅਗਵਾਈ ਅਤੇ ਸੰਸਥਾਵਾਂ ਦੇ ਭ੍ਰਿਸ਼ਟਾਚਾਰ ਨੂੰ ਰੋਕਣਾ ਅਸੰਭਵ ਹੈ। ਨਾਗਰਿਕਾਂ ਵਿੱਚ ਵਿਰੋਧ ਵਧ ਰਿਹਾ ਹੈ ਅਤੇ ਉਹ ਸੁਧਾਰ ਦੀ ਮੰਗ ਕਰ ਰਹੇ ਹਨ।

### ਰਾਜਨੀਤਿਕ ਫੰਡਿੰਗ ਅਤੇ ਲੌਬਿੰਗ ਭਿਰਸ਼ਟਾਚਾਰ ਦਾ ਕਾਰਣ

ਬਹੁਤ ਸਾਰੇ ਲੋਕਤੰਤਰੀ ਦੇਸ਼ਾਂ ਵਿੱਚ, ਖਾਸ ਕਰਕੇ ਅਮਰੀਕਾ ਵਰਗੇ ਦੇਸ਼ਾਂ ਵਿੱਚ, ਕਾਰਪੋਰੇਟ ਘਰਾਣੇ ਸਿਆਸੀ ਪਾਰਟੀਆਂ ਨੂੰ ਵੱਡੇ ਚੰਦੇ ਦਿੰਦੇ ਹਨ। ਇਹ ਚੰਦਾ ਅਕਸਰ "ਨਿਵੇਸ਼" ਵਜੋਂ ਦੇਖਿਆ ਜਾਂਦਾ ਹੈ। ਜਦੋਂ ਇਹ ਪਾਰਟੀਆਂ ਸੱਤਾ ਵਿੱਚ ਆਉਂਦੀਆਂ ਹਨ, ਤਾਂ ਉਹ ਅਜਿਹੀਆਂ ਨੀਤੀਆਂ ਬਣਾਉਂਦੀਆਂ ਹਨ ਜੋ ਉਹਨਾਂ ਕਾਰਪੋਰੇਟਾਂ ਨੂੰ ਫਾਇਦਾ ਪਹੁੰਚਾਉਣ, ਜਿਸ ਨੂੰ 'ਕਰੋਨੀ ਕੈਪੀਟਲਿਜ਼ਮ' ਕਿਹਾ ਜਾਂਦਾ ਹੈ ਜ਼ਦੋਂ ਪੂੰਜੀਪਤੀ ਸਿਆਸਤ ਨੂੰ ਚਲਾਉਣ ਲੱਗਦੇ ਹਨ, ਤਾਂ ਦੇਸ਼ ਦੇ ਕਾਨੂੰਨ ਆਮ ਜਨਤਾ ਦੀ ਬਜਾਏ ਕੁਝ ਚੁਣਿੰਦਾ ਵਪਾਰਕ ਘਰਾਣਿਆਂ ਦੇ ਹਿੱਤਾਂ ਮੁਤਾਬਕ ਬਣਨ ਲੱਗਦੇ ਹਨ। ਇਸ ਨਾਲ ਕੁਦਰਤੀ ਸਰੋਤਾਂ (ਜਿਵੇਂ ਖਣਿਜ, ਜ਼ਮੀਨ, ਕੋਲਾ) ਦੀ ਵੰਡ ਵਿੱਚ ਪਾਰਦਰਸ਼ਤਾ ਖਤਮ ਹੋ ਜਾਂਦੀ ਹੈ, ਜੋ ਭ੍ਰਿਸ਼ਟਾਚਾਰ ਦਾ ਮੁੱਖ ਸਰੋਤ ਬਣਦੀ ਹੈ। ? ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਸੱਤਾ ਦੇ ਕੇਂਦਰੀਕਰਨ ਨਾਲ ਭ੍ਰਿਸ਼ਟਾਚਾਰ ਵਧਦਾ ਹੈ। ਜਦੋਂ ਕਾਰਪੋਰੇਟ ਪੂੰਜੀ ਅਤੇ ਸਿਆਸੀ ਤਾਕਤ ਇੱਕੋ ਥਾਂ ਇਕੱਠੀ ਹੋ ਜਾਂਦੀ ਹੈ, ਤਾਂ ਜਾਂਚ ਏਜੰਸੀਆਂ ਅਤੇ ਨਿਆਂਪਾਲਿਕਾ ਵਰਗੀਆਂ ਸੁਤੰਤਰ ਸੰਸਥਾਵਾਂ ਕਮਜ਼ੋਰ ਹੋ ਜਾਂਦੀਆਂ ਹਨ ਕਿਉਂਕਿ ਉਹਨਾਂ ਉੱਤੇ ਸਿਆਸੀ ਦਬਾਅ ਵਧ ਜਾਂਦਾ ਹੈ।

ਅਮਰੀਕਾ, ਬ੍ਰਿਟੇਨ ਅਤੇ ਸਵੀਡਨ ਵਰਗੇ ਦੇਸ਼ਾਂ ਵਿੱਚ ਸਕੋਰ ਘਟਣ ਦਾ ਇੱਕ ਵੱਡਾ ਕਾਰਨ ਇਹੋ ਹੈ ਕਿ ਉੱਥੇ 'ਬਿਜ਼ਨਸ ਅਤੇ ਰਾਜਨੀਤੀ' ਦਾ ਸੁਮੇਲ ਹੁਣ ਜਨਤਕ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਨਿੱਜੀ ਕੰਪਨੀਆਂ ਦਾ ਸਰਕਾਰੀ ਫੈਸਲਿਆਂ ਵਿੱਚ ਦਖਲ ਇੰਨਾ ਵਧ ਗਿਆ ਹੈ ਕਿ ਪਾਰਦਰਸ਼ਤਾ ਖਤਮ ਹੁੰਦੀ ਜਾ ਰਹੀ ਹੈ ਸੋ ਕਾਰਪੋਰੇਟ ਪੂੰਜੀ ਭ੍ਰਿਸ਼ਟਾਚਾਰ ਦਾ ਇੱਕ ਵੱਡਾ ਕਾਰਕ ਹੈ, ਪਰ ਇਹ ਇਕੱਲਾ ਕਾਰਨ ਨਹੀਂ ਹੈ। ਇਸ ਦੇ ਨਾਲ-ਨਾਲ ਕਮਜ਼ੋਰ ਅਗਵਾਈ, ਨਿਆਂ ਪ੍ਰਣਾਲੀ ਦੀ ਸੁਸਤੀ, ਮੀਡੀਆ ਅਤੇ ਨਾਗਰਿਕ ਸਮਾਜ ਦੀ ਕਮਜ਼ੋਰ ਹੁੰਦੀ ਆਵਾਜ਼ ਵੀ ਬਰਾਬਰ ਦੇ ਜ਼ਿੰਮੇਵਾਰ ਹਨ। ਜਦੋਂ ਤੱਕ ਚੋਣ ਸੁਧਾਰ ਨਹੀਂ ਹੁੰਦੇ ਅਤੇ ਸਿਆਸੀ ਫੰਡਿੰਗ ਨੂੰ ਪਾਰਦਰਸ਼ੀ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਕਾਰਪੋਰੇਟ ਪੂੰਜੀ ਦਾ ਸਿਆਸਤ ਉੱਤੇ ਪ੍ਰਭਾਵ ਭ੍ਰਿਸ਼ਟਾਚਾਰ ਨੂੰ ਵਧਾਉਂਦਾ ਰਹੇਗਾ।



### ਭ੍ਰਿਸ਼ਟਾਚਾਰ ਕੰਟਰੋਲ ਕਿਵੇਂ ਹੋਵੇ

ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਦੇ ਅਨੁਸਾਰ, ਜੇਕਰ ਦੁਨੀਆ ਨੇ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣਾ ਹੈ ਤਾਂ ਇਹ ਤਿੰਨ ਕੰਮ ਜ਼ਰੂਰੀ ਹਨ:

ਨਿਆਂ ਵਿਵਸਥਾ ਨੂੰ ਮਜ਼ਬੂਤ ਕਰਨਾ: ਭ੍ਰਿਸ਼ਟਾਚਾਰ ਕਰਨ ਵਾਲੇ ਨੂੰ ਸਖ਼ਤ ਅਤੇ ਜਲਦੀ ਸਜ਼ਾ ਮਿਲੇ।

ਪਾਰਦਰਸ਼ੀ ਫੰਡਿੰਗ: ਸਿਆਸੀ ਪਾਰਟੀਆਂ ਨੂੰ ਮਿਲਣ ਵਾਲੇ ਚੰਦੇ ਦਾ ਇੱਕ-ਇੱਕ ਰੁਪਿਆ ਜਨਤਕ ਹੋਣਾ ਚਾਹੀਦਾ ਹੈ।

ਮੀਡੀਆ ਦੀ ਆਜ਼ਾਦੀ: ਇੱਕ ਸੁਤੰਤਰ ਮੀਡੀਆ ਹੀ ਸੱਤਾ ਤੋਂ ਸਵਾਲ ਪੁੱਛ ਸਕਦਾ ਹੈ ਤੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰ ਸਕਦਾ ਹੈ।

## ਭਾਰਤ ਵਿਚ ਭਿਰਸ਼ਟਾਚਾਰ ਦਾ ਆਧਾਰ ਕਾਰਪੋਰੇਟ ਤੇ ਸਿਆਸਤ ਦਾ ਗਠਜੋੜ

ਭਾਰਤ ਵਿੱਚ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਰੂਪ ਚੋਣਾਂ ਵਿੱਚ ਹੋਣ ਵਾਲਾ ਖਰਚ ਹੈ।

ਮਹਿੰਗੀਆਂ ਚੋਣਾਂ: ਭਾਰਤ ਵਿੱਚ ਚੋਣਾਂ ਲੜਨਾ ਬਹੁਤ ਮਹਿੰਗਾ ਹੋ ਗਿਆ ਹੈ। ਸਿਆਸੀ ਪਾਰਟੀਆਂ ਨੂੰ ਵੱਡੇ ਫੰਡਾਂ ਦੀ ਲੋੜ ਹੁੰਦੀ ਹੈ, ਜੋ ਅਕਸਰ ਵੱਡੇ ਕਾਰਪੋਰੇਟ ਘਰਾਣਿਆਂ ਤੋਂ ਆਉਂਦੇ ਹਨ।

ਬਦਲੇ ਦੀ ਰਾਜਨੀਤੀ : ਜਦੋਂ ਕਾਰਪੋਰੇਟ ਪਾਰਟੀਆਂ ਨੂੰ ਫੰਡ ਦਿੰਦੇ ਹਨ, ਤਾਂ ਉਹ ਬਦਲੇ ਵਿੱਚ ਅਜਿਹੇ ਕਾਨੂੰਨ ਜਾਂ ਠੇਕੇ ਚਾਹੁੰਦੇ ਹਨ ਜੋ ਉਹਨਾਂ ਦੇ ਮੁਨਾਫੇ ਨੂੰ ਵਧਾਉਣ। ਇਸ ਨਾਲ 'ਕਰੋਨੀ ਕੈਪੀਟਲਿਜ਼ਮ' ਪੈਦਾ ਹੁੰਦਾ ਹੈ, ਜਿੱਥੇ ਆਮ ਜਨਤਾ ਦਾ ਪੈਸਾ ਕੁਝ ਖਾਸ ਹੱਥਾਂ ਵਿੱਚ ਚਲਾ ਜਾਂਦਾ ਹੈ।

ਸੰਸਥਾਵਾਂ ਦੀ ਸੁਤੰਤਰਤਾ-ਰਿਪੋਰਟ ਵਿੱਚ 'ਕਮਜ਼ੋਰ ਅਗਵਾਈ' ਅਤੇ 'ਸੰਸਥਾਵਾਂ ਦੇ ਕਮਜ਼ੋਰ ਹੋਣ' ਦੀ ਚੇਤਾਵਨੀ ਦਿੱਤੀ ਗਈ ਹੈ। ਭਾਰਤ ਦੇ ਸੰਦਰਭ ਵਿੱਚ:

ਜਾਂਚ ਏਜੰਸੀਆਂ: ਸੀ.ਬੀ.ਆਈ ਅਤੇ ਈ.ਡੀ ਵਰਗੀਆਂ ਸੰਸਥਾਵਾਂ ਉੱਤੇ ਅਕਸਰ ਸਿਆਸੀ ਪ੍ਰਭਾਵ ਦੇ ਇਲਜ਼ਾਮ ਲੱਗਦੇ ਹਨ। ਜੇਕਰ ਇਹ ਸੰਸਥਾਵਾਂ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੋਣਗੀਆਂ, ਤਾਂ ਵੱਡੇ ਪੱਧਰ ਦਾ ਭ੍ਰਿਸ਼ਟਾਚਾਰ ਕਦੇ ਵੀ ਖਤਮ ਨਹੀਂ ਹੋ ਸਕਦਾ।

ਨਿਆਂ ਪ੍ਰਣਾਲੀ: ਕੇਸਾਂ ਦਾ ਲੰਬੇ ਸਮੇਂ ਤੱਕ ਲਟਕਣਾ ਭ੍ਰਿਸ਼ਟ ਲੋਕਾਂ ਨੂੰ ਹੌਸਲਾ ਦਿੰਦਾ ਹੈ।

ਪਾਕਿਸਤਾਨ ਦੀ ਹਾਲਤ (136ਵਾਂ ਰੈਂਕ) ਭਾਰਤ ਨਾਲੋਂ ਕਾਫ਼ੀ ਮਾੜੀ ਹੈ। ਇਸ ਦਾ ਮੁੱਖ ਕਾਰਨ ਉੱਥੇ ਸਿਆਸੀ ਅਸਥਿਰਤਾ ਅਤੇ ਫੌਜੀ ਦਖਲਅੰਦਾਜ਼ੀ ਹੈ। ਜਿੱਥੇ ਸੱਤਾ ਦਾ ਕੇਂਦਰੀਕਰਨ ਹੁੰਦਾ ਹੈ ਅਤੇ ਲੋਕਤੰਤਰੀ ਸੰਸਥਾਵਾਂ ਕਮਜ਼ੋਰ ਹੁੰਦੀਆਂ ਹਨ, ਉੱਥੇ ਭ੍ਰਿਸ਼ਟਾਚਾਰ ਸਿਖਰਾਂ 'ਤੇ ਹੁੰਦਾ ਹੈ।

# ਕੈਨੇਡਾ ਦੇ ਤਿੰਨ ਐੱਮਪੀਜ਼ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ

ਅੰਮ੍ਰਿਤਸਰ-ਕੈਨੇਡਾ ਦੇ ਤਿੰਨ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ ਅਤੇ ਦਲਵਿੰਦਰ ਸਿੰਘ ਗਿੱਲ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਮੌਕੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।



ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਅਤੇ ਹੋਰ ਅਹੁਦੇਦਾਰਾਂ ਨੇ ਤਿੰਨਾਂ ਐੱਮਪੀਜ਼ ਨੂੰ ਸੁਨਹਿਰੀ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਨਾਲ ਸਨਮਾਨਿਤ ਕੀਤਾ। ਇਸ ਦੌਰਾਨ ਨਾਲ ਆਏ ਸੀਨੀਅਰ ਪੱਤਰਕਾਰ ਸੁਖਜਿੰਦਰ ਸਿੰਘ ਚੋਹਲਾ ਨੂੰ ਵੀ ਸਨਮਾਨਿਤ ਕੀਤਾ ਗਿਆ।

ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਸਰਬੱਤ ਦੇ ਭਲੇ ਦਾ ਹੁਕਮ ਦਿੱਤਾ ਹੈ। ਕੈਨੇਡਾ ਵਿੱਚ ਵੱਸੇ ਸਿੱਖ ਵੱਡੇ ਮੁਕਾਮ ਹਾਸਲ ਕਰ ਰਹੇ ਹਨ ਅਤੇ ਸਿੱਖੀ ਦੇ ਪ੍ਰਚਾਰ ਵਿੱਚ ਵੀ ਯੋਗਦਾਨ ਪਾ ਰਹੇ ਹਨ। ਖਾਸ ਤੌਰ 'ਤੇ ਜਸਰਾਜ ਸਿੰਘ ਹੱਲਣ ਅਤੇ ਅਮਨਪ੍ਰੀਤ ਸਿੰਘ ਗਿੱਲ ਸਿੱਖੀ ਸਰੂਪ ਵਿੱਚ ਹਨ, ਜੋ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਕੈਨੇਡਾ ਵਿੱਚ ਸਿੱਖੀ ਪ੍ਰਚਾਰ ਲਈ ਪੂਰਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ।

ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕੈਨੇਡਾ ਦੀ ਪਾਰਲੀਮੈਂਟ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਐੱਮਪੀ ਹੋਣਾ ਮਾਣ ਵਾਲੀ ਗੱਲ ਹੈ ਅਤੇ ਉਹ ਭਾਈਚਾਰੇ ਦੀਆਂ ਉਮੀਦਾਂ 'ਤੇ ਖਰੇ ਉਤਰ ਰਹੇ ਹਨ। ਤਿੰਨਾਂ ਐੱਮਪੀਜ਼ ਨੇ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਸਨਮਾਨ ਮਿਲਣ ਲਈ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਅਹੁਦੇਦਾਰ ਅਤੇ ਮੈਂਬਰ ਵੀ ਮੌਜੂਦ ਸਨ।

# ਫ਼ਰੀਦਕੋਟ 'ਚ ਮਾਂ ਬਣੀ ਜਾਸੂਸ !

## ✪ ਵਿਦੇਸ਼ ਬੈਠੇ ਪੁੱਤ ਲਈ ਵਪਾਰੀਆਂ ਦੀ ਰੇਕੀ ਕਰਕੇ ਚਲਾਇਆ ਫਿਰੌਤੀ ਧੰਦਾ

ਫ਼ਰੀਦਕੋਟ-ਫ਼ਰੀਦਕੋਟ ਜ਼ਿਲ੍ਹੇ ਵਿੱਚ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਕ ਮਾਂ ਪਰਮਜੀਤ ਕੌਰ ਨੇ ਆਪਣੇ ਵਿਦੇਸ਼ ਬੈਠੇ ਪੁੱਤ ਹਰਮਨਪ੍ਰੀਤ ਸਿੰਘ ਹਾਮੀ ਲਈ ਜਾਸੂਸੀ ਕਰਕੇ ਫਿਰੌਤੀ ਦਾ ਰੈਕਟ ਚਲਾਇਆ ਸੀ। ਔਰਤ ਸਥਾਨਕ ਬਾਜ਼ਾਰਾਂ ਵਿੱਚ ਘੁੰਮ ਕੇ ਦੁਕਾਨਾਂ ਦੇ ਬੋਰਡਾਂ ਤੋਂ ਵਪਾਰੀਆਂ ਦੇ ਨਾਮ ਅਤੇ ਮੋਬਾਈਲ ਨੰਬਰ ਨੋਟ ਕਰਦੀ ਸੀ ਅਤੇ ਪਰਿਵਾਰਕ ਜਾਣਕਾਰੀ ਵੀ ਇਕੱਠੀ ਕਰਦੀ ਸੀ।

ਇਹ ਸਾਰੀ ਜਾਣਕਾਰੀ ਉਹ ਪੁੱਤ ਨੂੰ ਭੇਜਦੀ, ਜਿਸ ਨੇ ਵਿਦੇਸ਼ੀ ਵਟਸਐਪ ਨੰਬਰਾਂ ਤੋਂ ਵਪਾਰੀਆਂ ਨੂੰ ਫੋਨ ਕਰਕੇ ਲੱਖਾਂ ਰੁਪਏ ਮੰਗੇ ਅਤੇ ਬੱਚਿਆਂ-ਪਰਿਵਾਰ ਬਾਰੇ ਜਾਣਕਾਰੀ ਦੱਸ ਕੇ ਡਰਾਇਆ। ਥਾਣਾ ਸਾਦਿਕ ਪੁਲੀਸ ਨੇ ਇੱਕ ਪੀੜਤ ਕੱਪੜਾ ਵਪਾਰੀ ਜਸਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਤਕਨੀਕੀ ਜਾਂਚ ਕੀਤੀ ਅਤੇ ਪਰਮਜੀਤ ਕੌਰ, ਹਰਮਨਪ੍ਰੀਤ ਸਿੰਘ ਤੇ ਸਾਥੀ ਸੋਨੂ ਸਿੰਘ ਖਿਲਾਫ਼ ਮੁਕੱਦਮਾ ਦਰਜ ਕੀਤਾ। ਪੁਲੀਸ ਨੇ ਦੱਸਿਆ ਕਿ ਮਾਂ ਰੇਕੀ ਕਰਕੇ ਧਮਕੀਆਂ ਦਾ ਆਧਾਰ ਤਿਆਰ ਕਰਦੀ ਸੀ। ਹੁਣ ਗਿਰੋਹ ਦੇ ਹੋਰ ਸਾਥੀਆਂ ਦੀ ਭਾਲ ਜਾਰੀ ਹੈ।

# ਹਾਪੁੜ ਵਿਚ ਵੈਲੇਨਟਾਈਨ ਡੇ 'ਤੇ ਮੰਦਰ ਵਿੱਚ ਹੰਗਾਮਾ

## ✪ ਮੁਸਲਿਮ ਨੌਜਵਾਨ ਅਤੇ ਹਿੰਦੂ ਲੜਕੀ ਪੁਲਿਸ ਹਿਰਾਸਤ ਵਿਚ

ਹਾਪੁੜ-ਉੱਤਰ ਪ੍ਰਦੇਸ਼ ਦੇ ਹਾਪੁੜ ਵਿੱਚ ਵੈਲੇਨਟਾਈਨ ਡੇ ਦਿਨ ਇੱਕ ਪ੍ਰੇਮੀ ਜੋੜੇ ਨੇ ਮੰਦਰ ਵਿੱਚ ਪਹੁੰਚ ਕੇ ਹੰਗਾਮੇ ਕੀਤੋ। ਇੱਕ ਮੁਸਲਿਮ ਨੌਜਵਾਨ ਅਤੇ ਉਸਦੀ ਹਿੰਦੂ ਪ੍ਰੇਮਿਕਾ ਦਿੱਲੀ ਰੋਡ ਸਥਿਤ ਮੰਦਰ ਵਿੱਚ ਵੈਲੇਨਟਾਈਨ ਮਨਾਉਣ ਲਈ ਗਏ ਸਨ, ਜਿੱਥੇ ਹਿੰਦੂ ਸੰਗਠਨਾਂ ਦੇ ਕਾਰਕੁਨਾਂ ਨੇ ਇਸ ਨੂੰ 'ਲਵ ਜਿਹਾਦ' ਦੀ ਸਾਜ਼ਿਸ਼ ਦੱਸ ਕੇ ਵਿਰੋਧ ਕੀਤਾ ਅਤੇ ਹੰਗਾਮਾ ਮਚਾ ਦਿੱਤਾ। ਪੁਲਿਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਸਥਿਤੀ ਕਾਬੂ ਵਿੱਚ ਕੀਤੀ ਅਤੇ ਦੋਵਾਂ ਨੂੰ ਹਿਰਾਸਤ ਵਿੱਚ ਲੈ ਲਿਆ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੰਤਰੀ ਸੁਧੀਰ ਅਗਰਵਾਲ ਨੇ ਕਿਹਾ ਕਿ ਵੈਲੇਨਟਾਈਨ ਡੇ ਪੱਛਮੀ ਸੱਭਿਆਚਾਰ ਦਾ ਪ੍ਰਤੀਕ ਹੈ, ਜੋ ਹਿੰਦੂ ਪਰੰਪਰਾਵਾਂ ਨੂੰ ਖਤਰੇ ਵਿੱਚ ਪਾ ਰਿਹਾ ਹੈ ਅਤੇ ਮੁਸਲਿਮ ਨੌਜਵਾਨ ਹਿੰਦੂ ਕੁੜੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਨ੍ਹਾਂ ਨੇ ਲੜਕੀ ਨੂੰ ਪਰਿਵਾਰ ਦੇ ਹਵਾਲੇ ਅਤੇ ਨੌਜਵਾਨ ਵਿਰੁੱਧ ਕਾਰਵਾਈ ਦੀ ਮੰਗ ਕੀਤੀ।

# ਬਠਿੰਡਾ ਵਿਚ ਮਾਂ ਨੇ ਬੱਚਿਆਂ ਨੂੰ ਜ਼ਹਿਰ ਦੇ ਕੇ ਕੀਤੀ ਹੱਤਿਆ

ਬਠਿੰਡਾ-ਪੰਜਾਬ ਦੇ ਬਠਿੰਡਾ ਜ਼ਿਲ੍ਹੇ ਵਿੱਚ ਪਿੰਡ ਭੁਲੇਵਾਲਾ ਵਿੱਚ ਇੱਕ ਦਿਲ ਦਹਿਲਾਉਣ ਵਾਲੀ ਘਟਨਾ ਸਾਹਮਣੇ ਆਈ ਹੈ। ਇੱਕ ਮਾਂ ਨੇ ਆਪਣੇ ਪ੍ਰੇਮ ਸਬੰਧਾਂ ਵਿੱਚ ਰੁਕਾਵਟ ਬਣ ਰਹੇ ਦੋ ਮਾਸੂਮ ਬੱਚਿਆਂ ਨੂੰ ਚੂਹੇ ਮਾਰਨ ਵਾਲੀ ਜ਼ਹਿਰ ਦੇ ਕੇ ਮਾਰ ਦਿੱਤਾ। ਪਹਿਲਾਂ 8-12 ਸਾਲਾ ਧੀ ਸੁਖਪ੍ਰੀਤ ਕੌਰ ਅਤੇ ਫਿਰ 6-8 ਸਾਲਾ ਪੁੱਤਰ ਫਤਹਿਬੀਰ ਸਿੰਘ ਦੀ ਮੌਤ ਹੋਈ। ਮਾਂ ਜੱਸੀ ਕੌਰ ਨੇ ਪੁਲਿਸ ਪੁੱਛਗਿੱਛ ਵਿੱਚ ਅਪਰਾਧ ਕਬੂਲ ਕਰ ਲਿਆ। ਉਸ ਨੇ ਆਪਣੀ ਭੈਣ ਮੋਟੂ ਕੌਰ ਅਤੇ ਇੱਕ ਜਾਣਕਾਰ ਲੱਖੀ ਸਿੰਘ ਨਾਲ ਮਿਲ ਕੇ ਸਾਜ਼ਿਸ਼ ਰਚੀ। ਪਿੰਡ ਵਾਸੀਆਂ ਦੇ ਸ਼ੱਕ ਅਤੇ ਪਿਤਾ ਬੁੱਧ ਸਿੰਘ ਦੀ ਸ਼ਿਕਾਇਤ 'ਤੇ ਪੁਲਿਸ ਨੇ ਮਾਂ ਤੇ ਭੈਣ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਬੱਚੇ ਦੀ ਲਾਸ਼ ਦਾ ਪੋਸਟਮਾਰਟਮ ਕੀਤਾ ਜਾ ਰਿਹਾ ਹੈ। ਪੂਰੇ ਪਿੰਡ ਵਿੱਚ ਸੋਗ ਅਤੇ ਗੁੱਸੇ ਦਾ ਮਾਹੌਲ ਹੈ। ਪਿੰਡ ਵਾਸੀ ਨਿਰਪੱਖ ਜਾਂਚ ਅਤੇ ਸਖ਼ਤ ਸਜ਼ਾ ਦੀ ਮੰਗ ਕਰ ਰਹੇ ਹਨ।




# ਪਾਕਿਸਤਾਨੀ ਏਜੰਸੀ ਵੱਲੋਂ ਵੱਡੇ ਅੱਤਵਾਦੀ ਹਮਲੇ ਦੀ ਸਾਜ਼ਿਸ਼

## ✪ ਪੰਜਾਬ ਪੁਲਿਸ ਨੇ ਸਲੀਪਰ ਸੈੱਲਾਂ ਦਾ ਖੁਲਾਸਾ ਕੀਤਾ ✪ ਅੰਮ੍ਰਿਤਸਰ ਵਿਚ ਗ੍ਰਨੇਡਾਂ ਸਮੇਤ ਗ੍ਰਿਫਤਾਰੀ: ਅੱਤਵਾਦੀ ਮਾਡਿਊਲ ਨੂੰ ਨਾਕਾਮ ਕੀਤਾ

ਅੰਮ੍ਰਿਤਸਰ-ਪੰਜਾਬ ਪੁਲਿਸ ਨੇ ਵੱਡੇ ਅੱਤਵਾਦੀ ਹਮਲੇ ਦੀ ਸਾਜ਼ਿਸ਼ ਨੂੰ ਨਾਕਾਮ ਕਰਦਿਆਂ ਖੁਲਾਸਾ ਕੀਤਾ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਭਾਰਤ ਵਿਚ ਅੱਤਵਾਦੀ ਹਮਲਾ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਲਈ ਉੱਤਰੀ ਭਾਰਤ ਵਿਚ ਲਗਪਗ ਅੱਧਾ ਦਰਜਨ ਸਲੀਪਰ ਸੈੱਲ ਤਿਆਰ ਕੀਤੇ ਗਏ ਹਨ, ਜੋ ਇੱਕ ਸੰਕੇਤ 'ਤੇ ਹੀ ਵੱਡਾ ਹਮਲਾ ਅੰਜਾਮ ਦੇ ਸਕਦੇ ਹਨ। ਇਹ ਸੈੱਲ ਪੰਜਾਬ ਤੋਂ ਲੈ ਕੇ ਦਿੱਲੀ ਅਤੇ ਹੋਰ ਰਾਜਾਂ ਤੱਕ ਫੈਲੇ ਹੋਏ ਹਨ।



ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਸੁਖਮਨਪ੍ਰੀਤ ਸਿੰਘ ਉਰਫ ਸੁੱਖ ਨੂੰ ਦੋ ਗ੍ਰਨੇਡਾਂ ਸਮੇਤ ਗ੍ਰਿਫਤਾਰ ਕੀਤਾ। ਉਸ ਦੀ ਪੁੱਛਗਿੱਛ ਤੋਂ ਪਤਾ ਲੱਗਾ ਕਿ ਆਈਐੱਸਆਈ ਵੱਡੇ ਪੱਧਰ 'ਤੇ ਆਈਈਡੀ, ਗ੍ਰਨੇਡ ਅਤੇ ਹੋਰ ਵਿਸਫੋਟਕ ਇਕੱਠੇ ਕਰ ਰਹੀ ਹੈ। ਇਸ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ , ਖਾਲਿਸਤਾਨ ਲਿਬਰੇਸ਼ਨ ਫੋਰਸ ਅਤੇ ਜੰਮੂ-ਕਸ਼ਮੀਰ ਦੇ ਖਾੜਕੂ ਸੰਗਠਨਾਂ ਨੂੰ ਸ਼ਾਮਲ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਪੁਲਿਸ ਨੇ ਇਸ ਸਬੰਧੀ ਫਤਹਿਪੁਰ ਜੇਲ੍ਹ ਵਿਚ ਬੰਦ ਲਖਬੀਰ ਸਿੰਘ ਉਰਫ ਲੱਖਾ ਨੂੰ ਵੀ ਪ੍ਰੋਡਕਸ਼ਨ ਵਾਰੰਟ 'ਤੇ ਗ੍ਰਿਫਤਾਰ ਕੀਤਾ। ਲੱਖਾ ਚੱਕ ਮਿਸ਼ਰੀ ਖਾਂ ਪਿੰਡ ਦਾ ਰਹਿਣ ਵਾਲਾ ਹੈ ਅਤੇ ਉਸ 'ਤੇ ਡਰੋਨ ਰਾਹੀਂ ਹਥਿਆਰ ਤੇ ਨਸ਼ੇ ਦੀ ਤਸਕਰੀ ਦੇ ਕਈ ਮਾਮਲੇ ਦਰਜ ਹਨ। ਜਾਂਚ ਵਿਚ ਪਤਾ ਲੱਗਾ ਕਿ ਸੁਖਮਨਪ੍ਰੀਤ ਅਤੇ ਲੱਖਾ ਜੇਲ੍ਹ ਵਿਚ ਮੋਬਾਈਲ ਰਾਹੀਂ ਪਾਕਿਸਤਾਨੀ ਤਸਕਰਾਂ ਤੋਂ ਹਥਿਆਰ ਮੰਗਵਾ ਰਹੇ ਸਨ।

ਤਿੰਨ ਮੁਲਜ਼ਮਾਂ-ਸੁਖਮਨਪ੍ਰੀਤ, ਰਾਹੁਲ ਗੱਜੂ ਅਤੇ ਸ਼ੁਭਮ ਸ਼੍ਰੀਵਾਸਤਵ-ਤੋਂ ਪੁੱਛਗਿੱਛ ਤੋਂ ਬਾਅਦ ਕੇਂਦਰੀ ਸੁਰੱਖਿਆ ਏਜੰਸੀਆਂ ਨੇ ਦੇਸ਼ ਭਰ ਵਿਚ ਆਪਣੀਆਂ ਗਤੀਵਿਧੀਆਂ ਵਧਾ ਦਿੱਤੀਆਂ ਹਨ। ਇਹ ਮੁਲਜ਼ਮ ਪੁਲਿਸ ਰਿਮਾਂਡ 'ਤੇ ਹਨ ਅਤੇ ਰਾਸ਼ਟਰੀ ਸੁਰੱਖਿਆ ਏਜੰਸੀਆਂ ਵੱਲੋਂ ਪੁੱਛਗਿੱਛ ਜਾਰੀ ਹੈ। ਪੰਜਾਬ ਪੁਲਿਸ ਨੇ ਸਲੀਪਰ ਸੈੱਲਾਂ ਦੀ ਭਾਲ ਤੇਜ਼ ਕਰ ਦਿੱਤੀ ਹੈ ਤਾਂ ਜੋ ਵੱਡੇ ਹਮਲੇ ਨੂੰ ਰੋਕਿਆ ਜਾ ਸਕੇ।

# ਰਾਜਸਥਾਨ ਤੋਂ ਪੰਜਾਬ ਵਿੱਚ ਨਸ਼ੇ ਦੀ ਸਪਲਾਈ

## ✪ ਬਠਿੰਡਾ ਪੁਲਿਸ ਨੇ 6.5 ਕਿਲੋ ਅਫੀਮ ਸਮੇਤ ਦੋ ਤਸਕਰ ਕੀਤੇ ਗ੍ਰਿਫਤਾਰ

ਬਠਿੰਡਾ-ਬਠਿੰਡਾ ਪੁਲਿਸ ਨੂੰ ਨਸ਼ੇ ਵਿਰੁੱਧ ਮੁਹਿੰਮ ਵਿੱਚ ਵੱਡੀ ਕਾਮਯਾਬੀ ਮਿਲੀ ਹੈ। 14 ਫਰਵਰੀ ਨੂੰ ਬਠਿੰਡਾ-ਡੱਬਵਾਲੀ ਰੋਡ 'ਤੇ ਨਾਕਾਬੰਦੀ ਦੌਰਾਨ ਸਵਿਫਟ ਡਿਜ਼ਾਇਰ ਕਾਰ ਰੋਕ ਕੇ ਤਲਾਸ਼ੀ ਲਈ ਗਈ। ਕਾਰ ਵਿੱਚੋਂ 6.5 ਕਿਲੋ ਅਫੀਮ ਬਰਾਮਦ ਹੋਈ ਅਤੇ ਦੋ ਤਸਕਰਾਂ ਨੂੰ ਕਾਬੂ ਕੀਤਾ ਗਿਆ। ਜਾਂਚ ਵਿੱਚ ਪਤਾ ਲੱਗਾ ਕਿ ਮੁਲਜ਼ਮ ਰਾਜਸਥਾਨ ਤੋਂ ਅਫੀਮ ਲਿਆ ਕੇ ਪੰਜਾਬ ਵਿੱਚ ਸਪਲਾਈ ਕਰ ਰਹੇ ਸਨ।



# ਭਾਰਤ-ਅਮਰੀਕਾ ਅੰਤਰਿਮ ਵਪਾਰ ਸੌਦਾ: ਖੇਤੀਬਾੜੀ ਖੇਤਰ ਲਈ ਨਵੀਂ ਚੁਣੌਤੀ ਜਾਂ ਇਤਿਹਾਸਕ ਮੌਕਾ ?

## ਨਿਊਜ਼ ਵਿਸ਼ਲੇਸ਼ਣ

ਫਰਵਰੀ 2026 ਵਿੱਚ ਭਾਰਤ ਅਤੇ ਅਮਰੀਕਾ ਦਰਮਿਆਨ ਹੋਇਆ 'ਅੰਤਰਿਮ ਵਪਾਰ ਸੌਦਾ' ਭਾਰਤ ਦੀ ਰਾਜਨੀਤੀ ਅਤੇ ਆਰਥਿਕਤਾ ਵਿੱਚ ਇੱਕ ਵੱਡਾ ਤੂਫ਼ਾਨ ਲੈ ਕੇ ਆਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਨੂੰ "ਇਤਿਹਾਸਕ" ਅਤੇ "ਦੋਹਾਂ ਦੇਸ਼ਾਂ ਲਈ ਲਾਭਦਾਇਕ" ਦੱਸਿਆ ਜਾ ਰਿਹਾ ਹੈ। ਇਸ ਸੌਦੇ ਤਹਿਤ ਅਮਰੀਕਾ ਨੇ ਭਾਰਤੀ ਵਸਤਾਂ 'ਤੇ ਟੈਰਿਫ (ਟੈਕਸ) ਨੂੰ 25-50% ਤੋਂ ਘਟਾ ਕੇ 18% ਕਰ ਦਿੱਤਾ ਹੈ। ਬਦਲੇ ਵਿੱਚ ਭਾਰਤ ਨੇ ਅਮਰੀਕੀ ਉਦਯੋਗਿਕ ਵਸਤਾਂ ਅਤੇ ਖਾਸ ਕਰਕੇ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ ਘਟਾਉਣ ਜਾਂ ਪੂਰੀ ਤਰ੍ਹਾਂ ਖਤਮ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਦਾ ਦਾਅਵਾ ਹੈ ਕਿ ਕਣਕ, ਚੌਲ, ਦਾਲਾਂ ਅਤੇ ਦੁੱਧ ਵਰਗੇ ਸੰਵੇਦਨਸ਼ੀਲ ਖੇਤਰਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਪਰ ਕਿਸਾਨ ਜਥੇਬੰਦੀਆਂ ਇਸ ਨੂੰ ਭਾਰਤੀ ਖੇਤੀਬਾੜੀ ਦੇ ਭਵਿੱਖ ਲਈ "ਮੁਕੰਮਲ ਆਤਮ ਸਮਰਪਣ" ਵਜੋਂ ਦੇਖ ਰਹੀਆਂ ਹਨ। ਇਹ ਸੌਦਾ ਭਵਿੱਖ ਵਿੱਚ ਇੱਕ ਪੂਰਨ ਦੁਵੱਲੇ ਵਪਾਰ ਸਮਝੌਤੇ (BTA) ਦੀ ਨੀਂਹ ਹੈ, ਜੋ ਭਾਰਤ ਦੀ ਆਰਥਿਕ ਪ੍ਰਭੂਸੱਤਾ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।

### ਖੇਤੀ ਉਤਪਾਦਾਂ 'ਤੇ ਅਸਰ: ਸਸਤੇ ਆਯਾਤ ਅਤੇ ਸਥਾਨਕ ਕਿਸਾਨਾਂ ਲਈ ਚੁਣੌਤੀ


ਇਸ ਸੌਦੇ ਦੇ ਵੇਰਵਿਆਂ ਅਨੁਸਾਰ ਭਾਰਤ ਨੇ ਕਈ ਅਹਿਮ ਖੇਤੀ ਉਤਪਾਦਾਂ 'ਤੇ ਰੁਕਾਵਟਾਂ ਹਟਾਉਣ ਦਾ ਵਾਅਦਾ ਕੀਤਾ ਹੈ। ਮੁੱਖ ਚਿੰਤਾਵਾਂ ਹੇਠ ਲਿਖੇ ਉਤਪਾਦਾਂ ਨੂੰ ਲੈ ਕੇ ਹਨ:

ਪਸ਼ੂ ਖੁਰਾਕ ਲਈ ਵਰਤੇ ਜਾਣ ਵਾਲੇ ਇਹਨਾਂ ਉਤਪਾਦਾਂ DDGs ਅਤੇ ਲਾਲ ਜਵਾਰ ਦੇ ਸਸਤੇ ਆਯਾਤ ਨਾਲ ਡੇਅਰੀ ਅਤੇ ਪੋਲਟਰੀ ਦੀ ਲਾਗਤ ਤਾਂ 20% ਘਟ ਸਕਦੀ ਹੈ, ਪਰ ਸਥਾਨਕ ਮੱਕੀ ਅਤੇ ਸੋਇਆਬੀਨ ਉਤਪਾਦਕਾਂ ਦੀ ਮੰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ।

ਅਮਰੀਕੀ ਸੋਇਆਬੀਨ ਤੇਲ ਤੇ ਮਹਿੰਗੇ ਫਲਾਂ (ਬਦਾਮ, ਅਖਰੋਟ) ਦੇ ਸਸਤੇ ਹੋਣ ਨਾਲ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਹਿਮਾਚਲ ਵਰਗੇ ਰਾਜਾਂ ਦੇ ਬਾਗਬਾਨਾਂ ਅਤੇ ਕਿਸਾਨਾਂ ਨੂੰ ਵੱਡਾ ਘਾਟਾ ਪੈਣ ਦੀ ਸੰਭਾਵਨਾ ਹੈ।

ਕਿਸਾਨ ਆਗੂਆਂ ਨੂੰ ਖਦਸ਼ਾ ਹੈ ਕਿ "ਨਾਨ-ਟੈਰਿਫ ਬੈਰੀਅਰਜ਼" ਹਟਾਉਣ ਦੇ ਨਾਂ 'ਤੇ ਅਮਰੀਕਾ ਭਾਰਤ ਵਿੱਚ ਆਪਣੀਆਂ ਜੈਨੇਟਿਕਲੀ ਮੋਡੀਫਾਈਡ (GM) ਫਸਲਾਂ ਨੂੰ ਧੱਕੇਗਾ, ਜਿਸ 'ਤੇ ਹੁਣ ਤੱਕ ਭਾਰਤ ਵਿੱਚ ਸਖ਼ਤ ਪਾਬੰਦੀਆਂ ਹਨ।

ਅਮਰੀਕੀ ਖੇਤੀ ਨੂੰ ਉੱਥੋਂ ਦੀ ਸਰਕਾਰ ਵੱਲੋਂ ਭਾਰੀ ਸਬਸਿਡੀਆਂ ਮਿਲਦੀਆਂ ਹਨ, ਜਦਕਿ ਭਾਰਤੀ ਕਿਸਾਨ ਵਧਦੀਆਂ ਲਾਗਤਾਂ ਅਤੇ ਕਰਜ਼ੇ ਦੇ ਬੋਝ ਹੇਠ ਦਬਿਆ ਹੋਇਆ ਹੈ। ਅਜਿਹੇ ਅਸਮਾਨ ਮੁਕਾਬਲੇ ਵਿੱਚ ਭਾਰਤੀ ਕਿਸਾਨਾਂ ਦਾ ਟਿਕਣਾ ਮੁਸ਼ਕਲ ਹੋ ਜਾਵੇਗਾ।



### ਸਿਆਸੀ ਟਕਰਾਅ: ਰਾਹੁਲ ਗਾਂਧੀ ਦੇ ਸਵਾਲ ਅਤੇ ਵਿਰੋਧੀ ਧਿਰ ਦਾ ਹਮਲਾ

ਵਿਰੋਧੀ ਧਿਰ, ਖਾਸ ਕਰਕੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇਸ ਸੌਦੇ ਨੂੰ "ਭਾਰਤ ਮਾਤਾ ਦਾ ਸੌਦਾ" ਅਤੇ "ਕਿਸਾਨਾਂ ਨਾਲ ਵਿਸ਼ਵਾਸਘਾਤ" ਕਰਾਰ ਦਿੱਤਾ ਹੈ। ਰਾਹੁਲ ਗਾਂਧੀ ਨੇ ਸਰਕਾਰ ਨੂੰ ਘੇਰਦਿਆਂ 5 ਮੁੱਖ ਸਵਾਲ ਚੁੱਕੇ ਹਨ, ਜਿਨ੍ਹਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ, ਵਿਦੇਸ਼ੀ ਨਿਰਭਰਤਾ ਅਤੇ ਜੀ. ਐੱਮ. ਫਸਲਾਂ ਦੇ ਖ਼ਤਰੇ ਸ਼ਾਮਲ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਨੇ ਅਮਰੀਕੀ ਦਬਾਅ ਹੇਠ ਆ ਕੇ ਊਰਜਾ ਸੁਰੱਖਿਆ ਅਤੇ ਖੇਤੀ ਹਿੱਤਾਂ ਨੂੰ ਖਤਰੇ ਵਿੱਚ ਪਾਇਆ ਹੈ।

ਦੂਜੇ ਪਾਸੇ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਰਕਾਰ ਦੇ ਹੋਰ ਮੰਤਰੀਆਂ ਨੇ ਰਾਹੁਲ 'ਤੇ ਝੂਠ ਫੈਲਾਉਣ ਦਾ ਦੋਸ਼ ਲਾਇਆ ਹੈ। ਸਰਕਾਰ ਦਾ ਤਰਕ ਹੈ ਕਿ ਇਸ ਨਾਲ ਭਾਰਤੀ ਮਸਾਲਿਆਂ, ਚਾਹ ਤੇ ਕੌਫੀ ਲਈ ਅਮਰੀਕੀ ਬਾਜ਼ਾਰ ਖੁੱਲ੍ਹੇਗਾ। ਭਾਰਤੀ ਕਿਸਾਨ ਸੰਘ ਵਰਗੀਆਂ ਸੰਸਥਾਵਾਂ ਵੀ ਇਸ ਸੌਦੇ ਦੇ ਹੱਕ ਵਿੱਚ ਖੜ੍ਹੀਆਂ ਹਨ, ਜਦਕਿ ਸੰਯੁਕਤ ਕਿਸਾਨ ਮੋਰਚਾ ਨੇ 12 ਫਰਵਰੀ ਨੂੰ ਭਾਰਤ ਬੰਦ ਕਰਕੇ ਆਪਣੇ ਇਰਾਦੇ ਸਾਫ਼ ਕਰ ਦਿੱਤੇ ਹਨ।

### ਆਤਮਨਿਰਭਰਤਾ ਦੇ ਰਾਹ ਵਿੱਚ ਵੱਡੀ ਚੁਣੌਤੀ

ਇਹ ਸੌਦਾ ਭਾਰਤ ਨੂੰ ਇੱਕ ਨਾਜ਼ੁਕ ਮੋੜ 'ਤੇ ਲੈ ਆਇਆ ਹੈ। ਇੱਕ ਪਾਸੇ ਵਿਸ਼ਵ ਆਰਥਿਕਤਾ ਨਾਲ ਜੁੜ ਕੇ ਨਿਰਯਾਤ ਵਧਾਉਣ ਅਤੇ ਨਿਵੇਸ਼ ਲਿਆਉਣ ਦਾ ਮੌਕਾ ਹੈ, ਪਰ ਦੂਜੇ ਪਾਸੇ 70 ਕਰੋੜ ਲੋਕਾਂ ਦੀ ਰੋਜ਼ੀ-ਰੋਟੀ (ਖੇਤੀਬਾੜੀ) ਦਾ ਸਵਾਲ ਹੈ। ਜੇਕਰ ਸਸਤੇ ਵਿਦੇਸ਼ੀ ਉਤਪਾਦਾਂ ਕਾਰਨ ਪੇਂਡੂ ਆਰਥਿਕਤਾ ਕਮਜ਼ੋਰ ਹੁੰਦੀ ਹੈ, ਤਾਂ ਇਸ ਨਾਲ ਬੇਰੁਜ਼ਗਾਰੀ ਅਤੇ ਸਮਾਜਿਕ ਬੇਚੈਨੀ ਵਧੇਗੀ।

ਕਿਸਾਨ ਜਥੇਬੰਦੀਆਂ ਇਸ ਨੂੰ 2020 ਦੇ ਤਿੰਨ ਖੇਤੀ ਕਾਨੂੰਨਾਂ ਦਾ ਦੂਜਾ ਰੂਪ ਮੰਨ ਰਹੀਆਂ ਹਨ। ਮਾਹਿਰਾਂ ਅਨੁਸਾਰ, ਜੇਕਰ ਸਰਕਾਰ ਨੇ ਸੰਸਦ ਵਿੱਚ ਪਾਰਦਰਸ਼ੀ ਬਹਿਸ ਅਤੇ ਕਿਸਾਨਾਂ ਨਾਲ ਸਿੱਧਾ ਸੰਵਾਦ ਨਾ ਰਚਾਇਆ ਤਾਂ ਦੇਸ਼ ਇੱਕ ਹੋਰ ਵੱਡੇ ਅੰਦੋਲਨ ਵੱਲ ਵਧ ਸਕਦਾ ਹੈ। ਅੰਤ ਵਿੱਚ, ਭਾਰਤ ਦੀ ਆਰਥਿਕ ਸਵੈ-ਨਿਰਭਰਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਹ ਆਪਣੀਆਂ ਸ਼ਰਤਾਂ 'ਤੇ ਵਪਾਰ ਕਰਦਾ ਹੈ ਜਾਂ ਕਿਸੇ ਮਹਾਂਸ਼ਕਤੀ ਦੇ ਦਬਾਅ ਹੇਠ।

### ਕਿਸਾਨ ਅੰਦੋਲਨ 2.0: ਭਾਰਤ-ਅਮਰੀਕਾ ਵਪਾਰ ਸੌਦੇ ਖ਼ਿਲਾਫ਼ ਕਿਸਾਨ ਸੰਘਰਸ਼ ਕਰਨ ਲਈ ਤਿਆਰ

ਕਿਸਾਨ ਜਥੇਬੰਦੀਆਂ ਇਸ ਵਾਰ 2020-21 ਦੇ ਤਜ਼ਰਬਿਆਂ ਨੂੰ ਵਰਤਦੇ ਹੋਏ ਵਧੇਰੇ ਸੰਗਠਿਤ ਤਰੀਕੇ ਨਾਲ ਅੱਗੇ ਵਧਣ ਦੀ ਤਿਆਰੀ ਵਿੱਚ ਹਨ। ਪਿੰਡ-ਪਿੰਡ ਜਾ ਕੇ 'ਗ੍ਰਾਮ ਸਭਾ' ਮਤੇ ਪਾਸ ਕੀਤੇ ਜਾਣਗੇ। ਅਮਰੀਕੀ ਉਤਪਾਦਾਂ (ਜਿਵੇਂ DDGs ਅਤੇ ਸੋਇਆ ਤੇਲ) ਦੇ ਨੁਕਸਾਨਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ "ਜਾਗੋ ਮਾਰਚ" ਕੱਢੇ ਜਾਣਗੇ। ਸਾਰੇ ਰਾਜਾਂ ਦੇ ਡਿਪਟੀ ਕਮਿਸ਼ਨਰਾਂ (DC) ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜੇ ਜਾਣਗੇ। ਜੇਕਰ ਸਰਕਾਰ ਠੋਸ ਭਰੋਸਾ ਨਹੀਂ ਦਿੰਦੀ, ਤਾਂ ਰਾਸ਼ਟਰੀ ਮਾਰਗਾਂ ਅਤੇ ਰੇਲਵੇ ਲਾਈਨਾਂ 'ਤੇ 'ਚੱਕਾ ਜਾਮ' ਕੀਤਾ ਜਾਵੇਗਾ। ਪੰਜਾਬ, ਹਰਿਆਣਾ, ਯੂਪੀ ਅਤੇ ਰਾਜਸਥਾਨ ਦੇ ਕਿਸਾਨਾਂ ਵੱਲੋਂ ਮੁੜ ਦਿੱਲੀ ਦੀਆਂ ਸਰਹੱਦਾਂ (ਸਿੰਘੂ, ਟਿਕਰੀ, ਗਾਜ਼ੀਪੁਰ) ਵੱਲ ਕੂਚ ਕਰਨ ਦੀ ਯੋਜਨਾ।

### ਕਿਸਾਨ ਅੰਦੋਲਨ ਦੀਆਂ ਮੁੱਖ ਮੰਗਾਂ

ਕਿਸਾਨਾਂ ਦਾ ਮੁੱਖ ਏਜੰਡਾ ਸਿਰਫ਼ ਵਪਾਰ ਸੌਦੇ ਨੂੰ ਰੋਕਣਾ ਹੀ ਨਹੀਂ, ਸਗੋਂ ਖੇਤੀ ਸੁਰੱਖਿਆ ਨੂੰ ਪੱਕਾ ਕਰਨਾ ਹੈ:

ਟਰੇਡ ਐਗਰੀਮੈਂਟ ਰੱਦ ਕਰਨਾ: ਅਮਰੀਕਾ ਨਾਲ ਹੋਏ ਅੰਤਰਿਮ ਵਪਾਰ ਸੌਦੇ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ।

MSP ਦੀ ਕਾਨੂੰਨੀ ਗਾਰੰਟੀ: ਸਾਰੀਆਂ ਫਸਲਾਂ (ਖਾਸ ਕਰਕੇ ਮੱਕੀ ਅਤੇ ਸੋਇਆਬੀਨ) 'ਤੇ MSP ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ ਤਾਂ ਜੋ ਵਿਦੇਸ਼ੀ ਆਯਾਤ ਭਾਰਤੀ ਫਸਲਾਂ ਦੇ ਭਾਅ ਨਾ ਡੇਗ ਸਕੇ।

ਆਯਾਤ ਡਿਊਟੀ (Import Duty) ਦੀ ਸੁਰੱਖਿਆ: ਖੇਤੀ ਉਤਪਾਦਾਂ 'ਤੇ ਟੈਰਿਫ ਘਟਾਉਣ ਦੀ ਬਜਾਏ, ਸਥਾਨਕ ਕਿਸਾਨਾਂ ਨੂੰ ਬਚਾਉਣ ਲਈ ਉੱਚੀ ਆਯਾਤ ਡਿਊਟੀ ਬਰਕਰਾਰ ਰੱਖੀ ਜਾਵੇ।

ਜੀ.ਐੱਮ. ਫਸਲਾਂ 'ਤੇ ਪਾਬੰਦੀ: ਲਿਖਤੀ ਭਰੋਸਾ ਦਿੱਤਾ ਜਾਵੇ ਕਿ ਅਮਰੀਕਾ ਤੋਂ ਕਿਸੇ ਵੀ ਤਰ੍ਹਾਂ ਦਾ ਜੈਨੇਟਿਕਲੀ ਮੋਡੀਫਾਈਡ (GM) ਅਨਾਜ ਜਾਂ ਬੀਜ ਭਾਰਤ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਅੰਦੋਲਨ ਨੂੰ ਮਜ਼ਬੂਤ ਕਰਨ ਲਈ ਕਿਸਾਨ ਜਥੇਬੰਦੀਆਂ ਹੇਠ ਲਿਖੇ ਵਰਗਾਂ ਨੂੰ ਨਾਲ ਜੋੜਨਗੀਆਂ:

ਡੈਰੀ ਸੈਕਟਰ: ਦੁੱਧ ਉਤਪਾਦਕਾਂ ਨੂੰ ਨਾਲ ਲੈਣਾ, ਕਿਉਂਕਿ ਅਮਰੀਕੀ ਡੇਅਰੀ ਉਤਪਾਦਾਂ ਦਾ ਖ਼ਤਰਾ ਸਿੱਧਾ ਪੇਂਡੂ ਆਰਥਿਕਤਾ 'ਤੇ ਹੈ।

ਟ੍ਰੇਡ ਯੂਨੀਅਨਾਂ: ਉਦਯੋਗਿਕ ਮਜ਼ਦੂਰਾਂ ਨੂੰ ਜੋੜਨਾ ਕਿਉਂਕਿ ਇਹ ਸੌਦਾ ਭਾਰਤੀ ਉਦਯੋਗਾਂ 'ਤੇ ਵੀ ਅਸਰ ਪਾਵੇਗਾ।

ਵਿਦਿਆਰਥੀ ਅਤੇ ਬੁੱਧੀਜੀਵੀ: ਯੂਨੀਵਰਸਿਟੀਆਂ ਵਿੱਚ ਸੌਦੇ ਦੇ ਆਰਥਿਕ ਪ੍ਰਭਾਵਾਂ 'ਤੇ ਚਰਚਾ ਕਰਵਾ ਕੇ ਨੌਜਵਾਨਾਂ ਦੀ ਹਮਾਇਤ ਹਾਸਲ ਕਰਨਾ।

ਡਿਜੀਟਲ ਅਤੇ ਅੰਤਰਰਾਸ਼ਟਰੀ ਮੁਹਿੰਮ ਤਿੱਖੀ ਹੋਵੇਗੀ

ਇਸ ਵਾਰ ਸੋਸ਼ਲ ਮੀਡੀਆ ਦੀ ਵਰਤੋਂ ਪਹਿਲਾਂ ਨਾਲੋਂ ਵੀ ਤੇਜ਼ ਹੋਵੇਗੀ:


Hashtag ਮੁਹਿੰਮ: #SaveIndianFarming #NoToUSIndiaTradeDeal ਵਰਗੇ ਟੈਗਸ ਰਾਹੀਂ ਵਿਸ਼ਵ ਪੱਧਰ 'ਤੇ ਆਵਾਜ਼ ਉਠਾਉਣਾ।

ਕੌਮਾਂਤਰੀ ਦਬਾਅ: ਅਮਰੀਕਾ ਅਤੇ ਯੂਰਪ ਦੀਆਂ ਕਿਸਾਨ ਯੂਨੀਅਨਾਂ ਨਾਲ ਸੰਪਰਕ ਕਰਨਾ, ਜੋ ਖੁਦ ਕਾਰਪੋਰੇਟ ਖੇਤੀ ਨੀਤੀਆਂ ਦੇ ਖਿਲਾਫ ਲੜ ਰਹੇ ਹਨ।

ਜੇਕਰ ਇਹ ਅੰਦੋਲਨ ਸ਼ੁਰੂ ਹੁੰਦਾ ਹੈ, ਤਾਂ ਇਹ 2026 ਦੀਆਂ ਵਿਧਾਨ ਸਭਾ ਚੋਣਾਂ ਵਾਲੇ ਰਾਜਾਂ ਵਿੱਚ ਸਰਕਾਰ ਲਈ ਵੱਡੀ ਚੁਣੌਤੀ ਬਣੇਗਾ। ਰਾਹੁਲ ਗਾਂਧੀ ਵਰਗੇ ਨੇਤਾਵਾਂ ਵੱਲੋਂ ਦਿੱਤਾ ਜਾ ਰਿਹਾ ਸਮਰਥਨ ਇਸ ਨੂੰ ਸਿਆਸੀ ਤੌਰ 'ਤੇ ਹੋਰ ਪ੍ਰਭਾਵਸ਼ਾਲੀ ਬਣਾ ਸਕਦਾ ਹੈ।

## ਮੁਅੱਤਲ ਡੀ. ਆਈ. ਜੀ. ਭੁੱਲਰ ਵਿਰੁੱਧ ਮੁਕੱਦਮੇ ਦੀ ਮਨਜ਼ੂਰੀ

### ✪ ਸੀਬੀਆਈ ਨੇ ਦਾਖ਼ਲ ਕੀਤੀ ਚਾਰਜਸ਼ੀਟ



ਚੰਡੀਗੜ੍ਹ-ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਮੁਕੱਦਮਾ ਚਲਾਉਣ ਦੀ ਰਸਮੀ ਇਜਾਜ਼ਤ ਦੇ ਦਿੱਤੀ ਹੈ। ਇਸ ਫੈਸਲੇ ਨਾਲ ਹੁਣ ਅਦਾਲਤੀ ਕਾਰਵਾਈ ਦਾ ਰਸਤਾ ਸਾਫ਼ ਹੋ ਗਿਆ ਹੈ। ਕੇਂਦਰੀ ਚੌਕਸੀ ਕਮਿਸ਼ਨ ਦੀ ਸਿਫ਼ਾਰਸ਼ 'ਤੇ ਗ੍ਰਹਿ ਮੰਤਰਾਲੇ ਨੇ ਇਹ ਹੁਕਮ ਜਾਰੀ ਕੀਤੇ ਹਨ। ਭੁੱਲਰ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਤੇ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਚੱਲੇਗਾ। ਸੀਬੀਆਈ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਚੰਡੀਗੜ੍ਹ ਦੀ ਵਿਸ਼ੇਸ਼ ਅਦਾਲਤ ਵਿੱਚ ਸਪਲੀਮੈਂਟਰੀ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਜਾਂਚ ਦੌਰਾਨ ਮੋਬਾਈਲ ਫ਼ੋਨਾਂ ਦੇ ਡਿਜੀਟਲ ਡੇਟਾ ਵਿੱਚੋਂ ਕੋਈ ਨਵੀਂ ਇਤਰਾਜ਼ਯੋਗ ਸਮੱਗਰੀ ਤਾਂ ਨਹੀਂ ਮਿਲੀ, ਪਰ ਪਹਿਲਾਂ ਜ਼ਬਤ ਕੀਤੇ ਦਸਤਾਵੇਜ਼ਾਂ ਅਤੇ ਪੁੱਛਗਿੱਛ ਰਾਹੀਂ ਰਿਸ਼ਵਤਖੋਰੀ ਅਤੇ ਅਹੁਦੇ ਦੀ ਦੁਰਵਰਤੋਂ ਦੇ ਸੰਕੇਤ ਮਿਲੇ ਹਨ। ਹੁਣ ਤੱਕ ਦੀ ਜਾਂਚ ਵਿੱਚ ਰਿਸ਼ਵਤ ਦੇ ਲੈਣ-ਦੇਣ ਵਿੱਚ ਕਿਸੇ ਹੋਰ ਨਵੇਂ ਸਰਕਾਰੀ ਕਰਮਚਾਰੀ ਜਾਂ ਨਿੱਜੀ ਵਿਅਕਤੀ ਦੀ ਸ਼ਮੂਲੀਅਤ ਦਾ ਕੋਈ ਸਬੂਤ ਸਾਹਮਣੇ ਨਹੀਂ ਆਇਆ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 21 ਫਰਵਰੀ, 2026 ਲਈ ਤੈਅ ਕੀਤੀ ਹੈ।

# ਹੋਂਦ ਚਿੱਲੜ ਦਾ ਖ਼ੂਨੀ ਮੰਜ਼ਰ-18 ਜੀਆਂ ਦਾ ਹੋਇਆ ਸੀ ਕਤਲੇਆਮ

## ✪ 42 ਸਾਲਾਂ ਬੀਬੀ ਗੁੱਡੀ ਦੇਵੀ ਦੀ ਰੂਹ ਕੰਬਾਊ ਦਾਸਤਾਨ ✪ 13 ਸਾਲ ਦੀ ਬੱਚੀ ਤੋਂ 54 ਸਾਲ ਦੀ ਬਜ਼ੁਰਗ ਹੋਈ, ਪਰ ਜ਼ਖ਼ਮ ਅੱਜ ਵੀ ਅੱਲੇ

ਮਲੇਰਕੋਟਲਾ-1984 ਦੇ ਸਿੱਖ ਕਤਲੇਆਮ ਦਾ ਦਰਦ ਅੱਜ ਵੀ ਪੀੜਤਾਂ ਦੇ ਮਨਾਂ ਵਿੱਚ ਉਵੇਂ ਹੀ ਤਾਜ਼ਾ ਹੈ। ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿੱਚ 2 ਨਵੰਬਰ 1984 ਨੂੰ ਵਾਪਰੇ ਖ਼ੂਨੀ ਕਾਂਡ ਦੀ ਪੀੜਤ ਬੀਬੀ ਗੁੱਡੀ ਦੇਵੀ ਅੱਜ ਵੀ ਉਸ ਭਿਆਨਕ ਸਦਮੇ ਵਿੱਚੋਂ ਬਾਹਰ ਨਹੀਂ ਆ ਸਕੀ।

ਇਸ ਕਤਲੇਆਮ ਵਿੱਚ ਬੀਬੀ ਗੁੱਡੀ ਦੇਵੀ ਦੇ ਪਰਿਵਾਰ ਦੇ 18 ਜੀਆਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਹਮਲਾਵਰਾਂ ਨੇ ਮਾਸੂਮ ਬੱਚਿਆਂ ਅਤੇ ਬੀਬੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਖੂਹ ਵਿੱਚ ਸੁੱਟ ਕੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਸੀ। ਘਟਨਾ ਸਮੇਂ ਗੁੱਡੀ ਦੇਵੀ ਦੀ ਉਮਰ ਮਹਿਜ਼ 13 ਸਾਲ ਸੀ। ਉਹ ਉਸ ਵਕਤ ਆਪਣੇ ਨਾਨਕੇ ਪਿੰਡ ਹਨੂਮਾਨਗੜ੍ਹ ਗਈ ਹੋਣ ਕਾਰਨ ਬਚ ਗਈ ਸੀ, ਪਰ ਆਪਣੇ ਪਿੰਡ ਦਾ ਖ਼ੂਨੀ ਮੰਜ਼ਰ ਦੇਖ ਕੇ ਉਹ ਆਪਣੀ ਸੁੱਧ-ਬੁੱਧ ਖੋ ਬੈਠੀ ਸੀ। ਅੱਜ 54 ਸਾਲ ਦੀ ਉਮਰ ਵਿੱਚ ਵੀ ਉਹ ਉਸ ਘਟਨਾ ਨੂੰ ਯਾਦ ਕਰਕੇ ਕੰਬਣ ਲੱਗ ਜਾਂਦੀ ਹੈ। ਉਹ ਅੰਦਰੋਂ ਇਸ ਕਦਰ ਟੁੱਟ ਚੁੱਕੀ ਹੈ ਕਿ ਉਹ ਹੁਣ ਉਸ ਦੌਰ ਦੀਆਂ ਗੱਲਾਂ ਸਾਂਝੀਆਂ ਕਰਨ




ਦੀ ਹਿੰਮਤ ਵੀ ਨਹੀਂ ਰੱਖਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭਾਈ ਦਰਸ਼ਨ ਸਿੰਘ ਘੋਲੀਆ ਦੇ ਯਤਨਾਂ ਸਦਕਾ ਪੀੜਤਾਂ ਨੂੰ ਕਰੀਬ 22 ਕਰੋੜ 60 ਲੱਖ ਰੁਪਏ ਦਾ ਮੁਆਵਜ਼ਾ ਤਾਂ ਮਿਲਿਆ ਹੈ, ਪਰ ਅਸਲ ਇਨਸਾਫ਼ ਦੀ ਉਡੀਕ ਅਜੇ ਵੀ ਬਾਕੀ ਹੈ।

ਅੱਜ ਵੀ ਇਹ ਪੀੜਤ ਪਰਿਵਾਰ ਬਿਮਾਰੀ ਅਤੇ ਬੁਢਾਪੇ ਦੀ ਹਾਲਤ ਵਿੱਚ ਅਦਾਲਤਾਂ ਵੱਲ ਦੇਖ ਰਹੇ ਹਨ ਕਿ ਸ਼ਾਇਦ ਕਦੇ ਉਨ੍ਹਾਂ ਨੂੰ ਮੁਕੰਮਲ ਇਨਸਾਫ਼ ਮਿਲੇਗਾ।

# ਸਾਵਧਾਨ ! 'ਲਾਂਗ ਕੋਵਿਡ' ਬਣ ਸਕਦੈ ਅਲਜ਼ਾਈਮਰ ਦਾ ਕਾਰਨ

## ✪ਦਿਮਾਗ਼ ਵਿੱਚ ਹੋ ਰਹੇ ਨੇ ਖ਼ਤਰਨਾਕ ਬਦਲਾਅ



ਨਿਊਯਾਰਕ-ਨਿਊਯਾਰਕ ਯੂਨੀਵਰਸਿਟੀ ਦੇ ਖੋਜੀਆਂ ਵੱਲੋਂ ਕੀਤੇ ਗਏ ਇੱਕ ਨਵੇਂ ਅਧਿਐਨ ਵਿੱਚ ਇਹ ਸਾਹਮਣੇ ਆਇਆ ਹੈ ਕਿ ਲਾਂਗ ਕੋਵਿਡ ਦੇ ਮਰੀਜ਼ਾਂ ਦੇ ਦਿਮਾਗ਼ ਵਿੱਚ ਅਜਿਹੀਆਂ ਤਬਦੀਲੀਆਂ ਹੋ ਰਹੀਆਂ ਹਨ, ਜੋ ਭਵਿੱਖ ਵਿੱਚ ਅਲਜ਼ਾਈਮਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਖ਼ਤਰਾ ਵਧਾ ਸਕਦੀਆਂ ਹਨ। ਐਮ ਆਰ ਆਈ ਸਕੈਨ ਰਾਹੀਂ ਪਾਇਆ ਗਿਆ ਕਿ ਲਾਂਗ ਕੋਵਿਡ ਤੋਂ ਪੀੜਤ ਲੋਕਾਂ ਦੇ ਦਿਮਾਗ਼ ਦਾ 'ਕੋਰਾਇਡ-ਪਲੇਕਸਸ' ਨਾਂ ਦਾ ਹਿੱਸਾ ਔਸਤਨ 10% ਵੱਡਾ ਹੋ ਗਿਆ ਹੈ। ਇਹ ਹਿੱਸਾ ਦਿਮਾਗ਼ ਵਿੱਚੋਂ ਫ਼ਾਲਤੂ ਪਦਾਰਥਾਂ ਨੂੰ ਬਾਹਰ ਕੱਢਣ ਅਤੇ ਸੋਜ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਅਧਿਐਨ ਮੁਤਾਬਕ, ਇਸ ਹਿੱਸੇ ਵਿੱਚ ਖ਼ੂਨ ਦਾ ਪ੍ਰਵਾਹ ਘੱਟ ਪਾਇਆ ਗਿਆ ਹੈ, ਜੋ ਦਿਮਾਗ਼ ਦੇ ਸੁਚਾਰੂ ਕੰਮਕਾਜ ਨੂੰ ਪ੍ਰਭਾਵਿਤ ਕਰਦਾ ਹੈ। ਜਿਨ੍ਹਾਂ ਲੋਕਾਂ ਵਿੱਚ ਇਹ ਦਿਮਾਗ਼ੀ ਹਿੱਸਾ ਵੱਡਾ ਸੀ, ਉਨ੍ਹਾਂ ਨੇ ਯਾਦਦਾਸ਼ਤ ਅਤੇ ਧਿਆਨ (ਦੇ ਟੈਸਟਾਂ ਵਿੱਚ ਘੱਟ ਸਕੋਰ ਪ੍ਰਾਪਤ ਕੀਤੇ। ਲਾਂਗ ਕੋਵਿਡ ਦੇ ਮਰੀਜ਼ਾਂ ਦੇ ਖ਼ੂਨ ਵਿੱਚ ਅਜਿਹੇ ਪ੍ਰੋਟੀਨ ਜ਼ਿਆਦਾ ਮਿਲੇ ਹਨ, ਜੋ ਆਮ ਤੌਰ 'ਤੇ ਅਲਜ਼ਾਈਮਰ ਦੇ ਮਰੀਜ਼ਾਂ ਵਿੱਚ ਦੇਖੇ ਜਾਂਦੇ ਹਨ। ਹਾਲਾਂਕਿ ਇਹ ਅਜੇ ਪੂਰੀ ਤਰ੍ਹਾਂ ਸਾਬਿਤ ਨਹੀਂ ਹੋਇਆ ਕਿ ਲਾਂਗ ਕੋਵਿਡ ਸਿੱਧੇ ਤੌਰ 'ਤੇ ਅਲਜ਼ਾਈਮਰ ਪੈਦਾ ਕਰੇਗਾ, ਪਰ ਮਾਹਿਰਾਂ ਨੇ ਅਜਿਹੇ ਮਰੀਜ਼ਾਂ ਦੀ ਲੰਬੇ ਸਮੇਂ ਤੱਕ ਨਿਗਰਾਨੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

# ਪਾਕਿਸਤਾਨ ਫੌਜ ਵਿੱਚ ਹਰਚਰਨ ਸਿੰਘ ਬਣੇ ਪਹਿਲੇ ਸਿੱਖ ਲੈਫਟੀਨੈਂਟ ਕਰਨਲ

## ✪ ਨਨਕਾਣਾ ਸਾਹਿਬ ਤੋਂ ਐਬਟਾਬਾਦ ਤੱਕ: ਸਿੱਖ ਅਧਿਕਾਰੀ ਦੀ ਮੈਰਿਟ ਨਾਲ ਉਭਰੀ ਵਿਕਾਸ ਯਾਤਰਾ

ਨਨਕਾਣਾ ਸਾਹਿਬ ਤੋਂ
ਖਾਸ ਰਿਪੋਰਟ

ਪਾਕਿਸਤਾਨੀ ਫੌਜ ਦੇ 78 ਸਾਲਾਂ ਦੇ ਇਤਿਹਾਸ ਵਿੱਚ ਸਾਲ 2025 ਦਾ ਅਖੀਰਲਾ ਹਫ਼ਤਾ ਸਿੱਖ ਪੰਥ ਲਈ ਸੁਨਹਿਰੀ ਅੱਖਰਾਂ ਵਿੱਚ ਦਰਜ ਹੋ ਗਿਆ ਹੈ। ਸ੍ਰੀ ਨਨਕਾਣਾ ਸਾਹਿਬ ਦੀਆਂ ਗਲੀਆਂ ਵਿੱਚ ਖੇਡ ਕੇ ਵੱਡੇ ਹੋਏ ਹਰਚਰਨ ਸਿੰਘ ਨੇ ਉਹ ਮੁਕਾਮ ਹਾਸਲ ਕਰ ਲਿਆ ਹੈ, ਜਿੱਥੇ ਅੱਜ ਤੱਕ ਕੋਈ ਹੋਰ ਘੱਟ ਗਿਣਤੀ ਕੌਮ ਦਾ ਅਧਿਕਾਰੀ ਨਹੀਂ ਪਹੁੰਚ ਸਕਿਆ ਸੀ। ਲੈਫਟੀਨੈਂਟ ਕਰਨਲ ਦੇ ਰੈਂਕ 'ਤੇ ਹੋਈ ਉਹਨਾਂ ਦੀ ਤਰੱਕੀ ਸਿਰਫ਼ ਇੱਕ ਅਹੁਦਾ ਨਹੀਂ, ਸਗੋਂ ਪਾਕਿਸਤਾਨ ਵਿੱਚ ਵੱਸਦੀਆਂ ਘੱਟਗਿਣਤੀਆਂ ਲਈ ਉਮੀਦ ਦੀ ਇੱਕ ਨਵੀਂ ਕਿਰਨ ਹੈ।

ਹਰਚਰਨ ਸਿੰਘ ਦਾ ਜਨਮ 1987 ਵਿੱਚ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਸ੍ਰੀ ਨਨਕਾਣਾ ਸਾਹਿਬ ਵਿੱਚ ਹੋਇਆ। ਇੱਕ ਅਜਿਹੇ ਮਾਹੌਲ ਵਿੱਚ, ਜਿੱਥੇ ਜ਼ਿਆਦਾਤਰ ਨੌਜਵਾਨ ਵਪਾਰ ਜਾਂ ਖੇਤੀਬਾੜੀ ਨੂੰ ਤਰਜੀਹ ਦਿੰਦੇ ਹਨ, ਹਰਚਰਨ ਸਿੰਘ ਦੇ ਮਨ ਵਿੱਚ ਬਚਪਨ ਤੋਂ ਹੀ ਫੌਜੀ ਵਰਦੀ ਪਾਉਣ ਦਾ ਜਨੂੰਨ ਸੀ। ਉਹਨਾਂ ਦੇ ਵੱਡੇ ਭਰਾ ਮਸਤਾਨ ਸਿੰਘ, ਜੋ ਸਿੱਖ ਕੌਮ ਦੇ ਜਾਣੇ-ਪਛਾਣੇ ਆਗੂ ਹਨ, ਦੱਸਦੇ ਹਨ ਕਿ ਹਰਚਰਨ ਹਮੇਸ਼ਾ ਤੋਂ ਹੀ ਅਨੁਸ਼ਾਸਨ



ਪਸੰਦ ਸੀ ਅਤੇ ਉਸਦਾ ਸੁਪਨਾ ਸੀ ਕਿ ਉਹ ਆਪਣੀ 'ਸਾਬਤ ਸੂਰਤ' ਸਿੱਖੀ ਪਛਾਣ ਦੇ ਨਾਲ ਦੇਸ਼ ਦੀ ਸਰਹੱਦ 'ਤੇ ਖੜ੍ਹ ਕੇ ਸੇਵਾ ਕਰੇ। ਉਹ ਸਾਲ 2005 ਸੀ, ਜਦੋਂ 18 ਸਾਲਾ ਹਰਚਰਨ ਨੇ ਪਾਕਿਸਤਾਨ ਮਿਲਟਰੀ ਅਕੈਡਮੀ ਲਈ ਫਾਰਮ ਭਰਿਆ। ਉਸ ਸਮੇਂ ਇਹ ਖ਼ਬਰ ਪੂਰੇ ਪਾਕਿਸਤਾਨ ਵਿੱਚ ਚਰਚਾ ਦਾ ਵਿਸ਼ਾ ਬਣੀ ਸੀ ਕਿਉਂਕਿ ਵੰਡ ਤੋਂ ਬਾਅਦ ਕੋਈ ਵੀ ਸਿੱਖ ਅਧਿਕਾਰੀ ਫੌਜ ਦੇ ਗਜ਼ਟਿਡ ਰੈਂਕ ਤੱਕ ਨਹੀਂ ਪਹੁੰਚਿਆ ਸੀ। ਇੰਟਰ ਸਰਵਿਸਿਜ਼ ਸਿਲੈਕਸ਼ਨ ਬੋਰਡ ਦੇ ਸਖ਼ਤ ਇਮਤਿਹਾਨਾਂ ਨੂੰ ਪਾਰ ਕਰਦਿਆਂ, ਉਹ 116ਵੇਂ ਪੀਐਮਏ ਲੌਂਗ ਕੋਰਸ ਦਾ ਹਿੱਸਾ ਬਣੇ।

27 ਅਕਤੂਬਰ 2007 ਨੂੰ ਜਦੋਂ ਉਹ ਕੈਪਟਨ ਵਜੋਂ ਕਮਿਸ਼ਨ ਹੋਏ, ਤਾਂ ਉਹਨਾਂ ਨੇ ਇਤਿਹਾਸ ਬਣਾ ਦਿੱਤਾ। ਉਹ ਪਾਕਿਸਤਾਨੀ ਫੌਜ ਦੇ ਪਹਿਲੇ ਸਿੱਖ ਅਫ਼ਸਰ ਬਣੇ।

### ਆਰਾਮਦਾਇਕ ਨੌਕਰੀ ਛੱਡ ਕੇ ਚੁਣਿਆ 'ਜੰਗਜੂ ਮੈਦਾਨ'

ਹਰਚਰਨ ਸਿੰਘ ਦੀ ਸਫ਼ਲਤਾ ਦੀ ਅਸਲ ਕਹਾਣੀ ਉਹਨਾਂ ਦੀ ਦਲੇਰੀ ਵਿੱਚ ਹੈ। ਸ਼ੁਰੂ ਵਿੱਚ ਉਹਨਾਂ ਨੂੰ ਆਰਡਨੈਂਸ ਕੋਰਪਸ (ਜੋ ਫੌਜ ਦੇ ਸਾਜ਼ੋ-ਸਾਮਾਨ ਦਾ ਪ੍ਰਬੰਧ ਕਰਦੀ ਹੈ) ਵਿੱਚ ਭੇਜਿਆ ਗਿਆ ਸੀ। ਪਰ ਇੱਕ ਸੱਚੇ ਸਿੱਖ ਯੋਧੇ ਵਾਂਗ, ਉਹਨਾਂ ਦਾ ਮਨ ਮੈਦਾਨ-ਏ-ਜੰਗ ਵਿੱਚ ਲੜਨ ਦਾ ਸੀ। ਉਹਨਾਂ ਨੇ ਖ਼ੁਦ ਵਾਲੰਟੀਅਰ ਕੀਤਾ ਅਤੇ ਆਪਣੀ ਬਦਲੀ 12ਵੀਂ ਬੈਟਾਲੀਅਨ ਬਲੋਚ ਰੈਜੀਮੈਂਟ ਵਿੱਚ ਕਰਵਾਈ। ਇਹ ਉਹ ਰੈਜੀਮੈਂਟ ਹੈ ਜਿਸ ਨੇ ਪਾਕਿਸਤਾਨ ਦੀਆਂ ਕਈ ਵੱਡੀਆਂ ਜੰਗਾਂ ਲੜੀਆਂ ਹਨ। ਮੇਜਰ ਦੇ ਰੈਂਕ 'ਤੇ ਰਹਿੰਦਿਆਂ ਹਰਚਰਨ ਸਿੰਘ ਨੇ ਬਲੋਚਿਸਤਾਨ ਦੇ ਦੁਰਗਮ ਪਹਾੜਾਂ ਵਿੱਚ ਅੱਤਵਾਦੀਆਂ ਵਿਰੁੱਧ ਕਾਰਵਾਈਆਂ ਕੀਤੀਆਂ। ਇਸ ਸਿੱਖ ਯੋਧੇ ਨੇ ਇਹ ਸਾਬਤ ਕੀਤਾ ਕਿ ਇੱਕ ਸਿੱਖ ਅਧਿਕਾਰੀ ਕਿਸੇ ਵੀ ਚੁਣੌਤੀ ਤੋਂ ਪਿੱਛੇ ਨਹੀਂ ਹਟਦਾ।

### ਕਾਬਲੀਅਤ ਕਾਰਣ ਅਹੁਦਾ ਮਿਲਿਆ

ਪਾਕਿਸਤਾਨ ਫੌਜ ਵਿੱਚ ਲੈਫਟੀਨੈਂਟ ਕਰਨਲ ਬਣਨ ਲਈ ਇੱਕ ਬਹੁਤ ਹੀ ਸਖ਼ਤ 'ਸਿਲੈਕਸ਼ਨ ਬੋਰਡ' ਵਿੱਚੋਂ ਗੁਜ਼ਰਨਾ ਪੈਂਦਾ ਹੈ। ਹਰਚਰਨ ਸਿੰਘ ਦੀ ਤਰੱਕੀ ਕਿਸੇ ਕੋਟੇ ਦੇ ਅਧਾਰ 'ਤੇ ਨਹੀਂ, ਸਗੋਂ ਉਹਨਾਂ ਦੀ ਮੈਰਿਟ, 19 ਸਾਲਾਂ ਦੀ ਬੇਦਾਗ ਸੇਵਾ ਅਤੇ ਯੁੱਧ ਦੇ ਮੈਦਾਨ ਵਿੱਚ ਦਿਖਾਈ ਬਹਾਦਰੀ ਦੇ ਅਧਾਰ 'ਤੇ ਹੋਈ ਹੈ। ਫੌਜ ਦੇ ਮੁਖੀ ਜਨਰਲ ਅਸਿਮ ਮੁਨੀਰ ਨੇ ਵੀ ਉਹਨਾਂ ਦੀ ਕਾਬਲੀਅਤ 'ਤੇ ਭਰੋਸਾ ਜਤਾਇਆ।

ਇਸ ਸਮੇਂ ਲੈਫਟੀਨੈਂਟ ਕਰਨਲ ਹਰਚਰਨ ਸਿੰਘ ਐਬਟਾਬਾਦ ਵਿੱਚ ਤਾਇਨਾਤ ਹਨ। ਉਹਨਾਂ ਦੀ ਇਸ ਪ੍ਰਾਪਤੀ 'ਤੇ ਰਮੇਸ਼ ਸਿੰਘ ਅਰੋੜਾ (ਮੰਤਰੀ) ਨੇ ਕਿਹਾ ਕਿ : "ਇਹ ਸਾਬਤ ਹੋ ਗਿਆ ਹੈ ਕਿ ਪਾਕਿਸਤਾਨ ਵਿੱਚ ਸਿਰਫ਼ ਟੈਲੇਂਟ ਦੀ ਕਦਰ ਹੈ।"

ਇਸ ਨਿਯੁਕਤੀ ਕਾਰਣ ਸਿੱਖ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ ਕਿ ਇਕ ਸਿੱਖ ਫੌਜ ਦੇ ਇੰਨੇ ਉੱਚੇ ਅਹੁਦੇ 'ਤੇ ਪਹੁੰਚਿਆ ਹੈ।